ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

16-22 ਸਤੰਬਰ 2026

ਸਾਲ 17ਵਾਂ - ਅੰਕ 38
email : info@sadelok.com
510-706-1300

## ਪਹਿਲੇ ਪ੍ਰਕਾਸ਼ ਪੁਰਬ ਮੌਕੇ ਗੁ. ਸ੍ਰੀ ਰਾਮਸਰ ਸਾਹਿਬ ਤੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੱਕ ਸਜਾਇਆ ਨਗਰ ਕੀਰਤਨ

(ਦੇਖੋ ਸਫ਼ਾ 29 'ਤੇ)



## BRICS ਸੰਮੇਲਨ 2026: 'ਨਵੀਂ ਦਿੱਲੀ ਘੋਸ਼ਣਾ ਪੱਤਰ' 'ਤੇ ਲੱਗੀ ਮੋਹਰ

## ਡਾਲਰ ਦੇ ਦਬਦਬੇ ਨੂੰ ਚੁਣੌਤੀ, ਡਾਲਰ ਮੁਕਾਬਲੇ ਸਥਾਨਕ ਕਰੰਸੀਆਂ ਤੇ ਗਲੋਬਲ ਸਾਊਥ ਦੀ ਆਰਥਿਕ ਤਾਕਤ ਨੂੰ ਵੱਡਾ ਹੁਲਾਰਾ



(ਦੇਖੋ ਸਫ਼ਾ 40 'ਤੇ)

## ਰੂਸੀ ਤੇਲ ਖ਼ਰੀਦਣ ਵਾਲੇ ਮੁਲਕਾਂ 'ਤੇ 100% ਟੈਰਿਫ਼ ਲਾਉਣ ਵਾਲੇ ਅਮਰੀਕੀ ਕਾਨੂੰਨ 'ਤੇ ਮੋਦੀ ਦਾ ਦੋ-ਟੁੱਕ ਜਵਾਬ

### 1.4 ਅਰਬ ਲੋਕਾਂ ਦੀ ਊਰਜਾ ਸੁਰੱਖਿਆ ਸਰਵਉੱਚ; ਆਰਥਿਕ ਤੇ ਰਣਨੀਤਕ ਹਿੱਤਾਂ ਦੀ ਰਾਖੀ ਲਈ ਹਰ ਜ਼ਰੂਰੀ ਕਦਮ ਚੁੱਕਾਂਗੇ : ਅਮਰੀਕੀ ਦਬਾਅ ਕੀਤਾ ਰੱਦ

ਨਵੀਂ ਦਿੱਲੀ / ਵਾਸ਼ਿੰਗਟਨ: ਅਮਰੀਕੀ ਕਾਂਗਰਸ ਵੱਲੋਂ ਪਾਸ ਕੀਤੇ ਗਏ ਨਵੇਂ ਕਾਨੂੰਨ 'ਲਿੰਡਸੇ ਓ. ਗ੍ਰਾਹਮ ਸੈਂਕਸ਼ਨਿੰਗ ਰੂਸ ਐਂਡ ਇਰਾਨ ਐਕਟ ਆਫ਼ 2026'

(ਦੇਖੋ ਸਫ਼ਾ 40 'ਤੇ)



## ਡਾ. ਮਨਮੋਹਨ ਸਿੰਘ ਦੀ ਤਸਵੀਰ ਕੈਂਬਰਿਜ ਯੂਨੀਵਰਸਿਟੀ 'ਚ ਲਗਾਈ

### ਸਾਬਕਾ ਪ੍ਰਧਾਨ ਮੰਤਰੀ ਨੂੰ ਦਾਨਿਸ਼ਮੰਦੀ, ਸਾਦਗੀ ਅਤੇ ਇਮਾਨਦਾਰੀ ਦੀ ਮਿਸਾਲ ਦੱਸਿਆ

ਲੰਡਨ : ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਅਤੇ ਪ੍ਰਸਿੱਧ ਅਰਥਸ਼ਾਸਤਰੀ ਡਾ. ਮਨਮੋਹਨ ਸਿੰਘ ਨੂੰ ਸਨਮਾਨ ਦਿੰਦਿਆਂ ਇੰਗਲੈਂਡ ਦੀ ਕੈਂਬਰਿਜ ਯੂਨੀਵਰਸਿਟੀ ਵਿਚ ਉਨ੍ਹਾਂ ਦੀ ਤਸਵੀਰ ਲਗਾਈ ਗਈ ਹੈ। ਇਸ ਮੌਕੇ ਅਕਾਦਮਿਕ ਜਗਤ ਨਾਲ ਜੁੜੀਆਂ ਸ਼ਖ਼ਸੀਅਤਾਂ ਨੇ ਡਾ. ਮਨਮੋਹਨ ਸਿੰਘ ਦੀ ਸਿੱਖਿਆ, ਅਰਥਸ਼ਾਸਤਰ ਅਤੇ ਭਾਰਤ ਦੀ ਸੇਵਾ ਵਿਚ ਪਾਏ ਯੋਗਦਾਨ ਨੂੰ ਯਾਦ ਕੀਤਾ। ਡਾ. ਮਨਮੋਹਨ ਸਿੰਘ ਦਾ ਕੈਂਬਰਿਜ ਨਾਲ ਡੂੰਘਾ ਨਾਤਾ ਰਿਹਾ ਹੈ। ਉਨ੍ਹਾਂ ਨੇ ਸੇਂਟ ਜੌਨਜ਼ ਕਾਲਜ, ਕੈਂਬਰਿਜ ਤੋਂ ਅਰਥਸ਼ਾਸਤਰ ਦੀ ਪੜ੍ਹਾਈ ਕੀਤੀ ਅਤੇ ਉੱਥੋਂ ਫਰਸਟ ਕਲਾਸ ਆਨਰਜ਼ ਦੀ ਡਿਗਰੀ ਹਾਸਲ ਕੀਤੀ। ਬਾਅਦ ਵਿਚ ਉਹ ਕੈਂਬਰਿਜ



(ਦੇਖੋ ਸਫ਼ਾ 4 'ਤੇ)

## ਸਿੱਖ ਕਾਕਸ ਕਮੇਟੀ, AGPC ਅਤੇ SCOPE ਦੇ ਸੱਦੇ 'ਤੇ ਅਮਰੀਕਾ ਪੁੱਜੇ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਸ ਬਰਜਿੰਦਰ ਸਿੰਘ ਸੋਢੀ ਦਾ ਕੈਲੀਫੋਰਨੀਆ ਅਸੈਂਬਲੀ ਸਮੇਤ ਸਮੂਹ ਪੰਥ ਵੱਲੋਂ ਵਿਸ਼ੇਸ਼ ਸਨਮਾਨ



ਸਿੱਖ ਕਾਰਜ ਕਮੇਟੀ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (AGPC) ਅਤੇ 'ਸਕੋਪ' (SCOPE) ਦੇ ਸਾਂਝੇ ਸੱਦੇ 'ਤੇ ਅਮਰੀਕਾ ਪਹੁੰਚੇ ਭਾਰਤੀ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਸ. ਬਰਜਿੰਦਰ ਸਿੰਘ ਸੋਢੀ ਦਾ ਅਮਰੀਕਨ ਅਸੈਂਬਲੀ ਸਮੇਤ ਵੱਖ-ਵੱਖ ਪੰਥਕ ਜਥੇਬੰਦੀਆਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਵੱਲੋਂ ਯਾਦਗਾਰੀ ਚਿੰਨ੍ਹ, ਦਸਤਾਰ, ਸਿਰੋਪਾਓ ਅਤੇ ਮਾਣ-ਪੱਤਰ ਦੇ ਕੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਮਨੁੱਖੀ ਅਧਿਕਾਰਾਂ ਦੇ ਅਲੰਬਰਦਾਰ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ 30ਵੀਂ ਬਰਸੀ ਦੇ ਸੰਦਰਭ ਵਿੱਚ ਬੇ ਏਰੀਆ (ਸੈਨਹੋਜ਼ੇ, ਫਰੀਮਾਂਟ ਅਤੇ ਮਿਲਪੀਟਸ) ਵਿਖੇ ਕਰਵਾਏ ਗਏ ਵੱਖ-ਵੱਖ ਸਮਾਗਮਾਂ ਦੌਰਾਨ ਸੰਗਤਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਐਡਵੋਕੇਟ ਸੋਢੀ ਨੇ 1980ਵਿਆਂ ਅਤੇ 1990ਵਿਆਂ ਦੌਰਾਨ ਪੰਜਾਬ ਅੰਦਰ

(ਬਾਕੀ ਸਫ਼ਾ 30-31 'ਤੇ)

## ਅਨੰਦਪੁਰ ਸਾਹਿਬ ਜਬਰ-ਜ਼ਨਾਹ ਮਾਮਲਾ

## ਗ੍ਰਿਫ਼ਤਾਰੀ ਦੇ ਖ਼ਦਸ਼ੇ ਦਰਮਿਆਨ SGPC ਮੈਂਬਰ ਅਮਰਜੀਤ ਸਿੰਘ ਚਾਵਲਾ ਕੈਨੇਡਾ ਪੁੱਜੇ

### ਸੰਗੀਨ ਧਾਰਾਵਾਂ ਹੇਠ FIR ਦੇ ਬਾਵਜੂਦ ਲੁੱਕ-ਆਊਟ ਨੋਟਿਸ ਨਾ ਹੋਣ ਕਾਰਨ ਪੁਲਿਸ ਕਾਰਜਪ੍ਰਣਾਲੀ 'ਤੇ ਉੱਠੇ ਸਵਾਲ; ਰੈੱਡ ਕਾਰਨਰ ਨੋਟਿਸ ਤੇ ਹਵਾਲਗੀ ਦੀਆਂ ਤਿਆਰੀਆਂ ਤੇਜ਼; ਸਿਆਸੀ ਤੇ ਪੰਥਕ ਹਲਕਿਆਂ 'ਚ ਭੂਚਾਲ

ਸ੍ਰੀ ਅਨੰਦਪੁਰ ਸਾਹਿਬ/ਚੰਡੀਗੜ੍ਹ : ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਯਾਤਰੀ ਨਿਵਾਸ ਅੰਦਰ ਇੱਕ ਐੱਨ.ਆਰ.ਆਈ. ਮਹਿਲਾ ਨਾਲ ਲੰਮਾ ਸਮਾਂ ਕਥਿਤ ਜਿਨਸੀ ਸ਼ੋਸ਼ਣ ਕਰਨ, ਗ਼ੈਰ-ਕਾਨੂੰਨੀ ਢੰਗ ਨਾਲ ਬੰਦੀ ਬਣਾ ਕੇ ਰੱਖਣ ਅਤੇ ਧਮਕਾਉਣ ਦੇ ਸੰਗੀਨ ਦੋਸ਼ਾਂ ਵਿੱਚ ਘਿਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਦੇ ਸੀਨੀਅਰ ਮੈਂਬਰ

(ਦੇਖੋ ਸਫ਼ਾ 41 'ਤੇ)



Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara-Pleasanton-Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories
of nonimmigrant visas
Other Immigrantion Services
Citizenship
e-Verify, 1-9 and
Other Compliance
Other service -B-1/B-2
Visitor Visasextension
and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

COMPLETE SOLAR & BATTERY STARTING AT $23,000
For a standard 5kW Solar & 14kWh Battery system
Price is for installation on code-compliant homes. Electrical panel or roof upgrades are extra.
TSP ROOFING & SOLAR
Permits and Utility Approvals Included
Main Panel Upgrade Bundle from $3,000
CALL OR TEXT HARRY FOR A QUOTE | (925) 537-2732
TSP SOLAR SALES AND SERVICES (DBA TSP ROOFING AND SOLAR) | CSLB Contractor License #1096233 (C-10 Electrical, C-39 Roofing, B-General Building) Represented by: Harkaran Singh (HIS Registration #167489 SP) | Pricing & offer details vary by location & applicant.

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https ://www.sanramonurgentcare.com | Email us at info@sanramonucc.com

ਪੋਲੀਟੀਕਲ ਅਸਾਈਲਮ - Political Asylum
Deportation of Defense - BIA Appeal
9 Circuit Court - Federal Court
ਗਰੀਨਕਾਰਡ - ਸਿਟੀਜਨਸ਼ਿਪ
Green Card - Citizenship
ਡਾਈਵੋਰਸ - ਸਿਵਲ ਐਂਡ ਕਰੀਮੀਨਲ ਕੇਸ
Divorce - Civil and Criminal Cases
Family Petition Immigration
Travel document - Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
ESQ, Abogado
369 Pine Street, Suite 420, San Francisco, CA 94104
Enyinwalaw@gmail.com
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਕੈਨੇਡਾ ਦੇ ਸਿੱਖ ਨੌਜਵਾਨ ਸਰਬਰਾਜ ਸਿੰਘ ਕਾਹਲੋਂ ਨੇ ਮਲਟੀਕਲਚਰਲ ਜਰਨਲਿਜ਼ਮ ਵਿੱਚ 'ਵੈਬਸਟਰ ਐਵਾਰਡ' ਜਿੱਤਿਆ

## 'ਜਦੋਂ ਇੱਕ ਖ਼ਬਰ ਨੇ ਵੈਨਕੂਵਰ ਸਿਟੀ ਨੂੰ ਨੀਤੀਆਂ ਸੁਧਾਰਨ ਲਈ ਕੀਤਾ ਮਜਬੂਰ'

ਪੰਜਾਬੀ ਪ੍ਰੈਸ ਕਲੱਬ ਆਫ਼ ਬੀਸੀ ਦੇ ਹੋਣਹਾਰ ਮੈਂਬਰ ਅਤੇ ਓਮਨੀ ਟੈਲੀਵਿਜ਼ਨ ਦੇ ਰਿਪੋਰਟਰ ਸਰਬਰਾਜ ਸਿੰਘ ਕਾਹਲੋਂ ਨੂੰ ਮਲਟੀ ਕਲਚਰਲਿਜ਼ਮ ਜਰਨਲਿਜ਼ਮ ਵਿਚ ਵੱਕਾਰੀ 'ਵੈਬਸਟਰ ਅਵਾਰਡ' ਮਿਲਿਆ ਹੈ। ਇਹ ਕੈਨੇਡਾ ਦੇ ਪੰਜਾਬੀ ਮੀਡੀਏ ਲਈ ਮਾਣ ਵਾਲੀ ਗੱਲ ਹੈ ਕਿ ਬਹੁ ਭਾਸ਼ਾਈ ਪੱਤਰਕਾਰੀ ਦੀ ਸ਼੍ਰੇਣੀ ਵਿੱਚ ਉੱਤਮ ਸਨਮਾਨ, ਕੈਨੇਡਾ ਦੇ ਨੌਜਵਾਨ ਸਿੱਖ ਪੱਤਰਕਾਰ ਨੂੰ ਪ੍ਰਾਪਤ ਹੋਇਆ ਹੈ। ਸਰਬਰਾਜ ਸਿੰਘ ਕਾਹਲੋਂ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਵਿੱਚ ਪੈਂਦੇ ਪਿੰਡ ਖਾਨੋਵਾਲ ਦੇ ਜੰਮਪਲ ਹਨ, ਜਿਹੜੇ ਵਿਦਿਆਰਥੀ ਵਜੋਂ 19 ਕੁ ਸਾਲ ਦੀ ਉਮਰ 'ਚ ਕੈਨੇਡਾ ਆਏ ਅਤੇ ਇੱਥੇ ਕਮਿਊਨੀਕੇਸ਼ਨ ਦੇ ਖੇਤਰ ਵਿੱਚ ਡਿਗਰੀ ਹਾਸਲ ਕੀਤੀ। ਉਹਨਾਂ ਵੱਖ-ਵੱਖ ਮੀਡੀਆ ਕੇਂਦਰਾਂ 'ਚ ਕੰਮ ਕੀਤਾ ਅਤੇ ਅੱਜ ਕੱਲ ਓਮਨੀ ਨਿਊਜ਼ ਦੇ ਰਿਪੋਰਟਰ ਵਜੋਂ ਸੇਵਾਵਾਂ ਨਿਭਾਅ ਰਹੇ ਹਨ।



ਨੌਜਵਾਨ ਸਰਬਰਾਜ ਸਿੰਘ ਕਾਹਲੋਂ ਪਿਛਲੇ ਕਾਫੀ ਸਮੇਂ ਤੋਂ, ਬੀਸੀ ਦੇ ਪੰਜਾਬੀ ਮੀਡੀਆ ਕਰਮੀਆਂ ਦੀ ਸਾਂਝੀ ਸੰਸਥਾ 'ਪੰਜਾਬੀ ਪ੍ਰੈਸ ਕਲੱਬ ਆਫ਼ ਬੀਸੀ' ਦੇ ਸਰਗਰਮ ਮੈਂਬਰ ਹਨ। ਉਹਨਾਂ ਨੂੰ ਬਹੁ ਭਾਸ਼ਾਈ ਸੱਭਿਆਚਾਰ ਸ਼੍ਰੇਣੀ ਵਿੱਚ ਅਵਾਰਡ ਇੱਕ ਅਜਿਹੀ ਰਿਪੋਰਟ ਲਈ ਮਿਲਿਆ ਹੈ, ਜੋ ਫਿਰੌਤੀਆਂ ਦੇ ਦਿਨਾਂ ਵਿੱਚ ਪੀੜਤਾਂ ਲਈ ਰਾਹਤ ਰਹੀ। ਦਰਅਸਲ ਕੈਨੇਡਾ ਵਿੱਚ ਫ਼ਿਰੌਤੀਆਂ ਦੇ ਦੌਰ 'ਚ ਵੈਨਕੂਵਰ ਦੇ ਪੰਜਾਬੀ ਕਾਰੋਬਾਰੀਆਂ ਨੂੰ ਬਲੌਕ ਕੀਤੇ ਜਾਂ ਅਣਪਛਾਤੇ ਨੰਬਰਾਂ ਤੋਂ ਕਾਲਾਂ ਆਉਂਦੀਆਂ ਸਨ, ਜਿਸ ਕਾਰਨ ਉਹਨਾਂ ਅੰਦਰ ਕਾਫੀ ਭੈਅ ਸੀ। ਉਧਰੋਂ ਵੈਨਕੂਵਰ ਸਿਟੀ ਦੀਆਂ, ਇੰਸਪੈਕਸ਼ਨ ਅਤੇ ਹੋਰਨਾਂ ਖੇਤਰਾਂ ਨਾਲ ਸਬੰਧਿਤ ਫੋਨ ਕਾਲਾਂ ਵੀ ਬਲੌਕ ਨੰਬਰਾਂ ਤੋਂ ਆ ਰਹੀਆਂ ਸਨ, ਜੋ ਗੰਭੀਰ ਸਮੱਸਿਆ ਬਣ ਗਈ ਸੀ। ਅਜਿਹੀ ਚਿੰਤਾ ਸਰਬਰਾਜ ਸਿੰਘ ਕਾਹਲੋਂ ਨੇ ਆਪਣੀ ਵਿਸ਼ੇਸ਼ ਖਬਰ ਰਾਹੀਂ ਜ਼ਾਹਰ ਕੀਤੀ ਅਤੇ ਸਿਟੀ ਆਫ ਵੈਨਕੂਵਰ ਦੇ ਧਿਆਨ 'ਚ ਇਹ ਮੁੱਦਾ ਲਿਆਂਦਾ। ਪਹਿਲਾਂ ਤੋਂ ਚਲੇ ਆ ਰਹੇ ਤਰੀਕੇ ਨੂੰ ਵੈਨਕੂਵਰ ਸਿਟੀ ਨੇ ਬਦਲਦਿਆਂ, ਫੋਨ ਕਾਲਾਂ ਬਲੌਕ ਨੰਬਰਾਂ ਤੋਂ ਕਰਨੀਆਂ ਬੰਦ ਕੀਤੀਆਂ, ਜਿਸ ਨਾਲ ਚਿੰਤਾਗ੍ਰਸਤ ਪੰਜਾਬੀਆਂ ਨੂੰ ਰਾਹਤ ਮਿਲੀ।

ਮੀਡੀਆ ਖੇਤਰ ਵਿੱਚ ਇਹ ਵੱਡੀ ਪ੍ਰਾਪਤੀ ਹੋਈ ਕਿ ਰਿਪੋਰਟਰ ਸਰਬਰਾਜ ਸਿੰਘ ਕਾਹਲੋਂ ਦੀ ਖ਼ਬਰ ਰੰਗ ਲਿਆਈ ਅਤੇ ਸਥਾਨਕ ਸਰਕਾਰ ਨੂੰ ਆਪਣੇ ਤੌਰ-ਤਰੀਕੇ ਬਦਲਣ ਲਈ ਮਜਬੂਰ ਹੋਣਾ ਪਿਆ। ਭਵਿੱਖ ਵਿੱਚ, ਕੈਨੇਡਾ ਦੇ ਹੋਰਨਾ ਸ਼ਹਿਰਾਂ ਦੀਆਂ ਸਥਾਨ ਸਰਕਾਰਾਂ ਦੇ ਵਿਭਾਗਾਂ ਦੀਆਂ ਬਲੌਕ ਨੰਬਰ ਦੀਆਂ ਕਾਲਾਂ ਵਿੱਚ ਵੀ, ਜੇਕਰ ਕੋਈ ਸੋਧ ਹੁੰਦੀ ਹੈ, ਤਾਂ ਯਕੀਨਨ ਇਸ ਦਾ ਸਿਹਰਾ ਵੀ ਪੱਤਰਕਾਰ ਸਰਬਰਾਜ ਸਿੰਘ ਕਾਹਲੋਂ ਦੀ ਮੁਢਲੇ ਮੀਡੀਆ ਯਤਨਾਂ ਦੇ ਸਿਰ ਬੱਝਦਾ ਹੈ। ਓਮਨੀ ਟੀਵੀ ਦੀ ਰਿਪੋਰਟ ਅਤੇ ਪੰਜਾਬੀ ਪ੍ਰੈੱਸ ਕਲੱਬ ਦੇ ਮੈਂਬਰ ਸਰਬਰਾਜ ਸਿੰਘ ਕਾਹਲੋਂ ਨੂੰ Excellence in Multilingual Journalism (ਬਹੁ-ਭਾਸ਼ਾਈ ਪੱਤਰਕਾਰੀ ਵਿੱਚ ) ਸ਼੍ਰੇਣੀ ਵਿੱਚ ਵੱਕਾਰੀ ਵੈੱਬਸਟਰ ਅਵਾਰਡ (Webster Award) ਜਿਤਾਉਣ ਵਾਲੀ ਟੀਮ ਦੇ ਮੈਂਬਰਾਂ; ਐਲਨ ਚੈੱਕ (Alan Chek), ਕ੍ਰਿਸਟਨ ਜੌਹਨਸਨ (Kristen Johnson) ਅਤੇ ਸੋਨੀਆ ਕਾਲੜਾ (Sonia Kalra) ਦੇ ਨਾਲ, ਸ਼ਾਨਦਾਰ ਰਿਪੋਰਟ "Vancouver Builder's Extortion Fears Leads to Policy Change" ਲਈ ਸਾਂਝੇ ਰੂਪ ਵਿੱਚ ਮਿਲਿਆ ਹੈ। ਇਸ ਟੀਮ ਨੇ ਪਰਦੇ ਦੇ ਪਿੱਛੇ ਰਹਿ ਕੇ, ਸਰਬਰਾਜ ਸਿੰਘ ਕਾਹਲੋਂ ਦੀ ਖੋਜ ਭਰਪੂਰ ਰਿਪੋਰਟ ਨੂੰ ਓਮਨੀ ਟੀਵੀ 'ਤੇ ਮੰਚ 'ਤੇ ਮਾਣ ਦਵਾਇਆ ਹੈ। ਉਨ੍ਹਾਂ ਦੀ ਸਾਂਝੀ ਮਿਹਨਤ ਅਤੇ ਪ੍ਰਭਾਵਸ਼ਾਲੀ ਪੱਤਰਕਾਰੀ ਨੇ, ਵੱਡਾ ਅਤੇ ਸਾਰਥਕ ਬਦਲਾਅ ਲਿਆਂਦਾ ਹੈ। ਇਹ ਮਾਣ-ਸਨਮਾਨ ਉਨ੍ਹਾਂ ਦੀ ਵੱਡੀ ਪ੍ਰਾਪਤੀ ਹੈ, ਜੋ ਹੋਰਨਾਂ ਨਵੇਂ ਅਤੇ ਉਭਰਦੇ ਪੱਤਰਕਾਰਾਂ ਲਈ ਵੀ ਪ੍ਰੇਰਨਾ ਸਰੋਤ ਬਣੇਗੀ।

**ਡਾ ਗੁਰਵਿੰਦਰ ਸਿੰਘ ਧਾਲੀਵਾਲ**
(ਪ੍ਰਧਾਨ, ਪੰਜਾਬੀ ਪ੍ਰੈਸ ਕਲੱਬ ਬੀਸੀ)







# ਅਮਰੀਕਾ ਵਿਚ ਡੀਜਲ ਦੀਆਂ ਕੀਮਤਾਂ ਵਧਣ ਨਾਲ ਵਧੇਗੀ ਮਹਿੰਗਾਈ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਸਾਡੇ ਲੋਕ) : ਡੀਜ਼ਲ ਜੋ ਉਹ ਬਾਲਣ ਹੈ ਜੋ ਵਿਸ਼ਵ ਦੀ ਆਰਥਿਕਤਾ ਨੂੰ ਚਲਾਉਣ ਵਿੱਚ ਮੁੱਖ ਭੂਮਿਕਾ ਨਿਭਾਉਂਦਾ ਹੈ, ਦੀ ਕੀਮਤ ਪਹਿਲੀ ਵਾਰ 6 ਡਾਲਰ ਪ੍ਰਤੀ ਗੈਲਨ ਤੋਂ ਪਾਰ ਹੋ ਗਈ। ਹਾਲਾਂਕਿ, ਕੀਮਤਾਂ ਵਿਚ ਇਹ ਵਾਧਾ ਜ਼ਿਆਦਾਤਰ ਅਮਰੀਕੀ ਡਰਾਈਵਰਾਂ ਨੂੰ ਭਾਵੇਂ ਸ਼ਾਇਦ ਸਿੱਧੇ ਤੌਰ 'ਤੇ ਨਜ਼ਰ ਨਾ ਆਵੇ ਪਰ ਇਸ ਨਾਲ ਖਪਤਕਾਰਾਂ ਦੁਆਰਾ ਖਰੀਦੀਆਂ ਜਾਣ ਵਾਲੀਆਂ ਜ਼ਿਆਦਾਤਰ ਚੀਜ਼ਾਂ ਦੀ ਲਾਗਤ ਵਧਣ ਦੀ ਸੰਭਾਵਨਾ ਹੈ। ਅਮੈਰੀਕਨ ਆਟੋਮੋਬਾਈਲ ਐਸੋਸੀਏਸ਼ਨ ਦੇ ਤਾਜ਼ਾ ਅੰਕੜਿਆਂ ਅਨੁਸਾਰ ਰਾਸ਼ਟਰੀ ਔਸਤ ਕੀਮਤ 6.06 ਡਾਲਰ ਪ੍ਰਤੀ ਗੈਲਨ ਹੈ, ਜਿਸ ਵਿਚ ਸਿਰਫ਼ ਪਿਛਲੇ ਹਫ਼ਤੇ ਦੌਰਾਨ 21 ਸੈਂਟ ਦਾ ਵਾਧਾ ਹੋਇਆ ਹੈ। ਪਿਛਲੇ ਸ਼ੁੱਕਰਵਾਰ, ਕੀਮਤਾਂ ਨੇ ਜੂਨ 2022 ਵਿੱਚ ਰੂਸ-ਯੂਕਰੇਨ ਜੰਗ ਦੌਰਾਨ ਬਣੇ 5.82 ਡਾਲਰ ਪ੍ਰਤੀ ਗੈਲਨ ਦੇ ਪੁਰਾਣੇ ਰਿਕਾਰਡ ਨੂੰ ਤੋੜ ਦਿੱਤਾ ਹੈ ਇਰਾਨ ਨਾਲ ਜੰਗ ਸ਼ੁਰੂ ਹੋਣ ਤੋਂ ਬਾਅਦ ਡੀਜ਼ਲ ਦੀਆਂ ਕੀਮਤਾਂ ਵਿੱਚ 55 ਫ਼ੀਸਦੀ ਤੋਂ ਵੱਧ ਦਾ ਵਾਧਾ ਹੋਇਆ ਹੈ, ਜੋ ਕਿ ਗੈਸੋਲੀਨ (ਪੈਟਰੋਲ) ਦੀਆਂ ਕੀਮਤਾਂ ਵਿੱਚ ਹੋਏ 40 ਫ਼ੀਸਦੀ ਦੇ ਵਾਧੇ ਨਾਲੋਂ ਕਿਤੇ ਵੱਧ ਹੈ। ਡੀਜ਼ਲ ਦੀਆਂ ਕੀਮਤਾਂ ਵਿਚ ਸਾਲਾਨਾ ਫ਼ੀਸਦੀ ਵਾਧਾ ਹੁਣ ਤੱਕ ਦੇ ਸਭ ਤੋਂ ਉੱਚੇ ਪੱਧਰ 'ਤੇ ਪਹੁੰਚਣ ਦੀ ਰਾਹ 'ਤੇ ਹੈ। ਇਸ ਸਮੱਸਿਆ ਦੇ ਦੋ ਮੁੱਖ ਪਹਿਲੂ ਹਨ: ਪਹਿਲਾ, ਅਮਰੀਕਾ-ਇਰਾਨ ਵਿਚਕਾਰ ਚੱਲ ਰਹੀ ਜੰਗ ਕਾਰਨ ਕੱਚੇ ਤੇਲ ਦੀ ਕੀਮਤ ਮੁੜ 100 ਡਾਲਰ ਪ੍ਰਤੀ ਬੈਰਲ ਤੋਂ ਉੱਪਰ ਚਲੀ ਗਈ ਹੈ। ਦੂਜਾ, ਕੱਚੇ ਤੇਲ ਨੂੰ ਬਾਲਣ ਵਿੱਚ ਬਦਲਣ ਲਈ ਲੋੜੀਂਦੀਆਂ ਰਿਫਾਇਨਰੀਆਂ ਕਾਫ਼ੀ ਗਿਣਤੀ ਵਿੱਚ ਕੰਮ ਨਹੀਂ ਕਰ ਰਹੀਆਂ ਹਨ। ਆਰਥਕ ਮਾਹਿਰਾਂ ਅਨੁਸਾਰ ਵਿਸ਼ਵ ਪੱਧਰ 'ਤੇ ਭੋਜਨ ਦੀਆਂ ਕੀਮਤਾਂ ਵਿਚ ਤੇਜ਼ੀ ਨਾਲ ਵਾਧਾ ਹੋਣ ਦਾ ਖਤਰਾ ਹੈ। ਇਸ ਤੋਂ ਇਲਾਵਾ ਜਿਹੜੇ ਖਪਤਕਾਰ ਆਪਣੇ ਘਰਾਂ ਨੂੰ ਗਰਮ ਕਰਨ ਲਈ ਹੀਟਿੰਗ ਆਇਲ ਦੀ ਵਰਤੋਂ ਕਰਦੇ ਹਨ, ਉਨ੍ਹਾਂ ਨੂੰ ਕੀਮਤਾਂ ਵਧਣ ਕਾਰਨ ਝਟਕਾ ਲੱਗੇਗਾ।



# ਏ. ਆਈ. ਦੇ ਵਧਦੇ ਖ਼ਤਰਿਆਂ 'ਤੇ ਓਬਾਮਾ ਦੀ ਚੇਤਾਵਨੀ

## ਸੁਰੱਖਿਆ ਤੋਂ ਨੌਕਰੀਆਂ ਤੱਕ ਸਪੱਸ਼ਟ ਨੀਤੀ ਦੀ ਮੰਗ

ਨਿਊਯਾਰਕ : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਆਰਟੀਫਿਸ਼ੀਅਲ ਇੰਟੈਲੀਜੈਂਸ (ਏ.ਆਈ.) ਦੇ ਬੇਹੱਦ ਤੇਜ਼ ਵਿਕਾਸ ਨੂੰ ਲੈ ਕੇ ਚਿੰਤਾ ਜਤਾਉਂਦਿਆਂ ਡੈਮੋਕ੍ਰੇਟਸ ਨੂੰ ਇਸ ਮੁੱਦੇ 'ਤੇ ਸਪੱਸ਼ਟ ਅਤੇ ਵਿਆਪਕ ਨੀਤੀ ਤਿਆਰ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਏ.ਆਈ. ਦਾ ਵਿਕਾਸ ਵੱਡੇ ਪੱਧਰ 'ਤੇ ਨਿੱਜੀ ਕੰਪਨੀਆਂ ਦੇ ਹੱਥਾਂ ਵਿਚ ਹੋ ਰਿਹਾ ਹੈ ਅਤੇ ਜੇ ਸਮੇਂ ਸਿਰ ਇਸ ਉੱਤੇ ਧਿਆਨ ਨਾ ਦਿੱਤਾ ਗਿਆ ਤਾਂ ਇਹ ਖ਼ਤਰਨਾਕ ਸਾਬਤ ਹੋ ਸਕਦੀ ਹੈ। ਹਾਲਾਂਕਿ ਉਨ੍ਹਾਂ ਇਹ ਵੀ ਕਿਹਾ ਕਿ ਸਹੀ ਨਿਗਰਾਨੀ ਅਤੇ ਵਰਤੋਂ ਨਾਲ ਇਹ ਤਕਨਾਲੋਜੀ ਬਿਮਾਰੀਆਂ ਦੇ ਇਲਾਜ, ਨਵੀਆਂ ਦਵਾਈਆਂ ਦੀ ਖੋਜ ਅਤੇ ਸਾਫ਼ ਊਰਜਾ ਵਰਗੇ ਖੇਤਰਾਂ ਵਿਚ ਵੱਡੇ ਫਾਇਦੇ ਦੇ ਸਕਦੀ ਹੈ। ਮੈਨਹੈਟਨ ਵਿਚ ਇੱਕ ਨਿੱਜੀ ਫੰਡਰੇਜ਼ਿੰਗ ਸਮਾਗਮ ਦੌਰਾਨ ਹਾਊਸ ਮਾਇਨੌਰਟੀ ਲੀਡਰ ਹਕੀਮ ਜੈਫਰੀਜ਼ ਨਾਲ ਗੱਲਬਾਤ ਕਰਦਿਆਂ ਓਬਾਮਾ ਨੇ ਕਿਹਾ ਕਿ ਜੇ ਉਹ ਖੁਦ ਅਗਲੀ ਰਾਸ਼ਟਰਪਤੀ ਚੋਣ ਲੜ ਰਹੇ ਹੁੰਦੇ ਤਾਂ ਏ.ਆਈ. ਉਨ੍ਹਾਂ ਦੇ ਮੁੱਖ ਮੁੱਦਿਆਂ ਵਿਚ ਸ਼ਾਮਲ ਹੁੰਦੀ। ਉਨ੍ਹਾਂ ਮੁਤਾਬਕ 2028 ਦੇ ਉਮੀਦਵਾਰਾਂ ਕੋਲ ਏ.ਆਈ. ਸੁਰੱਖਿਆ, ਬੱਚਿਆਂ 'ਤੇ ਇਸ ਦੇ ਪ੍ਰਭਾਵ ਅਤੇ ਅਰਥਵਿਵਸਥਾ ਵਿਚ ਆਉਣ ਵਾਲੇ ਬਦਲਾਅ ਬਾਰੇ ਸਪੱਸ਼ਟ ਯੋਜਨਾ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਹ ਸੋਚਣਾ ਜ਼ਰੂਰੀ ਹੈ ਕਿ ਜੇ ਏ.ਆਈ. ਕਾਰਨ ਵੱਡੀ ਗਿਣਤੀ ਵਿਚ ਨੌਕਰੀਆਂ ਖਤਮ ਹੁੰਦੀਆਂ ਹਨ ਤਾਂ ਸਭ ਤੋਂ ਵੱਧ ਅਸਰ ਕਿੱਥੇ ਪਵੇਗਾ, ਪ੍ਰਭਾਵਿਤ ਲੋਕਾਂ ਦੀ ਮਦਦ ਕਿਵੇਂ ਕੀਤੀ ਜਾਵੇਗੀ ਅਤੇ ਸਮਾਜਿਕ ਸੁਰੱਖਿਆ ਪ੍ਰਣਾਲੀ ਨੂੰ ਕਿਹੜੇ ਬਦਲਾਅ ਕਰਨੇ ਪੈਣਗੇ।



# ਲੂਜ਼ੀਆਨਾ 'ਚ ਚਾਕੂ ਹਮਲਿਆਂ 'ਚ 4 ਲੋਕਾਂ ਦੀ ਮੌਤ : ਹਮਲਾਵਰ ਕਾਬੂ

ਨਿਊਯਾਰਕ : ਅਮਰੀਕਾ ਦੇ ਲੂਜ਼ੀਆਨਾ ਸੂਬੇ 'ਚ ਚਾਕੂ ਨਾਲ ਕੀਤੇ ਗਏ ਕਈ ਹਮਲਿਆਂ ਨੇ ਚਾਰ ਲੋਕਾਂ ਦੀ ਜਾਨ ਲੈ ਲਈ, ਜਦਕਿ ਇਕ ਬੱਚਾ ਗੰਭੀਰ ਜ਼ਖ਼ਮੀ ਹੋ ਗਿਆ। ਪੁਲਿਸ ਨੇ ਮਾਮਲੇ ਦੇ ਸਬੰਧ ਵਿਚ ਹੌਮਾ ਦੇ ਰਹਿਣ ਵਾਲੇ ਕੇਗਨ ਜੂਡ ਸੋਲੇਟ (47) ਨੂੰ ਕਾਬੂ ਕਰ ਲਿਆ ਹੈ। ਟੈਰੇਬੋਨ ਪੈਰਿਸ਼ ਸ਼ੈਰਿਫ ਦਫ਼ਤਰ ਮੁਤਾਬਕ ਪੁਲਿਸ ਨੂੰ ਐਸ਼ਲੈਂਡ ਡਰਾਈਵ ਦੇ 200 ਬਲਾਕ ਵਿਚ ਇਕ ਬੱਚਾ ਚਾਕੂ ਦੇ ਕਈ ਜ਼ਖ਼ਮਾਂ ਨਾਲ ਮਿਲਿਆ। ਉਸ ਦੀ ਹਾਲਤ ਨਾਜ਼ੁਕ ਹੋਣ ਕਾਰਨ ਉਸ ਨੂੰ ਹਸਪਤਾਲ ਭੇਜਿਆ ਗਿਆ। ਬੱਚੇ ਦੇ ਮਿਲਣ ਤੋਂ ਬਾਅਦ ਜਾਂਚ ਅਧਿਕਾਰੀਆਂ ਨੇ ਨੇੜਲੇ ਇਲਾਕੇ ਦੀ ਤਲਾਸ਼ੀ ਲਈ, ਜਿਥੇ ਵੱਖ-ਵੱਖ ਘਰਾਂ ਵਿਚ ਹੋਰ ਪੀੜਤ ਮਿਲੇ। ਅਧਿਕਾਰੀਆਂ ਨੇ ਘੱਟੋ-ਘੱਟ ਚਾਰ ਲੋਕਾਂ ਦੀ ਮੌਤ ਦੀ ਪੁਸ਼ਟੀ ਕੀਤੀ ਹੈ। ਮ੍ਰਿਤਕਾਂ ਦੀ ਪਛਾਣ ਅਜੇ ਜਨਤਕ ਨਹੀਂ ਕੀਤੀ ਗਈ ਅਤੇ ਹਮਲਿਆਂ ਦੇ ਪਿੱਛੇ ਕਾਰਨ ਬਾਰੇ ਵੀ ਕੋਈ ਜਾਣਕਾਰੀ ਸਾਹਮਣੇ ਨਹੀਂ ਆਈ। ਜਾਂਚ ਦੌਰਾਨ ਪੁਲਿਸ ਨੇ ਸੋਲੇਟ ਦੀ ਪਛਾਣ ਮਾਮਲੇ ਨਾਲ ਜੁੜੇ ਸ਼ੱਕੀ ਵਿਅਕਤੀ ਵਜੋਂ ਕੀਤੀ ਅਤੇ ਉਸ ਦੀ ਭਾਲ ਸ਼ੁਰੂ ਕੀਤੀ। ਕੁਝ ਸਮੇਂ ਬਾਅਦ ਉਸ ਨੂੰ ਹੱਤਿਆਵਾਂ ਦੇ ਸਬੰਧ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ।



# ਡਾ. ਮਨਮੋਹਨ ਸਿੰਘ ਦੀ ਤਸਵੀਰ ਕੈਂਬਰਿਜ ਯੂਨੀਵਰਸਿਟੀ 'ਚ ਲਗਾਈ

## ਸਾਬਕਾ ਪ੍ਰਧਾਨ ਮੰਤਰੀ ਨੂੰ ਦਾਨਿਸ਼ਮੰਦੀ, ਸਾਦਗੀ ਅਤੇ ਇਮਾਨਦਾਰੀ ਦੀ ਮਿਸਾਲ ਦੱਸਿਆ

ਲੰਡਨ : ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਅਤੇ ਪ੍ਰਸਿੱਧ ਅਰਥਸ਼ਾਸਤਰੀ ਡਾ. ਮਨਮੋਹਨ ਸਿੰਘ ਨੂੰ ਸਨਮਾਨ ਦਿੰਦਿਆਂ ਇੰਗਲੈਂਡ ਦੀ ਕੈਂਬਰਿਜ ਯੂਨੀਵਰਸਿਟੀ ਵਿਚ ਉਨ੍ਹਾਂ ਦੀ ਤਸਵੀਰ ਲਗਾਈ ਗਈ ਹੈ। ਇਸ ਮੌਕੇ ਅਕਾਦਮਿਕ ਜਗਤ ਨਾਲ ਜੁੜੀਆਂ ਸ਼ਖ਼ਸੀਅਤਾਂ ਨੇ ਡਾ. ਮਨਮੋਹਨ ਸਿੰਘ ਦੀ ਸਿੱਖਿਆ, ਅਰਥਸ਼ਾਸਤਰ ਅਤੇ ਭਾਰਤ ਦੀ ਸੇਵਾ ਵਿਚ ਪਾਏ ਯੋਗਦਾਨ ਨੂੰ ਯਾਦ ਕੀਤਾ। ਡਾ. ਮਨਮੋਹਨ ਸਿੰਘ ਦਾ ਕੈਂਬਰਿਜ ਨਾਲ ਡੂੰਘਾ ਨਾਤਾ ਰਿਹਾ ਹੈ। ਉਨ੍ਹਾਂ ਨੇ ਸੇਂਟ ਜੌਨਜ਼ ਕਾਲਜ, ਕੈਂਬਰਿਜ ਤੋਂ ਅਰਥਸ਼ਾਸਤਰ ਦੀ ਪੜ੍ਹਾਈ ਕੀਤੀ ਅਤੇ ਉੱਥੋਂ ਫਰਸਟ ਕਲਾਸ ਆਨਰਜ਼ ਦੀ ਡਿਗਰੀ ਹਾਸਲ ਕੀਤੀ। ਬਾਅਦ ਵਿਚ ਉਹ ਕੈਂਬਰਿਜ ਨਾਲ ਜੁੜੇ ਰਹੇ ਅਤੇ 2006 ਵਿਚ ਉਨ੍ਹਾਂ ਨੂੰ ਯੂਨੀਵਰਸਿਟੀ ਵਲੋਂ ਆਨਰੇਰੀ ਡਾਕਟਰ ਆਫ਼ ਲਾਅ ਦੀ ਡਿਗਰੀ ਵੀ ਦਿੱਤੀ ਗਈ ਸੀ। ਅਕਾਦਮਿਕ ਭਾਈਚਾਰੇ ਵਿਚ ਡਾ. ਮਨਮੋਹਨ ਸਿੰਘ ਨੂੰ ਇਕ ਵਿਦਵਾਨ ਅਰਥਸ਼ਾਸਤਰੀ, ਨਿਮਰ ਸ਼ਖ਼ਸੀਅਤ ਅਤੇ ਜਨਤਕ ਜੀਵਨ ਵਿਚ ਮਹੱਤਵਪੂਰਨ ਯੋਗਦਾਨ ਪਾਉਣ ਵਾਲੇ ਆਗੂ ਵਜੋਂ ਯਾਦ ਕੀਤਾ ਜਾਂਦਾ ਹੈ। ਕੈਂਬਰਿਜ ਨਾਲ ਉਨ੍ਹਾਂ ਦੇ ਸੰਬੰਧਾਂ ਨੂੰ ਦਰਸਾਉਂਦਿਆਂ ਯੂਨੀਵਰਸਿਟੀ ਨਾਲ ਜੁੜੇ ਪ੍ਰੋਗਰਾਮਾਂ ਵਿਚ ਉਨ੍ਹਾਂ ਦੀ ਵਿਰਾਸਤ ਨੂੰ ਅੱਗੇ ਵਧਾਉਣ ਲਈ ਡਾ. ਮਨਮੋਹਨ ਸਿੰਘ ਸਕਾਲਰਸ਼ਿਪ ਵੀ ਸਥਾਪਿਤ ਕੀਤੀ ਗਈ ਹੈ, ਜੋ ਭਾਰਤੀ ਵਿਦਿਆਰਥੀਆਂ ਨੂੰ ਪੀ.ਐਚ.ਡੀ. ਪੜ੍ਹਾਈ ਲਈ ਸਹਾਇਤਾ ਦਿੰਦੀ ਹੈ। ਡਾ. ਮਨਮੋਹਨ ਸਿੰਘ 2004 ਤੋਂ 2014 ਤੱਕ ਭਾਰਤ ਦੇ ਪ੍ਰਧਾਨ ਮੰਤਰੀ ਰਹੇ। ਇਸ ਤੋਂ ਪਹਿਲਾਂ 1991 ਵਿਚ ਵਿੱਤ ਮੰਤਰੀ ਵਜੋਂ ਉਨ੍ਹਾਂ ਨੇ ਭਾਰਤ ਦੀ ਆਰਥਿਕ ਨੀਤੀ ਵਿਚ ਵੱਡੇ ਬਦਲਾਅ ਲਿਆਉਣ 'ਚ ਅਹਿਮ ਭੂਮਿਕਾ ਨਿਭਾਈ ਸੀ।



ਕੈਂਬਰਿਜ ਯੂਨੀਵਰਸਿਟੀ ਵਿਖੇ ਲਗਾਈ ਗਈ ਡਾ. ਮਨਮੋਹਨ ਸਿੰਘ ਦੀ ਤਸਵੀਰ।

# ਅਮਰੀਕਾ ਨੇ 9/11 ਹਮਲਿਆਂ ਦੀ 25ਵੀਂ ਵਰ੍ਹੇਗੰਢ ਮਨਾਈ

ਨਿਊਯਾਰਕ : ਅਮਰੀਕਾ 9/11 ਹਮਲਿਆਂ ਦੀ 25ਵੀਂ ਵਰ੍ਹੇਗੰਢ ਮਨਾ ਰਿਹਾ ਹੈ, ਜਿਸ ਦੌਰਾਨ ਹਮਲਿਆਂ 'ਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਦੇਣ ਲਈ ਸ਼ੁੱਕਰਵਾਰ ਨੂੰ ਕਈ ਪ੍ਰੋਗਰਾਮ ਕਰਵਾਏ ਗਏ। ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਪੈਂਟਾਗਨ ਵਿਖੇ ਹੋਏ ਸ਼ਰਧਾਂਜਲੀ ਸਮਾਗਮ 'ਚ ਸ਼ਿਰਕਤ ਕੀਤੀ ਗਈ। ਦੂਜੇ ਪਾਸੇ, ਰਵਾਇਤੀ ਤੌਰ 'ਤੇ ਨਿਊਯਾਰਕ ਦੇ ਗਰਾਊਂਡ ਜ਼ੀਰੋ ਸਥਿਤ ਸ਼ਰਧਾਂਜਲੀ ਸਮਾਗਮ ਵਿਚ ਕੋਈ ਸਿਆਸੀ ਭਾਸ਼ਣ ਨਹੀਂ ਹੁੰਦਾ। ਇਥੇ ਪੀੜਤਾਂ ਦੇ ਰਿਸ਼ਤੇਦਾਰ ਸਾਰੇ ਪੀੜਤਾਂ ਦੇ ਨਾਂਅ ਪੜ੍ਹਦੇ ਹਨ ਅਤੇ ਹਮਲੇ ਦੇ ਸਮੇਂ ਦੌਰਾਨ ਵਾਪਰੀਆਂ ਮੁੱਖ ਘਟਨਾਵਾਂ ਦੇ ਪਲਾਂ 'ਤੇ ਮੌਨ ਧਾਰਨ ਕੀਤਾ ਜਾਂਦਾ ਹੈ। ਇਸ 'ਚ ਨਿਊਯਾਰਕ ਸ਼ਹਿਰ ਦੇ ਪਹਿਲੇ ਮੁਸਲਿਮ ਮੇਅਰ ਜ਼ੋਹਰਾਨ ਮਮਦਾਨੀ ਵਲੋਂ ਸ਼ਿਰਕਤ ਕੀਤੀ ਗਈ। ਅਮਰੀਕੀ ਕਾਂਗਰਸ ਨੇ ਇਸ ਦਿਨ ਨੂੰ 'ਦੇਸ਼-ਭਗਤ ਦਿਵਸ' ਅਤੇ 'ਸੇਵਾ ਅਤੇ ਯਾਦਗਾਰੀ ਰਾਸ਼ਟਰੀ ਦਿਵਸ' ਵਜੋਂ ਮਾਨਤਾ ਦਿੱਤੀ ਹੈ। ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਮੈਂਬਰਾਂ, ਜਿਨ੍ਹਾਂ ਵਿਚ ਪਾਕਿਸਤਾਨ ਵੀ ਸ਼ਾਮਿਲ ਸੀ, ਨੇ ਅਲ-ਕਾਇਦਾ ਵਲੋਂ ਕੀਤੇ ਗਏ ਇਸ ਭਿਆਨਕ ਅੱਤਵਾਦੀ ਹਮਲਿਆਂ ਦੀ ਯਾਦਗਾਰ ਦਾ ਦੌਰਾ ਕੀਤਾ। ਜ਼ਿਕਰਯੋਗ ਹੈ ਕਿ ਇਨ੍ਹਾਂ ਹਮਲਿਆਂ ਦੇ ਮੁੱਖ ਸਾਜ਼ਿਸ਼ਘਾੜੇ ਓਸਾਮਾ ਬਿਨ ਲਾਦੇਨ ਨੂੰ ਪਾਕਿਸਤਾਨ ਦੇ ਸ਼ਹਿਰ ਐਬਟਾਬਾਦ ਵਿਚ ਅਮਰੀਕਾ ਦੇ ਜਲ ਸੈਨਾ ਦੇ ਵਿਸ਼ੇਸ਼ ਕਾਰਵਾਈ ਬਲ 'ਨੇਵੀ ਸੀਲ' ਵਲੋਂ 2 ਮਈ, 2011 'ਚ ਮਾਰ ਦਿੱਤਾ ਗਿਆ ਸੀ।



# ਅਮਰੀਕਾ 'ਚ ਪੜ੍ਹਦੇ ਵਿਦਿਆਰਥੀਆਂ ਨੂੰ ਵੱਡੀ ਰਾਹਤ

## ਟਰੰਪ ਪ੍ਰਸ਼ਾਸਨ ਦੇ ਨਵੇਂ ਵੀਜ਼ਾ ਨਿਯਮ 'ਤੇ ਸੰਘੀ ਅਦਾਲਤ ਨੇ ਲਗਾਈ ਅੰਤਰਿਮ ਰੋਕ

ਵਾਸ਼ਿੰਗਟਨ/ਬੋਸਟਨ : ਅਮਰੀਕਾ ਦੇ ਬੋਸਟਨ ਵਿਚ ਇੱਕ ਸੰਘੀ ਅਦਾਲਤ ਨੇ ਟਰੰਪ ਪ੍ਰਸ਼ਾਸਨ ਦੇ ਉਸ ਨਵੇਂ ਵੀਜ਼ਾ ਨਿਯਮ 'ਤੇ ਰੋਕ ਲਗਾ ਦਿੱਤੀ ਹੈ, ਜੋ ਵਿਦੇਸ਼ੀ ਵਿਦਿਆਰਥੀਆਂ, ਐਕਸਚੇਂਜ ਵਿਜ਼ਟਰਾਂ ਅਤੇ ਪੱਤਰਕਾਰਾਂ ਦੇ ਬਿਨਾਂ ਵਿਸਥਾਰ (ਐਕਸਟੈਂਸ਼ਨ) ਅਮਰੀਕਾ ਵਿੱਚ ਰਹਿਣ ਦੀ ਸਮਾਂ-ਸੀਮਾ ਨੂੰ ਸੀਮਤ ਕਰਦਾ ਸੀ। ਅਮਰੀਕੀ ਜ਼ਿਲ੍ਹਾ ਜੱਜ ਐੱਫ. ਡੇਨਿਸ ਸੇਲੌਰ ਨੇ ਯੂਨੀਅਨਾਂ ਅਤੇ ਉੱਚ ਸਿੱਖਿਆ ਦੀ ਵਕਾਲਤ ਕਰਨ ਵਾਲੇ ਸਮੂਹਾਂ ਦੇ ਗੱਠਜੋੜ ਦੇ ਪੱਖ ਵਿੱਚ ਇਹ ਫੈਸਲਾ ਸੁਣਾਇਆ। ਅਦਾਲਤ ਦਾ ਇਹ ਫੈਸਲਾ ਹੋਮਲੈਂਡ ਸਕਿਓਰਿਟੀ ਵਿਭਾਗ (DHS) ਦੇ ਨਿਯਮ ਦੇ ਲਾਗੂ ਹੋਣ ਤੋਂ ਠੀਕ ਇੱਕ ਦਿਨ ਪਹਿਲਾਂ ਆਇਆ ਹੈ।

**50 ਸਾਲ ਪੁਰਾਣੀ ਵਿਵਸਥਾ ਬਦਲਣ ਦੀ ਸੀ ਕੋਸ਼ਿਸ਼ :** ਫੈਡਰਲ ਜੱਜ ਨੇ ਕਿਹਾ ਕਿ ਵਿਭਾਗ ਨੇ ਇਸ ਨਿਯਮ ਨੂੰ ਬਣਾਉਂਦੇ ਸਮੇਂ ਬਹੁਤ ਕਮਜ਼ੋਰ ਤਰਕ ਦਿੱਤੇ ਹਨ। ਇਹ ਨਵਾਂ ਨਿਯਮ ਰਾਸ਼ਟਰੀ ਸੁਰੱਖਿਆ ਅਤੇ ਧੋਖਾਧੜੀ ਰੋਕਣ ਦੇ ਨਾਂ 'ਤੇ ਕਰੀਬ 50 ਸਾਲ ਪੁਰਾਣੀ ਵਿਵਸਥਾ ਨੂੰ ਪਲਟ ਰਿਹਾ ਸੀ। ਅਦਾਲਤ ਅਨੁਸਾਰ, DHS ਨੇ ਵੀਜ਼ਾ ਪ੍ਰਣਾਲੀ ਵਿੱਚ ਧੋਖਾਧੜੀ ਰੋਕਣ ਦਾ ਹਵਾਲਾ ਤਾਂ ਦਿੱਤਾ, ਪਰ ਨਿਯਮ ਬਦਲਣ ਨਾਲ ਉਤਪੰਨ ਹੋਣ ਵਾਲੀਆਂ ਸਮੱਸਿਆਵਾਂ ਅਤੇ ਆਸਾਨ ਬਦਲਾਂ 'ਤੇ ਠੀਕ ਤਰ੍ਹਾਂ ਵਿਚਾਰ ਨਹੀਂ ਕੀਤਾ। ਸਾਬਕਾ ਰਿਪਬਲਿਕਨ ਰਾਸ਼ਟਰਪਤੀ ਜਾਰਜ ਡਬਲਯੂ. ਬੁਸ਼ ਦੁਆਰਾ ਨਿਯੁਕਤ ਜੱਜ ਨੇ ਸਪੱਸ਼ਟ ਕੀਤਾ ਕਿ ਪੰਜ ਦਹਾਕੇ ਪੁਰਾਣੀ ਵਿਵਸਥਾ ਤਹਿਤ ਵਿਦੇਸ਼ੀ ਵਿਦਿਆਰਥੀ ਆਪਣੇ ਕੋਰਸ ਦੀ ਪੂਰੀ ਮਿਆਦ ਤੱਕ ਦੇਸ਼ ਵਿੱਚ ਰਹਿ ਕੇ ਕੰਮ ਕਰ ਸਕਦੇ ਹਨ, ਜਿਸ ਨਾਲ ਵਿਗਿਆਨ, ਮੈਡੀਕਲ ਅਤੇ ਤਕਨਾਲੋਜੀ ਦੇ ਖੇਤਰਾਂ ਦੇ ਨਾਲ-ਨਾਲ ਅਮਰੀਕੀ ਅਰਥਵਿਵਸਥਾ ਨੂੰ ਵੱਡਾ ਫਾਇਦਾ ਹੋਇਆ ਹੈ।

**ਕੀ ਸੀ ਨਵਾਂ ਵੀਜ਼ਾ ਨਿਯਮ?** ਜੁਲਾਈ ਵਿੱਚ DHS ਦੁਆਰਾ ਲਿਆਂਦੇ ਗਏ ਨਿਯਮ ਵਿੱਚ ਅਮਰੀਕਾ ਵਿੱਚ ਰਹਿਣ ਦੀ ਇੱਕ ਨਿਸ਼ਚਿਤ ਸਮਾਂ-ਸੀਮਾ ਤੈਅ ਕਰਨ ਦੀ ਤਜਵੀਜ਼ ਸੀ। ਇਸ ਤਹਿਤ ਵਿਦੇਸ਼ੀ ਵਿਦਿਆਰਥੀਆਂ ਦੇ 6 ਵੀਜ਼ਾ ਅਤੇ ਸੱਭਿਆਚਾਰਕ ਐਕਸਚੇਂਜ ਵਿਜ਼ਟਰਾਂ ਦੇ J ਵੀਜ਼ਾ ਨੂੰ ਵੱਧ ਤੋਂ ਵੱਧ 4 ਸਾਲ ਤੱਕ ਸੀਮਤ ਕੀਤਾ ਜਾਣਾ ਸੀ। ਇਸ ਤੋਂ ਇਲਾਵਾ ਵਿਦੇਸ਼ੀ ਪੱਤਰਕਾਰਾਂ ਦੇ। ਵੀਜ਼ਾ ਦੀ ਮਿਆਦ ਨੂੰ ਘਟਾ ਕੇ ਕੇਵਲ 240 ਦਿਨਾਂ ਤੱਕ ਸੀਮਤ ਕਰਨ ਦਾ ਪ੍ਰਬੰਧ ਸੀ।



**ਯੂਨੀਵਰਸਿਟੀਆਂ ਅਤੇ ਅਰਥਵਿਵਸਥਾ ਨੂੰ ਹੋ ਸਕਦਾ ਸੀ ਭਾਰੀ ਨੁਕਸਾਨ :** ਅੰਕੜਿਆਂ ਅਨੁਸਾਰ, ਮੌਜੂਦਾ ਸਮੇਂ ਵਿੱਚ ਕਰੀਬ 16 ਲੱਖ ਲੋਕ 6 ਵੀਜ਼ਾ ਅਤੇ 5 ਲੱਖ ਲੋਕ J ਵੀਜ਼ਾਧਾਰਕ ਹਨ। ਜੱਜ ਸੇਲੌਰ ਨੇ ਚੇਤਾਵਨੀ ਦਿੱਤੀ ਕਿ ਇਸ ਨਵੀਂ ਨੀਤੀ ਕਾਰਨ ਹਾਰਵਰਡ ਅਤੇ ਐੱਮ.ਆਈ.ਟੀ. (MIT) ਵਰਗੀਆਂ ਪ੍ਰਮੁੱਖ ਰਿਸਰਚ ਯੂਨੀਵਰਸਿਟੀਆਂ ਵਿੱਚ ਦਾਖਲੇ ਘੱਟ ਸਕਦੇ ਸਨ ਅਤੇ ਉਨ੍ਹਾਂ ਨੂੰ ਕਰੋੜਾਂ ਡਾਲਰ ਦਾ ਨੁਕਸਾਨ ਹੋ ਸਕਦਾ ਸੀ। ਜੱਜ ਨੇ ਲਿਖਿਆ ਕਿ ਅਮਰੀਕੀ ਉੱਚ ਸਿੱਖਿਆ ਪ੍ਰਣਾਲੀ ਅਤੇ ਅਰਥਵਿਵਸਥਾ ਨੂੰ ਹੋਣ ਵਾਲਾ ਨੁਕਸਾਨ ਕਾਫ਼ੀ ਗੰਭੀਰ ਅਤੇ ਤਬਾਹਕੁੰਨ ਹੋ ਸਕਦਾ ਸੀ।

# ਰੂਸ ਤੇ ਯੂਕ੍ਰੇਨ ਊਰਜਾ ਠਿਕਾਣਿਆਂ 'ਤੇ ਹਮਲੇ ਰੋਕਣ ਲਈ ਸਹਿਮਤ : ਟਰੰਪ ਦਾ ਦਾਅਵਾ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦਾਅਵਾ ਕੀਤਾ ਹੈ ਕਿ ਰੂਸ ਅਤੇ ਯੂਕ੍ਰੇਨ ਇੱਕ-ਦੂਜੇ ਦੇ ਊਰਜਾ ਬੁਨਿਆਦੀ ਢਾਂਚੇ 'ਤੇ ਹਮਲੇ ਰੋਕਣ ਲਈ ਸਹਿਮਤ ਹੋ ਗਏ ਹਨ। ਟਰੰਪ ਅਨੁਸਾਰ ਇਹ ਕਦਮ ਗਲੋਬਲ ਊਰਜਾ ਸੰਕਟ ਅਤੇ ਡੀਜ਼ਲ ਦੀਆਂ ਵਧਦੀਆਂ ਕੀਮਤਾਂ ਨੂੰ ਕੰਟਰੋਲ ਕਰਨ ਲਈ ਚੁੱਕਿਆ ਗਿਆ ਹੈ। ਉਨ੍ਹਾਂ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੁਥ ਸੋਸ਼ਲ' 'ਤੇ ਲਿਖਿਆ ਕਿ ਦੁਨੀਆ ਭਰ ਵਿੱਚ ਡੀਜ਼ਲ ਦੀਆਂ ਕੀਮਤਾਂ ਵਧਣ ਦਾ ਮੁੱਖ ਕਾਰਨ ਰੂਸ-ਯੂਕ੍ਰੇਨ ਜੰਗ ਹੈ। ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦਿਮੀਰ ਜ਼ੇਲੇਂਸਕੀ ਨੇ ਟਰੰਪ ਦੇ ਇਸ ਦਾਅਵੇ 'ਤੇ ਅਵਿਸ਼ਵਾਸ ਪ੍ਰਗਟਾਇਆ ਹੈ। ਉਨ੍ਹਾਂ ਕਿਹਾ ਕਿ ਯੂਕ੍ਰੇਨ ਨੂੰ ਰੂਸ ਵੱਲੋਂ ਕਿਸੇ ਸਮਝੌਤੇ ਦੀ ਪਾਲਣਾ ਕਰਨ ਦਾ ਬਿਲਕੁਲ ਭਰੋਸਾ ਨਹੀਂ ਹੈ। ਜ਼ੇਲੇਂਸਕੀ ਮੁਤਾਬਕ ਯੂਕ੍ਰੇਨ ਸਿਰਫ਼ ਉਦੋਂ ਹੀ ਜਵਾਬੀ ਹਮਲੇ ਰੋਕੇਗਾ ਜਦੋਂ ਅੰਤਰਰਾਸ਼ਟਰੀ ਭਾਈਵਾਲ ਇਹ ਪੱਕੀ ਗਾਰੰਟੀ ਦੇਣਗੇ ਕਿ ਰੂਸ ਯੂਕ੍ਰੇਨੀ ਬਿਜਲੀ ਗ੍ਰਿਡ, ਅਹਿਮ ਠਿਕਾਣਿਆਂ ਅਤੇ ਭੋਜਨ ਸਪਲਾਈ ਰੂਟਾਂ 'ਤੇ ਹਮਲੇ ਪੂਰੀ ਤਰ੍ਹਾਂ ਬੰਦ ਕਰ ਦੇਵੇਗਾ। ਉਨ੍ਹਾਂ ਜ਼ੋਰ ਦਿੱਤਾ ਕਿ ਇਹ ਕੋਈ ਅਸਥਾਈ ਵਿਰਾਮ ਨਹੀਂ ਸਗੋਂ ਭਰੋਸੇਯੋਗ ਅਤੇ ਲੰਮੇ ਸਮੇਂ ਦਾ ਹੱਲ ਹੋਣਾ ਚਾਹੀਦਾ ਹੈ।



ਯੂਕ੍ਰੇਨੀ ਡਰੋਨ ਹਮਲਿਆਂ ਕਾਰਨ ਰੂਸ ਦੇ ਕਈ ਖੇਤਰਾਂ ਵਿੱਚ ਤੇਲ ਰਿਫਾਇਨਰੀਆਂ ਪ੍ਰਭਾਵਿਤ ਹੋਈਆਂ ਹਨ, ਜਿਸ ਨਾਲ ਉੱਥੇ ਬਾਲਣ ਦੀ ਭਾਰੀ ਘਾਟ ਪੈਦਾ ਹੋ ਗਈ ਹੈ। 18 ਤੋਂ 20 ਸਤੰਬਰ ਤੱਕ ਹੋਣ ਵਾਲੀਆਂ ਰੂਸੀ ਸੰਸਦੀ ਚੋਣਾਂ ਤੋਂ ਪਹਿਲਾਂ ਇਹ ਸਥਿਤੀ ਮਾਸਕੋ ਲਈ ਕਾਫ਼ੀ ਨਾਜ਼ੁਕ ਬਣੀ ਹੋਈ ਹੈ। ਦੂਜੇ ਪਾਸੇ ਕ੍ਰੈਮਲਿਨ ਦੇ ਬੁਲਾਰੇ ਦਮਿਤਰੀ ਪੇਸਕੋਵ ਨੇ ਆਰਥਿਕ ਬੁਨਿਆਦੀ ਢਾਂਚੇ 'ਤੇ ਹਮਲੇ ਰੋਕਣ ਦੀ ਅਪੀਲ ਦਾ ਸਵਾਗਤ ਤਾਂ ਕੀਤਾ, ਪਰ ਉਨ੍ਹਾਂ ਨੇ ਹਮਲੇ ਪੂਰੀ ਤਰ੍ਹਾਂ ਰੋਕਣ ਦੀ ਸਿੱਧੀ ਪੁਸ਼ਟੀ ਨਹੀਂ ਕੀਤੀ।

# 'ਗੌਡ ਬਲੈੱਸ ਦ USA' ਦੇ ਗਾਇਕ ਦੀ ਪਤਨੀ ਬਣੇਗੀ ਰਾਜਦੂਤ; ਟਰੰਪ ਨੇ ਸੀਨੇਟ ਨੂੰ ਭੇਜਿਆ ਨਾਂ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਮਵਾਰ ਨੂੰ 'ਗੌਡ ਬਲੈਸ ਦਿ ਯੂਐਸਏ' ਦੇ ਗਾਇਕ ਲੀ ਗ੍ਰੀਨਵੁੱਡ ਦੀ ਪਤਨੀ ਕਿੰਬਰਲੀ ਗ੍ਰੀਨਵੁੱਡ ਨੂੰ ਬਾਰਬਾਡੋਸ



ਅਤੇ ਪੂਰਬੀ ਕੈਰੇਬੀਆਈ ਦੇਸ਼ਾਂ ਵਿੱਚ ਅਮਰੀਕੀ ਰਾਜਦੂਤ ਵਜੋਂ ਨਾਮਜ਼ਦ ਕੀਤਾ। ਕਿੰਬਰਲੀ ਗ੍ਰੀਨਵੁੱਡ ਉਨ੍ਹਾਂ ਨਾਮਜ਼ਦ ਵਿਅਕਤੀਆਂ ਵਿੱਚੋਂ ਇੱਕ ਹੈ, ਜਿਨ੍ਹਾਂ ਨੂੰ ਟਰੰਪ ਪ੍ਰਸ਼ਾਸਨ ਨੇ ਪੁਸ਼ਟੀ ਲਈ ਅਮਰੀਕੀ ਸੈਨੇਟ ਨੂੰ ਭੇਜਿਆ ਹੈ। ਬਾਅਦ ਵਿੱਚ ਸੋਮਵਾਰ ਨੂੰ, ਕਿੰਬਰਲੀ ਨੇ ਇੰਸਟਾਗ੍ਰਾਮ 'ਤੇ ਆਪਣੇ ਪਤੀ ਅਤੇ ਟਰੰਪ ਨਾਲ ਇੱਕ ਫੋਟੋ ਸਾਂਝੀ ਕੀਤੀ ਅਤੇ ਰਾਸ਼ਟਰਪਤੀ ਦਾ ਨਾਮਜ਼ਦ ਕਰਨ ਲਈ ਧੰਨਵਾਦ ਕੀਤਾ। ਉਨ੍ਹਾਂ ਨੇ ਪੋਸਟ ਵਿੱਚ ਕਿਹਾ, 'ਸ਼੍ਰੀਮਾਨ ਰਾਸ਼ਟਰਪਤੀ, ਮੇਰੇ 'ਤੇ ਭਰੋਸਾ ਕਰਨ ਅਤੇ ਮੈਨੂੰ ਸੇਵਾ ਕਰਨ ਦਾ ਇਹ ਅਸਾਧਾਰਨ ਮੌਕਾ ਦੇਣ ਲਈ ਧੰਨਵਾਦ।' ਕਿੰਬਰਲੀ ਦੇ ਪਤੀ, ਲੀ ਗ੍ਰੀਨਵੁੱਡ, ਰਾਸ਼ਟਰਪਤੀ ਟਰੰਪ ਦੇ ਪਸੰਦੀਦਾ ਗਾਇਕਾਂ ਵਿੱਚੋਂ ਇੱਕ ਹਨ। ਉਨ੍ਹਾਂ ਦਾ ਪ੍ਰਸਿੱਧ ਦੇਸ਼ ਭਗਤੀ ਗੀਤ ਸਾਲਾਂ ਤੋਂ ਰਾਜਨੀਤਿਕ ਸਮਾਗਮਾਂ ਵਿੱਚ ਟਰੰਪ ਦੀ ਸਟੇਜ ਐਂਟਰੀ ਦੌਰਾਨ ਵਜਾਇਆ ਜਾਂਦਾ ਰਿਹਾ ਹੈ। ਟਰੰਪ ਨੇ ਲੀ ਗ੍ਰੀਨਵੁੱਡ ਨਾਲ ਇੱਕ ਵਪਾਰਕ ਭਾਈਵਾਲੀ ਵੀ ਕੀਤੀ ਸੀ। ਦੋਵਾਂ ਨੇ ਮਿਲ ਕੇ 59.99 ਅਮਰੀਕੀ ਡਾਲਰ ਦੀ 'ਗੌਡ ਬਲੈਸ ਦਿ ਯੂਐਸਏ ਬਾਈਬਲ' ਵੇਚੀ ਸੀ। ਲੀ ਗ੍ਰੀਨਵੁੱਡ ਨੇ ਇੰਸਟਾਗ੍ਰਾਮ 'ਤੇ ਇੱਕ ਪੋਸਟ ਵਿੱਚ ਆਪਣੀ ਪਤਨੀ ਦੀ ਪ੍ਰਸ਼ੰਸਾ ਕੀਤੀ ਅਤੇ ਉਸਦੀ ਨਾਮਜ਼ਦਗੀ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਉਸਦੀ ਪਤਨੀ ਨੇ ਟਰੰਪ ਨਾਲ 18 ਸਾਲ ਕੰਮ ਕੀਤਾ ਸੀ, ਜਦੋਂ ਟਰੰਪ ਮਿਸ ਯੂਨੀਵਰਸ ਆਰਗੇਨਾਈਜ਼ੇਸ਼ਨ ਦੇ ਮਾਲਕ ਸਨ ਅਤੇ ਕਿੰਬਰਲੀ ਗ੍ਰੀਨਵੁੱਡ ਵੱਖ-ਵੱਖ ਰਾਜਾਂ ਵਿੱਚ ਸੁੰਦਰਤਾ ਮੁਕਾਬਲਿਆਂ ਦਾ ਪ੍ਰਬੰਧਨ ਕਰਦੀ ਸੀ।

# ਨਵੇਂ ਗਰੀਨ ਕਾਰਡ ਨਿਯਮ ਵਿਰੁੱਧ 22 ਰਾਜਾਂ ਵਲੋਂ ਪਟੀਸ਼ਨ ਦਾਇਰ

ਸੈਕਰਾਮੈਂਟੋ/ਨਿਊਯਾਰਕ, (ਹੁਸਨ ਲੜੋਆ ਬੰਗਾ/ਸਾਡੇ ਲੋਕ) : ਨਿਊਯਾਰਕ ਸਮੇਤ 21 ਹੋਰ ਰਾਜਾਂ ਨੇ ਡਿਸਟ੍ਰਿਕਟ ਆਫ਼ ਕੋਲੰਬੀਆ ਨਾਲ ਮਿਲ ਕੇ ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਦੇ ਉਸ ਨਿਯਮ ਨੂੰ ਰੋਕਣ ਲਈ ਪਟੀਸ਼ਨ ਦਾਇਰ ਕੀਤੀ ਹੈ, ਜੋ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਇਹ ਤੈਅ ਕਰਨ ਲਈ ਵਧੇਰੇ ਅਧਿਕਾਰ ਦਿੰਦਾ ਹੈ ਕਿ ਕੀ ਬਿਨੈਕਾਰ ਸਰਕਾਰੀ ਸਹਾਇਤਾ 'ਤੇ ਨਿਰਭਰ ਹੋ ਸਕਦੇ ਹਨ। ਪਟੀਸ਼ਨ ਦਾਇਰ ਕਰਨ ਵਾਲੇ ਸਮੂਹ ਦੀ ਅਗਵਾਈ ਨਿਊਯਾਰਕ ਸਿਟੀ ਦੇ ਮੇਅਰ ਜ਼ੋਹਰਾਨ ਮਮਦਾਨੀ ਕਰ ਰਹੇ ਹਨ। ਨਿਊਯਾਰਕ ਅਤੇ ਡਿਸਟ੍ਰਿਕਟ ਆਫ਼ ਕੋਲੰਬੀਆ ਦੇ ਨਾਲ ਪਟੀਸ਼ਨ ਦਾਇਰ ਕਰਨ ਵਾਲੇ ਰਾਜਾਂ ਵਿਚ ਕੈਲੀਫੋਰਨੀਆ, ਇਲੀਨੋਇਸ, ਕੋਲੋਰਾਡੋ, ਕਨੈਕਟੀਕਟ, ਡੇਲਾਵੇਅਰ, ਹਵਾਈ, ਮੇਨ, ਮੈਰੀਲੈਂਡ, ਮੈਸੇਚਿਉਸੇਟਸ, ਮਿਸ਼ੀਗਨ, ਮਿਨੀਸੋਟਾ, ਨਿਊ ਜਰਸੀ, ਨਿਊ ਮੈਕਸੀਕੋ, ਨੇਵਾਡਾ, ਓਰੇਗਨ, ਪੈਨਸਿਲਵੇਨੀਆ, ਰੋਡ ਆਈਲੈਂਡ, ਵਰਮੌਂਟ, ਵਰਜੀਨੀਆ, ਵਾਸ਼ਿੰਗਟਨ ਅਤੇ ਵਿਸਕਾਨਸਿਨ ਸ਼ਾਮਿਲ ਹਨ। 18 ਸਤੰਬਰ ਤੋਂ ਲਾਗੂ ਹੋਣ ਵਾਲਾ ਇਹ ਨਿਯਮ ਉਨ੍ਹਾਂ ਪ੍ਰਵਾਸੀਆਂ ਲਈ ਗ੍ਰੀਨ ਕਾਰਡ ਪ੍ਰਾਪਤ ਕਰਨਾ ਔਖਾ ਬਣਾ ਸਕਦਾ ਹੈ, ਜੋ ਜਨਤਕ ਲਾਭਾਂ ਜਿਵੇਂ ਕਿ ਭੋਜਨ ਸਹਾਇਤਾ, ਮੈਡੀਕੇਡ ਆਦਿ 'ਤੇ ਨਿਰਭਰ ਹਨ। ਮਮਦਾਨੀ ਨੇ ਕਿਹਾ ਕਿ ਇਹ ਨਿਯਮ ਪ੍ਰਵਾਸੀ ਪਰਿਵਾਰਾਂ ਨੂੰ ਭੋਜਨ ਅਤੇ ਸਿਹਤ ਸੰਭਾਲ ਪ੍ਰਦਾਨ ਕਰਨ ਵਾਲੇ ਪ੍ਰੋਗਰਾਮਾਂ ਦੀ ਵਰਤੋਂ ਕਰਨ ਤੋਂ ਰੋਕ ਸਕਦਾ ਹੈ, ਜਿਸ ਵਿਚ ਉਹ ਲਾਭ ਵੀ ਸ਼ਾਮਿਲ ਹਨ, ਜਿਨ੍ਹਾਂ ਨੂੰ ਪ੍ਰਾਪਤ ਕਰਨ ਦੇ ਉਹ ਕਾਨੂੰਨੀ ਤੌਰ 'ਤੇ ਹੱਕਦਾਰ ਹਨ। ਉਨ੍ਹਾਂ ਕਿਹਾ ਕਿ ਇਸ ਨਾਲ ਪੈਦਾ ਹੋਣ ਵਾਲਾ ਡਰ ਉਨ੍ਹਾਂ ਪਰਿਵਾਰਾਂ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ, ਜੋ ਸਹਾਇਤਾ ਲਈ ਯੋਗ ਹਨ।

# ਭਾਰਤ ਸਣੇ 10 ਦੇਸ਼ਾਂ 'ਤੇ 100% ਟੈਰਿਫ਼ ਲਗਾਉਣ ਦੀ ਤਿਆਰੀ ! ਅਮਰੀਕੀ ਸੰਸਦ 'ਚ ਸੋਧ ਪ੍ਰਸਤਾਵ ਪੇਸ਼

ਵਾਸ਼ਿੰਗਟਨ : ਅਮਰੀਕੀ ਸੰਸਦ ਵਿੱਚ ਰੂਸ 'ਤੇ ਪਾਬੰਦੀਆਂ ਲਗਾਉਣ ਨਾਲ ਸਬੰਧਤ ਬਿੱਲ ਵਿੱਚ ਕਾਨੂੰਨਸਾਜ਼ਾਂ ਵੱਲੋਂ ਨਵੀਆਂ ਸੋਧਾਂ ਪੇਸ਼ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚੋਂ ਇੱਕ ਪ੍ਰਸਤਾਵ ਰਾਹੀਂ ਰੂਸ ਦੇ ਸਭ ਤੋਂ ਵੱਡੇ ਵਪਾਰਕ ਭਾਈਵਾਲਾਂ ਵਿੱਚ ਭਾਰਤ ਦਾ ਨਾਂ ਵੀ ਸ਼ਾਮਲ ਕਰਨ ਦੀ ਮੰਗ ਕੀਤੀ ਗਈ ਹੈ। 'ਲਿੰਡਸੇ ਓ ਗ੍ਰਾਹਮ ਸੈਂਕਸ਼ਨਿੰਗ ਰੂਸ ਐਂਡ ਈਰਾਨ ਐਕਟ', ਜੋ ਪਿਛਲੇ ਮਹੀਨੇ 7 ਅਗਸਤ ਨੂੰ ਅਮਰੀਕੀ ਸੈਨੇਟ ਵੱਲੋਂ 86-11 ਦੇ ਭਾਰੀ ਬਹੁਮਤ ਨਾਲ ਪਾਸ ਕੀਤਾ ਗਿਆ ਸੀ, ਦਾ ਮਕਸਦ ਰੂਸ ਦੀ ਲੀਡਰਸ਼ਿਪ, ਊਰਜਾ ਖੇਤਰ ਅਤੇ ਤੇਲ ਦੀ ਸਪਲਾਈ ਵਿੱਚ ਮਦਦ ਕਰਨ ਵਾਲੇ ਜਹਾਜ਼ਾਂ ('ਸ਼ੈਡੋ ਫਲੀਟ') 'ਤੇ ਸ਼ਿਕੰਜਾ ਕੱਸਣਾ ਹੈ। ਡੈਮੋਕ੍ਰੇਟਿਕ ਕਾਂਗਰਸਮੈਨ ਸਟੈਨੀ ਹੋਇਰ ਵੱਲੋਂ ਪੇਸ਼ ਕੀਤੀ ਗਈ ਸੋਧ ਵਿੱਚ ਭਾਰਤ, ਚੀਨ, ਤੁਰਕੀ, ਅਜ਼ਰਬਾਈਜਾਨ, ਹੰਗਰੀ, ਸਲੋਵਾਕ ਰਿਪਬਲਿਕ, ਯੂ.ਏ.ਈ., ਸਿੰਗਾਪੁਰ, ਕਜ਼ਾਖਸਤਾਨ ਅਤੇ ਕਿਰਗਿਜ਼ ਰਿਪਬਲਿਕ ਨੂੰ ਉਨ੍ਹਾਂ ਦੇਸ਼ਾਂ ਦੀ ਸੂਚੀ ਵਿੱਚ ਨਾਮਜ਼ਦ ਕਰਨ ਦੀ ਮੰਗ ਕੀਤੀ ਗਈ ਹੈ ਜੋ 100 ਫ਼ੀਸਦੀ ਤੱਕ ਟੈਰਿਫ਼ (ਡਿਊਟੀ) ਦੇ ਘੇਰੇ ਵਿੱਚ ਆ ਸਕਦੇ ਹਨ। ਅਮਰੀਕਾ ਦਾ ਮੰਨਣਾ ਹੈ ਕਿ ਰੂਸ ਦਾ ਕੱਚੇ ਤੇਲ ਦਾ ਵਪਾਰ ਯੂਕਰੇਨ ਵਿਰੁੱਧ ਜੰਗ ਲਈ ਫੰਡ ਮੁਹੱਈਆ ਕਰਵਾ ਰਿਹਾ ਹੈ। 7 ਅਗਸਤ ਨੂੰ ਸੈਨੇਟ ਦੁਆਰਾ ਪਾਸ ਕੀਤੇ ਗਏ ਮੂਲ ਬਿੱਲ ਵਿੱਚ ਦੇਸ਼ਾਂ ਦੇ ਸਿੱਧੇ ਨਾਂ ਨਹੀਂ ਸਨ, ਬਲਕਿ ਤੇਲ ਅਤੇ ਗੈਸ ਦੇ 5 ਸਭ ਤੋਂ ਵੱਡੇ ਆਯਾਤਕਾਂ ਦਾ ਜ਼ਿਕਰ ਹੈ। ਦੂਜੇ ਪਾਸੇ ਡੈਮੋਕ੍ਰੇਟਿਕ ਕਾਂਗਰਸਮੈਨ ਗ੍ਰੈਗਰੀ ਮੀਕਸ, ਜੋ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਹੋਰ ਟੈਰਿਫ਼ ਲਗਾਉਣ ਦੇ ਅਧਿਕਾਰ ਦੇਣ ਦੇ ਵਿਰੁੱਧ ਹਨ, ਨੇ ਬਿੱਲ ਦੇ ਸੈਕਸ਼ਨ 113 ਨੂੰ ਪੂਰੀ ਤਰ੍ਹਾਂ ਰੱਦ ਕਰਨ ਲਈ ਸੋਧ ਪੇਸ਼ ਕੀਤੀ ਹੈ। ਇਹ ਸੈਕਸ਼ਨ ਰਾਸ਼ਟਰਪਤੀ ਨੂੰ ਰੂਸ ਦੇ ਵਪਾਰਕ ਭਾਈਵਾਲਾਂ 'ਤੇ ਵਿਆਪਕ ਸੈਕੰਡਰੀ ਪਾਬੰਦੀਆਂ ਲਗਾਉਣ ਦੀ ਸ਼ਕਤੀ ਦਿੰਦਾ ਹੈ। ਇਸ ਤੋਂ ਇਲਾਵਾ ਮੀਕਸ ਦੁਆਰਾ ਪੇਸ਼ ਹੋਰ ਸੋਧਾਂ ਵਿੱਚ ਅਮਰੀਕੀ ਰਾਸ਼ਟਰੀ ਸੁਰੱਖਿਆ ਦੇ ਹਿੱਤ ਵਿੱਚ 90 ਦਿਨਾਂ ਲਈ ਪਾਬੰਦੀਆਂ ਤੋਂ ਛੋਟ ਦੇਣ ਦੀ ਵਿਵਸਥਾ ਅਤੇ ਯੂਕਰੇਨ ਨੂੰ ਰੱਖਿਆ ਸਮੱਗਰੀ ਖਰੀਦਣ ਲਈ 15 ਅਰਬ ਡਾਲਰ ਦੇ ਸਿੱਧੇ ਕਰਜ਼ੇ ਦੀ ਮਨਜ਼ੂਰੀ ਦੇਣ ਦਾ ਪ੍ਰਸਤਾਵ ਸ਼ਾਮਲ ਹੈ। ਇਹ ਬਿੱਲ ਰਾਸ਼ਟਰਪਤੀ ਦੇ ਦਸਤਖ਼ਤਾਂ ਲਈ ਭੇਜੇ ਜਾਣ ਤੋਂ ਪਹਿਲਾਂ ਅਮਰੀਕੀ 'ਹਾਊਸ ਆਫ਼ ਰਿਪ੍ਰੈਜ਼ੇਂਟੇਟਿਵਜ਼' ਦੁਆਰਾ ਪਾਸ ਕੀਤਾ ਜਾਣਾ ਜ਼ਰੂਰੀ ਹੈ। ਅਮਰੀਕਾ ਵਿੱਚ 3 ਨਵੰਬਰ ਦੀਆਂ ਮਿਡਟਰਮ ਚੋਣਾਂ ਤੋਂ ਪਹਿਲਾਂ ਛੁੱਟੀਆਂ ਸ਼ੁਰੂ ਹੋਣ ਵਿੱਚ ਹਾਊਸ ਕੋਲ ਸਿਰਫ਼ 4 ਕੰਮਕਾਜੀ ਦਿਨ ਬਾਕੀ ਬਚੇ ਹਨ।

# ਅਮਰੀਕਾ ਨੇ ਪਹਿਲੀ ਵਾਰ ਮੰਨਿਆ ਕਿ ਉਸ ਨੇ ਪੁਲਾੜ 'ਚ ਹਥਿਆਰ ਤਾਇਨਾਤ ਕੀਤੇ

ਵਾਸ਼ਿੰਗਟਨ : ਸੰਯੁਕਤ ਰਾਜ ਅਮਰੀਕਾ ਨੇ ਪਹਿਲੀ ਵਾਰ ਪੁਸ਼ਟੀ ਕੀਤੀ ਹੈ ਕਿ ਉਸ ਨੇ ਪੁਲਾੜ 'ਚ ਹਥਿਆਰ ਤਾਇਨਾਤ ਕੀਤੇ ਹਨ। ਹਵਾਈ ਫੌਜ ਦੇ ਸਕੱਤਰ ਟਰੋਏ ਮਿੰਕ ਨੇ ਮੈਰੀਲੈਂਡ 'ਚ ਏਅਰ ਐਂਡ ਸਪੇਸ ਸਾਈਬਰ ਕਾਨਫਰੰਸ ਨੂੰ ਦੱਸਿਆ ਕਿ ਅਮਰੀਕਾ ਨੇ "ਔਰਬਿਟ ਸਪੇਸ ਕੰਟਰੋਲ ਹਥਿਆਰਾਂ 'ਤੇ ਤਾਇਨਾਤ ਕੀਤੇ ਹਨ, ਜੋ ਸੰਯੁਕਤ ਫੌਜ ਨੂੰ ਦੁਸ਼ਮਣ ਵਿਰੋਧੀ ਕਾਰਵਾਈ ਤੋਂ ਬਚਾਉਣ ਦੇ ਸਮਰੱਥ ਹਨ। ਮਿੰਕ ਨੇ ਇਹ ਨਹੀਂ ਦੱਸਿਆ ਕਿ ਹਥਿਆਰ ਕੀ ਹਨ ਜਾਂ ਉਹ ਕਿਵੇਂ ਕੰਮ ਕਰਦੇ ਹਨ।



2024 'ਚ ਅਮਰੀਕਾ ਨੇ ਕਿਹਾ ਸੀ ਕਿ ਰੂਸ ਇਕ ਨਵਾਂ ਐਂਟੀ-ਸੈਟੇਲਾਈਟ ਹਥਿਆਰ ਵਿਕਸਿਤ ਕਰ ਰਿਹਾ ਹੈ, ਜਿਸ ਨੂੰ ਸਪੇਸ ਤੋਂ ਲਾਂਚ ਕੀਤਾ ਜਾ ਸਕਦਾ ਹੈ। ਉਸ ਸਮੇਂ ਵ੍ਹਾਈਟ ਹਾਊਸ ਨੇ ਕਿਹਾ ਸੀ ਕਿ ਖ਼ਤਰਾ ਨੇੜੇ ਨਹੀਂ ਹੈ। ਐਂਟੀ-ਸੈਟੇਲਾਈਟ ਹਥਿਆਰ ਦੀਆਂ ਰਿਪੋਰਟਾਂ ਰੂਸ ਤੇ ਚੀਨ ਤੋਂ ਪੁਲਾੜ ਖ਼ਤਰਿਆਂ ਬਾਰੇ ਲੰਬੇ ਸਮੇਂ ਤੋਂ ਚੱਲ ਰਹੀਆਂ ਚਿੰਤਾਵਾਂ ਨੂੰ ਦਰਸਾਉਂਦੀਆਂ ਹਨ ਕਿਉਂਕਿ ਬਹੁਤ ਸਾਰਾ ਅਮਰੀਕੀ ਬੁਨਿਆਦੀ ਢਾਂਚਾ ਸੈਟੇਲਾਈਟ ਸੰਚਾਰ 'ਤੇ ਨਿਰਭਰ ਹੈ। ਆਪਣੀਆਂ ਟਿੱਪਣੀਆਂ 'ਚ ਮਿੰਕ ਨੇ ਇਹ ਵੀ ਕਿਹਾ ਕਿ ਹਵਾਈ ਫੌਜ ਆਪਣੀਆਂ ਸਮਰੱਥਾਵਾਂ 'ਚ ਹੋਰ ਖ਼ੁਦਮੁਖਤਿਆਰ ਪ੍ਰਣਾਲੀਆਂ ਜੋੜ ਰਹੀ ਹੈ। ਅਸੀਂ ਮੌਜੂਦਾ ਖ਼ਤਰਿਆਂ ਵਿਰੁੱਧ ਤਿਆਰੀ ਵਧਾ ਰਹੇ ਹਾਂ। ਟਰੰਪ ਨੇ 2019 'ਚ ਸਪੇਸ ਫੋਰਸ ਬਣਾਈ ਸੀ।

# ਹੁਣ ਵਾਰੀ ਕੋਵਿਡ ਕਰਜ਼ਾ ਘੁਟਾਲਿਆਂ ਦੀ, ਵੈਂਸ ਵਲੋਂ ਵੱਡੀ ਕਾਰਵਾਈ ਦਾ ਐਲਾਨ

ਨਿਊਯਾਰਕ : ਅਮਰੀਕਾ ਵਿਚ ਕੋਰੋਨਾ ਮਹਾਂਮਾਰੀ (ਕੋਵਿਡ) ਦੌਰਾਨ ਕਾਰੋਬਾਰਾਂ ਦੀ ਮਦਦ ਲਈ ਵੰਡੇ ਗਏ ਸਰਕਾਰੀ ਕਰਜ਼ਿਆਂ ਵਿਚ ਹੋਈ ਕਥਿਤ ਧੋਖਾਧੜੀ ਖ਼ਿਲਾਫ਼ ਵੱਡੀ ਕਾਰਵਾਈ ਦਾ ਐਲਾਨ ਕੀਤਾ ਗਿਆ ਹੈ। ਟਰੰਪ ਪ੍ਰਸ਼ਾਸਨ ਨੇ ਕਰੀਬ 8 ਲੱਖ 70 ਹਜ਼ਾਰ ਅਜਿਹੇ ਕਰਜ਼ਦਾਰਾਂ ਨੂੰ ਭਵਿੱਖ ਵਿਚ ਛੋਟੇ ਕਾਰੋਬਾਰੀ ਪ੍ਰਬੰਧਕੀ (ਐੱਸ.ਬੀ.ਏ.) ਦੇ ਕਰਜ਼ਿਆਂ ਅਤੇ ਹੋਰ ਪ੍ਰੋਗਰਾਮਾਂ ਤੋਂ ਮੁਅੱਤਲ ਕਰ ਦਿੱਤਾ ਹੈ, ਜਿਨ੍ਹਾਂ ਦੇ ਮਾਮਲੇ ਸੰਭਾਵਿਤ ਧੋਖਾਧੜੀ ਨਾਲ ਜੋੜੇ ਗਏ ਹਨ। ਉਪ ਰਾਸ਼ਟਰਪਤੀ ਜੇ.ਡੀ. ਵੈਂਸ ਨੇ ਕੈਨਸਸ ਸਿਟੀ ਵਿਚ ਇਸ ਕਾਰਵਾਈ ਦਾ ਐਲਾਨ ਕੀਤਾ। ਐੱਸ.ਬੀ.ਏ. ਮੁਤਾਬਕ ਮੌਜੂਦਾ ਕਾਰਵਾਈ 45 ਰਾਜਾਂ ਅਤੇ ਅਮਰੀਕੀ ਖੇਤਰਾਂ ਵਿਚ ਕਰੀਬ 39 ਅਰਬ ਡਾਲਰ ਦੀ ਸ਼ੱਕੀ ਧੋਖਾਧੜੀ ਨਾਲ ਜੁੜੀ ਹੈ। ਪਹਿਲਾਂ ਕੀਤੀਆਂ ਕਾਰਵਾਈਆਂ ਨੂੰ ਮਿਲਾ ਕੇ ਦੇਸ਼ ਭਰ ਵਿਚ ਇਹ ਅੰਕੜਾ ਲਗਭਗ 49 ਅਰਬ ਡਾਲਰ ਤੱਕ ਪਹੁੰਚਦਾ ਹੈ। ਇਸ ਤੋਂ ਇਲਾਵਾ ਕਰੀਬ 22 ਅਰਬ



ਡਾਲਰ ਦੇ ਸ਼ੱਕੀ ਕੋਵਿਡ-ਕਾਲ ਦੇ ਕਰਜ਼ੇ ਵਸੂਲੀ ਲਈ ਅਮਰੀਕੀ ਖ਼ਜ਼ਾਨਾ ਵਿਭਾਗ ਕੋਲ ਭੇਜੇ ਗਏ ਹਨ।ਨਿਆਂ ਵਿਭਾਗ ਵਲੋਂ ਚਲਾਈ ਗਈ 'ਆਪਰੇਸ਼ਨ ਹਾਰਟਲੈਂਡ ਸਰਜ' ਮੁਹਿੰਮ ਤਹਿਤ 160 ਤੋਂ ਵੱਧ ਮੁਲਜ਼ਮਾਂ ਨਾਲ ਜੁੜੇ ਮਾਮਲਿਆਂ ਵਿਚ ਕਾਰਵਾਈ ਹੋਈ ਹੈ। ਅਧਿਕਾਰੀਆਂ ਮੁਤਾਬਕ ਇਨ੍ਹਾਂ ਕੇਸਾਂ ਵਿਚ ਕਰੀਬ 245 ਮਿਲੀਅਨ ਡਾਲਰ ਦੇ ਸੰਭਾਵਿਤ ਨੁਕਸਾਨ ਦੀ ਗੱਲ ਸਾਹਮਣੇ ਆਈ ਹੈ। ਕਰੀਬ 80 ਮੁਲਜ਼ਮਾਂ ਖ਼ਿਲਾਫ਼ ਗੰਭੀਰ ਅਪਰਾਧਿਕ ਦੋਸ਼ ਲਗਾਏ ਗਏ, 43 ਨੇ ਦੋਸ਼ ਕਬੂਲ ਕੀਤੇ ਅਤੇ ਲਗਭਗ 40 ਨੂੰ ਸਜ਼ਾਵਾਂ ਸੁਣਾਈਆਂ ਗਈਆਂ। ਜਾਂਚ ਦੌਰਾਨ ਫਰਜ਼ੀ ਕਾਰੋਬਾਰ ਦਿਖਾਉਣ, ਕਰਮਚਾਰੀਆਂ ਅਤੇ ਆਮਦਨ ਬਾਰੇ ਗਲਤ ਜਾਣਕਾਰੀ ਦੇਣ ਅਤੇ ਸਰਕਾਰੀ ਰਕਮ ਨੂੰ ਨਿੱਜੀ ਖਰਚਿਆਂ ਲਈ ਵਰਤਣ ਵਰਗੇ ਕਥਿਤ ਤਰੀਕੇ ਸਾਹਮਣੇ ਆਏ ਹਨ।

# ਅਮਰੀਕਾ 'ਚ ਹਰ ਸਾਲ 44,000 ਲੋਕ ਬੰਦੂਕ ਹਿੰਸਾ 'ਚ ਗੁਆਉਂਦੇ ਹਨ ਜਾਨ

ਵਾਸ਼ਿੰਗਟਨ : ਅਮਰੀਕਾ 'ਚ ਬੰਦੂਕ ਨਾਲ ਜੁੜੀ ਹਿੰਸਾ 'ਚ ਹਰ ਸਾਲ 44,000 ਲੋਕ ਜਾਨ ਗੁਆਉਂਦੇ ਹਨ। ਇਹ ਸਿਰਫ਼ ਕਿਸੇ ਇਕ ਪਾਲਿਸੀ ਜਾਂ ਨਿਯਮ ਦੀ ਸਮੱਸਿਆ ਨਹੀਂ ਹੈ, ਸਗੋਂ ਇਹ ਇਕ ਸਿਸਟਮ ਨਾਲ ਜੁੜੀ ਸਮੱਸਿਆ ਹੈ, ਜਿਸ ਵਿਚ ਬੰਦੂਕ ਤੱਕ ਪਹੁੰਚ, ਲੋਕਾਂ ਦਾ ਵਿਵਹਾਰ, ਕਾਨੂੰਨ ਦੀ ਪਾਲਣਾ ਅਤੇ ਸਮਾਜਿਕ ਹਾਲਾਤ ਵਰਗੇ ਕਈ ਪਹਿਲੂ ਸ਼ਾਮਲ ਹਨ। ਅਮਰੀਕਾ 'ਚ ਲੋਕਾਂ ਦੀ ਗਿਣਤੀ ਨਾਲੋਂ ਜ਼ਿਆਦਾ ਬੰਦੂਕਾਂ ਆਮ ਨਾਗਰਿਕਾਂ ਕੋਲ ਹਨ, ਜਿਸ ਨਾਲ ਜਾਨਲੇਵਾ ਹਿੰਸਾ ਕਰਨਾ ਆਸਾਨ ਹੋ ਜਾਂਦਾ ਹੈ। ਜਦੋਂ ਝਗੜੇ (ਬਹਿਸ, ਅਪਰਾਧ, ਘਰੇਲੂ ਵਿਵਾਦ) ਹੁੰਦੇ ਹਨ ਤਾਂ ਬੰਦੂਕ ਦੀ ਮੌਜੂਦਗੀ ਮੌਤ ਦਾ ਖ਼ਤਰਾ ਵਧਾ ਦਿੰਦੀ ਹੈ। ਲਗਭਗ 76 ਫੀਸਦੀ ਕਤਲਾਂ 'ਚ ਬੰਦੂਕ ਦੀ ਵਰਤੋਂ ਹੁੰਦੀ ਹੈ। ਇਹ ਇਕ ਤੱਥ ਹੈ ਕਿ ਅਮਰੀਕਾ 'ਚ ਬੰਦੂਕ ਨਾਲ ਹੋਣ ਵਾਲੀਆਂ ਲਗਭਗ 62 ਫੀਸਦੀ ਮੌਤਾਂ ਖੁਦਕੁਸ਼ੀ ਕਾਰਨ ਹੁੰਦੀਆਂ ਹਨ। ਅਮਰੀਕੀ ਸੁਪਰੀਮ ਕੋਰਟ ਨੇ ਹਥਿਆਰ ਰੱਖਣ ਨੂੰ ਇਕ ਨਿੱਜੀ ਅਧਿਕਾਰ ਮੰਨਿਆ ਹੈ। ਜ਼ਿਆਦਾਤਰ ਗ਼ੈਰ-ਕਾਨੂੰਨੀ ਬੰਦੂਕਾਂ ਸ਼ੁਰੂ 'ਚ ਕਾਨੂੰਨੀ ਤੌਰ 'ਤੇ ਖ਼ਰੀਦੀਆਂ ਜਾਂਦੀਆਂ ਹਨ।

**ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ**

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

**ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ**

## Manteca-Arizona- San Francisco

239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com



## All Services Under One Roof

HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# ਅਮਰੀਕੀ ਹੋਮਲੈਂਡ ਸਕਿਓਰਿਟੀ (DHS) ਦੀ ਨਸਲੀ 'ਮਿਸਟਰ ਸਿੰਘ' ਪੋਸਟ ਖ਼ਿਲਾਫ਼ ਸਿੱਖ ਜਥੇਬੰਦੀਆਂ ਦਾ ਵੱਡਾ ਕਦਮ

## ਕਾਂਗਰੈਸ਼ਨਲ ਕਾਕਸ ਨੂੰ ਲਿਖਿਆ ਸਾਂਝਾ ਪੱਤਰ: ਅੰਦਰੂਨੀ ਰਿਕਾਰਡ ਤੇ AI ਪ੍ਰੌਂਪਟ ਜਨਤਕ ਕਰਨ ਅਤੇ ਦੋਸ਼ੀ ਅਧਿਕਾਰੀਆਂ ਦੀ ਜਵਾਬਦੇਹੀ ਤੈਅ ਕਰਨ ਦੀ ਮੰਗ

ਵਾਸ਼ਿੰਗਟਨ ਡੀ.ਸੀ., (ਸਾਡੇ ਲੋਕ) : ਅਮਰੀਕਾ ਦੇ ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਓਰਿਟੀ (DHS) ਵੱਲੋਂ ਸੋਸ਼ਲ ਮੀਡੀਆ 'ਤੇ ਪਾਈ ਗਈ ਨਸਲੀ ਅਤੇ ਵਿਵਾਦਿਤ 'ਮਿਸਟਰ ਸਿੰਘ' (Mr. Singh) ਪੋਸਟ ਦੇ ਮਾਮਲੇ ਵਿੱਚ ਅਮਰੀਕੀ ਸਿੱਖ ਭਾਈਚਾਰੇ ਨੇ ਸਖ਼ਤ ਕਾਨੂੰਨੀ ਤੇ ਸਿਆਸੀ ਰੁਖ਼ ਅਖ਼ਤਿਆਰ ਕਰ ਲਿਆ ਹੈ। ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (AGPC), ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਅਤੇ ਅਮਰੀਕਨ ਸਿੱਖ ਕਾਕਸ ਕਮੇਟੀ ਨੇ ਸਾਂਝੇ ਤੌਰ 'ਤੇ ਕਾਂਗਰਸ ਦੇ 'ਅਮਰੀਕਨ ਸਿੱਖ ਕਾਂਗਰੈਸ਼ਨਲ ਕਾਕਸ' ਦੇ ਕੋ-ਚੇਅਰਜ਼—ਕਾਂਗਰਸਮੈਨ ਡੇਵਿਡ ਜੀ. ਵੈਲਾਡਾਓ (David G. Valadao) ਅਤੇ ਮੈਰੀ ਗੇਅ ਸਕੈਨਲੌਨ (Mary Gay Scanlon) ਨੂੰ ਰਸਮੀ ਪੱਤਰ ਭੇਜਿਆ ਹੈ।

ਇਸ ਪੱਤਰ ਰਾਹੀਂ ਅਮਰੀਕੀ ਸੰਸਦ ਮੈਂਬਰਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਸਰਕਾਰੀ ਪ੍ਰਭਾਵ ਦੀ ਵਰਤੋਂ ਕਰਦਿਆਂ DHS ਤੋਂ ਸਾਰਾ ਅੰਦਰੂਨੀ ਜਾਂਚ ਰਿਕਾਰਡ ਤਲਬ ਕਰਨ ਅਤੇ ਉਸ ਨੂੰ ਜਨਤਕ ਕਰਨ ਕਿ ਇਹ ਇਤਰਾਜ਼ਯੋਗ ਪੋਸਟ ਕਿਸ ਅਧਿਕਾਰੀ ਦੇ ਇਸ਼ਾਰੇ 'ਤੇ ਤਿਆਰ ਹੋਈ ਅਤੇ ਕਿਸ ਨੇ ਇਸ ਨੂੰ ਪੋਸਟ ਕਰਨ ਦੀ ਮਨਜ਼ੂਰੀ ਦਿੱਤੀ।

**ਕੀ ਸੀ ਵਿਵਾਦਿਤ ਪੋਸਟ ਅਤੇ ਤਾਜ਼ਾ ਘਟਨਾਕ੍ਰਮ?**

ਨਕਲੀ ਬੌਧਿਕਤਾ (AI) ਵਾਲੀ ਤਸਵੀਰ: 9 ਸਤੰਬਰ 2026 ਨੂੰ DHS ਵੱਲੋਂ ਅਧਿਕਾਰਤ ਤੌਰ 'ਤੇ ਇੱਕ AI-ਜਨਰੇਟਿਡ ਤਸਵੀਰ ਸਾਂਝੀ ਕੀਤੀ ਗਈ, ਜਿਸ ਵਿੱਚ ਦਾੜ੍ਹੀ ਤੇ ਬੰਧਾਨਾ ਬੰਨ੍ਹੇ ਇੱਕ ਵਿਅਕਤੀ ਨੂੰ 'ਹੋਮਲੈਂਡ ਸਕਿਓਰਿਟੀ' ਦੇ ਬ੍ਰਾਂਡ ਵਾਲੇ 'ਆਪਟੀਮਸ ਪ੍ਰਾਈਮ' ਟਰੱਕ ਸਾਹਮਣੇ ਦਿਖਾਇਆ ਗਿਆ ਸੀ।

**ਇਤਰਾਜ਼ਯੋਗ ਕੈਪਸ਼ਨ:** ਪੋਸਟ 'ਤੇ ਕੈਪਸ਼ਨ ਦਰਜ ਸੀ: "ਸਾਡੀਆਂ ਸੜਕਾਂ ਤੋਂ ਪਾਸੇ ਹੋ ਜਾਓ, ਤੁਹਾਨੂੰ ਗੱਡੀ ਚਲਾਉਣੀ ਨਹੀਂ ਆਉਂਦੀ ਮਿਸਟਰ ਸਿੰਘ" (Get off our roads, you don't know how to drive Mr. Singh)।

**ਤਿੱਖੇ ਵਿਰੋਧ ਮਗਰੋਂ ਵਾਪਸੀ:** ਸਿੱਖ ਸਿਵਲ ਰਾਈਟਸ ਸੰਸਥਾਵਾਂ ਅਤੇ ਸੰਸਦ ਮੈਂਬਰਾਂ ਦੇ







ਭਾਰੀ ਦਬਾਅ ਮਗਰੋਂ ਵਿਭਾਗ ਨੇ ਅਗਲੇ ਹੀ ਦਿਨ ਇਸ ਪੋਸਟ ਨੂੰ ਡਿਲੀਟ ਕਰ ਦਿੱਤਾ।

**ਕਾਪੀਰਾਈਟ ਉਲੰਘਣਾ:** ਮਸ਼ਹੂਰ ਖਿਡੌਣਾ ਕੰਪਨੀ 'ਹੈਸਬਰੋ' (Hasbro) ਨੇ ਵੀ ਸਪੱਸ਼ਟ ਕੀਤਾ ਕਿ ਉਨ੍ਹਾਂ ਦੇ ਮਸ਼ਹੂਰ ਕਿਰਦਾਰ (Optimus Prime) ਦੀ ਵਰਤੋਂ ਬਿਨਾਂ ਮਨਜ਼ੂਰੀ ਤੋਂ ਗ਼ੈਰ-ਕਾਨੂੰਨੀ ਢੰਗ ਨਾਲ ਕੀਤੀ ਗਈ ਸੀ।

**ਨਫ਼ਰਤੀ ਅਪਰਾਧਾਂ ਵਿੱਚ ਚਿੰਤਾਜਨਕ ਵਾਧਾ: ਅੰਕੜਿਆਂ ਦੀ ਜ਼ੁਬਾਨੀ**

ਸਿੱਖ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਅਮਰੀਕਾ ਵਿੱਚ 10 ਲੱਖ ਤੋਂ ਵੱਧ ਸਿੱਖ ਵਸਦੇ ਹਨ ਅਤੇ 'ਸਿੰਘ' ਸ਼ਬਦ ਜ਼ਿਆਦਾਤਰ ਸਿੱਖ ਮਰਦਾਂ ਦੇ ਨਾਂ ਜਾਂ ਉਪਨਾਮ ਵਜੋਂ ਜੁੜਿਆ ਇੱਕ ਧਾਰਮਿਕ ਪ੍ਰਤੀਕ ਹੈ। ਇੱਕ ਸੰਘੀ ਸਰਕਾਰੀ ਏਜੰਸੀ ਵੱਲੋਂ ਇਸ ਨੂੰ ਨਿਸ਼ਾਨਾ ਬਣਾਉਣਾ ਨਫ਼ਰਤ ਨੂੰ ਹਵਾ ਦੇਣ ਬਰਾਬਰ ਹੈ।

**ਪਿਛੋਕੜ** : 9/11 ਮਗਰੋਂ ਬਲਬੀਰ ਸਿੰਘ ਸੋਢੀ ਦਾ ਕਤਲ ਅਤੇ 2012 ਦਾ ਓਕ ਕਰੀਕ ਗੁਰਦੁਆਰਾ ਸਾਹਿਬ ਦਾ ਖ਼ੂਨੀ ਕਾਂਡ।

**FBI ਅੰਕੜੇ** (2025) : ਸਿੱਖਾਂ ਵਿਰੁੱਧ 177 ਨਫ਼ਰਤੀ ਅਪਰਾਧ (Hate Crimes) ਦਰਜ, ਜੋ ਪਿਛਲੇ ਸਾਲ ਨਾਲੋਂ ਕਰੀਬ 25% ਦਾ ਵਾਧਾ ਦਰਸਾਉਂਦੇ ਹਨ।

**ਸੰਵਿਧਾਨਕ ਹੱਕ** : ਕਿਸੇ ਵੀ ਅਮਰੀਕੀ ਨਾਗਰਿਕ ਨੂੰ ਉਸ ਦੇ ਨਾਮ, ਪਹਿਰਾਵੇ ਜਾਂ ਧਰਮ ਦੇ ਆਧਾਰ 'ਤੇ ਜਨਤਕ ਤੌਰ 'ਤੇ ਨਿਸ਼ਾਨਾ ਬਣਾਉਣਾ ਗ਼ੈਰ-ਸੰਵਿਧਾਨਕ ਹੈ।

**ਸਿੱਖ ਲੀਡਰਸ਼ਿਪ ਵੱਲੋਂ ਰੱਖੀਆਂ ਮੁੱਖ ਮੰਗਾਂ**

ਪੱਤਰ ਵਿੱਚ ਕਾਕਸ ਨੂੰ ਅਪੀਲ ਕੀਤੀ ਗਈ ਹੈ ਕਿ ਕਾਂਗਰੈਸ਼ਨਲ ਨਿਗਰਾਨੀ (Congressional Oversight) ਅਧੀਨ ਹੇਠ ਲਿਖੀਆਂ ਗੱਲਾਂ ਜਨਤਕ ਕਰਵਾਈਆਂ ਜਾਣ:

**ਅਸਲ AI ਪ੍ਰੌਂਪਟ ਅਤੇ ਡਰਾਫਟ:** ਤਸਵੀਰ ਨੂੰ ਤਿਆਰ ਕਰਨ ਲਈ ਵਰਤੇ ਗਏ ਸਾਰੇ ਅਸਲ ਪ੍ਰੌਂਪਟ (AI Prompts), ਇਨਪੁੱਟ ਤਸਵੀਰਾਂ ਅਤੇ ਡਿਜ਼ਾਈਨ ਡਰਾਫਟ ਸੁਰੱਖਿਅਤ ਰੱਖ ਕੇ ਜਨਤਕ ਕੀਤੇ ਜਾਣ।

**ਜਵਾਬਦੇਹੀ ਤੇ ਅਧਿਕਾਰੀਆਂ ਦੇ ਨਾਮ:** ਇਸ ਸਮੱਗਰੀ ਨੂੰ ਤਿਆਰ ਕਰਨ, ਉਸ ਦੀ ਕਾਨੂੰਨੀ ਤੇ ਸਿਵਲ ਰਾਈਟਸ ਸਮੀਖਿਆ ਕਰਨ ਅਤੇ ਪ੍ਰਵਾਨਗੀ ਦੇਣ ਵਾਲੇ ਸਾਰੇ ਅਧਿਕਾਰੀਆਂ ਦੇ ਨਾਂ ਤੇ ਅਹੁਦੇ ਨਸ਼ਰ ਕੀਤੇ ਜਾਣ।

**ਨਸਲੀ ਇਰਾਦੇ ਦੀ ਜਾਂਚ:** ਕੀ ਵਿਅਕਤੀ ਦੀ ਦਿੱਖ, ਪਹਿਰਾਵੇ ਜਾਂ 'ਸਿੰਘ' ਉਪਨਾਮ ਨੂੰ ਵਿਸ਼ੇਸ਼ ਤੌਰ 'ਤੇ ਨਿਸ਼ਾਨਾ ਬਣਾਉਣ ਲਈ ਵਿਭਾਗ ਦੇ ਅੰਦਰੋਂ ਕੋਈ ਸੇਧ ਜਾਂ ਹਦਾਇਤ ਜਾਰੀ ਹੋਈ ਸੀ?

**ਰਾਸ਼ਟਰੀ ਸੁਰੱਖਿਆ ਅਤੇ ਬਾਹਰੀ ਖ਼ਤਰਿਆਂ 'ਤੇ ਪੁਜ਼ੀਸ਼ਨ**

ਸਿੱਖ ਜਥੇਬੰਦੀਆਂ ਨੇ ਸਪੱਸ਼ਟ ਕੀਤਾ ਕਿ ਸਿੱਖ ਅਮਰੀਕੀ ਹਮੇਸ਼ਾ ਦੇਸ਼ ਦੀ ਪ੍ਰਭੂਸੱਤਾ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹਨ। ਪੱਤਰ ਵਿੱਚ ਨਿਊਯਾਰਕ ਦੇ ਇੱਕ ਸਿੱਖ ਕਾਰਕੁਨ ਦੇ ਕਤਲ ਦੀ ਸਾਜ਼ਿਸ਼ ਵਿੱਚ 13 ਫ਼ਰਵਰੀ 2026 ਨੂੰ ਭਾਰਤੀ ਨਾਗਰਿਕ ਨਿਖਿਲ ਗੁਪਤਾ ਵੱਲੋਂ ਅਮਰੀਕੀ ਅਦਾਲਤ ਵਿੱਚ ਜੁਰਮ ਕਬੂਲਣ ਦਾ ਹਵਾਲਾ ਵੀ ਦਿੱਤਾ ਗਿਆ—ਜਿੱਥੇ ਨਿਆਂ ਵਿਭਾਗ (DOJ) ਨੇ ਸਰਹੱਦ ਪਾਰਲੀ ਸਾਜ਼ਿਸ਼ ਨੂੰ ਬੇਨਕਾਬ ਕੀਤਾ ਸੀ।

ਪੱਤਰ ਦੇ ਅੰਤ ਵਿੱਚ ਜ਼ੋਰ ਦਿੱਤਾ ਗਿਆ ਕਿ ਜਨਤਕ ਭਰੋਸਾ ਬਹਾਲ ਕਰਨ ਲਈ DHS ਦੇ ਜ਼ਿੰਮੇਵਾਰ ਅਧਿਕਾਰੀਆਂ ਦੀ ਜਵਾਬਦੇਹੀ ਤੈਅ




ਹੋਣੀ ਲਾਜ਼ਮੀ ਹੈ। ਇਸ ਮੰਗ ਪੱਤਰ ਉੱਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (AGPC) ਦੇ ਕਾਰਜਕਾਰੀ ਪ੍ਰਧਾਨ ਗੁਰਦੇਵ ਸਿੰਘ ਨਾਨੜ, ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਦੇ ਕੋਆਰਡੀਨੇਟਰ ਹਿੰਮਤ ਸਿੰਘ ਅਤੇ ਅਮਰੀਕਨ ਸਿੱਖ ਕਾਕਸ ਕਮੇਟੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਦੇ ਦਸਤਖ਼ਤ ਹਨ।

ਪੱਤਰਕਾਰੀ ਤੇ ਕਾਨੂੰਨੀ ਬੇਦਾਅਵਾ (Journalistic & Legal Disclaimer): ਅਧਿਕਾਰਤ ਜਾਂਚ ਪ੍ਰਕਿਰਿਆ: ਇਹ ਰਿਪੋਰਟ ਸਿੱਖ ਜਥੇਬੰਦੀਆਂ ਵੱਲੋਂ ਅਮਰੀਕੀ ਕਾਂਗਰਸ ਨੂੰ ਭੇਜੇ ਗਏ ਸਾਂਝੇ ਮੰਗ ਪੱਤਰ ਅਤੇ ਜਨਤਕ ਰਿਕਾਰਡ 'ਤੇ ਆਧਾਰਿਤ ਹੈ। ਇਸ ਵਿੱਚ ਚੁੱਕੇ ਗਏ ਸਵਾਲ ਅਤੇ ਮੰਗਾਂ ਸਬੰਧਤ ਸੰਸਥਾਵਾਂ ਦੇ ਅਧਿਕਾਰਤ ਪੱਖ ਨੂੰ ਦਰਸਾਉਂਦੇ ਹਨ।

**ਜਵਾਬਦੇਹੀ ਦੀ ਸਥਿਤੀ:** ਵਿਭਾਗ (DHS) ਵੱਲੋਂ ਪੋਸਟ ਹਟਾਏ ਜਾਣ ਦੀ ਪੁਸ਼ਟੀ ਕੀਤੀ ਜਾ ਚੁੱਕੀ ਹੈ; ਅੰਦਰੂਨੀ ਪ੍ਰਸ਼ਾਸਕੀ ਜਾਂਚ ਦੇ ਸੰਭਾਵੀ ਨਤੀਜਿਆਂ ਅਤੇ ਕਾਂਗਰੈਸ਼ਨਲ ਕਾਰਵਾਈ ਬਾਰੇ ਅਧਿਕਾਰਤ ਪ੍ਰਤੀਕਿਰਿਆ ਆਉਣੀ ਅਜੇ ਬਾਕੀ ਹੈ।

# 'ਆਈਸ' ਵਲੋਂ ਦੋ ਪੰਜਾਬੀ ਟਰੱਕ ਡਰਾਈਵਰ ਗ੍ਰਿਫ਼ਤਾਰ

ਨਿਊਯਾਰਕ : ਅਮਰੀਕਾ ਵਿਚ ਇਮੀਗ੍ਰੇਸ਼ਨ ਕਾਰਵਾਈ ਦੌਰਾਨ ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ 'ਆਈਸ' ਵਲੋਂ ਦੋ ਪੰਜਾਬੀ ਟਰੱਕ ਡਰਾਈਵਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪਹਿਲੀ ਕਾਰਵਾਈ ਦੌਰਾਨ 'ਆਈਸ' ਵਲੋਂ ਸਿੱਖ ਟਰੱਕ ਡਰਾਈਵਰ ਸਤਵੀਰ ਸਿੰਘ ਨੂੰ 11 ਸਤੰਬਰ ਨੂੰ ਨਿਊ ਹੈਂਪਸ਼ਾਇਰ ਦੇ ਹਿਲਸਬੋਰੋ ਸਥਿਤ ਕਮਰਸ਼ੀਅਲ ਵਾਹਨ ਜਾਂਚ ਕੇਂਦਰ 'ਤੇ ਨਿਸ਼ਾਨਾਬੱਧ ਕਾਰਵਾਈ ਦੌਰਾਨ ਹਿਰਾਸਤ ਵਿਚ ਲਿਆ ਗਿਆ।ਸਤਵੀਰ ਸਿੰਘ ਨਿਊ ਜਰਸੀ ਵਿਚ ਰਹਿੰਦਾ ਸੀ ਅਤੇ ਵੱਖ-ਵੱਖ ਰਾਜਾਂ ਵਿਚਕਾਰ ਟਰੱਕ ਚਲਾਉਣ ਦਾ ਕੰਮ ਕਰਦਾ ਸੀ। 'ਆਈਸ' ਦਾ ਦਾਅਵਾ ਹੈ ਕਿ ਉਹ 2017 ਵਿਚ ਕਾਨੂੰਨੀ ਤਰੀਕੇ ਨਾਲ ਅਮਰੀਕਾ ਆਇਆ ਸੀ ਪਰ ਮਨਜ਼ੂਰਸ਼ੁਦਾ ਮਿਆਦ ਖ਼ਤਮ ਹੋਣ ਤੋਂ ਬਾਅਦ ਵੀ ਦੇਸ਼ ਵਿਚ ਰਿਹਾ ਅਤੇ ਅੱਠ ਸਾਲ ਤੋਂ ਵੱਧ ਸਮੇਂ ਤੋਂ ਉਸ ਕੋਲ ਕਾਨੂੰਨੀ ਇਮੀਗ੍ਰੇਸ਼ਨ ਦਰਜਾ ਨਹੀਂ ਸੀ। ਇਸੇ ਤਰ੍ਹਾਂ 'ਆਈਸ' ਵਲੋਂ ਭਾਰਤੀ ਨਾਗਰਿਕ ਸਿਮਰਨਪਾਲ ਸਿੰਘ ਨੂੰ ਪੈਨਸਿਲਵੇਨੀਆ ਵਿਚ ਗ੍ਰਿਫ਼ਤਾਰ ਕੀਤਾ ਗਿਆ। ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਮੁਤਾਬਕ ਸਿਮਰਨਪਾਲ ਸਿੰਘ ਕੋਲ ਨਿਊਯਾਰਕ ਰਾਜ ਵਲੋਂ ਜਾਰੀ ਕੀਤਾ ਗਿਆ ਕਮਰਸ਼ੀਅਲ ਡਰਾਈਵਿੰਗ ਲਾਇਸੈਂਸ ਸੀ ਅਤੇ



ਸਿਮਰਨਪਾਲ ਸਿੰਘ

ਉਸ ਖ਼ਿਲਾਫ਼ 'ਵਾਇਰ ਫਰਾਡ' ਅਤੇ 'ਵਾਇਰ ਫਰਾਡ' ਦੀ ਸਾਜ਼ਿਸ਼ ਨਾਲ ਸੰਬੰਧਿਤ ਗ੍ਰਿਫ਼ਤਾਰੀ ਵਾਰੰਟ ਵੀ ਬਕਾਇਆ ਸੀ। ਸਿਮਰਨਪਾਲ ਸਿੰਘ ਜੂਨ 2022 ਵਿਚ ਐਰੀਜ਼ੋਨਾ ਰਾਹੀਂ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿਚ ਦਾਖ਼ਲ ਹੋਇਆ ਸੀ ਅਤੇ ਉਸ ਸਮੇਂ ਯੂ.ਐੱਸ. ਬਾਰਡਰ ਪੈਟਰੋਲ ਨੇ ਉਸ ਨੂੰ ਹਿਰਾਸਤ ਵਿਚ ਲਿਆ ਸੀ। ਵਿਭਾਗ ਮੁਤਾਬਕ ਬਾਅਦ ਵਿਚ ਉਸ ਨੂੰ ਅਮਰੀਕਾ ਅੰਦਰ ਰਿਹਾਅ ਕਰ ਦਿੱਤਾ ਗਿਆ ਸੀ।

# ਕੈਲੀਫੋਰਨੀਆਂ 'ਚ ਅੰਤਰ-ਰਾਸ਼ਟਰੀ ਪੰਜਾਬੀ ਕਾਨਫਰੰਸ 27 ਨੂੰ- ਡਾਓ ਨਬੀਲਾ ਰਹਿਮਾਨ ਤੇ ਡਾਓ ਆਤਮ ਰੰਧਾਵਾ ਪੁੱਜਣਗੇ

ਸਾਨ ਫਰਾਂਸਿਸਕੋ : ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਵਿਪਸਾ) ਵਲੋਂ 27 ਸਤੰਬਰ 2026 ਨੂੰ ਪੈਰਾਡਈਜ਼ ਬਾਲਰੂਮ, ਫਰੀਮਾਂਟ ਵਿਖੇ ਕਰਵਾਈ ਜਾ ਰਹੀ ਪੰਜਾਬੀ ਕਾਨਫ਼ਰੰਸ ਵਿਚ ਲਹਿੰਦੇ ਪੰਜਾਬ ਤੋਂ ਡਾ. ਨਬੀਲਾ ਰਹਿਮਾਨ ਮੁੱਖ ਮਹਿਮਾਨ ਅਤੇ ਡਾ. ਆਤਮ ਰੰਧਾਵਾ ਤੇ ਡਾ. ਰਾਜੇਸ਼ ਸ਼ਰਮਾ ਵਿਸ਼ੇਸ਼ ਵਕਤਾ ਵਜੋਂ ਸ਼ਿਰਕਤ ਕਰਨਗੇ। ਇਸ ਤੋਂ ਇਲਾਵਾ ਜੰਮੂ ਤੋਂ ਡਾ. ਮੋਨੋਜੀਤ ਸਿੰਘ, ਸ਼ਾਇਰ ਜਸਵਿੰਦਰ, ਰਾਜਵੰਤ ਰਾਜ, ਹਰਦਮ ਸਿੰਘ ਮਾਨ, ਪਿਆਰਾ ਸਿੰਘ ਕੁੱਦੋਵਾਲ, ਆਸਟ ?ਰੇਲੀਆ ਤੋਂ ਅਵੀ ਸੰਧੂ, ਨਛੱਤਰ ਭੋਗਲ, ਕਰਨੈਲ ਸਿੰਘ ਕੈਲ, ਗੁਰਪ੍ਰੀਤ ਸੋਹਲ, ਮਾਸੂਦ ਮੱਲ੍ਹੀ, ਡਾ. ਬੀਨਾ ਗੋਂਦੀ ਅਤੇ ਡਾ. ਅਬਦੁਲ ਜ਼ਬਾਰ ਸਮੇਤ ਕਈ ਸਾਹਿਤਕਾਰ ਪੁੱਜਣਗੇ। ਪੁਸਤਕ ਪ੍ਰਦਰਸ਼ਨੀ ਹੋਵੇਗੀ ਤੇ ਨਵ ਪ੍ਰਕਾਸ਼ਿਤ ਪੁਸਤਕਾਂ ਲੋਕ ਅਰਪਣ ਕੀਤੀਆਂ ਜਾਣਗੀਆਂ। ਕਾਨਫ਼ਰੰਸ ਵਿਚ ਸ਼ਾਮਿਲ ਹੋਣ ਵਾਲੇ ਮਹਿਮਾਨਾਂ ਦੇ ਸਨਮਾਨ ਤੋਂ ਸਿਵਾ ਸੂਫ਼ੀ ਗਾਇਕ ਸੁਖਦੇਵ ਸਾਹਿਲ ਨੂੰ ਵੀ ਵਿਸ਼ੇਸ਼ ਤੌਰ





'ਤੇ ਸਨਮਾਨਿਤ ਕੀਤਾ ਜਾਵੇਗਾ। ਪ੍ਰਧਾਨ ਕੁਲਵਿੰਦਰ ਅਨੁਸਾਰ ਵਿਪਸਾ ਵਲੋਂ ਕਰਵਾਈ ਜਾ ਰਹੀ ਇਹ ਕਾਨਫ਼ਰੰਸ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਵਿਸ਼ਵ ਪੱਧਰ 'ਤੇ ਪ੍ਰਫੁੱਲਤ ਕਰਨ ਵੱਲ ਇੱਕ ਮਹੱਤਵਪੂਰਨ ਉਪਰਾਲਾ ਹੋਵੇਗੀ।ਇਸ ਮੌਕੇ ਅਮਰਜੀਤ ਕੌਰ ਪੰਨੂੰ, ਸੁਰਜੀਤ ਸਖੀ, ਗੁਲਸ਼ਨ ਦਿਆਲ, ਡਾ. ਪ੍ਰਿਥੀਪਾਲ ਸਿੰਘ ਸੋਹੀ, ਹਰਿੰਦਰ ਕੌਰ ਸੋਹੀ, ਅਮਰਜੀਤ ਸਿੰਘ ਜੌਹਲ, ਪ੍ਰੋ. ਸੁਰਿੰਦਰ ਸੀਰਤ, ਪ੍ਰੋ. ਸੁਖਦੇਵ ਸਿੰਘ, ਕੰਵਲਦੀਪ ਕੌਰ, ਬਰਜਿੰਦਰ ਸਿੰਘ, ਮੁਕੇਸ਼ ਸ਼ਰਮਾ ਅਤੇ ਲਾਜ ਨੀਲਮ ਸੈਣੀ ਆਦਿ ਹਾਜ਼ਰ ਸਨ।

# ਨਸ਼ਿਆਂ ਦਾ ਪਸਾਰ ਬਣਿਆ ਚੋਣ ਮੁੱਦਾ

ਪੰਜਾਬ ਵਿਚ ਨਸ਼ਿਆਂ ਦੇ ਮੁੱਦੇ ’ਤੇ ਵਧਦੇ ਸਿਆਸੀਕਰਨ ਨੇ ਇਕ ਪਾਸੇ ਜਿੱਥੇ ਆਮ ਲੋਕਾਂ ਨੂੰ ਚਿੰਤਾ ’ਚ ਪਾਇਆ ਹੋਇਆ ਹੈ, ਉੱਥੇ ਚੋਣਾਂ ਦੌਰਾਨ ਨਸ਼ੀਲੇ ਪਦਾਰਥਾਂ ਦੀ ਵਧਦੀ ਵਰਤੋਂ ਤੇ ਇਨ੍ਹਾਂ ਦੀ ਤਸਕਰੀ ’ਚ ਹੋ ਰਿਹਾ ਲਗਾਤਾਰ ਵਾਧਾ ਇਸ ਚਿੰਤਾ ਨੂੰ ਹੋਰ ਵੀ ਵਧਾ ਦਿੰਦਾ ਹੈ। ਇਸ ਦਾ ਇਕ ਵੱਡਾ ਪ੍ਰਮਾਣ ਇਸ ਤੱਥ ਤੋਂ ਮਿਲ ਜਾਂਦਾ ਹੈ ਕਿ ਪਿਛਲੇ 20 ਸਾਲਾਂ ਦੌਰਾਨ ਸੂਬੇ ’ਚ ਹੋਈਆਂ ਸਭ ਚੋਣਾਂ ਮੌਕੇ ਚੋਣ ਪ੍ਰਚਾਰ ਦਾ ਸਭ ਤੋਂ ਵੱਡਾ ਮੁੱਦਾ ਨਸ਼ਾ ਹੀ ਬਣਿਆ ਰਿਹਾ ਹੈ। ਹੈਰਾਨੀਜਨਕ ਗੱਲ ਇਹ ਹੈ ਕਿ ਹਰੇਕ ਸਿਆਸੀ ਪਾਰਟੀ ਇਕ ਪਾਸੇ ਜਿੱਥੇ ਨਸ਼ਿਆਂ ਨੂੰ ਲੈ ਕੇ ਬਾਕੀ ਪਾਰਟੀਆਂ ਖਾਸ ਕਰਕੇ ਸੱਤਾਧਾਰੀ ਪਾਰਟੀ ਨੂੰ ਘੇਰਦੀਆਂ ਹਨ, ਉੱਥੇ ਸਭ ਸਿਆਸੀ ਪਾਰਟੀਆਂ ਪ੍ਰਤੱਖ ਜਾਂ ਅਪ੍ਰਤੱਖ ਤੌਰ ’ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਤੇ ਤਸਕਰਾਂ ਦਾ ਪੱਖ ਵੀ ਪੂਰਦੀਆਂ ਹਨ। ਇਹ ਵੀ ਇਕ ਕੌੜਾ ਸੱਚ ਹੈ ਕਿ ਸੂਬੇ ’ਚ ਸਭ ਚੋਣਾਂ ਬਾਅਦ ਨਸ਼ਿਆਂ ਨਾਲ ਸੰਬੰਧਿਤ ਘਟਨਾਵਾਂ ’ਚ ਵਾਧਾ ਹੋ ਜਾਂਦਾ ਹੈ। ਸਾਲ 2007 ਤੋਂ 2017 ਤੱਕ ਪੰਜਾਬ ’ਚ ਅਕਾਲੀ-ਭਾਜਪਾ ਸਰਕਾਰ ਦੇ 10 ਸਾਲਾਂ ਦੇ ਸ਼ਾਸਨ ਕਾਲ ਦੌਰਾਨ 6,000 ਕਰੋੜ ਰੁਪਏ ਦੇ ਨਸ਼ੀਲੇ ਪਦਾਰਥਾਂ ਦਾ ਨੈੱਟਵਰਕ ਉੱਭਰ ਕੇ ਸਾਹਮਣੇ ਆਇਆ ਸੀ। ਇਸ ਤੋਂ ਬਾਅਦ ਸੂਬੇ ’ਚ ਬਣੀ ਕਾਂਗਰਸ ਸਰਕਾਰ ਦੇ ਪੂਰੇ 5 ਸਾਲਾਂ ਦੌਰਾਨ ਨਸ਼ਿਆਂ ਨੂੰ ਲੈ ਕੇ ਸਰਕਾਰ ਤੇ ਵਿਰੋਧੀ ਪਾਰਟੀਆਂ ਇਕ-ਦੂਜੇ ਨੂੰ ਘੇਰਦੀਆਂ ਰਹੀਆਂ। ਹੁਣ ਮੌਜੂਦਾ ਸਰਕਾਰ ਦੇ ਸਾਢੇ 4 ਸਾਲਾਂ ਦੇ ਕਾਰਜਕਾਲ ਦੌਰਾਨ ਵੀ ਇਹ ਮੁੱਦਾ ਬਰਕਰਾਰ ਹੈ।

ਸਾਲ 2027 ’ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ‘ਆਪ’ ਸਰਕਾਰ ਨੇ ਜਿੱਥੇ ’ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਚਲਾਈ ਹੋਈ ਹੈ ਤਾਂ ਹੁਣ ਭਾਜਪਾ ਨੇ ਵੀ ਨਸ਼ਿਆਂ ਦੇ ਖਾਤਮੇ ਨੂੰ ਮੁੱਦਾ ਬਣਾ ਲਿਆ ਹੈ। ਪੰਜਾਬ ਭਾਜਪਾ ਨੇ ਜਲੰਧਰ ’ਚ 14 ਥਾਵਾਂ ’ਤੇ ਨਸ਼ਾ-ਵਿਰੋਧੀ ਪ੍ਰਦਰਸ਼ਨ ਕੀਤੇ ਹਨ ਤੇ ਪਾਰਟੀ ਨੇ ਆਪਣੀ ਨਸ਼ਾ-ਵਿਰੋਧੀ ਮੁਹਿੰਮ ‘ਭਾਜਪਾ ਦਾ ਨਾਅਰਾ, ਨਸ਼ਾ ਮੁਕਾਉਣਾ ਸਾਰਾ’ ਤਹਿਤ ਸੂਬੇ ’ਚ 4 ਨਸ਼ਾ-ਮੁਕਤ ਯਾਤਰਾਵਾਂ ਕੱਢਣ ਦਾ ਐਲਾਨ ਕੀਤਾ ਹੈ। ਬਿਨਾਂ ਸ਼ੱਕ ਨਸ਼ਿਆਂ ਕਾਰਨ ਸੂਬੇ ’ਚ ਅਨੇਕਾਂ ਘਰਾਂ ਦੇ ਚਿਰਾਗ ਬੁਝ ਗਏ ਹਨ ਤੇ ਕਈ ਪਰਿਵਾਰ ਅਨਾਥ ਹੋ ਚੁੱਕੇ ਹਨ। ਸੂਬੇ ’ਚ ਨਸ਼ਿਆਂ ਕਾਰਨ ਵਿਗੜਦੀ ਸਥਿਤੀ ਦੀ ਗੰਭੀਰਤਾ ਦਾ ਪਤਾ ਇਸ ਇਕ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਕਪੂਰਥਲਾ ਜ਼ਿਲ੍ਹੇ ਦੇ ਇਕ ਪਿੰਡ ਦੇ ਇਕੋ ਪਰਿਵਾਰ ਦੇ 5 ਪੁੱਤਰ ਇਕ-ਇਕ ਕਰਕੇ ਨਸ਼ਿਆਂ ਦੀ ਭੇਟ ਚੜ੍ਹ ਗਏ। ਸਰਬਉੱਚ ਅਦਾਲਤ ਨੇ ਇਸ ਘਟਨਾ ਦਾ ਸਵੈ-ਨੋਟਿਸ ਲੈਂਦਿਆ ਸੂਬਾ ਸਰਕਾਰ ਨੂੰ ਨਸ਼ਿਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਲਈ ਕਿਹਾ ਹੈ। ਸਰਬਉੱਚ ਅਦਾਲਤ ਦੀ ਇਹ ਟਿੱਪਣੀ ਬਹੁਤ ਮਹੱਤਵਪੂਰਨ ਹੈ, ਜੋ ਨਸ਼ਿਆਂ ਦੀ ਸਮੱਸਿਆ ਨੂੰ ਕੰਟਰੋਲ ਕਰਨ ਲਈ ਰਾਜ ਦੇ ਪ੍ਰਸ਼ਾਸਨਿਕ ਤਰੀਕਿਆਂ ਵਿਚ ਬੁਨਿਆਦੀ ਤੌਰ ’ਤੇ ਵੱਡੇ ਬਦਲਾਅ ਲਿਆਉਣ ਦੀ ਜ਼ਰੂਰਤ ਵੱਲ ਇਸ਼ਾਰਾ ਕਰਦੀ ਹੈ। ਸੂਬੇ ਵਿਚ ਸਮੇਂ-ਸਮੇਂ ’ਤੇ ਬਣਨ ਵਾਲੀਆਂ ਸਰਕਾਰਾਂ ਨੇ ਇਸ ਸਮੱਸਿਆ ਦੇ ਹੱਲ ਲਈ ਕਾਫੀ ਕੋਸ਼ਿਸ਼ਾਂ ਕਰਦੀਆਂ ਰਹੀਆਂ ਹਨ ਅਤੇ ਨਸ਼ੇ ਦੀ ਰੋਕਥਾਮ ਲਈ ਮੁਹਿੰਮਾਂ ਵੀ ਚਲਾਉਂਦੀਆਂ ਰਹੀਆਂ ਹਨ। ਪਰ ਇਸ ਸਮੱਸਿਆ ਦੀਆਂ ਜੜ੍ਹਾਂ ਇੰਨੀਆਂ ਡੂੰਘੀਆਂ ਫੈਲ ਚੁੱਕੀਆਂ ਹਨ ਕਿ ਸਫ਼ਲਤਾ ਦੀ ਉਮੀਦ ਨੇੜੇ ਹੋ ਕੇ ਵੀ ਦੂਰ ਹੋ ਜਾਂਦੀ ਹੈ।

ਮੌਜੂਦਾ ਸਰਕਾਰ ਵਲੋਂ ਕਈ ਵਾਰ ਨਸ਼ਿਆਂ ਵਿਰੁੱਧ ਮੁਹਿੰਮਾਂ ਚਲਾਈਆਂ ਗਈਆਂ ਹਨ, ਪਰ ਇਹ ਵੀ ਤੈਅ ਹੈ ਕਿ ਪ੍ਰਸ਼ਾਸਨਿਕ ਪੱਧਰ ’ਤੇ ਕੋਈ ਨਾ ਕੋਈ ਕਮੀ ਜ਼ਰੂਰ ਰਹਿ ਜਾਂਦੀ ਹੈ, ਜਿੱਥੋਂ ਨਸ਼ੇ ਦਾ ਹਨ੍ਹੇਰਾ ਮੁੜ ਫੈਲਣ ਲਗਦਾ ਹੈ। ਬਿਨਾਂ ਸ਼ੱਕ ਅੱਜ ਇਹ ਮਾਮਲਾ ਸਿਰਫ਼ ਕਾਨੂੰਨੀ ਸਮੱਸਿਆ ਹੋਣ ਤੱਕ ਸੀਮਤ ਨਹੀਂ ਰਹਿ ਗਿਆ, ਇਸ ਦੇ ਨਾਲ ਸਮਾਜਿਕ ਤੇ ਆਰਥਿਕ ਪੱਖ ਵੀ ਜੁੜੇ ਹਨ, ਇਥੋਂ ਤੱਕ ਕਿ ਰਾਜਨੀਤਕ ਹਿਤ ਵੀ ਇਸ ਦੇ ਨਾਲ ਜੁੜ ਗਏ ਹਨ। ਬੇਰੁਜ਼ਗਾਰੀ ਦੇ ਆਲਮ ਵਿਚ ਥੋੜ੍ਹੇ ਜਿਹੇ ਵਿੱਤੀ ਲਾਭ ਲਈ ਨੌਜਵਾਨ ਨਸ਼ਿਆਂ ਦੇ ਕਾਰੋਬਾਰ ਨਾਲ ਜੁੜ ਜਾਂਦੇ ਹਨ ਅਤੇ ਫਿਰ ਪੈਸੇ ਦੇ ਲਾਲਚ ਵਿਚ ਇਸ ਦਲਦਲ ਵਿਚ ਬੁਰੀ ਤਰ੍ਹਾਂ ਫਸ ਕੇ ਆਪਣੀ ਜਾਣ ਗੁਆਉਣ ਤੱਕ ਚਲੇ ਜਾਂਦੇ ਹਨ। ਰਾਜਨੀਤਕ ਦਲਾਂ ਨੂੰ ਇਸ ਵਿਚ ਆਪਣੀ ਸੱਤਾ ਦਾ ਰਾਹ ਸੁਖਾਲਾ ਹੁੰਦਾ ਦਿਖਾਈ ਦੇਣ ਲੱਗਦਾ ਹੈ। ਨਸ਼ੀਲੇ ਪਦਾਰਥਾਂ ਦੀ ਤਸਕਰੀ ਅੱਜ ਅਰਬਾਂ-ਖਰਬਾਂ ਰੁਪਏ ਦਾ ਕਾਰੋਬਾਰ ਬਣ ਚੁੱਕੀ ਹੈ। ਨਸ਼ੇ ਦੀ ਤਸਕਰੀ ਦੇ ਦੋਸ਼ ਕਈ ਰਾਜਨੀਤਕ ਨੇਤਾਵਾਂ ’ਤੇ ਲਗਦੇ ਰਹੇ ਹਨ।

ਅਸੀਂ ਸਮਝਦੇ ਹਾਂ ਕਿ ਜੇ ਪੰਜਾਬ ਦੀ ਨੌਜਵਾਨ ਸ਼ਕਤੀ ਨੂੰ ਇਸ ਦਲਦਲ ਵੱਲ ਤੇਜ਼ੀ ਨਾਲ ਵਧਣ ਤੋਂ ਰੋਕਣਾ ਹੈ ਤਾਂ ਸਮਾਜਿਕ, ਧਾਰਮਿਕ, ਰਾਜਨੀਤਕ ਤੇ ਪ੍ਰਸ਼ਾਸਨਿਕ ਪੱਧਰ ’ਤੇ ਸਾਰਿਆਂ ਨੂੰ ਮਿਲ ਕੇ ਇਸ ਸਮੱਸਿਆ ’ਤੇ ਵੱਡਾ ਵਾਰ ਕਰਨਾ ਹੋਵੇਗਾ। ਨਸ਼ੇ ਦੇ ਇਸ ਅਜਗਰ ਨੂੰ ਮਾਰਨ ਲਈ ਇਸ ਵਿਰੁੱਧ ਸਮਾਜਿਕ, ਰਾਜਨੀਤਕ ਤੇ ਸਰਕਾਰੀ ਕੋਸ਼ਿਸ਼ਾਂ ਨੂੰ ਪੂਰੀ ਇਮਾਨਦਾਰੀ ਨਾਲ ਅੱਗੇ ਵਧਾਇਆ ਜਾਣਾ ਚਾਹੀਦਾ ਹੈ ਅਤੇ ਰਾਜਨੀਤਕ ਪੱਧਰ ’ਤੇ ਇਨ੍ਹਾਂ ਕੋਸ਼ਿਸ਼ਾਂ ਨੂੰ ਪੂਰਾ ਸਮਰਥਨ ਤੇ ਸੁਰੱਖਿਆ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ। ਬਿਨਾਂ ਸ਼ੱਕ ਇਨ੍ਹਾਂ ਕੋਸ਼ਿਸ਼ਾਂ ਨੂੰ ਇਮਾਨਦਾਰੀ ਨਾਲ ਅੱਗੇ ਵਧਾਉਣ ’ਤੇ ਨਸ਼ਿਆਂ ਖ਼ਿਲਾਫ਼ ਵੱਡੀ ਜਿੱਤ ਪ੍ਰਾਪਤ ਕੀਤੀ ਜਾ ਸਕਦੀ ਹੈ ਅਤੇ ਇਕ ਦਿਨ ਇਹ ਕੋਸ਼ਿਸ਼ ਮਹਾਂ ਮੁਹਿੰਮ ਬਣ ਸਕਦੀ ਹੈ।

# ਕਦੋਂ ਖੁੱਲ੍ਹੇਗਾ ਅਟਾਰੀ-ਵਾਹਗੇ ਦਾ ‘ਤਾਲਾ’



ਸਦੀਆਂ ਤੋਂ ਪੰਜਾਬ, ਦੇਸ਼ ਦੇ ਕੇਂਦਰੀ ਏਸ਼ੀਆਈ ਤੇ ਯੂਰਪੀਨ ਦੇਸ਼ਾਂ ਨਾਲ ਕੇਵਲ ਵਪਾਰ ਲਈ ਹੀ ਨਹੀਂ ਸਗੋਂ ਸੱਭਿਆਚਾਰ, ਭਾਸ਼ਾਵਾਂ ਤੇ ਵਿਚਾਰਾਂ ਦੇ ਆਦਾਨ-ਪ੍ਰਦਾਨ ਦਾ ਪ੍ਰਮੁੱਖ ਕੁਦਰਤੀ ਉੱਤਰ-ਪੱਛਮੀ ਮਾਰਗ ਰਿਹਾ ਹੈ। ਪੰਜਾਬੀ ਦਾ ਪ੍ਰਸਿੱਧ ਅਖਾਣ ‘ਜੋ ਸੁੱਖ ਛੱਜੂ ਦੇ ਚੁਬਾਰੇ, ਸੋ ਬਲਖ਼ ਨਾ ਬੁਖਾਰੇ’ ਇਸ ਇਤਿਹਾਸਕ ਹਕੀਕਤ ਦਾ ਗਵਾਹ ਹੈ, ਜੋ ਕਿ ਇਸੇ ਵਪਾਰ ਮਾਰਗ ’ਤੇ ਸਥਿਤ ਅਫ਼ਗਾਨਿਸਤਾਨ ਦੇ ਪੁਰਾਤਨ ਸਰਹੱਦੀ ਸ਼ਹਿਰ ਬਲਖ਼ ਅਤੇ ਨਾਲ ਲੱਗਦੇ ਉਜ਼ਬੇਕਿਸਤਾਨ ਦੇ ਖ਼ੂਬਸੂਰਤ ਪ੍ਰਾਚੀਨ ਸ਼ਹਿਰ ਬੁਖ਼ਾਰਾ ਵਿਖੇ ਵਪਾਰਿਕ ਕੰਮਾਂ ਲਈ ਆਉਣ-ਜਾਣ ਕਰਕੇ ਹੀ ਪ੍ਰਚਲਿਤ ਹੋਇਆ ਹੈ।

1947 ’ਚ ਹੋਈ ਦੇਸ਼ ਦੀ ਵੰਡ ਨੇ ਇਸ ਕੁਦਰਤੀ ਵਪਾਰਕ ਰਸਤੇ ਨੂੰ ਤੋੜ ਦਿੱਤਾ, ਪਰ ਇਸ ਦੇ ਬਾਵਜੂਦ ਅਟਾਰੀ-ਵਾਹਗਾ ਸਰਹੱਦ ਰਾਹੀਂ ਕਈ ਦਹਾਕਿਆਂ ਤੱਕ ਸੀਮਤ ਸਿੱਧਾ ਵਪਾਰ ਚਲਦਾ ਰਿਹਾ। 25 ਸਤੰਬਰ 2019 ਤੋਂ ਪੁਲਵਾਮਾ ਅੱਤਵਾਦੀ ਹਮਲੇ ਉਪਰੰਤ ਭਾਰਤ ਵੱਲੋਂ ਪਾਕਿਸਤਾਨ ਦਾ ‘ਸਰਵੋਤਮ ਤਰਜੀਹੀ ਦੇਸ਼’ ਦਾ ਦਰਜਾ ਵਾਪਸ ਲੈਣ ਅਤੇ ਜੰਮੂ-ਕਸ਼ਮੀਰ ਸੂਬੇ ਦਾ ਵਿਸ਼ੇਸ ਦਰਜਾ ਰੱਦ ਕਰਕੇ ਕੇਂਦਰ ਸਾਸ਼ਿਤ ਇਲਾਕਾ ਬਣਾਉਣ ਦੇ ਪ੍ਰਤੀਕਰਮ ਵਜੋਂ ਪਾਕਿਸਤਾਨ ਨੇ ਦੋਹਾਂ ਦੇਸ਼ਾਂ ਦਰਮਿਆਨ ਸਾਰੇ ਆਵਾਜਾਈ ਰਸਤੇ ਬੰਦ ਕਰ ਦਿੱਤੇ ਹਨ। ਇਸ ਨਾਲ ਦੋਹਾਂ ਦੇਸ਼ਾਂ ਦਰਮਿਆਨ ਸਾਰੇ ਸਿੱਧੇ ਵਪਾਰਿਕ ਅਤੇ ਆਰਥਿਕ ਸਬੰਧ ਲਗਪਗ ਖ਼ਤਮ ਹੋ ਗਏ ਹਨ। ਇਸ ਦਾ ਸਭ ਤੋਂ ਵੱਧ ਆਰਥਿਕ ਨੁਕਸਾਨ ਪੰਜਾਬ ਸਣੇ ਹਿਮਾਚਲ, ਹਰਿਆਣਾ, ਜੰਮੂ-ਕਸ਼ਮੀਰ, ਦਿੱਲੀ ਤੇ ਪੱਛਮੀ ਉੱਤਰ ਪ੍ਰਦੇਸ਼ ਵਰਗੇ ਗੁਆਂਢੀ ਸੂਬਿਆਂ ਨੂੰ ਸਹਿਣ ਕਰਨਾ ਪੈ ਰਿਹਾ ਹੈ, ਕਿਉਂਕਿ ਅਟਾਰੀ-ਵਾਹਗਾ ਸਭ ਤੋਂ ਨਜ਼ਦੀਕੀ ਤੇ ਕਿਫ਼ਾਇਤੀ ਵਪਾਰਕ ਰਸਤਾ ਸੀ। ਨਤੀਜਨ, ਹੁਣ ਇਨ੍ਹਾਂ ਸੂਬਿਆਂ ਦੇ ਬਰਾਮਦਕਾਰਾਂ ਨੂੰ ਆਪਣਾ ਮਾਲ ਸਮੁੰਦਰੀ ਬੰਦਰਗਾਹਾਂ ਰਾਹੀਂ ਭੇਜਣਾ ਪੈ ਰਿਹਾ ਹੈ, ਜੋ ਕਿ ਬਹੁਤ ਜ਼ਿਆਦਾ ਦੂਰ ਹੋਣ ਕਰ ਕੇ ਮੁਕਾਬਲਤਨ ਸਮਾਂ ਤੇ ਲਾਗਤਾਂ ਦੋਵੇਂ ਵਧ ਗਏ ਹਨ। ਜਿਥੋਂ ਤੱਕ ਭਾਰਤ-ਪਾਕਿਸਤਾਨ ਵਿਚਕਾਰ ਦੁਵੱਲੇ ਵਪਾਰਕ ਰਿਸ਼ਤਿਆਂ ਦਾ ਸੰਬੰਧ ਹੈ, ਦੋਵਾਂ ਦੇਸ਼ਾਂ ਦਰਮਿਆਨ ਹਮੇਸ਼ਾਂ ਤਿੰਨ-ਪੱਧਰੀ ਵਿਸ਼ਵ ਵਪਾਰ ਹੁੰਦਾ ਰਿਹਾ ਹੈ: ਪਹਿਲਾ, ਸਿੱਧਾ ਅੰਤਰਰਾਸ਼ਟਰੀ ਵਪਾਰ, ਦੂਸਰਾ, ਅਟਾਰੀ-ਵਾਹਗਾ ਜ਼ਮੀਨੀ ਚੈੱਕ-ਪੋਸਟ ਰਾਹੀਂ ਤੇ ਤੀਸਰਾ, ਸ੍ਰੀਲੰਕਾ, ਇਰਾਨ ਤੇ ਸੰਯੁਕਤ ਅਰਬ ਅਮੀਰਾਤ ਵਰਗੇ ਤੀਜੀ ਧਿਰ ਦੇ ਦੇਸ਼ਾਂ ਰਾਹੀਂ ਅਸਿੱਧਾ ਵਪਾਰ। ਦਿਲਚਸਪ ਤੱਥ ਇਹ ਹੈ ਕਿ ਅੱਜ ਵੀ ਸਿੱਧਾ ਵਪਾਰ ਬੰਦ ਹੋਣ ਦੇ ਬਾਵਜੂਦ ਦੋਵਾਂ ਦੇਸ਼ਾਂ ਦਰਮਿਆਨ ਵਪਾਰਕ ਭਾਈਚਾਰਿਆਂ ਨੇ ਰਾਜਨੀਤਿਕ ਤਣਾਅ ਅਤੇ ਕਾਨੂੰਨੀ ਮੁਸ਼ਕਲਾਂ ਨੂੰ ਬਾਈਪਾਸ ਕਰ ਕੇ ਆਰਥਿਕ ਰੁਝੇਵਿਆਂ ਲਈ ਵਾਇਆ ਸ੍ਰੀਲੰਕਾ, ਸਿੰਗਾਪੁਰ, ਇਰਾਨ, ਦੁਬਈ ਤੇ ਸੰਯੁਕਤ ਅਰਬ ਅਮੀਰਾਤ ਵਪਾਰਿਕ ਨੈੱਟਵਰਕ ਬਣਾਇਆ ਹੋਇਆ ਹੈ, ਜਿਸ ਰਾਹੀਂ ਦੋਹਾਂ ਦੇਸ਼ਾਂ ਦਰਮਿਆਨ ਅਸਿੱਧਾ ਵਪਾਰ ਨਿਰੰਤਰ ਚੱਲ ਰਿਹਾ ਹੈ। ਸਾਲ 2023-24 ਦੌਰਾਨ ਇਨ੍ਹਾਂ ਤੀਸਰੀ ਧਿਰ ਦੇ ਦੇਸ਼ਾਂ ਰਾਹੀਂ ਦੋਹਾਂ ਦੇਸ਼ਾਂ ਵਿਚਕਾਰ ਸਭ ਤੋਂ ਵੱਧ ਕੁੱਲ 9887 ਕਰੋੜ ਰੁਪਏ ਦਾ ਵਪਾਰ ਹੋਇਆ, ਜਿਸ ’ਚੋਂ 9863 ਕਰੋੜ ਰੁਪਏ ਮੁੱਲ ਦੀਆਂ ਭਾਰਤੀ ਵਸਤੂਆਂ ਪਾਕਿਸਤਾਨ ਨੂੰ ਬਰਾਮਦ ਹੋਈਆਂ। ਜੋ ਇਸ ਗੱਲ ਦਾ ਸਬੂਤ ਹੈ ਕਿ ਬਾਜ਼ਾਰ ਮੰਗ ਅੱਜ ਵੀ ਮੌਜੂਦ ਹੈ, ਸਿਰਫ਼ ਵਪਾਰ ਦਾ ਰਸਤਾ ਹੀ ਬਦਲਿਆ ਤੇ ਮਹਿੰਗਾ ਹੋਇਆ ਹੈ। ਇਸ ਦਾ ਨੁਕਸਾਨ ਆਖ਼ਰਕਾਰ ਦੋਹਾਂ ਦੇਸ਼ਾਂ ਦੇ ਵਪਾਰੀ, ਉਦਯੋਗਪਤੀ ਅਤੇ ਖ਼ਪਤਕਾਰ, ਸਾਰੇ ਹੀ ਝੱਲ ਰਹੇ ਹਨ। ਪੰਜਾਬ ਦੀ ਕਰਜ਼-ਪੰਡ ਹੇਠਾਂ ਦੱਬੀ ਅਰਥਵਿਵਸਥਾ ਪਹਿਲਾਂ ਹੀ ਕਈ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ। ਖੇਤੀਬਾੜੀ ਖੇਤਰ ਖੜੋਤ ਦਾ ਸ਼ਿਕਾਰ ਹੈ, ਉਦਯੋਗਿਕ ਵਿਕਾਸ ਧੀਮਾ ਹੈ ਤੇ ਨੌਜਵਾਨੀ ਲਗਾਤਾਰ ਪਰਵਾਸ ਕਰ ਰਹੀ ਹੈ। ਅਜਿਹੇ ਸਮੇਂ ’ਚ ਅਟਾਰੀ-ਵਾਹਗਾ ਸਰਹੱਦ ਰਾਹੀਂ ਵਪਾਰ ਦੀ ਮੁੜ-ਬਹਾਲੀ ਸੂਬੇ ਲਈ ਇਕ ਅਹਿਮ ਆਰਥਿਕ ਵਰਦਾਨ ਸਾਬਤ ਹੋ ਸਕਦੀ ਹੈ। ਇਸ ਨਾਲ ਲੁਧਿਆਣਾ ਦੀ ਹੌਜ਼ਰੀ, ਇੰਜੀਨੀਅਰਿੰਗ ਤੇ ਸਾਈਕਲ ਇੰਡਸਟਰੀ, ਜਲੰਧਰ ਦਾ ਖੇਡਾਂ ਦਾ ਸਮਾਨ, ਸਰਜੀਕਲ ਤੇ ਚਮੜਾ ਉਦਯੋਗ, ਮੰਡੀ ਗੋਬਿੰਦਗੜ੍ਹ ਦਾ ਸਟੀਲ ਉਦਯੋਗ, ਅੰਮ੍ਰਿਤਸਰ ਦੇ ਟੈਕਸਟਾਈਲ ਸੈਕਟਰ, ਪੰਜਾਬ ਦੀ ਫੂਡ ਪ੍ਰੋਸੈਸਿੰਗ, ਖੇਤੀ ਔਜ਼ਾਰ ਇੰਡਸਟਰੀ ਅਤੇ ਬਾਸਮਤੀ ਚੌਲ ਬਰਾਮਦ ਖੇਤਰ ਨੂੰ ਨਵੇਂ ਬਾਜ਼ਾਰ ਮਿਲ ਸਕਦੇ ਹਨ। ਦੋਹਾਂ ਦੇਸ਼ਾਂ ’ਚ ਟਰਾਂਸਪੋਰਟ, ਹੋਟਲ, ਰੈਸਟੋਰੈਂਟ, ਗੋਦਾਮਬੰਦੀ, ਕੋਲਡ-ਚੇਨ, ਪੈਕਿੰਗ ਤੇ ਕਸਟਮ ਕਲੀਅਰੈਂਸ ਵਗੈਰਾ ਨਾਲ ਜੁੜੇ ਹਜ਼ਾਰਾਂ ਨਵੇਂ ਰੋਜ਼ਗਾਰ ਦੇ ਮੌਕੇ ਪੈਦਾ ਹੋ ਸਕਦੇ ਹਨ। ਇਸ ਅਟਾਰੀ-ਵਾਹਗਾ ਸਰਹੱਦ ਨੂੰ ਸਿਰਫ਼ ਭਾਰਤ-ਪਾਕਿਸਤਾਨ ਵਪਾਰ ਦੇ ਪ੍ਰਸੰਗ ’ਚ ਹੀ ਨਹੀਂ ਦੇਖਣਾ ਚਾਹੀਦਾ, ਸਗੋਂ ਇਸ ਨੂੰ ਕੇਂਦਰੀ ਏਸ਼ੀਆਈ ਤੇ ਯੂਰਪੀਨ ਦੇਸ਼ਾਂ ਵੱਲ ਜਾਣ ਵਾਲੇ ਸਭ ਤੋਂ ਨਜ਼ਦੀਕੀ, ਤੇਜ਼ ਤੇ ਸਸਤੇ ਕੁਦਰਤੀ ਭੂਮੀ ਮਾਰਗ ਵਜੋਂ ਵਾਚਣਾ ਚਾਹੀਦਾ ਹੈ। ਇਸ ਨਾਲ ਭਾਰਤ ਦੁਆਰਾ ਇਰਾਨ ਸਥਿਤ ‘ਚਾਬਹਾਰ ਬੰਦਰਗਾਹ’ ਤੇ ਰੂਸ, ਇਰਾਨ ਤੇ ਹੋਰ ਹਿੱਸੇਦਾਰ ਦੇਸ਼ਾਂ ਨਾਲ ਮਿਲ ਕੇ ਮੁੰਬਈ ਤੋਂ ਮਾਸਕੋ ਤੱਕ ਸਥਾਪਿਤ ਕੀਤੇ ਜਾ ਰਹੇ ਲਗਪਗ 7200 ਕਿਲੋਮੀਟਰ ਲੰਬੇ

**ਡਾ. ਕੁਲਵੰਤ ਸਿੰਘ ਫ਼ੁੱਲ**

ਬਹੁ-ਪੱਖੀ ‘ਅੰਤਰ-ਰਾਸ਼ਟਰੀ ਉੱਤਰ-ਦੱਖਣ ਟਰਾਂਸਪੋਰਟ ਕਾਰੀਡੋਰ’ ਅਧੀਨ ਸਿੱਧੇ ਰੇਲ, ਸੜਕੀ ਤੇ ਸਮੁੰਦਰੀ ਲਿੰਕ ਸਥਾਪਤ ਕਰਨ ’ਚ ਵੀ ਮਦਦ ਮਿਲੇਗੀ। ਜਿਸ ਨਾਲ ਨਾ ਕੇਵਲ ਪੰਜਾਬ ਮੁੜ ਭਾਰਤ ਦਾ ‘ਗੇਟਵੇ ਟੂ ਸੈਂਟਰਲ ਏਸ਼ੀਆ’ ਬਣ ਸਕੇਗਾ ਸਗੋਂ ਦੇਸ਼ ਦੇ ਕੇਂਦਰੀ ਏਸ਼ੀਆਈ ਤੇ ਯੂਰੋਪੀਨ ਦੇਸ਼ਾਂ ਨਾਲ ਸਦੀਆਂ ਪੁਰਾਣੇ ਇਤਿਹਾਸਿਕ ਤੇ ਵਪਾਰਿਕ ਸੰਬੰਧ ਪੁਨਰ-ਸੁਰਜੀਤ ਹੋ ਸਕਣਗੇ। ਹੁਣ ਤਾਂ ਆਰਐੱਸਐੱਸ ਦੇ ਪ੍ਰਮੁੱਖ ਨੇਤਾਵਾਂ ਸਰਸੰਘਚਾਲਕ ਮੋਹਨ ਭਾਗਵਤ, ਸਰਕਾਰਿਆਵਾਹ ਦੱਤਾਤ੍ਰੇਯ ਹੋਸਬਾਲੇ ਅਤੇ ਪ੍ਰਚਾਰ ਮੁਖੀ ਸੁਨੀਲ ਅੰਬੇਕਰ ਨੇ ਵੀ ਕਹਿ ਦਿੱਤਾ ਹੈ ਕਿ ਭਾਰਤ ਦੀ ਭੂਗੋਲਿਕ ਅਤੇ ਰਣਨੀਤਿਕ ਸਥਿਤੀ ਨੂੰ ਦੇਖਦਿਆਂ ਗੁਆਂਢੀ ਦੇਸ਼ ਪਾਕਿਸਤਾਨ ਨਾਲ ਸੰਵਾਦ ਦੇ ਰਸਤੇ ਹਮੇਸ਼ਾਂ ਵਾਸਤੇ ਬੰਦ ਨਹੀਂ ਰੱਖਣੇ ਚਾਹੀਦੇ। ਇਸ ਤੋਂ ਇਲਾਵਾ ਦੋਹਾਂ ਮੁਲਕਾਂ ਦੀਆਂ 117 ਪ੍ਰਮੁੱਖ ਸ਼ਖਸੀਅਤਾਂ, ਜਿਨ੍ਹਾਂ ’ਚ ਭਾਰਤੀ ਪਾਸਿਓਂ ਜੰਮੂ ਕਸ਼ਮੀਰ ਦੇ ਦੋ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ ਤੇ ਮਹਿਬੂਬਾ ਮੁਫ਼ਤੀ ਅਤੇ ਪਾਕਿਸਤਾਨੀ ਤਰਫ਼ੋਂ ਸਾਬਕਾ ਵਿਦੇਸ਼ ਮੰਤਰੀ ਖੁਰਸ਼ੀਦ ਮਹਿਮੂਦ ਕਸੂਰੀ, ਤੇ ਸਾਬਕਾ ਡਿਪਲੋਮੈਟ ਅਸ਼ਰਫ ਜਹਾਂਗੀਰ ਕਾਜ਼ੀ ਆਦਿ ਸ਼ਾਮਿਲ ਹਨ, ਨੇ ਦੋਹਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਨੂੰ ਖੁੱਲ੍ਹਾ ਪੱਤਰ ਲਿਖ ਕੇ ਆਪਸੀ ਗੱਲਬਾਤ ਮੁੜ ਸ਼ੁਰੂ ਕਰਨ ਦੀ ਅਪੀਲ ਕੀਤੀ ਹੈ। ਕਿਉਂਕਿ ਇਨ੍ਹਾਂ ਦੋਹਾਂ ਦੇਸ਼ਾਂ ’ਚ ਸੰਸਾਰ ਦੀ ਕੁੱਲ ਅਬਾਦੀ ਦਾ ਪੰਜਵਾਂ ਹਿੱਸਾ ਰਹਿ ਰਿਹਾ ਹੈ ਤੇ ਜਿਸ ਦਾ ਬਹੁਤ ਹਿੱਸਾ ਨੌਜਵਾਨ ਹਨ, ਇਸ ਕਰ ਕੇ ਦੋਹਾਂ ਪਰਮਾਣੂ ਸਮਰੱਥਾ ਸੰਪਨ ਮੁਲਕਾਂ ਨੂੰ ਭਵਿੱਖ ਦੀਆਂ ਚੁਣੌਤੀਆਂ ਦੇ ਮੱਦੇਨਜ਼ਰ ਆਪਸੀ-ਬੇਵਿਸ਼ਵਾਸੀ ਤੇ ਟਕਰਾਅ ਖਤਮ ਕਰਕੇ ਸ਼ਾਂਤੀ, ਦੁਵੱਲੇ ਸਹਿਯੋਗ ਤੇ ਵਿਕਾਸ ਨਾਲ ਚੱਲਣਾ ਚਾਹੀਦਾ ਹੈ। ਸਥਾਈ ਟਕਰਾਅ ਕਿਸੇ ਵੀ ਦੇਸ਼ ਦੇ ਹਿੱਤ ’ਚ ਨਹੀਂ ਹੈ। ਜਿਸ ਤਰ੍ਹਾਂ ਹੁਣ ਭਾਰਤ ਨੇ ਕੋਵਿਡ-19 ਤੋਂ ਛੇ ਸਾਲ ਬਾਅਦ ਚੀਨ (ਤਿੱਬਤ) ਨਾਲ ਅੰਤਰ-ਰਾਸ਼ਟਰੀ ਵਪਾਰ ਵਾਸਤੇ ਸਦੀਆਂ ਪੁਰਾਣੇ ਵਪਾਰ ਮਾਰਗ ਸਿੱਕਮ ’ਚ ‘ਨਾਥੂ ਲਾ’ ਤੇ ਹਿਮਾਚਲ ’ਚ ‘ਸ਼ਿਪਕੀ ਲਾ’ ਨੂੰ ਖੋਲ੍ਹ ਕੇ ਚੰਗਾ ਕਦਮ ਉਠਾਇਆ ਹੈ, ਉਸੇ ਤਰ੍ਹਾਂ ਹੀ ਅਟਾਰੀ-ਵਾਹਗਾ ਚੈੱਕ ਪੋਸਟ ਰਾਹੀਂ ਪਾਕਿਸਤਾਨ, ਅਫਗਾਨਿਸਤਾਨ ਤੇ ਕੇਂਦਰੀ ਏਸ਼ੀਆਈ ਦੇਸ਼ਾਂ ਨਾਲ ਵਪਾਰ ਸ਼ੁਰੂ ਕਰ ਦੇਣਾ ਚਾਹੀਦਾ ਹੈ। ਇਸ ’ਚ ਕੋਈ ਸ਼ੱਕ ਨਹੀਂ ਹੈ ਕਿ ਭਾਰਤ ਲਈ ਰਾਸ਼ਟਰੀ ਸੁਰੱਖਿਆ ਸਭ ਤੋਂ ਵੱਡੀ ਤਰਜੀਹ ਹੈ। ਦੇਸ਼ ਵਾਸਤੇ ਸਰਹੱਦੀ ਘੁਸਪੈਠ, ਅੱਤਵਾਦ ਤੇ ਨਸ਼ਿਆਂ ਦੀ ਤਸਕਰੀ ਵਰਗੇ ਖ਼ਤਰਿਆਂ ਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ ਪਰ ਇਹ ਵੀ ਸੱਚ ਹੈ ਕਿ ਅੱਜ-ਕੱਲ੍ਹ ਸਰਹੱਦਾਂ ਦੀ ਸੁਰੱਖਿਆ ਸਮਾਰਟ ਤਕਨੀਕਾਂ ਨਾਲ ਕੀਤੀ ਜਾ ਸਕਦੀ ਹੈ। ਇਸ ਲਈ ਰਾਸ਼ਟਰੀ ਸੁਰੱਖਿਆ ਨਾਲ ਸਮਝੌਤਾ ਕੀਤੇ ਬਿਨਾਂ ਪੜਾਅਵਾਰ ਸ਼ੁਰੂਆਤ ਕਰ ਕੇ ਸੀਮਤ ਅਤੇ ਨਿਯੰਤਰਿਤ ਵਪਾਰ ਚਲਾਇਆ ਜਾ ਸਕਦਾ ਹੈ। ਬੇਸ਼ੱਕ ਮਨੁੱਖੀ ਆਵਾਜਾਈ ਅਜੇ ਬੰਦ ਰੱਖੀ ਜਾਵੇ ਪਰ ਦੇਸ਼ ਦੇ ਆਰਥਿਕ ਅਤੇ ਵਪਾਰਕ ਹਿੱਤਾਂ ਵਾਸਤੇ ਹਮੇਸ਼ਾਂ ਲਈ ਗੱਲਬਾਤ ਬੰਦ ਕਰ ਲੈਣਾ ਕੋਈ ਸਹੀ ਨਹੀਂ ਹੈ। ਵਪਾਰ ਸ਼ੁਰੂ ਹੋਣ ਨਾਲ ਸਾਰੀਆਂ ਧਿਰਾਂ ਨੂੰ ਲਾਭ ਹੋਵੇਗਾ। ਸੰਬਧਿਤ ਦੇਸ਼ਾਂ ’ਚ ਰੋਜ਼ਗਾਰ, ਉਤਪਾਦਨ ਤੇ ਆਮਦਨ ਵਧਣਗੇ। ਸ਼ੁਰੂਆਤੀ ਪੜਾਅ ’ਚ ਖੇਤੀ ਉਤਪਾਦ, ਦਵਾਈਆਂ, ਮਸ਼ੀਨਰੀ ਤੇ ਉਦਯੋਗਿਕ ਕੱਚੇ ਮਾਲ ਵਰਗੀਆਂ ਚੋਣਵੀਆਂ ਵਸਤੂਆਂ ਦੇ ਵਪਾਰ ਦੀ ਮਨਜ਼ੂਰੀ ਦੇ ਕੇ, ਬਾਅਦ ’ਚ ਸੁਰੱਖਿਆ ਏਜੰਸੀਆਂ ਦੀ ਸਮੀਖਿਆ ਦੇ ਆਧਾਰ ’ਤੇ ਇਸ ਦਾ ਦਾਇਰਾ ਹੌਲੀ-ਹੌਲੀ ਵਧਾਇਆ ਜਾ ਸਕਦਾ ਹੈ। ਇਸ ਨਾਲ ਸੁਰੱਖਿਆ, ਵਪਾਰ ਤੇ ਆਰਥਿਕ ਵਿਕਾਸ ਦਰਮਿਆਨ ਇੱਕ ਵਿਹਾਰਕ ਸੰਤੁਲਨ ਬਣਾਇਆ ਜਾ ਸਕੇਗਾ। ਪੰਜ ਟ੍ਰਿਲੀਅਨ ਡਾਲਰ ਦੀ ਭਾਰਤੀ ਅਰਥਵਿਵਸਥਾ ਦੇ ਟੀਚੇ ਤੇ ਪੰਜਾਬ ਦੀ ਆਰਥਿਕ ਪੁਨਰ-ਸੁਰਜੀਤੀ ਨੂੰ ਧਿਆਨ ’ਚ ਰੱਖਦਿਆਂ ਅਟਾਰੀ-ਵਾਹਗਾ ਨੂੰ ਸਿਰਫ਼ ਸਰਹੱਦੀ ਚੌਕੀ ਨਹੀਂ, ਸਗੋਂ ਇਕ ‘ਰਣਨੀਤਿਕ ਆਰਥਿਕ ਸੰਪਤੀ’ ਵਜੋਂ ਵਾਚਣ ਦੀ ਲੋੜ ਹੈ। ਇਸ ਕਰ ਕੇ ਅੱਜ ਭਾਵਨਾਵਾਂ ਦੀ ਬਜਾਏ ਰਾਸ਼ਟਰੀ ਆਰਥਿਕ ਹਿੱਤਾਂ ਨੂੰ ਤਰਜੀਹ ਦੇਣੀ ਚਾਹੀਦੀ ਹੈ। ਇਤਿਹਾਸ ਗਵਾਹ ਹੈ ਕਿ ਖੁੱਲ੍ਹੇ ਵਪਾਰਕ ਰਸਤੇ ਹਮੇਸ਼ਾਂ ਵਿਕਾਸ ਨੂੰ ਗਤੀ ਪ੍ਰਦਾਨ ਕਰਦੇ ਹਨ। ਇਹ ਕਦਮ ਪੰਜਾਬ ਸਮੇਤ ਉੱਤਰੀ ਭਾਰਤ ਤੇ ਕੇਂਦਰੀ ਏਸ਼ੀਆਈ ਦੇਸ਼ਾਂ ਨਾਲ ਭਾਰਤ ਦੇ ਲੰਬੇ ਸਮੇਂ ਦੇ ਆਰਥਿਕ ਹਿੱਤਾਂ ਲਈ ਲਾਭਕਾਰੀ ਸਾਬਤ ਹੋ ਸਕਦਾ ਹੈ।

ਸਾਡੇ ਲੋਕ
SADE LOK

ਸਤਨਾਮ ਸਿੰਘ ਖਾਲਸਾ
Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਐਫ ਬੀ ਆਈ ਨੇ ਅਮਰੀਕੀ ਨਾਗਰਿਕ ਬੇਦੀ ਦੀ ਸੂਹ ਦੇਣ ਵਾਲੇ ਨੂੰ ਡੇਢ ਲੱਖ ਇਨਾਮ ਦੇਣ ਦਾ ਕੀਤਾ ਐਲਾਨ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਐਫ ਬੀ ਆਈ ਨੇ ਸੰਘੀ ਸਰਕਾਰ ਨੂੰ ਕਥਿੱਤ ਸਕੀਮ ਰਾਹੀਂ 6 ਲੱਖ ਡਾਲਰਾਂ ਦਾ ਚੂਨਾ ਲਾਉਣ ਵਾਲੇ ਅਮਰੀਕੀ ਨਾਗਰਿਕ ਮਨਜੀਤ ਸਿੰਘ ਬੇਦੀ ਦੀ ਗ੍ਰਿਫਤਾਰੀ ਲਈ ਸੂਹ ਦੇਣ ਵਾਲੇ ਨੂੰ ਡੇਢ ਲੱਖ ਡਾਲਰ ਇਨਾਮ ਦੇਣ ਦਾ ਐਲਾਨ ਕੀਤਾ ਹੈ। ਐਫ ਬੀ ਆਈ ਅਨੁਸਾਰ ਸਮਝਿਆ ਜਾਂਦਾ ਹੈ ਕਿ 1961 ਵਿਚ ਅਮਰੀਕਾ ਵਿਚ ਪੈਦਾ ਹੋਇਆ ਬੇਦੀ ਭਾਰਤ ਵਿਚ ਹੈ੍ਹ ਐਫ ਬੀ ਆਈ ਨੇ ਦੋਸ਼ ਲਾਇਆ ਹੈ ਕਿ ਬੇਦੀ ਜੋ ਟਾਕੋਮਾ, ਵਾਸ਼ਿਗਟਨ ਵਿਚ ਇਕ ਛੋਟਾ ਜਿਹਾ ਕਰਿਆਨਾ ਸਟੋਰ ਚਲਾਉਂਦਾ ਸੀ, ਨੇ ਮਾਰਚ 2024 ਤੋਂ ਜੂਨ 2025 ਦਰਮਿਆਨ ਧੋਖਾਧੜੀ ਸਕੀਮ ਤਹਿਤ ਗਾਹਕਾਂ ਦੇ



ਸਪਲੀਮੈਂਟਲ ਨਿਓਟਰੀਸ਼ਨ ਅਸਿਸਟੈਂਸ ਪ੍ਰੋਗਰਾਮ ਤਹਿਤ ਇਲੈਕਟ੍ਰਾਨਿਕ ਬੈਨੇਫਿਟ ਟਰਾਂਸਫਰ ਕਾਰਡਾਂ ( ਈ ਬੀ ਟੀ) ਦੀ ਵਰਤੋਂ ਕੀਤੀ। ਉਸ ਨੇ ਗਾਹਕਾਂ ਦੇ ਈ ਬੀ ਟੀ ਕਾਰਡਾਂ ਨੂੰ ਵਰਤਿਆ ਤੇ ਗਾਹਕਾਂ ਨੂੰ ਕਰਿਆਨਾ ਦੇਣ ਦੀ ਬਜਾਏ ਪੈਸੇ ਦਿੱਤੇ ਜਦ ਕਿ ਉਹ ਅੱਧੇ ਪੈਸੇ ਆਪਣੇ ਕੋਲ ਹੀ ਰੱਖਦਾ ਰਿਹਾ। ਏਜੰਸੀ ਵੱਲੋਂ ਦੋਸ਼ ਲਾਉਣ ਤੋਂ ਬਾਅਦ ਬੇਦੀ ਨੂੰ ਅਦਾਲਤ ਵਿਚ ਪੇਸ਼ ਹੋਣ ਲਈ ਸੰਮਨ ਜਾਰੀ ਕੀਤੇ ਗਏ। ਉਸ ਨੂੰ ਪਾਸਪੋਰਟ ਜਮਾਂ ਕਰਵਾਉਣ ਤੇ ਵਾਸ਼ਿਗਟਨ ਵਿਚ ਰਹਿਣ ਲਈ ਕਿਹਾ ਗਿਆ। ਐਫ ਬੀ ਆਈ ਅਨੁਸਾਰ ਬੇਦੀ ਆਦੇਸ਼ ਦੀ ਉਲੰਘਣਾ ਕਰਦਿਆਂ ਪਹਿਲਾਂ ਕੈਨੇਡਾ ਚਲਾ ਗਿਆ ਜਿਥੋਂ ਉਹ ਭਾਰਤ ਭੱਜ ਗਿਆ।

# ਟਰੰਪ ਪ੍ਰਸ਼ਾਸਨ ਨੂੰ ਝਟਕਾ, ਕਰਮਚਾਰੀਆਂ ਦੀ ਗਿਣਤੀ ਅੱਧੀ ਕਰਨ ਦੀ ਕੋਸ਼ਿਸ਼ ਨਾਕਾਮ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਸਾਡੇ ਲੋਕ) : ਅਮਰੀਕਾ ਦੀ ਇਕ ਅਦਾਲਤ ਨੇ ਟਰੰਪ ਪ੍ਰਸ਼ਾਸਨ ਨੂੰ ਝਟਕਾ ਦਿੰਦਿਆਂ ‘ਫੈਡਰਲ ਐਮਰਜੈਂਸੀ ਮੈਨੇਜਮੈਂਟ ਏਜੰਸੀ’ ਵਿਚ ਕਰਮਚਾਰੀਆਂ ਦੀ ਗਿਣਤੀ ਅੱਧੀ ਕਰਨ ਦੀ ਕੋਸ਼ਿਸ਼ ਨਾਕਾਮ ਕਰ ਦਿੱਤੀ੍ਹ ਅਦਾਲਤ ਨੇ ਫੈਸਲਾ ਸੁਣਾਇਆ ਹੈ ਕਿ ਟਰੰਪ ਪ੍ਰਸ਼ਾਸਨ ਨੇ ‘ਫੈਡਰਲ ਐਮਰਜੈਂਸੀ ਮੈਨੇਜਮੈਂਟ ਏਜੰਸੀ’ (ਫੇਮਾ) ਨੂੰ ਆਪਣੇ ਕਰਮਚਾਰੀਆਂ ਦੀ ਗਿਣਤੀ ਅੱਧੀ ਕਰਨ ਦਾ ਹੁਕਮ ਦੇ ਕੇ ਕਾਨੂੰਨ ਦੀ ਉਲੰਘਣਾ ਕੀਤੀ ਹੈ। ਸੈਨ ਫਰਾਂਸਿਸਕੋ ਵਿੱਚ ਅਮਰੀਕੀ ਜ਼ਿਲਾ ਜੱਜ ਸੂਜ਼ਨ ਇਲਸਟਨ ਨੇ ਲੰਘੀ ਦੇਰ ਰਾਤ ਜਾਰੀ ਕੀਤੇ ਇੱਕ ਫੈਸਲੇ ਵਿੱਚ ਕਿਹਾ ਕਿ ਟਰੰਪ ਪ੍ਰਸ਼ਾਸਨ ਨੇ ਅਮਰੀਕੀ ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਓਰਿਟੀ ਦੇ ਆਪਣੇ ਕਰਮਚਾਰੀਆਂ ਬਾਰੇ ਅਧਿਕਾਰਾਂ ਨੂੰ ਆਪਣੇ ਕਬਜ਼ੇ ਵਿਚ ਲੈ ਕੇ ਅਤੇ ਏਜੰਸੀ ਨੂੰ ਆਫ਼ਤ-ਰਾਹਤ ਕਾਰਜਾਂ ਨਾਲ ਜੁੜੀਆਂ ਹਜ਼ਾਰਾਂ ਨੌਕਰੀਆਂ ਖਤਮ ਕਰਨ ਲਈ ਮਜਬੂਰ ਕਰਕੇ ਗੈਰ-ਕਾਨੂੰਨੀ ਢੰਗ ਨਾਲ ਕੰਮ ਕੀਤਾ ਹੈ। ਮੁਕੱਦਮਾ ਕਰਨ ਵਾਲੀਆਂ ਯੂਨੀਅਨਾਂ ਨਾਲ ਸਹਿਮਤੀ ਪ੍ਰਗਟਾਉਂਦੇ ਹੋਏ, ਇਲਸਟਨ ਨੇ ਕਿਹਾ ਕਿ ਵਿਭਾਗ ਨੇ ਪਿਛਲੇ ਸਾਲ ਫੇਮਾ ਨੂੰ ਆਫ਼ਤਾਂ ਦੌਰਾਨ ਸੇਵਾਵਾਂ ਦੇਣ ਵਾਲੇ ਹਜ਼ਾਰਾਂ ਕਰਮਚਾਰੀਆਂ ਦੇ ਆਰਜ਼ੀ ਇਕਰਾਰਨਾਮਿਆਂ ਨੂੰ ਨਵਿਆਉਣ ਤੋਂ ਰੋਕਣ ਲਈ ਕਦਮ ਚੁੱਕ ਕੇ ਕਾਨੂੰਨ ਨੂੰ ਅਖੋਂ ਪਰੋਖੇ ਕੀਤਾ ਤੇ ਆਪਹੁਦਰੇ ਢੰਗ ਨਾਲ ਕੰਮ ਕੀਤਾ ਹੈ।

# ਸਿੱਖਸ ਆਫ਼ ਅਮੈਰਿਕਾ ਦੇ ਚੇਅਰਮੈਨ ਡਾ. ਜਸਦੀਪ ਸਿੰਘ ਜੱਸੀ’ ਨੇ ਡੈਲਸ ਵਿੱਚ ਰਿਪਬਲਿਕਨ ਮਿਡਟਰਮ ਕਨਵੈਨਸ਼ਨ ਵਿੱਚ ਕੀਤੀ ਸ਼ਿਰਕਤ





ਵਾਸ਼ਿੰਗਟਨ, (ਰਾਜ ਗੋਗਨਾ/ਸਾਡੇ ਲੋਕ) : ਸਿੱਖਸ ਆਫ਼ ਅਮਰੀਕਾ ਦੇ ਚੇਅਰਮੈਨ ਅਤੇ ਸਿੱਖਸ ਫਾਰ ਟਰੰਪ ਦੇ ਸੰਸਥਾਪਕ ਡਾ. ਜਸਦੀਪ ਸਿੰਘ ਜੱਸੀ ਨੇ ਬੀਤੇ ਦਿਨ ਟੈਕਸਾਸ ਰਾਜ ਦੇ ਡੈਲਸ ਦੇ ਅਮੈਰੀਕਨ ਏਅਰਲਾਈਨਜ਼ ਸੈਂਟਰ ਵਿੱਚ ਰਿਪਬਲਿਕਨ ਪਾਰਟੀ ਦੀ ਪਹਿਲੀ ਮਿਡਟਰਮ ਕਨਵੈਨਸ਼ਨ ਵਿੱਚ ਸ਼ਿਰਕਤ ਕੀਤੀ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੋ ਦਿਨਾਂ ਕਨਵੈਨਸ਼ਨ ਦੀ ਪਹਿਲੀ ਸ਼ਾਮ ਇਕੱਠ ਨੂੰ ਸੰਬੋਧਨ ਕੀਤਾ।ਅਤੇ ਨਵੰਬਰ ਵਿੱਚ ਹੋਣ ਵਾਲੀਆਂ ਕਾਂਗਰਸ ਦੀਆਂ ਚੋਣਾਂ ਦੀਆਂ ਤਿਆਰੀਆਂ ਦੇ ਦੌਰਾਨ ਇਸ ਸਮਾਗਮ ਵਿੱਚ ਰਿਪਬਲਿਕਨ ਆਗੂਆਂ ਅਤੇ ਸਮਰਥਕਾਂ ਨੇ ਭਾਰੀ ਗਿਣਤੀ ’ਚ ਹਿੱਸਾ ਲਿਆ। ਡਾ. ਜੱਸੀ ਦੀ ਸ਼ਮੂਲੀਅਤ ਰਿਪਬਲਿਕਨ ਸਿਆਸਤ ਅਤੇ ਸਿੱਖ-ਅਮਰੀਕੀ ਭਾਈਚਾਰੇ ਦੀ ਨਾਗਰਿਕ ਭਾਗੀਦਾਰੀ ਵਿੱਚ ਉਨ੍ਹਾਂ ਦੀ ਲੰਬੇ ਸਮੇਂ ਤੋਂ ਚੱਲ ਰਹੀ ਸਰਗਰਮੀ ਦਾ ਹਿੱਸਾ ਸੀ। ਉਹ ਜਨਤਕ ਤੌਰ ’ਤੇ ਟਰੰਪ ਦੀ ਹਮਾਇਤ ਕਰਦੇ ਆ ਰਹੇ ਹਨ ਅਤੇ ਪਹਿਲਾਂ ਵੀ ਉਨ੍ਹਾਂ ਨਾਲ ਮੁਲਾਕਾਤਾਂ ਕਰ ਚੁੱਕੇ ਹਨ। ਉਨ੍ਹਾਂ ਨੇ ਅਮਰੀਕੀ ਸਿਆਸੀ ਪ੍ਰਕਿਰਿਆ ਵਿੱਚ ਸਿੱਖ ਭਾਈਚਾਰੇ ਦੀ ਭਾਗੀਦਾਰੀ ਨੂੰ ਅਮਰੀਕਾ ਚ’ ਉਤਸ਼ਾਹਿਤ ਕੀਤਾ ਹੈ।

ਸਿੱਖਸ ਆਫ਼ ਅਮਰੀਕਾ ਰਾਹੀਂ ਡਾ: ਜਸਦੀਪ ਸਿੰਘ ‘ਜੱਸੀ’ ਨੇ ਭਾਈਚਾਰਕ ਹਿੱਤਾਂ ਦੀ ਪੈਰਵੀ, ਅੰਤਰ-ਧਰਮ ਸੰਵਾਦ ਅਤੇ ਜਨਤਕ ਸੰਪਰਕ ਦੇ ਖੇਤਰਾਂ ਵਿੱਚ ਸਰਗਰਮ ਹਨ। ਉਨ੍ਹਾਂ ਦਾ ਕੰਮ ਅਮਰੀਕੀ ਜਨਤਕ ਜੀਵਨ ਵਿੱਚ ਸਿੱਖਾਂ ਦੀ ਭੂਮਿਕਾ ਮਜ਼ਬੂਤ ਕਰਨ ਅਤੇ ਸਿਆਸੀ ਆਗੂਆਂ ਤੇ ਭਾਈਚਾਰਕ ਸੰਸਥਾਵਾਂ ਨਾਲ ਸਬੰਧ ਵਿਕਸਿਤ ਕਰਨ ’ਤੇ ਕੇਂਦਰਿਤ ਰਿਹਾ ਹੈ। ਜੂਨ 2026 ਵਿੱਚ ਨੈਸ਼ਨਲ ਕੌਂਸਲ ਆਫ਼ ਏਸ਼ੀਅਨ ਇੰਡੀਅਨ ਐਸੋਸੀਏਸ਼ਨਜ਼ ਨੇ ਭਾਈਚਾਰਕ ਵਿਕਾਸ ਅਤੇ ਨਾਗਰਿਕ ਭਾਗੀਦਾਰੀ ਵਿੱਚ ਉਨ੍ਹਾਂ ਦੇ ਯੋਗਦਾਨ ਲਈ ਡਾ: ਜਸਦੀਪ ਸਿੰਘ ਜੱਸੀ’ ਨੂੰ ਲਾਈਫਟਾਈਮ ਅਚੀਵਮੈਂਟ ਐਵਾਰਡ ਦੇ ਨਾਲ ਵੀ ਸਨਮਾਨਿਤ ਕੀਤਾ ਸੀ। ਚੇਅਰਮੈਨ ਡਾ: ਜੱਸੀ’ ਦੇ ਨਾਲ ਮੁਸਲਿਮਜ਼ ਆਫ਼ ਅਮਰੀਕਾ ਦੇ ਸੰਸਥਾਪਕ ਤੇ ਚੇਅਰਮੈਨ ਅਤੇ ਅਮਰੀਕਨ ਮੁਸਲਿਮਜ਼ ਫਾਰ ਟਰੰਪ ਦੇ ਸੰਸਥਾਪਕ ਡਾ. ਸਾਜਿਦ ਤਰਾਰ ਨੇ ਵੀ ਡੈਲਸ ਕਨਵੈਨਸ਼ਨ ਵਿੱਚ ਸ਼ਿਰਕਤ ਕੀਤੀ। ਦੋਵੇਂ ਆਗੂ ਲੰਬੇ ਸਮੇਂ ਤੋਂ ਸਿਆਸੀ ਇਕੱਠਾਂ, ਅੰਤਰ-ਧਰਮ ਉਪਰਾਲਿਆਂ ਅਤੇ ਭਾਈਚਾਰਕ ਸਮਾਗਮਾਂ ਵਿੱਚ ਇਕੱਠੇ ਹਿੱਸਾ ਲੈਂਦੇ ਆ ਰਹੇ ਹਨ।




ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

੨੪. ਭਾਈ ਬਿਸ਼ਨ ਸਿੰਘ ਜੀ ਸੁਹਾਣਾ, ਗਿਆਨੀ, ਦੁ. ਖਾ. ਹਾ. ਸਕੂਲ, ਜਲੰਧਰ।
੨੫. ਭਾ. ਨਾਜ਼ਰ ਸਿੰਘ ਜੀ ਸੁਧਾਰ, ਦੀਨਾਪੁਰ (ਪਟਨਾ)।
੨੬. ਸੰਤ ਗੁਲਾਬ ਸਿੰਘਘ ਜੀ ਘੋਲੀਆ ਮੋਗਾ।
੨੭. ਸ. ਗੰਡਾ ਸਿੰਘਘ ਜੀ 'ਜਾਚਕ', ਅੰਮ੍ਰਿਤਸਰ।
੨੮. ਮਾਸਟਰ ਪੂਰਨ ਸਿੰਘ ਜੀ ਅਨੰਦਪੁਰੀ, ਚੌਕ ਕਰੋੜੀ ਅੰਮ੍ਰਿਤਸਰ।
੨੯. ਗਿ. ਬਚਿੱਤ੍ਰ ਸਿੰਘ ਜੀ ਮਾਰਫ਼ਤ ਖਾਲਸਾ ਟ੍ਰੇਡਿੰਗ ਏਜੰਸੀ, ਕਲਕੱਤਾ।
੩੦. ਭਾਈ ਤ੍ਰਿਪਤ ਸਿੰਘ ਜੀ, ਨਾਗੋਕੀ ਸਰਲੀ, (ਅੰਮ੍ਰਿਤਸਰ)।
੩੧. ਗਿਆਨੀ ਰਣ ਸਿੰਘ ਜੀ, ਗੁ. ਦਮਦਮਾ ਸਾਹਿਬ, ਮੀਰ ਪੁਰ, ਬਰਾਸਤਾ ਜੇਹਲਮ।
੩੨. ਭਾਈ ਚਤਰ ਸਿੰਘ ਜੀ, ਗੁ. ਸਰੰਬਾਨ ਸ਼ਹਿਰ ਮਲਾਇਆ ਟਾਪੂ।
੩੩. ਭਾਈ ਠਾਕਰ ਸਿੰਘ ਜੀ 'ਸੰਸਾਰ' ਪਿੰਡ ਫ਼ਤਹਿ ਗੜ੍ਹ ਘਨੀਆਂ, ਡਾ. ਖਾਸ (ਗੁਰਦਾਸਪੁਰ)।
੩੪. ਪੰਡਤ ਕਰਤਾਰ ਸਿਘੰ ਜੀ, ਦਾਖਾ (ਲੁਧਿਆਣਾ)।
੩੫. ਭਾਈ ਪ੍ਰੇਮ ਸਿੰਘ ਜੀ ਗਿਆਨੀ, ਖਾ. ਹਾ. ਸਕੂਲ, ਕੱਲਰ (ਰਾਵਲਪਿੰਡੀ)।
੩੬. ਭਾਈ ਗੁਰਦਿੱਤ ਸਿੰਘ ਜੀ ਦਰਸ ਚਕ ਨੰ. ੧੩੧ ਜਗਦੇਵ ਡਾ. ਖਾਸ (ਮੁਲਤਾਨ)।
੩੭. ਭਾਈ ਸੁੰਦਰ ਸਿੰਘ ਜੀ ਦੁਰਬਨ (ਰਾਵਲਪਿੰਡੀ)।
੩੮. ਗਿਆਨੀ ਭਗਤ ਸਿੰਘ ਜੀ ਖਾ ਹਾਈ ਸਕੂਲ ਬਾਬਾ ਬਕਾਲਾ (ਅੰਮ੍ਰਿਤਸਰ)।
੩੯. ਭਾਈ ਸਰਨ ਸਿੰਘ ਜੀ ਗ੍ਰੰਥੀ ਗੁ. ਰਤਨ ਤਲਾ ਸ੍ਰੀ ਗੁਰੂ ਸਿੰਘ ਸਭਾ ਕਰਾਚੀ।
੪੦. ਭਾਈ ਛਹਿਬਰ ਸਿੰਘਘ ਜੀ ਹੈਡ ਮਾਸਟਰ ਖਾ. ਉਪਦੇਸ਼ਕ ਕਾਲਜ ਯਤੀਮਖਾਨਾ ਘਰਜਾਖ (ਗੁਜਰਾਂਵਾਲਾ)।
੪੧. ਭਾਈ ਮੂਲ ਸਿੰਘ ਖੋਸਲਾ, ਕਸ਼ਮੀਰ ਸਟੇਟ।
੪੨. ਡਾਕਟਰ ਤੇਜਾ ਸਿੰਘ ਜੀ ਗਿਆਨੀ ਫਤਹਿ ਚਕ (ਤਰਨ ਤਾਰਨ)।
੪੩. ਭਾਇ ਗੁਰਮੁਖ ਸਿੰਘ ਜੀ ਗ੍ਰੰਥੀ ਬੜੂੰਦੀ (ਲੁਧਿਆਣਾ)।
੪੪. ਭਾਈ ਮੋਹਣ ਸਿੰਘ ਜੀ ਵੈਦ, ਤਰਨ ਤਾਰਨ (ਅੰਮ੍ਰਿਤਸਰ)।
੪੫. ਭਾਈ ਜੋਧ ਸਿੰਘਘ ਜੀ, 'ਕਿਰਪਾਨ ਬਹਾਦਰ', ਅਲੋਵਾਲ, (ਮਲਾਇਆ ਸਟੇਟਸ)।
੪੬. ਭਾਈ ਪ੍ਰੇਮ ਸਿੰਘਘ ਜੀ ਪੈਨਸ਼ਨਰ ਮਾਂਗਟ (ਗੁਜਰਾਤ)।
੪੭. ਮਹਾਬਲਵੀਰ ਸਿੰਘ ਜੀ ਅਕਾਲੀ ਪਿੰਡ ਪਤੋ ਹੀਰਾ ਸਿੰਘ ਵਾਲੇ ਡਾ. ਖਾਸ (ਫਿਰੋਜ਼ਪੁਰ)।
੪੮. ਭਾ. ਮਨੋਹਰ ਸਿੰਘ ਜੀ ਪਹਿਲਾ ਹੈਡ ਕਲਰਕ ਸਥਾਨਕ ਗੁਰਦੁਆਰਾ ਕਮੇਟੀ ਅੰਮ੍ਰਿਤਸਰ।
੪੯. ਭਾਈ ਮਹਿੰਦਰ ਸਿੰਘ ਪ੍ਰਧਾਨ ਗੁ. ਕਮੇਟੀ ਸਮਾਧ ਭਾਈ ਪਿੰਡ ਅਣੂਕੇ (ਫਿਰੋਜ਼ਪੁਰ)।
੫੦. ਭਾਈ ਗੁਰਬਚਨ ਸਿੰਘ

**ਰਹੁਰੀਤ ਦੇ ਖਰੜੇ ਸਬੰਧੀ ਹੇਠ ਲਿਖੇ ਪੰਥਕ ਜਥਿਆਂ ਵਲੋਂ ਰਾਵਾਂ ਪੁਜੀਆਂ :**

੧. ਗੁ. ਪ੍ਰ. ਕਮੇਟੀ ਖਡੂਰ ਸਾਹਿਬ (ਅੰਮ੍ਰਿਤਸਰ)।
੨. ਖਾਲਸਾ ਕਮੇਟੀ (ਸਕੂਲ) ਹੋਤੀ।
੩. ਸ੍ਰੀ ਗੁਰੂ ਸਿੰਘ ਸਭਾ ਗੁਜਰਾਂਵਾਲਾ।
੪. ਸਿੱਖ ਇਸਤ੍ਰੀ ਵਿਦਿਅਕ ਕਮੇਟੀ ਸ਼ਾਂਕਰ (ਜਲੰਧਰ)।




੫. ਸੰਗਤ ਤਖਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ।
੬. ਸ੍ਰੀ ਗੁਰੂ ਸਿੰਘ ਸਭਾ ਗੁਜਰਖਾਨ।
੭. ਸ੍ਰੀ ਗੁਰੂ ਸਿੰਘ ਸਭਾ ਚਕ ਝੁਮਰਾ ਮੰਡੀ (ਲਾਇਲਪੁਰ)।
੮. ਸ੍ਰੀ ਗੁਰੂ ਸਿੰਘ ਸਭਾ ਕੁੰਤਰੀਲਾ (ਰਾਵਲਪਿੰਡੀ)।
੯. ਅਕਾਲੀ ਜਥਾ ਸ਼ਹਿਰ ਅੰਮ੍ਰਿਤਸਰ।
੧੦. ਸਿੱਖ ਟੀਚਰਜ਼ ਐਸੋਸੀਏਸ਼ਨ ਖ਼ਾਲਸਾ ਸਕੂਲ ਖਾਰੀਆਂ (ਗੁਜਰਾਤ)।
੧੧. ਖਾਲਸਾ ਸੈਂਟ+ਲ ਦੀਵਾਨ (ਸ਼੍ਰੋਮਣੀ ਪੰਥ ਮਲੌਨੀ ਜਥਾ ਮਾਝਾ)
੧੨. ਸ੍ਰੀ ਗੁਰੂ ਸਿੰਘ ਸਭਾ ਢੁਢਿਆਲ (ਜਿਹਲਮ)।
੧੨. ਸ੍ਰੀ ਗੁਰੂ ਸਿੰਘ ਸਭਾ, ਬੰਬਈ।
੧੪. ਗੁਰੂ ਨਾਨਕ ਖਾ. ਮਿਡਲ ਸਕੂਲ ਡੇਹਰਾ ਸਾਹਬਿ ਜਾਮਾ ਰਾਏ।
੧੫. ਖਾਲਸਾ ਦੀਵਾਨ, ਲਾਹੌਰ ਛਾਉਣੀ।
੧੬. ਸੈਂਟਰਲ ਸਿੱਖ ਨੌਜਵਾਨ ਸਭਾ ਬਰਮਾ ਰੌਂਜ਼ੀ (S.S.S.) ਅਤੇ ਖਾਲਸਾ ਦੀਵਾਨ ਬਰਮਾ।
੧੭. ਸਕੱਤ੍ਰ, ਅਕਾਲੀ ਜਥਾ ਤਹਿਸੀਲ ਅੰਬਾਲਾ।
੧੮. ਸ੍ਰੀ ਗੁਰੂ ਸਿੰਘ ਸਭਾ ਖੁਸ਼ਾਬ (ਸਰਗੋਧਾ)।
੧੯. ਹੈਸਿਫਿਕ ਕੋਸਟ ਖਾਲਸਾ ਦੀਵਾਨ ਸਟਾਕਟਨ ਅਮਰੀਕਾ।
੨੦. ਗੁ. ਕਮੇਟੀ ਮੈਮਿਓ ਬਰਮਾ।
੨੧. ਜਥੇਦਾਰ ਬੁਢਾ ਦਲ ਨਿਹੰਗ ਸਿੰਘ ਦਲ ਦਾ ਵਹੀਰ ਧੋਬੀ ਮੰਡੀ ਲਾਹੌਰ।

**ਸਿੱਖ ਰਹਿਤ ਮਰਯਾਦਾ**

**ਸਿੱਖ ਦੀ ਤਾਰੀਫ਼**

ਜੋ ਇਸਤ੍ਰੀ ਜਾਂ ਪੁਰਸ਼ ਇਕ ਅਕਾਲੀ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤੱਕ) ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਾਂ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸ਼ਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸਚਾ ਰੱਖਦਾ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।

**(ਚਲਦਾ)**

# ਟਰੰਪ ਨੇ ਅਮਰੀਕਾ ਦੇ ਅਕਸ ਨੂੰ ਗੰਭੀਰ ਨੁਕਸਾਨ ਪਹੁੰਚਾਇਆ : ਜਯਾਪਾਲ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ/ਸਾਡੇ ਲੋਕ) : ਡੈਮੋਕਰੇਟਿਕ ਪ੍ਰਤੀਨਿਧੀ ਪ੍ਰਾਮਿਲਾ ਜਯਾਪਾਲ ਨੇ ਰਾਸ਼ਟਰਪਤੀ ਡੋਨਾਲਡ ਟਰੰਪ 'ਤੇ ਦੁਨੀਆ ਭਰ ਵਿੱਚ ਅਮਰੀਕਾ ਦੇ ਅਕਸ ਨੂੰ ਗੰਭੀਰ ਨੁਕਸਾਨ ਪਹੁੰਚਾਉਣ ਦਾ ਦੋਸ਼ ਲਗਾਇਆ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿੱਚ ਇਹ ਸ਼ੱਕ ਵਧ ਰਿਹਾ ਹੈ ਕਿ ਕੀ ਵਾਸ਼ਿੰਗਟਨ 'ਤੇ ਆਪਣੇ ਵਾਅਦਿਆਂ ਨੂੰ ਪੂਰਾ ਕਰਨ ਲਈ ਭਰੋਸਾ ਕੀਤਾ ਜਾ ਸਕਦਾ ਹੈ ਜਾਂ ਨਹੀਂ। ਇਕ ਸਪੈਨਿਸ਼ ਅਖਬਾਰ ਨਾਲ ਇੰਟਰਵਿਊ ਦੌਰਾਨ ਜਯਾਪਾਲ ਨੇ ਕਿਹਾ ਕਿ ਇਹ ਚਿੰਤਾ ਟਰੰਪ ਦੀਆਂ ਮੌਜੂਦਾ ਨੀਤੀਆਂ ਤੋਂ ਕਿਤੇ ਵੱਧ ਗੰਭੀਰ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਇਸ ਗੱਲ ਨੂੰ ਲੈ ਕੇ ਵੀ ਚਿੰਤਤ ਹਨ ਕਿ ਮੌਜੂਦਾ ਅਮਰੀਕੀ ਪ੍ਰਸ਼ਾਸਨ ਦੁਆਰਾ ਕੀਤੇ ਗਏ ਸਮਝੌਤਿਆਂ ਨੂੰ ਅਗਲੇ ਪ੍ਰਸ਼ਾਸਨ ਦੁਆਰਾ ਰੱਦ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿੱਚ ਉਨ੍ਹਾਂ ਦੇ ਕੁਝ ਹਮਰੁਤਬਾ ਆਗੂਆਂ ਨੇ ਉਨਾਂ ਨੂੰ ਕਿਹਾ ਹੈ ਕਿ ਉਹ ਹੁਣ ਵਾਸ਼ਿੰਗਟਨ 'ਤੇ ਭਰੋਸਾ ਨਹੀਂ ਕਰਦੇ ਕਿਉਂਕਿ ਭਵਿੱਖ ਵਿਚ ਕੋਈ ਰਾਸ਼ਟਰਪਤੀ ਟਰੰਪ ਪ੍ਰਸ਼ਾਸਨ ਦੁਆਰਾ ਕੀਤੇ ਗਏ ਸਮਝੌਤੇ ਨੂੰ ਖਤਮ ਕਰਨ ਦਾ ਫੈਸਲਾ ਕਰ ਸਕਦਾ ਹੈ। ਜਯਾਪਾਲ ਨੇ



ਚੇਤਾਵਨੀ ਦਿੱਤੀ ਕਿ ਇਹ ਅਨਿਸ਼ਚਿਤਤਾ ਦੇਸ਼ਾਂ ਨੂੰ ਚੀਨ ਸਮੇਤ ਹੋਰ ਵੱਡੀਆਂ ਤਾਕਤਾਂ ਨਾਲ ਆਪਣੇ ਸਬੰਧ ਮਜਬੂਤ ਕਰਨ ਲਈ ਪ੍ਰੇਰਿਤ ਕਰ ਸਕਦੀ ਹੈ। ਉਨ੍ਹਾਂ ਨੇ ਈਰਾਨ ਨਾਲ ਜੰਗ ਦੇ ਮਾਮਲੇ ਨੂੰ ਨਜਿੱਠਣ ਦੇ ਟਰੰਪ ਦੇ ਤਰੀਕੇ ਦੀ ਵੀ ਸਖ਼ਤ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਅਮਰੀਕਾ ਬਿਨਾਂ ਕਿਸੇ ਰਣਨੀਤੀ, ਕਾਂਗਰਸ ਦੀ ਮਨਜ਼ੂਰੀ ਜਾਂ ਇਸ ਨੂੰ ਖਤਮ ਕਰਨ ਦੀ ਯੋਜਨਾ ਦੇ ਬਿਨਾਂ ਹੀ ਇਸ ਟਕਰਾਅ ਵਿੱਚ ਸ਼ਾਮਲ ਹੋਇਆ ਸੀ। ਉਨ੍ਹਾਂ ਨੇ ਕੂਟਨੀਤੀ ਨੂੰ ਹੀ ਅੱਗੇ ਵਧਾਉਣ ਦਾ ਇੱਕੋ-ਇੱਕ ਵਿਹਾਰਕ ਰਸਤਾ ਦੱਸਿਆ ਅਤੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੇ ਪ੍ਰਸ਼ਾਸਨ ਦੌਰਾਨ ਈਰਾਨ ਨਾਲ ਹੋਏ 2015 ਦੇ ਪ੍ਰਮਾਣੂ ਸਮਝੌਤੇ ਤੋਂ ਪਿਛੇ ਹਟਣ ਦੇ ਟਰੰਪ ਦੇ ਫੈਸਲੇ ਦੀ ਆਲੋਚਨਾ ਕੀਤੀ।

# ਸਿੱਖ ਫੈਡਰੇਸ਼ਨ ਯੂ.ਕੇ. ਦੀ ਸਾਲਾਨਾ ਕਨਵੈਨਸ਼ਨ 'ਚ ਸੰਗਤਾਂ ਦਾ ਹੜ੍ਹ ਸਿੱਖ ਫੈਡਰੇਸ਼ਨ ਆਪਣੇ ਹੱਕਾਂ ਲਈ ਸੰਘਰਸ਼ ਜਾਰੀ ਰੱਖੇਗੀ : ਭਾਈ ਗਿੱਲ

ਲੰਡਨ : ਸਿੱਖ ਫੈਡਰੇਸ਼ਨ ਯੂ.ਕੇ. ਦੀ ਸਾਲਾਨਾ ਕਨਵੈਨਸ਼ਨ ਗੁਰੂ ਨਾਨਕ ਗੁਰਦੁਆਰਾ, ਸੈਜ਼ਲੀ ਸਟਰੀਟ, ਵੁਲਵਰਹੈਂਪਟਨ ਵਿਖੇ ਹੋਈ, ਜਿਸ ਵਿਚ ਦੇਸ਼ ਭਰ ਤੋਂ ਹਜ਼ਾਰਾਂ ਸਿੱਖ ਸੰਗਤਾਂ ਸ਼ਾਮਿਲ ਹੋਈਆਂ। ਬੁਲਾਰਿਆਂ ਨੇ ਸਿੱਖ ਫੈਡਰੇਸ਼ਨ (ਯੂ.ਕੇ.) ਦੀਆਂ ਬੀਤੇ ਵਰ੍ਹੇ ਦੀਆਂ ਸਰਗਰਮੀਆਂ ਅਤੇ ਕੀਤੇ ਕੰਮਾਂ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਐਂਡੀ ਬਰਨਹਮ ਦੀ ਅਗਵਾਈ ਵਾਲੀ ਸਰਕਾਰ ਨੇ ਜੇਕਰ ਸਿੱਖ ਭਾਈਚਾਰੇ ਦੇ ਅਹਿਮ ਮਸਲਿਆਂ ਅਤੇ ਲੇਬਰ ਵਲੋਂ ਵਿਰੋਧੀ ਧਿਰ ਵਿਚ ਰਹਿੰਦਿਆਂ ਕੀਤੇ ਵਾਅਦਿਆਂ ਉਤੇ ਠੋਸ ਕਾਰਵਾਈ ਨਾ ਕੀਤੀ ਤਾਂ ਪਾਰਟੀ ਨੂੰ ਅਗਲੀਆਂ ਆਮ ਚੋਣਾਂ ਵਿਚ ਭਾਰੀ ਸਿਆਸੀ ਕੀਮਤ ਚੁਕਾਉਣੀ ਪੈ ਸਕਦੀ ਹੈ। 1984 ਤੋਂ ਪਹਿਲਾਂ ਦੇ ਘਟਨਾਕ੍ਰਮ ਅਤੇ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਵਿਚ ਬਰਤਾਨਵੀ ਸਰਕਾਰ ਦੀ ਭੂਮਿਕਾਵਾਂ ਦੀ ਨਿਰਪੱਖ ਜਾਂਚ, ਜੱਗੀ ਜੌਹਲ ਦੀ ਰਿਹਾਈ ਤੋਂ ਲੈ ਕੇ ਵਿਦੇਸ਼ਾਂ ਵਿਚ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾਉਣ ਤੱਕ ਦੇ ਮਾਮਲੇ ਉਠਾਏ ਗਏ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਦੀ ਦਖਲਅੰਦਾਜ਼ੀ ਅੱਜ ਸ਼ਪਸ਼ਟ ਹੋ ਰਹੀ ਹੈ। ਫੈਡਰੇਸ਼ਨ ਨੇ ਸਿੱਖ ਵਿਰੋਧੀ ਨਫ਼ਰਤੀ ਅਪਰਾਧਾਂ ਦੀ ਸਹੀ ਪਛਾਣ ਅਤੇ ਰਿਕਾਰਡਿੰਗ, ਸਿੱਖਾਂ ਦੀ ਢੁੱਕਵੀਂ ਨਸਲੀ ਪਛਾਣ,



ਸਿੱਖ ਪਛਾਣ ਦੇ ਆਧਾਰ 'ਤੇ ਵਿਤਕਰੇ ਨੂੰ ਰੋਕਣ, ਓਲਡਬਰੀ ਵਿਚ ਨੌਜਵਾਨ ਸਿੱਖ ਔਰਤ ਨਾਲ ਹੋਏ ਨਸਲੀ ਤੌਰ 'ਤੇ ਪ੍ਰੇਰਿਤ ਜਬਰ ਜਨਾਹ ਦੇ ਮਾਮਲੇ ਵਿਚ ਨਿਆਂ ਵਿਚ ਹੋ ਰਹੀ ਦੇਰੀ, ਹੈਨਰੀ ਨੋਵਾਕ ਮਾਮਲੇ ਵਿਚ ਸਿੱਖਾਂ ਨੂੰ ਨਿਸ਼ਾਨਾ ਬਣਾਉਣਾ ਅਤੇ ਕ੍ਰਿਪਾਨ 'ਤੇ ਪਾਬੰਦੀ ਲਗਾਉਣ ਲਈ ਪ੍ਰਚਾਰ ਕੀਤਾ ਗਿਆ ਪਰ ਸਿੱਖ ਫੈਡਰੇਸ਼ਨ ਨੇ ਡੱਟ ਕੇ ਸਿੱਖ ਹੱਕਾਂ ਦੀ ਰਾਖੀ ਲਈ ਆਵਾਜ਼ ਬੁਲੰਦ ਕੀਤੀ। ਭਾਈ ਅਮਰੀਕ ਸਿੰਘ ਗਿੱਲ ਨੇ ਆਰ.ਐਸ.ਐਸ. ਮੁਖੀ ਦੀ ਲੰਡਨ ਫੇਰੀ ਵਿਚ ਕੀਤੀ ਅਵੱਗਿਆ ਦੀ ਸ਼ਪਸ਼ਟ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਸਿੱਖਾਂ ਦੀ ਆਜ਼ਾਦੀ ਦੇ ਸੰਘਰਸ਼ ਦੇ ਨਾਲ-ਨਾਲ ਸਿੱਖਾਂ ਵਿਰੁੱਧ ਨਫ਼ਰਤੀ ਅਪਰਾਧਾਂ ਦੀ ਰੋਕਥਾਮ ਲਈ ਸਰਕਾਰਾਂ ਵਿਰੁੱਧ ਸੰਘਰਸ਼ ਜਾਰੀ ਰੱਖੇਗੀ। 1978 ਤੋਂ ਹੁਣ ਤੱਕ ਦੇ ਸੰਘਰਸ਼ ਸੰਬੰਧੀ ਇਕ ਪ੍ਰਦਰਸ਼ਨੀ ਵੀ ਲਗਾਈ ਗਈ। ਸਿੱਖ ਕਨਵੈਨਸ਼ਨ ਨੂੰ ਭਾਈ ਅਮਰੀਕ ਸਿੰਘ ਗਿੱਲ, ਭਾਈ ਦਬਿੰਦਰਜੀਤ ਸਿੰਘ, ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਜਤਿੰਦਰ ਸਿੰਘ, ਭਾਈ ਕੁਲਦੀਪ ਸਿੰਘ ਦਿਓਲ, ਭਾਈ ਨਰਿੰਦਰਜੀਤ ਸਿੰਘ, ਭਾਈ ਗੁਰਮੀਤ ਸਿੰਘ ਖਨਿਆਣ, ਭਾਈ ਹਰਦੀਸ਼ ਸਿੰਘ, ਸੁਖਵਿੰਦਰ ਸਿੰਘ, ਜੱਸ ਸਿੰਘ, ਮਨਿੰਦਰ ਸਿੰਘ, ਜਰਨੈਲ ਸਿੰਘ, ਬਲਬੀਰ ਕੌਰ, ਤਰਸੇਮ ਸਿੰਘ, ਗੁਰਜੀਤ ਸਿੰਘ, ਕੁਲਵੰਤ ਸਿੰਘ ਮੁਠੱਡਾ ਆਦਿ ਨੇ ਵੀ ਸੰਬੋਧਨ ਕੀਤਾ।

# BASRA

## Heating & Air Conditioning

### ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

ਤੁਹਾਡੇ ਢੇਰ ਸਾਰੇ ਪੈਸੇ




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377



ਸੰਤ ਸੇਵਾ ਸਿੰਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖ਼ੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। - ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਗੁਰਦੁਆਰਾ ਸਾਹਿਬ ਦੀ ਉਸਾਰੀ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਸਤਿਗੁਰੂ ਜੀ ਦਾ ਹੁਕਮ ਮਿਲਣ ਤੇ ਅਗਲੇ ਦਿਨ ਹੀ ਜੋ ਸੰਗਤ ਅੱਸੂ ਦੇ ਸਮਾਗਮ ਤੇ ਆਈ ਸੀ ਅਤੇ ਅਜੇ ਇੱਥੇ ਹੀ ਸੀ, ਸਾਰਿਆਂ ਨੂੰ ਨਾਲ ਲੈ ਕੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਪ੍ਰਸ਼ਾਦਿ ਕਰ ਕੇ ਹੁਕਮਨਾਮਾ ਲਿਆ। ਸਤਿਗੁਰੂ ਜੀ ਨੇ ੮੩੯ ਅੰਗ ਤੋਂ ਇਸ ਹੁਕਮਨਾਮੇ ਦੀ ਬਖਸ਼ਿਸ਼ ਕੀਤੀ

ਰਾਗੁ ਗੋਂਡ ਅਸਟਪਦੀਆ ਮਹਲਾ ੫ ਘਰੁ ੨॥
ੴ ਸਤਿਗੁਰਪ੍ਰਸਾਦਿ॥
ਕਰਿ ਨਮਸਕਾਰ ਪੂਰੇ ਗੁਰਦੇਵ॥ ਸਫਲ ਮੂਰਤਿ ਸਫਲ ਜਾ ਕੀ ਸੇਵ॥
ਅੰਤਰਜਾਮੀ ਪੁਰਖੁ ਬਿਧਾਤਾ॥ ਆਠ ਪਹਰ ਨਾਮ ਰੰਗਿ ਰਾਤਾ॥੧॥....

ਬਾਬਾ ਜੀ ਨੇ ਸੰਗਤ ਨੂੰ ਬੇਨਤੀ ਕੀਤੀ ਕਿ ਜੋ ਆਪ ਸੰਗਤ ਨੇ ਗੁਰਦੁਆਰਾ ਸਾਹਿਬ ਉਸਾਰਨ ਦਾ ਸੰਕਲਪ ਬਣਾਇਆ ਹੈ, ਸਤਿਗੁਰੂ ਜੀ ਨੇ ਉਸ ਦੀ ਪ੍ਰਵਾਨਗੀ ਦੇ ਦਿੱਤੀ ਹੈ, ਸੋ ਜਲਦੀ ਹੀ ਉਸਾਰੀ ਅਰੰਭ ਕਰ ਦਿੱਤੀ ਜਾਵੇਗੀ। ਸੰਗਤ ਅਤਿਅੰਤ ਪ੍ਰਸੰਨ ਹੋਈ ਕਿਉਂਕਿ ਤਿੰਨ ਚਾਰ-ਸਾਲ ਤੋਂ ਸੰਗਤ ਦਾ ਇਹ ਫੁਰਨਾ ਸਾਕਾਰ ਨਹੀਂ ਹੋ ਰਿਹਾ ਸੀ। ਜਦ ਇਸ ਫੁਰਨੇ ਨੇ ਸਤਿਗੁਰੂ ਜੀ ਦੇ ਹੁਕਮ ਵਿੱਚ ਮੋੜਾ ਖਾਧਾ ਤਾਂ ਸੰਗਤ ਦੀ ਪ੍ਰਸੰਨਤਾ ਹੋਣੀ ਲਾਜ਼ਮੀ ਸੀ। ਸੋ ਇਹ ਮਤਾ 7 ਸਤੰਬਰ, 1958 ਈ: ਨੂੰ ਗੁਰੂ ਪ੍ਰਵਾਨਗੀ ਨਾਲ ਪਾਸ ਹੋਇਆ। ਉਸਾਰੀ ਵਾਸਤੇ ਲੋੜੀਂਦਾ ਸਾਮਾਨ ਆਉਣਾ ਸ਼ੁਰੂ ਹੋ ਗਿਆ।

30 ਮਾਰਚ, 1959 ਈ: ਮੁਤਾਬਿਕ ੧੭ ਚੇਤਰ, ੨੦੧੫ ਬਿ: ਦਿਨ ਸੋਮਵਾਰ ਨੂੰ ਗੁਰਦੁਆਰਾ ਸਾਹਿਬ (ਜਿਸ ਅਸਥਾਨ ਵਿੱਚ ਸਤਿਗੁਰੂ ਜੀ ਦਾ ਪ੍ਰਕਾਸ਼ ਹੁੰਦਾ ਹੈ) ਦਾ ਨੀਂਹ-ਪੱਥਰ ਬਾਬਾ ਜੀ ਨੇ ਪੰਜਾਂ ਸਿੰਘਾਂ ਸਮੇਤ ਰੱਖ ਦਿੱਤਾ। ਨੀਂਹ-ਪੱਥਰ ਰੱਖਣ ਤੋਂ ਪਹਿਲੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਕੜਾਹ ਪ੍ਰਸ਼ਾਦਿ ਕਰਕੇ ਅਰਦਾਸ ਕੀਤੀ ਅਤੇ ਮੁੱਖਵਾਕ ਲਿਆ, ਜੋ ਤੀਸਰੇ ਪਾਤਸ਼ਾਹ ਜੀ ਨੇ ੬੫੩-੫੪ ਅੰਗ ਤੋਂ ਬਖ਼ਸ਼ਿਆ :

ਸਲੋਕੁ ਮ: ੩॥
ਏ ਮਨ ਹਰਿ ਜੀ ਧਿਆਇ ਤੂ ਇਕ ਮਨਿ ਇਕ ਚਿਤਿ ਭਾਇ॥
ਹਰਿ ਕੀਆ ਸਦਾ ਸਦਾ ਵਡਿਆਈਆ ਦੇਇ ਨ ਪਛੋਤਾਇ॥

ਗੁਰਦੁਆਰੇ ਦੀ ਉਸਾਰੀ ਦਾ ਅਰੰਭ

ਗੁਰਦੁਆਰਾ ਸਾਹਿਬ ਜੀ ਦੀ ਉਸਾਰੀ ਅਰੰਭ ਹੋ ਗਈ। ਪਿੰਡਾਂ ਵਿੱਚੋਂ ਸੰਗਤਾਂ ਬੜੇ ਉਤਸ਼ਾਹ ਨਾਲ ਸੇਵਾ ਕਰਨ ਆਉਂਦੀਆਂ। ਬਾਬਾ ਜੀ ਸੇਵਾ ਕਰਨ ਆਈ ਸੰਗਤ ਦੀ ਆਪਣੇ ਹੱਥੀਂ ਸੇਵਾ ਕਰਦੇ ਅਤੇ ਜਦੋਂ ਵਿਹਲ ਮਿਲਦੀ ਰੋੜੀ ਕੁੱਟਣ ਅਤੇ ਇੱਟਾਂ ਢੋਣ ਦੀ ਵੀ ਆਪ ਸੇਵਾ ਕਰਦੇ। ਕਈ ਵਾਰੀ ਸੰਗਤ ਨੇ ਪਿਆਰ ਵਿੱਚ ਬੇਨਤੀ ਕਰਨੀ ਕਿ ਬਾਬਾ ਜੀ! ਆਪ ਖੇਚਲ ਨਾ ਕਰੋ ਤਾਂ ਅੱਗੋਂ ਬਾਬਾ ਜੀ ਨੇ ਉੱਤਰ ਦੇਣਾ ਕਿ ਭਾਈ! ਇਹ ਕਿਹੜਾ ਕਿਸੇ ਦੇ ਘਰ ਦਾ ਕੰਮ ਹੈ? ਇਹ ਤਾਂ ਗੁਰੂ ਦਾ ਕਾਰਜ ਹੈ। ਜੋ ਵੀ ਭਾਵਨੀ ਸਹਿਤ ਸੇਵਾ ਕਰੇਗਾ ਉਸੇ ਨੂੰ ਹੀ ਲਾਭ ਹੋਵੇਗਾ। ਤੁਸੀਂ ਸੇਵਾ ਕਰੋਗੇ ਤਾਂ ਤੁਹਾਨੂੰ ਫ਼ਲ ਮਿਲਣਾ ਹੈ, ਮੈਂ ਕਰਾਂਗਾ ਤਾਂ ਮੈਨੂੰ ਲਾਹਾ ਪ੍ਰਾਪਤ ਹੋਵੇਗਾ। ਨਾਲੇ ਇਹ ਸਮੇਂ ਵਾਰ-ਵਾਰ ਹੱਥ ਨਹੀਂ ਆਉਂਦੇ। ਸੰਗਤ ਦੇ ਚਲੇ ਜਾਣ ਉਪ੍ਰੰਤ ਬਾਬਾ ਜੀ ਅਤੇ ਦਾਸ ਸੀਮਿੰਟ ਨਾਲ ਲਿੱਬੜੇ ਲੁਹਾਂਡੇ (ਤਸਲੇ) ਸਾਫ਼ ਕਰਦੇ ਅਤੇ ਇੱਧਰ-ਉੱਧਰ ਪਿਆ ਸਾਮਾਨ ਸਾਂਭਦੇ।

ਇਸ ਗੁਰਦੁਆਰਾ ਸਾਹਿਬ ਦੀ ਉਸਾਰੀ ਵਾਸਤੇ ਬਾਬਾ ਜੀ ਨੇ ਰਸੀਦਾਂ ਛਪਵਾ ਕੇ ਉਗਰਾਹੀ ਨਹੀਂ ਕੀਤੀ, ਨਾ ਹੀ ਸਮਾਗਮਾਂ ਉੱਪਰ ਕਿਸੇ ਕਿਸਮ ਦੀਆਂ ਅਪੀਲਾਂ, ਮਾਇਆ ਇਕੱਠੀ ਕਰਨ ਵਾਸਤੇ ਕੀਤੀਆਂ। ਸੁਤੇ-ਸਿੱਧ ਹੀ ਜਿੰਨੀ ਕੁ ਮਾਇਆ ਲੱਗਣੀ ਹੁੰਦੀ, ਗੁਰੂ ਪ੍ਰੇਰਨਾ ਸਦਕਾ ਸੰਗਤ ਰਾਹੀਂ ਆ ਜਾਂਦੀ। ਜੇ ਕਦੀ ਮਾਇਆ ਦਾ ਥੋੜ੍ਹਾ ਤੋਟਾ ਆ ਜਾਂਦਾ ਤਾਂ ਆਪ ਜੀ ਉਸ ਸਮੇਂ ਗੁਪਤ ਖ਼ਜ਼ਾਨੇ ਨੂੰ ਵਰਤ ਲੈਂਦੇ। ਇਨ੍ਹਾਂ ਹੀ ਦਿਨਾਂ ਦੀ ਦਾਸ ਅੱਖੀਂ ਵੇਖੀ ਅਤੇ ਹੱਥੀਂ ਵਰਤੀ ਘਟਨਾ ਇੱਥੇ ਦਰਜ ਕਰਨੀ ਮੁਨਾਸਿਬ ਸਮਝਦਾ ਹੈ।




ਗੁਪਤ ਖਜ਼ਾਨੇ ਦੀ ਵਰਤੋਂ

ਮੈਂ ਕਿਸੇ ਕੰਮ ਬਾਹਰ ਗਿਆ ਹੋਇਆ ਸੀ, ਗਰਮੀ ਦੇ ਦਿਨ ਸਨ। ਸ਼ਾਮ ਚਾਰ ਕੁ ਵਜੇ ਮੈਂ ਬਾਬਾ ਜੀ ਪਾਸ ਪੁੱਜਾ। ਆਪ ਜੀ ਨੇ ਮੈਨੂੰ ਸ਼ੱਕਰ ਦਾ ਸ਼ਰਬਤ ਬਣਾ ਕੇ ਪਿਲਾਇਆ ਅਤੇ ਕੋਲ ਬਿਠਾ ਕੇ ਕਹਿਣ ਲੱਗੇ ਕਿ ਸੇਵਾ ਸਿੰਘ! ਗੜ੍ਹਦੀਵਾਲੇ ਤੋਂ ਸਾਧੂ ਸਿੰਘ, ਜਿਸ ਪਾਸ ਸੀਮਿੰਟ ਦੀ ਏਜੰਸੀ ਹੈ, ਉਹ ਸਵੇਰੇ ਇੱਥੇ ਆਇਆ ਸੀ ਤੇ ਕਹਿੰਦਾ ਸੀ ਕਿ ਮੇਰੇ ਦੋ ਟਰੱਕ ਸੀਮਿੰਟ ਦੇ ਆ ਰਹੇ ਹਨ। ਤੁਸੀਂ ਤੀਜੇ-ਚੌਥੇ ਦਿਨ ਥੋੜ੍ਹਾ-ਥੋੜ੍ਹਾ ਸੀਮਿੰਟ ਖੜਦੇ ਹੋ। ਜੇ ਆਖੋ ਤਾਂ ਮੈਂ ਸਿੱਧਾ ਇੱਕ ਟਰੱਕ ਤੁਹਾਡੇ ਇੱਥੇ ਗੁਰਦੁਆਰਾ ਸਾਹਿਬ ਪਹੁੰਚਾ ਦਿੰਦਾ ਹਾਂ, ਨਾਲੇ ਮਹਿਸੂਲ ਬਚ ਜਾਵੇਗਾ। ਅਸੀਂ ਉਸ ਨੂੰ ਕਿਹਾ ਸੀ ਕਿ ਸ਼ਾਮ ਨੂੰ ਤੁਹਾਨੂੰ ਦੱਸਾਂਗੇ। ਥੋੜ੍ਹੀ ਦੇਰ ਬਾਅਦ ਬਾਬਾ ਜੀ ਆਪੇ ਕਹਿਣ ਲੱਗੇ ਕਿ ਜੇ ਇਕੱਠਾ ਸੀਮਿੰਟ ਆ ਜਾਵੇ ਤਾਂ ਚੰਗਾ ਹੀ ਹੈ, ਤੀਜੇ-ਚੌਥੇ ਕਿਸੇ ਦਾ ਗੱਡਾ ਮੰਗਣਾ ਪੈਂਦਾ ਹੈ, ਇਸ ਤਰ੍ਹਾਂ ਅਗਲੇ ਦੇ ਕੰਮ ਦਾ ਵੀ ਹਰਜ ਹੁੰਦਾ ਹੈ।

ਆਪ ਜੀ ਮੈਨੂੰ ਕਹਿਣ ਲੱਗੇ, ਜਵਾਨ! ਭਲਾ ਦੋ ਸੌ ਬੋਰੀ ਦੇ ਕਿੰਨੇ ਕੁ ਪੈਸੇ ਬਣਦੇ ਹਨ? ਉਸ ਵੇਲੇ ਸੀਮਿੰਟ ਦੀ ਬੋਰੀ ਦੀ ਕੀਮਤ ਸਵਾ ਛੇ ਰੁਪਏ ਸੀ ਮੈਂ ਹਿਸਾਬ ਲਾ ਕੇ ਬਾਬਾ ਜੀ ਨੂੰ ਦੱਸਿਆ ਕਿ ਬਾਬਾ ਜੀ! ਸਾਢੇ ਬਾਰਾਂ ਸੌ ਰੁਪਏ ਬਣਦੇ ਹਨ। ਬਾਬਾ ਜੀ ਨੇ ਆਪਣੇ ਮੰਜੇ ਦੀ ਦਰੀ ਹੇਠੋਂ ਇੱਕ ਕਪੜੇ ਦਾ ਬਟੂਆ ਕੱਢਿਆ ਅਤੇ ਮੈਨੂੰ ਫੜਾ ਕੇ ਕਹਿਣ ਲੱਗੇ ਕਿ ਦੇਖੀਂ ਕਿੰਨੇ ਕੁ ਪੈਸੇ ਇਸ ਵਿੱਚ ਹਨ? ਮੈਂ ਬਟੂਏ ਵਿੱਚੋਂ ਪੈਸੇ ਕੱਢ ਕੇ ਗਿਣੇ, ਤਕਰੀਬਨ ਦੋ ਸੌ ਤੋਂ ਕੁੱਝ ਹੀ ਉੱਪਰ ਸਨ। ਜਿੰਨੇ ਪੈਸੇ ਸਨ ਮੈਂ ਬਾਬਾ ਜੀ ਨੂੰ ਦੱਸ ਦਿੱਤੇ। ਇੱਕ ਮਿੰਟ ਦੇ ਕਰੀਬਨ ਉਹ ਚੁੱਪ ਰਹੇ। ਫਿਰ ਕਹਿਣ ਲੱਗੇ ਕਿ ਪਿਛਲੀ ਛੰਨ ਵਿੱਚ, ਜਿੱਥੇ ਸਤਿਗੁਰੂ ਜੀ ਪ੍ਰਕਾਸ਼ ਹਨ, ਉੱਥੇ ਜਾਹ ਅਤੇ ਮਹਾਰਾਜ ਜੀ ਦੀ ਤਾਬਿਆ ਬੈਠਣ ਤੋਂ ਪਹਿਲੇ ਜਿਸ ਬੋਰੀ ਉੱਪਰ ਪੈਰ ਸਾਫ਼ ਕਰੀਦੇ ਹਨ, ਉਸ ਬੋਰੀ ਵਿੱਚ ਜੇ ਮਾਇਆ ਹੋਈ ਤਾਂ ਕੱਢ ਲਿਆਵੀਂ। ਜਦੋਂ ਮੈਂ ਉਠ ਕੇ ਜਾਣ ਲੱਗਾ ਤਾਂ ਬਾਬਾ ਜੀ ਨੇ ਹਦਾਇਤ ਕੀਤੀ ਕਿ ਜਿੰਨੀ ਮਾਇਆ ਘੱਟਦੀ ਹੈ, ਓਨੀ ਹੀ ਲਿਆਉਣੀ ਹੈ। ਮੈਂ ਸਤਿ ਬਚਨ ਕਹਿ ਕੇ ਚਲਾ ਗਿਆ। ਸਤਿਗੁਰੂ ਜੀ ਨੂੰ ਨਮਸਕਾਰ ਕਰ ਕੇ ਜਿਸ ਥਾਂ ਆਪ ਜੀ ਨੇ ਹੁਕਮ ਕੀਤਾ ਸੀ, ਉਸ ਬੋਰੀ ਵਿੱਚ ਹੱਥ ਪਾ ਕੇ ਵੇਖਿਆ ਤਾਂ ਉੱਥੇ ਸੌ-ਸੌ ਰੁਪਏ ਦੇ ਕਾਫ਼ੀ ਨੋਟ ਸਨ। ਮਨ ਵਿੱਚ ਬੜੀ ਖ਼ੁਸ਼ੀ ਹੋਈ। ਮੈਂ ਗਿਆਰਾਂ ਸੌ ਰੁਪਏ ਕੱਢ ਲਏ (ਅਜੇ ਕਾਫ਼ੀ ਸਾਰੇ ਨੋਟ ਬੋਰੀ ਵਿੱਚ ਹੋਰ ਸਨ) ਅਤੇ ਬਾਬਾ ਜੀ ਨੂੰ ਲਿਆ ਕੇ ਸੌਂਪ ਦਿੱਤੇ ਅਤੇ ਕਿਹਾ ਕਿ ਅਜੇ ਕਾਫ਼ੀ ਮਾਇਆ ਹੋਰ ਵੀ ਬੋਰੀ ਵਿੱਚ ਹੈ। ਆਪ ਜੀ ਨੇ ਕਿਹਾ ਕਿ ਇਹ ਗੁਪਤ ਖ਼ਜ਼ਾਨਾ ਹੈ, ਇਸ ਨੂੰ ਛੇੜਨਾ ਨਹੀਂ, ਵੇਲੇ-ਕੁਵੇਲੇ ਵਾਸਤੇ ਰੱਖਿਆ ਹੋਇਆ ਹੈ।

ਬਾਬਾ ਜੀ ਨੇ ਦੋ ਸੌ ਬੋਰੀ ਸੀਮਿੰਟ ਦੇ ਪੈਸੇ ਦੇ ਕੇ ਮੈਨੂੰ ਹੁਕਮ ਕੀਤਾ ਕਿ ਇਹ ਪੈਸੇ ਸ. ਸਾਧੂ ਸਿੰਘ ਨੂੰ ਦੇ ਆ ਅਤੇ ਕਹਿ ਦੇਣਾ ਕਿ ਸੀਮਿੰਟ ਦਾ ਟਰੱਕ ਸਿੱਧਾ ਗੁਰਦੁਆਰਾ ਸਾਹਿਬ ਪਹੁੰਚਾ ਦੇਵੇ।

(ਚਲਦਾ)

# ਸ਼ਹੀਦਾਂ ਸਿੰਘਾਂ ਨੂੰ ਸਮਰਪਿਤ ਸਿੱਖ ਯੂਥ ਐਡਮਿੰਟਨ ਵੱਲੋਂ ਦਸਤਾਰ ਤੇ ਦੁਮਾਲੇ ਮੁਕਾਬਲੇ ਕਰਵਾਏ ਗਏ





ਐਡਮਿੰਟਨ (ਕਨੇਡਾ) ਦੇ ਪ੍ਰਸਿੱਧ ਸਿਲਵਰ ਬੈਰੀ ਪਾਰਕ ਵਿਖੇ ਸ਼ਹੀਦਾਂ ਸਿੰਘਾਂ ਨੂੰ ਸਮਰਪਿਤ ਸਿੱਖ ਯੂਥ ਐਡਮਿੰਟਨ ਵੱਲੋਂ ਦਸਤਾਰ ਅਤੇ ਦੁਮਾਲਾ ਮੁਕਾਬਲੇ ਕਰਵਾਏ ਗਏ। 10 ਸਾਲ ਦੇ ਬੱਚੇ ਦਸਤਾਰ ਘਰੋਂ ਸਜਾ ਕੇ ਆਏ ਅਤੇ 15 ਸਾਲ ਦੀ ਉਮਰ ਅਤੇ 16 ਸਾਲ ਦੀ ਉਮਰ ਤੋਂ ਉੱਪਰ ਦੇ ਬੱਚਿਆਂ ਦੀ ਦਸਤਾਰ ਮੌਕੇ ਤੇ ਬੰਨ ਕੇ ਮੁਕਾਬਲੇ ਹੋਏ। ਢਾਡੀ ਜਥਿਆਂ ਅਤੇ ਪ੍ਰਸਿੱਧ ਬੁਲਾਰਿਆਂ ਨੇ ਸਿੱਖ ਇਤਿਹਾਸ ਦੇ ਪਿਛੋਕੜ ਤੇ ਵਰਤਮਾਨ ਹਾਲਾਤਾਂ ਉੱਪਰ ਜੁਝਾਰੂ ਪ੍ਰਸੰਗ ਰੱਖੇ। ਵਿਸ਼ੇਸ਼ ਤੌਰ ਤੇ ਭਾਈ ਕਸ਼ਮੀਰ ਸਿੰਘ ਢਾਡੀ ਜੱਥਾ, ਬੀਬੀ ਵੀਰਪਾਲ ਕੌਰ ਢਾਡੀ ਜੱਥਾ, ਸੀਤਲ ਸਿੰਘ ਨਨੂਆ, ਡਾਕਟਰ ਅਮਰਜੀਤ ਸਿੰਘ ਫਾਉਂਡਰ ਆਫ ਟੀਵੀ 84, ਭਾਈ ਮਨਵੀਰ ਸਿੰਘ ਮੌਂਟਰਿਅਲ ਕਨਵੀਨਰ ਆਫ ਸ਼੍ਰੋਮਣੀ ਅਕਾਲੀ ਦਲ, ਭਾਈ ਗੁਰਦੇਵ ਸਿੰਘ ਯੂਐਸਏ, ਗਲੋਬਲ ਵਾਇਸ ਆਫ ਪੰਜਾਬ ਟੀਵੀ 84, ਭਾਈ ਮਲਕੀਤ ਸਿੰਘ ਢੇਸੀ, ਭਾਈ ਅਵਤਾਰ ਸਿੰਘ ਪੰਨੂ, ਬੀਬੀ ਗੁਰਵਿੰਦਰ ਕੌਰ ਨੇ ਪ੍ਰਭਾਵਸ਼ਾਲੀ ਭਾਸ਼ਣ ਦੇ ਕੇ ਸਿੱਖ ਕੌਮ ਦੇ ਮਹਾਨ ਸ਼ਹੀਦਾਂ ਨੂੰ ਯਾਦ ਕੀਤਾ। ਅਤੇ ਸਿੱਖ ਕੌਮ ਨੂੰ ਇੱਕਜੁੱਟ ਹੋ ਕੇ ਰਹਿਣ ਦੀ ਅਪੀਲ ਕੀਤੀ। ਇਸ ਮੌਕੇ ਤੇ ਕਮੇਟੀ ਦੇ ਅਹੁਦੇਦਾਰ ਭਾਈ ਰਵਿੰਦਰ ਸਿੰਘ, ਬਾਬਾ ਬਿੱਟੂ, ਭਾਈ ਮਲਕੀਤ ਸਿੰਘ ਢੇਸੀ, ਰਣਜੀਤ ਸਿੰਘ ਖਾਲਸਾ, ਭਾਈ ਗੁਰਪ੍ਰੀਤ ਸਿੰਘ, ਭਾਈ ਚਰਨਜੀਤ ਸਿੰਘ ਮਾਹਲ, ਭਾਈ ਤਜਿੰਦਰ ਸਿੰਘ ਭੱਠਲ, ਭਾਈ ਸੁਖਦੇਵ ਸਿੰਘ ਅਤੇ ਭਾਈ ਦੀਪ ਸਿੰਘ ਦੀ ਸਮਾਗਮ ਦੀ ਦੇਖ ਰੇਖ ਵਿੱਚ ਆਪਣਾ ਸਮੁੱਚਾ ਯੋਗਦਾਨ ਪਾਉਂਦੇ ਰਹੇ। ਦਸਤਾਰ ਅਤੇ ਦੁਮਾਲਾ ਮੁਕਾਬਲੇ ਦੇ ਮੁੱਖ ਸੂਤਰਧਾਰ ਨਵਜੋਤ ਸਿੰਘ ਧਾਮੀ ਨੇ ਸੁਚੱਜੇ ਢੰਗ ਨਾਲ ਇਸ ਕਾਰਜ ਨੂੰ ਨੇਪਰੇ ਚਾੜ੍ਹਿਆ। ਦਸਤਾਰ ਅਤੇ ਦੁਮਾਲਾ ਮੁਕਾਬਲੇ ਵਿੱਚ ਜੇਤੂ ਰਹੇ 10 ਸਾਲ ਤੋਂ ਘੱਟ ਉਮਰ ਦੇ ਪਹਿਲਾਂ ਸਥਾਨ ਹਰਬਾਜ ਸਿੰਘ, ਤਾਵੀਰ ਸਿੰਘ, ਗੁਰਜੈਜ ਸਿੰਘ ਅਤੇ 10 ਸਾਲ ਤੋਂ ਘੱਟ ਦੁਮਾਲਾ ਮੁਕਾਬਲੇ ਵਿੱਚ ਜੇਤੂ ਰਹੇ ਕਰਮਵਾਰ ਸ਼ਿੱਦਤ ਕੌਰ, ਰਬਾਬ ਕੌਰ, ਫਤਿਹ ਸਿੰਘ ਅਤੇ 10 ਤੋਂ 15 ਤੱਕ ਦੇ ਦਸਤਾਰ ਦੇ ਦੁਮਾਲਾ ਮੁਕਾਬਲੇ ਦੇ ਜੇਤੂ ਯੁਵਰਾਜ ਸਿੰਘ, ਗੁਰ ਫਤਿਹ ਸਿੰਘ, ਗੁਰ ਸਾਹਿਬ ਸਿੰਘ ਅਤੇ 15 ਸਾਲ ਤੋਂ ਉੱਪਰ ਦਸਤਾਰ ਮੁਕਾਬਲੇ ਵਿੱਚ ਤੇਜਜੀਤ ਸਿੰਘ, ਉਦੇਵੀਰ ਸਿੰਘ, ਗੁਰਦਿੱਤ ਸਿੰਘ ਰਹੇ। ਜੇਤੂ ਬੱਚਿਆਂ ਨੂੰ ਖ਼ੂਬਸੂਰਤ ਟਰੋਫੀਆਂ, ਮੋਮੈਂਟੋ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਪ੍ਰਸਿੱਧ ਸਿੱਖ ਹਸਤੀਆਂ ਨੂੰ ਵੀ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਤੇ ਪ੍ਰਬੰਧਕਾਂ ਵੱਲੋਂ ਤਰ੍ਹਾਂ ਤਰ੍ਹਾਂ ਦੇ ਪਕਵਾਨ, ਸ਼ਰਦਾਈ ਮਿਸ਼ਠਾਨ ਦੇ ਪੰਡਾਲ ਸੁਸ਼ੋਭਿਤ ਕੀਤੇ ਗਏ। ਇਹਨਾਂ ਪੰਡਾਲਾਂ ਵਿੱਚ ਸਿੱਖ ਇਤਿਹਾਸ ਦੀ ਜਾਣਕਾਰੀ ਬਾਰੇ ਪੁਸਤਕਾਂ ਦੇ ਸਟਾਲ ਵੀ ਲਗਾਏ ਗਏ। ਸਟਾਲਾਂ ਦੇ ਕਾਰਜ-ਕਰਤਾ ਰਵਿੰਦਰ ਸਿੰਘ ਸੰਘਾ, ਹਰਵਿੰਦਰ ਸਿੰਘ, ਦਿਲਜੀਤ ਸਿੰਘ, ਇੰਦਰਜੀਤ ਸਿੰਘ, ਮਨਦੀਪ ਸਿੰਘ, ਸਿਮਰਨ ਸਿੰਘ ਬੈਂਸ, ਉਪਮਿੰਦਰ ਸਿੰਘ, ਗੁਰ ਅਵਤਾਰ ਸਿੰਘ ਆਦਿ ਨੇ ਸੁਚੱਜੀ ਭੂਮਿਕਾ ਨਿਭਾਈ। ਆਖ਼ਰ ਤੇ ਖਚਾ ਖਚ ਭਰੇ ਪੰਡਾਲ ਵਿੱਚ ਸੁਸ਼ੋਭਿਤ ਸੰਗਤਾਂ ਦਾ ਇਸ ਸਮਾਗਮ ਦੇ ਸੂਤਰਧਾਰ ਮਲਕੀਤ ਸਿੰਘ ਢੇਸੀ ਨੇ ਸਭਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਮੰਚ ਸੰਚਾਲਕ ਦੇ ਫਰਜ਼ ਬੀਬੀ ਗੁਰਵਿੰਦਰ ਕੌਰ ਨੇ ਬਾਖ਼ੂਬੀ ਨਿਭਾਏ।

# ਡੇਟਨ 'ਚ 9/11 ਦੇ ਸ਼ਹੀਦਾਂ ਨੂੰ ਸਿੱਖ ਭਾਈਚਾਰੇ ਵਲੋਂ ਸ਼ਰਧਾ ਦੇ ਫੁੱਲ ਭੇਟ




ਸਾਨ ਫਰਾਂਸਿਸਕੋ : ਜਹਾਜ਼ ਦੇ ਖੋਜੀ ਰਾਈਟ ਭਰਾਵਾਂ ਦੇ ਸ਼ਹਿਰ ਡੇਟਨ ਵਿਚ ਵੀ ਹਰ ਸਾਲ ਵਾਂਗ ਪੰਜਾਬੀ ,ਖ਼ਾਸ ਕਰ ਸਿੱਖ ਭਾਈਚਾਰੇ ਵਲੋਂ 9-11 ਨੂੰ ਮਾਰੇ ਗਏ ਬੇਕਸੂਰ ਲੋਕਾਂ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਸਪਰਿੰਗਫੀਲਡ, ਓਹਾਇਓ ਦੇ ਕਾਰੋਬਾਰੀ ਅਵਤਾਰ ਸਿੰਘ, ਡਾ. ਦਰਸ਼ਨ ਸਿੰਘ ਸਮਾਜਿਕ ਚਿੰਤਕ, ਇੰਜ. ਸੁਮੀਪ ਸਿੰਘ ਗੁਮਟਾਲਾ, ਲਖਵਿੰਦਰ ਸਿੰਘ ਬੱਗਾ ਤੇ ਹੋਰ ਸਥਾਨਕ ਭਾਈਚਾਰੇ ਪਰਿਵਾਰਾਂ ਸਮੇਤ ਸ਼ਾਮਲ ਹੋਏ। ਜ਼ਿਕਰਯੋਗ ਹੈ ਕਿ ਵਰਲਡ ਟਰੇਡ ਸੈਂਟਰ ਤੋਂ ਕੁਝ ਪਿਲਰ ਲਿਆ ਕੇ ਇਥੇ ਯਾਦਗਾਰ ਬਣਾਈ ਗਈ ਹੈ, ਜਿਥੇ ਹਰ ਸਾਲ ਲੋਕ ਵਿਛੜੀਆਂ ਰੂਹਾਂ ਨੂੰ ਯਾਦ ਕਰਨ ਲਈ ਪੁੱਜਦੇ ਹਨ।

# ਅਮਰੀਕਾ 'ਚ ਭਾਰਤੀ ਮੂਲ ਦੀ ਔਰਤ ਅਤੇ ਨੌਜਵਾਨ ਨਾਲ ਵਾਪਰਿਆ ਭਾਣਾ, ਆਏ ਟਰੇਨ ਦੀ ਲਪੇਟ 'ਚ

ਨਿਊਯਾਰਕ: ਨਿਊਯਾਰਕ ਦੇ ਮੈਨਹੈਟਨ ਸਬਵੇਅ ਸਟੇਸ਼ਨ 'ਤੇ ਟਰੇਨ ਦਾ ਇੰਤਜ਼ਾਰ ਕਰਦੇ ਸਮੇਂ ਐਤਵਾਰ ਤੜਕੇ ਇੱਕ ਮੰਦਭਾਗੀ ਅਤੇ ਦਰਦਨਾਕ ਘਟਨਾ ਵਾਪਰੀ। ਸਬਵੇਅ ਟਰੈਕ 'ਤੇ ਡਿੱਗੇ ਆਪਣੇ ਦੋਸਤ ਨੂੰ ਬਚਾਉਣ ਦੀ ਕੋਸ਼ਿਸ਼ ਦੌਰਾਨ ਭਾਰਤੀ ਮੂਲ ਦੀ ਮੁਟਿਆਰ ਅਤੇ ਉਸ ਦਾ ਦੋਸਤ ਟਰੇਨ ਦੀ ਲਪੇਟ ਵਿਚ ਆ ਗਏ। ਦੋਵਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮਲੈਕਾ ਚਿਤ੍ਰੇ ਨੇ ਸਬਵੇਅ ਟਰੈਕ 'ਤੇ ਡਿੱਗੇ ਆਪਣੇ ਦੋਸਤ ਨੂੰ ਬਚਾਉਣ ਦੀ ਅਸਫਲ ਕੋਸ਼ਿਸ਼ ਕੀਤੀ ਸੀ।



ਪੁਲਿਸ ਮੁਤਾਬਕ ਨਵਮ ਕੌਲ ਨਾਮਕ ਨੌਜਵਾਨ ਅਚਾਨਕ ਟਰੈਕ 'ਤੇ ਡਿੱਗ ਗਿਆ, ਜਿਸ ਨੂੰ ਬਚਾਉਣ ਲਈ ਮਲੈਕਾ ਚਿਤ੍ਰੇ ਟਰੈਕ 'ਤੇ ਕੁੱਦ ਪਈ। ਹਾਲਾਂਕਿ ਸਾਹਮਣੇ ਤੋਂ ਆ ਰਹੀ ਟਰੇਨ ਦੇ ਆਪਰੇਟਰ ਨੇ ਦੱਸਿਆ ਕਿ ਟਰੈਕ 'ਤੇ ਦੋਵਾਂ ਨੂੰ ਦੇਖਣ ਤੋਂ ਬਾਅਦ ਟਰੇਨ ਰੋਕਣ ਦਾ ਸਮਾਂ ਹੀ ਨਹੀਂ ਮਿਲਿਆ। ਨਿਊਯਾਰਕ ਪੁਲਿਸ (NYPD) ਦੇ ਡਿਟੈਕਟਿਵ ਫਿਲਹਾਲ ਇਸ ਮਾਮਲੇ ਦੀ ਜਾਂਚ ਕਰ ਰਹੇ ਹਨ। ਪੁਲਿਸ ਸੂਤਰਾਂ ਨੇ ਦੱਸਿਆ ਕਿ ਇਹ ਤੁਰੰਤ ਸਪੱਸ਼ਟ ਨਹੀਂ ਹੋ ਸਕਿਆ ਕਿ ਨਵਮ ਕੌਲ ਪਟੜੀਆਂ 'ਤੇ ਡਿੱਗ ਪਿਆ ਸੀ ਜਾਂ ਆਪਣੇ ਆਪ ਹੇਠਾਂ ਉਤਰ ਗਿਆ ਸੀ, ਜਦੋਂ ਕਿ ਮਲੈਕਾ ਉਸਨੂੰ ਸੁਰੱਖਿਅਤ ਥਾਂ 'ਤੇ ਖਿੱਚਣ ਦੀ ਕੋਸ਼ਿਸ਼ ਕਰਦੀ ਦਿਖਾਈ ਦੇ ਰਹੀ ਸੀ। ਸੋਸ਼ਲ ਮੀਡੀਆ 'ਤੇ ਵਾਇਰਲ ਇੱਕ ਵੀਡੀਓ ਵਿੱਚ ਇਹ ਵੀ ਦਿਖਾਇਆ ਗਿਆ ਹੈ ਕਿ ਦੋ ਨੌਜਵਾਨ ਰੇਲਗੱਡੀ ਨਾਲ ਟਕਰਾਉਣ ਤੋਂ ਠੀਕ ਪਹਿਲਾਂ ਪਟੜੀਆਂ 'ਤੇ ਬੈਠੇ ਸਨ। ਜਾਂਚਕਰਤਾ ਇਸ ਗੱਲ ਦੀ ਵੀ ਬਾਰੀਕੀ ਨਾਲ ਜਾਂਚ ਕਰ ਰਹੇ ਹਨ ਕਿ ਕੀ ਦੋਵੇਂ ਨੌਜਵਾਨ ਇੰਨੇ ਨਸ਼ੇ ਵਿੱਚ ਸਨ ਕਿ ਉਨ੍ਹਾਂ ਨੂੰ ਨੇੜੇ ਆ ਰਹੀ ਰੇਲਗੱਡੀ ਦਾ ਪਤਾ ਹੀ ਨਹੀਂ ਲੱਗਿਆ। ਪੁਲਿਸ ਸੂਤਰਾਂ ਨੇ ਕਿਹਾ ਕਿ ਘਟਨਾ ਸਥਾਨ ਤੋਂ ਕੋਈ ਸੁਸਾਈਡ ਨੋਟ ਬਰਾਮਦ ਨਹੀਂ ਹੋਇਆ ਹੈ, ਪਰ ਜਾਂਚਕਰਤਾਵਾਂ ਨੇ ਖ਼ੁਦਕੁਸ਼ੀ ਨੂੰ ਪੂਰੀ ਤਰ੍ਹਾਂ ਰੱਦ ਨਹੀਂ ਕੀਤਾ ਹੈ, ਜਿਸ ਨੂੰ ਇੱਕ ਸੰਭਾਵਿਤ ਕਾਰਨ ਮੰਨਿਆ ਜਾ ਰਿਹਾ ਹੈ।

ਮ੍ਰਿਤਕ ਮਲੈਕਾ ਚਿਤ੍ਰੇ ਅਤੇ ਨਵਮ ਕੌਲ ਨਿਊ ਜਰਸੀ ਦੇ ਨੇੜਲੇ ਸ਼ਹਿਰਾਂ ਵਿੱਚ ਵੱਡੇ ਹੋਏ ਸਨ ਅਤੇ ਇੱਕੋ ਦੱਖਣੀ ਏਸ਼ਿਆਈ ਸਮੂਹ ਦਾ ਹਿੱਸਾ ਸਨ। ਦੋਵਾਂ ਨੇ ਸਾਲ 2024 ਵਿੱਚ 'ਰਗਰਸ ਯੂਨੀਵਰਸਿਟੀ' ਤੋਂ ਗ੍ਰੈਜੂਏਸ਼ਨ ਪੂਰੀ ਕੀਤੀ ਸੀ।। ਨਵਮ ਕੌਲ ਕੋਲ ਬਿਜ਼ਨਸ ਦੀ ਡਿਗਰੀ ਸੀ ਅਤੇ ਉਹ 'ਬਲੂਮਬਰਗ' ਕੰਪਨੀ ਵਿੱਚ ਡਾਟਾ ਐਨਾਲਿਸਟ ਵਜੋਂ ਕੰਮ ਕਰ ਰਿਹਾ ਸੀ। ਦੂਜੇ ਪਾਸੇ ਮਲੈਕਾ ਚਿਤ੍ਰੇ ਟੈਂਪਲ ਯੂਨੀਵਰਸਿਟੀ ਤੋਂ ਫਾਰਮੇਸੀ ਵਿੱਚ ਡਾਕਟਰੇਟ ਦੀ ਪੜ੍ਹਾਈ ਕਰ ਰਹੀ ਸੀ ਅਤੇ ਨਾਲ ਹੀ ਅਕਾਡੀਆ ਫਾਰਮਾਸਿਊਟੀਕਲਜ਼ ਵਿੱਚ ਕੁਆਲਿਟੀ ਓਪਰੇਸ਼ਨਜ਼ ਸਪੈਸ਼ਲਿਸਟ ਵਜੋਂ ਕੰਮ ਕਰ ਰਹੀ ਸੀ। ਇਸ ਦੁਖਦਾਈ ਘਟਨਾ ਤੋਂ ਬਾਅਦ ਮਲੈਕਾ ਦੇ ਪਰਿਵਾਰ ਨੇ ਬਿਨਾਂ ਕਿਸੇ ਤੱਥ ਦੇ ਸਨਸਨੀਖੇਜ਼ ਅਟਕਲਾਂ ਅਤੇ ਅਫ਼ਵਾਹਾਂ ਫੈਲਾਉਣ ਵਾਲੀਆਂ ਮੀਡੀਆ ਰਿਪੋਰਟਾਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ।

# ਦੱਖਣੀ ਏਸ਼ੀਆਈ ਲੋਕਾਂ ਵਿਰੁੱਧ ਨਫਰਤੀ ਘਟਨਾਵਾਂ 'ਚ 100 ਪ੍ਰਤੀਸ਼ਤ ਤੋਂ ਵਧ ਦਾ ਵਾਧਾ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ/ਸਾਡੇ ਲੋਕ) : 'ਸਟਾਪ ਏ.ਏ.ਪੀ.ਆਈ. ਹੇਟ' ਦੀ ਇੱਕ ਤਾਜ਼ਾ ਰਿਪੋਰਟ ਅਨੁਸਾਰ ਜਨਵਰੀ 2023 ਅਤੇ ਦਸੰਬਰ 2025 ਦੇ ਵਿਚਕਾਰ ਆਨਲਾਈਨ ਪੱਧਰ 'ਤੇ ਦੱਖਣੀ ਏਸ਼ੀਆਈ ਲੋਕਾਂ ਵਿਰੋਧ ਨਫ਼ਰਤੀ ਘਟਨਾਵਾਂ ਵਿੱਚ 109% ਦਾ ਵਾਧਾ ਹੋਇਆ ਹੈ। ਸਤੰਬਰ 2026 ਦੀ ਰਿਪੋਰਟ 'ਦੱਖਣੀ ਏਸ਼ੀਆਈ ਵਿਰੋਧੀ ਨਫ਼ਰਤ ਦੀ ਸਥਿਤੀ' ਵਿੱਚ ਇਹ ਵੀ ਪਾਇਆ ਗਿਆ ਕਿ 48% ਦੱਖਣੀ ਏਸ਼ੀਆਈ ਬਾਲਗਾਂ ਨੇ ਦੱਸਿਆ ਕਿ ਉਨਾਂ ਨੇ 2025 ਵਿੱਚ ਆਪਣੀ ਨਸਲ, ਜਾਤੀ ਜਾਂ ਕੌਮੀਅਤ ਕਾਰਨ ਨਫ਼ਰਤ-ਅਧਾਰਿਤ ਘਟਨਾ ਦਾ ਸਾਹਮਣਾ ਕੀਤਾ। 'ਸਟਾਪ ਏ.ਏ.ਪੀ.ਆਈ. ਹੇਟ' ਨੇ ਕਿਹਾ ਕਿ ਦੱਖਣੀ ਏਸ਼ੀਆਈ ਭਾਈਚਾਰੇ ਆਨਲਾਈਨ ਅਤੇ ਰੋਜ਼ਾਨਾ ਜੀਵਨ ਵਿੱਚ ਨਫ਼ਰਤ ਦੇ ਉੱਚ ਪੱਧਰ ਦਾ ਸਾਹਮਣਾ ਕਰ ਰਹੇ ਹਨ੍ਰ ਰਿਪੋਰਟ ਵਿੱਚ ਇਸ ਵਧੀ ਹੋਈ ਦੁਸ਼ਮਣੀ ਦਾ ਸਬੰਧ ਪ੍ਰਵਾਸੀਆਂ ਵਿਰੋਧੀ ਬਿਆਨਬਾਜ਼ੀ ਅਤੇ ਨੀਤੀਆਂ ਦੇ ਨਾਲ-ਨਾਲ ਦੱਖਣੀ ਏਸ਼ੀਆਈ ਲੋਕਾਂ ਦੀ ਵਧਦੀ ਮੌਜੂਦਗੀ ਪ੍ਰਤੀ ਪ੍ਰਤੀਕਿਰਿਆ ਨਾਲ ਜੋੜਿਆ ਗਿਆ ਹੈ। ਨਿਸ਼ਾਨਾ ਬਣਾ ਕੇ ਕੀਤੀ ਹਿੰਸਾ ਨਾਲ ਜੁੜੇ ਆਨਲਾਈਨ ਮੰਚਾਂ 'ਤੇ ਦੱਖਣੀ ਏਸ਼ੀਆਈ ਲੋਕਾਂ ਵਿਰੁੱਧ ਅਪਮਾਨਜਨਕ ਘਟਨਾਵਾਂ ਦੀ ਗਿਣਤੀ ਜਨਵਰੀ 2023 ਵਿੱਚ 22,996 ਤੋਂ ਵਧ ਕੇ ਦਸੰਬਰ 2025 ਵਿੱਚ 48,033 ਹੋ ਗਈ। ਅਗਸਤ 2024 ਅਤੇ ਦਸੰਬਰ 2025 ਦੇ ਵਿਚਕਾਰ ਦਰਜ ਕੀਤੀਆਂ ਗਈਆਂ ਹਿੰਸਾ ਦੀਆਂ ਸਾਰੀਆਂ ਏਸ਼ੀਆਈ-ਵਿਰੋਧੀ ਧਮਕੀਆਂ ਵਿੱਚੋਂ 71% ਦੱਖਣੀ ਏਸ਼ੀਆਈ ਲੋਕਾਂ ਵਿਰੁੱਧ ਸਨ, ਜਿਸ ਨਾਲ ਉਹ ਇਨਾਂ ਆਨਲਾਈਨ ਮੰਚਾਂ 'ਤੇ ਸਭ ਤੋਂ ਵੱਧ ਧਮਕੀਆਂ ਦਾ ਸਾਹਮਣਾ ਕਰਨ ਵਾਲਾ ਏਸ਼ੀਆਈ ਖੇਤਰੀ ਸਮੂਹ ਬਣ ਗਿਆ। 'ਸਟਾਪ ਏ.ਏ.ਪੀ.ਆਈ. ਹੇਟ' ਦੇ ਰਾਸ਼ਟਰੀ ਸਰਵੇਖਣ ਰਿਪੋਰਟ ਵਿੱਚ ਇਹ ਵੀ ਪਾਇਆ ਗਿਆ ਕਿ 55% ਦੱਖਣੀ ਏਸ਼ੀਆਈ ਬਾਲਗਾਂ ਨੇ ਕਿਹਾ ਕਿ ਉਹ ਜਾਂ ਉਨ੍ਹਾਂ ਦੇ ਭਾਈਚਾਰੇ ਦਾ ਕੋਈ ਹੋਰ ਏਸ਼ੀਆਈ ਅਮਰੀਕੀ ਬਦਲਦੀਆਂ ਇਮੀਗ੍ਰੇਸ਼ਨ ਨੀਤੀਆਂ ਜਾਂ ਪ੍ਰਵਾਸੀ-ਵਿਰੋਧੀ ਭਾਵਨਾਵਾਂ ਤੋਂ ਪ੍ਰਭਾਵਿਤ ਹੋਇਆ ਹੈ। ਆਨਲਾਈਨ ਪਲੇਟਫਾਰਮ ਉਹ ਸਭ ਤੋਂ ਵਧ ਆਮ ਸਥਾਨ ਹਨ ਜਿੱਥੇ 49 ਪ੍ਰਤੀਸ਼ਤ ਦੱਖਣੀ ਏਸ਼ੀਆਈ ਬਾਲਗਾਂ ਨੇ ਨਫ਼ਰਤ ਦਾ ਸਾਹਮਣਾ ਕੀਤਾ; ਇਸ ਤੋਂ ਬਾਅਦ ਜਨਤਕ ਸੜਕਾਂ, ਪਾਰਕਾਂ, ਪਾਰਕਿੰਗ ਸਥਾਨਾਂ ਜਾਂ ਜਨਤਕ ਆਵਾਜਾਈ ਥਾਵਾਂ 'ਤੇ 40% ਨਫਰਤੀ ਘਟਨਾਵਾਂ ਹੋਈਆਂ ਜਦ ਕਿ ਕਾਰੋਬਾਰੀ ਅਦਾਰਿਆਂ ਵਿਚ 34% ਦੱਖਣ ਏਸ਼ੀਆਈ ਨਫਰਤ ਦਾ ਸ਼ਿਕਾਰ ਹੋਏ। ਇਨ੍ਹਾਂ ਘਟਨਾਵਾਂ ਵਿਚ ਭਾਰਤੀ-ਅਮਰੀਕੀਆਂ ਵਿਰੁੱਧ ਅਪਮਾਨਜਨਕ ਭਾਸ਼ਾ ਵਰਤੀ ਗਈ ਤੇ ਉਨਾਂ ਨੂੰ ਕਾਤਲ ਤੇ ਬਲਾਤਕਾਰੀ ਕਿਹਾ ਗਿਆ। ਉਨ੍ਹਾਂ ਨੂੰ ਵਾਪਿਸ ਆਪਣੇ ਦੇਸ਼ ਜਾਓ ਵਰਗੇ ਸ਼ਬਦ ਸੁਣਨੇ ਪਏ।

# ਜ਼ਵੇਰੇਵ ਨੇ ਜਿੱਤਿਆ ਯੂ ਐਸ ਓਪਨ, ਸ਼ੈਲਟਨ ਦਾ ਇਤਿਹਾਸ ਰਚਣ ਦਾ ਸੁਪਨਾ ਟੁੱਟਿਆ

ਨਿਊਯਾਰਕ : ਜਰਮਨੀ ਦੇ ਅਲੈਕਜ਼ੈਂਡਰ ਜ਼ਵੇਰੇਵ ਨੇ ਅਮਰੀਕਾ ਦੇ ਬੇਨ ਸ਼ੈਲਟਨ ਨੂੰ ਹਰਾ ਕੇ ਯੂ.ਐੱਸ. ਓਪਨ ਪੁਰਸ਼ ਸਿੰਗਲਜ਼ ਦਾ ਖਿਤਾਬ ਜਿੱਤ ਲਿਆ। ਆਰਥਰ ਐਸ਼ ਸਟੇਡੀਅਮ ਵਿਚ ਖੇਡੇ ਗਏ ਫਾਈਨਲ 'ਚ ਜ਼ਵੇਰੇਵ ਨੇ 6-3, 7-6 (2), 5-7, 6-2 ਨਾਲ ਜਿੱਤ ਦਰਜ ਕਰਦਿਆਂ ਆਪਣੇ ਕਰੀਅਰ ਦਾ ਦੂਜਾ ਗ੍ਰੈਂਡ ਸਲੈਮ ਖਿਤਾਬ ਹਾਸਲ ਕੀਤਾ। ਜ਼ਵੇਰੇਵ ਲਈ ਇਹ ਸਾਲ ਬੇਹੱਦ ਕਾਮਯਾਬ ਰਿਹਾ।



ਇਸ ਤੋਂ ਪਹਿਲਾਂ ਉਹ ਫਰੈਂਚ ਓਪਨ ਵੀ ਜਿੱਤ ਚੁੱਕਾ ਹੈ। 23 ਸਾਲਾ ਸ਼ੈਲਟਨ ਆਪਣੇ ਕਰੀਅਰ ਦਾ ਪਹਿਲਾ ਗ੍ਰੈਂਡ ਸਲੈਮ ਫਾਈਨਲ ਖੇਡ ਰਿਹਾ ਸੀ। ਉਸ ਕੋਲ 2003 ਵਿਚ ਐਂਡੀ ਰੌਡਿਕ ਤੋਂ ਬਾਅਦ ਗ੍ਰੈਂਡ ਸਲੈਮ ਜਿੱਤਣ ਵਾਲਾ ਪਹਿਲਾ ਅਮਰੀਕੀ ਪੁਰਸ਼ ਬਣਨ ਦਾ ਮੌਕਾ ਸੀ, ਪਰ ਜ਼ਵੇਰੇਵ ਦੀ ਮਜ਼ਬੂਤ ਖੇਡ ਨੇ ਉਸ ਦਾ ਇਹ ਸੁਪਨਾ ਪੂਰਾ ਨਹੀਂ ਹੋਣ ਦਿੱਤਾ। ਜੇਤੂ ਜ਼ਵੇਰੇਵ ਨੂੰ 5.5 ਮਿਲੀਅਨ ਡਾਲਰ ਦੀ ਇਨਾਮੀ ਰਾਸ਼ੀ ਮਿਲੀ।



CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

# CITIZENSHIP ELIGIBILITY AND GREEN CARD APPLICATION

DR. RAJESH MAHESHWARI, MD

VISIT US NOW!

San Ramon URGENT CARE & CLINIC
9140 Alcosta Boulevard Ste D
San Ramon, CA 94583
(925) 361-5959

Lathrop URGENT CARE
15810 Harlan Road #A
Lathrop, CA 95330
(209) 983-9000

Main Street URGENT CARE
1040 North Main Street
Manteca, CA 95336
(209) 825-5155

https://www.sanramonurgentcare.com/

Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਹੁਣ ਬਹੁਤ ਦੇਰ ਹੋ ਚੁੱਕੀ ਹੈ, ਅੱਜ ਦੇ ਦਿਨ ਲੋਕਾਂ ਨੂੰ ਪੁੱਛਣਾ ਕੌਣ ਰੋਟੀ ਲਈ ਮਰ ਰਹੇ ਹਨ ਅਤੇ ਉਨ੍ਹਾਂ ਦੇ ਬੁਨਿਆਦੀ ਹੱਕਾਂ ਲਈ ਅਧਿਆਤਮਿਕਤਾ 'ਤੇ ਜਿਊਣ ਲਈ ਹੈ। ਜਦ ਆਦਮੀ ਮਿਸਟਰ ਗਾਂਧੀ ਵਾਂਗ ਮਾਲ ਦੇ ਵਟਾਂਦਰੇ ਕਰਨ ਲਈ ਉੱਚੀ ਚੀਕਦੇ ਹਨ, ਮੈਂ ਸੋਚਦਾ ਹਾਂ ਉਨ੍ਹਾਂ ਨੂੰ ਪਤਾ ਹੋਣਾ ਜ਼ਰੂਰੀ ਹੈ ਕਿ ਕੋਈ ਵੀ ਆਦਮੀ ਨਹੀਂ ਜਿਸ ਦੀ ਇਹਦੇ ਪ੍ਰਸਤਾਵ ਰੱਖਣ ਵਿਚ ਦਿਲਚਸਪੀ ਹੈ, ਇਹ ਨਿੱਜੀ ਲਾਭ ਲਈ ਪੈਰਵੀ ਕਰਦਾ ਹੈ।

-ਡਾ. ਅੰਬੇਡਕਰ

**ਮਹਾਤਮਾ ਗਾਂਧੀ ਦਾ ਰਵੱਈਆ**

ਮਿਸਟਰ ਗਾਂਧੀ ਕਹਿੰਦਾ ਹੈ ਕਿ ਅਛੂਤਪਣ ਦਾ ਖ਼ਤਮ ਹੋਣਾ ਇਕ ਮਸਲਾ ਹੈ ਜਿਹੜਾ ਉੱਚ ਜਾਤੀ ਹਿੰਦੂਆਂ ਦੇ ਪਛਤਾਵੇ ਦੇ ਹੌਸਲੇ ਵਿਚ ਸਵੈ-ਇੱਛਿਤ ਕੋਸ਼ਿਸ਼ ਦੇ ਆਸਰੇ ਚਾਹੀਦਾ ਹੈ। ਜੇਕਰ ਮੈਂ ਉਹਦੇ ਅਰਥ ਭਾਵ ਸਮਝਾਂ, ਉਸ ਦਾ ਵਿਚਾਰ ਹੈ ਛੂਤ-ਛਾਤ ਹਟਾਉਣ ਦੇ ਮਸਲੇ 'ਤੇ ਅਛੂਤਾਂ ਨੂੰ ਆਪਣੇ-ਆਪ ਕੁਝ ਨਹੀਂ ਕਰਨਾ ਚਾਹੀਦਾ। ਉਨ੍ਹਾਂ ਨੂੰ ਉਡੀਕ ਕਰਨੀ ਚਾਹੀਦੀ ਹੈ ਅਤੇ ਸਵਰਨ ਹਿੰਦੂਆਂ ਦੇ ਆਪਣੇ ਰਾਹ ਬਦਲਣ ਪਛਤਾਵਾ ਕਰਨ ਅਤੇ ਜ਼ਮੀਰ ਜਗਾਉਣ ਲਈ ਅਰਦਾਸ ਬੇਨਤੀ ਕਰਨ। ਮੇਰੀ ਰਾਏ ਵਿਚ ਇਹ ਵਿਚਾਰ ਇੰਨਾ ਸਮਝਦਾਰੀ ਵਾਲਾ ਹੈ ਜਿਵੇਂ ਇਕ ਵਿਅਕਤੀ ਦਾ ਵਿਚਾਰ ਜੋ ਜਨਤਾ ਨੂੰ ਪਲੇਗ ਫੈਲੇ ਹੋਏ ਇਲਾਕੇ 'ਚ ਰਹਿਣ ਲਈ ਆਖਦਾ ਹੈ ਨਾ ਕਿ ਇਲਾਕੇ ਨੂੰ ਛੱਡਣ, ਪ੍ਰੰਤੂ ਉਡੀਕ ਕਰੋ ਅਤੇ ਬਿਮਾਰੀ ਬਾਰੇ ਸੋਚੋ ਜਦ ਤੱਕ ਮਿਉਂਸਿਪਲ ਮੈਂਬਰਜ਼ ਆਪਣੀਆਂ ਡਿਊਟੀਆਂ ਦੀ ਲਾਪਰਵਾਹੀ ਤੇ ਪਸ਼ਚਾਤਾਪ ਅਤੇ ਬਿਮਾਰੀ ਨਾਲ ਲੜਨ ਲਈ ਉਪਾਅ ਕਰਨ ਨੂੰ ਅੱਗੇ ਆਉਣ। -ਡਾ. ਅੰਬੇਡਕਰ

**ਸਿੱਖਇਜ਼ਮ 'ਚ ਧਰਮ ਬਦਲੀ (ਸ.ਫ਼ਾ 152)**

ਮਿਸਟਰ ਰਾਜਗੋਪਾਲਾਚਾਰੀਆ ਦੇ ਜਜ਼ਬਾਤ ਦੇ ਤੂਫ਼ਾਨ ਸਬੰਧੀ ਮੈਂ ਸੋਚਦਾ ਹਾਂ ਉਹ ਸਖ਼ਤ ਵਿਸ਼ੇਸ਼ਣਾਂ ਦੀ ਵਾਧੂ ਖ਼ੁਰਾਕ ਕਰਕੇ ਜ਼ਰੂਰ ਬਿਮਾਰੀ ਤੋਂ ਦੁਖੀ ਰਿਹਾ ਹੋਵੇਗਾ। ਇਹ ਹਿੰਦੂਆਂ ਦੇ ਕਹਿਣ ਲਈ ਹੈ ਕਿ ਜੇਕਰ ਦੱਬੀਆਂ ਕੁਚਲੀਆਂ ਜਾਤਾਂ ਸਿੱਖ ਬਣਦੀਆਂ ਹਨ ਤਾਂ ਇਹ ਉਨ੍ਹਾਂ ਦੇ ਵਿਚਾਰ ਦੇ ਸਿੱਖ ਨਜ਼ਰੀਏ ਨਾਲ ਬੁਰਾ ਹੋਵੇਗਾ। ਮੈਨੂੰ ਯਕੀਨ ਹੈ ਕਿ ਉਹ ਹਿੰਦੂ ਜੋ ਆਪਣੀ ਤੱਕਦੀਰ ਬਾਰੇ ਡੂੰਘਾ




ਤਾਅਲੁਕ ਮਹਿਸੂਸ ਕਰ ਚੁੱਕੇ ਹਨ ਦੇਰ ਤੱਕ ਸੋਚਣ ਲਈ ਇਸ ਬਿਆਨ ਤੇ ਸ਼ੱਕ ਕਰਨਾ ਸ਼ੁਰੂ ਕਰਨਗੇ।

ਜੇਕਰ ਉੱਥੇ ਕੋਈ ਬੁਰੀ ਚੀਜ਼ ਹੈ ਲਿਖਤ ਪੜਤ ਜਿਹੜੀ ਪੱਕੇ ਤੌਰ ਨਿੱਜੀ ਤੇ ਗੁਪਤ ਸੀ, ਡਾਕਟਰ ਮੌਂਜੇ ਦੀ ਮਨਜ਼ੂਰੀ ਲੈਣ ਤੋਂ ਬਗੈਰ ਸਮੇਂ ਤੋਂ ਪਹਿਲਾਂ ਪ੍ਰਕਾਸ਼ਿਤ ਕਰਨਾ ਹੈ। ਮੈਂ ਇਸ ਵਿਸ਼ੇ 'ਤੇ ਕਿਸੇ ਵੱਡੀ ਦੂਰੀ 'ਤੇ ਰਹਿਣਾ ਨਹੀਂ ਚਾਹੁੰਦਾ। ਸਿੱਖਇਜ਼ਮ 'ਚ ਧਰਮ ਬਦਲੀ ਕਰਨ ਦਾ ਪ੍ਰਸਤਾਵ ਬਹੁਤ ਸਾਰੇ ਮੁਖੀ ਹਿੰਦੂਆਂ, ਸਮੇਤ ਸ਼ੰਕਰਾਚਾਰੀਆ ਡਾਕਟਰ ਕੁਰਤਾਕੋਟੀ ਦੁਆਰਾ ਮਨਜ਼ੂਰ ਕੀਤਾ ਜਾ ਚੁੱਕਾ ਹੈ। ਅਸਲ ਵਿਚ ਇਹ ਉਹ ਸਨ ਜਿਨ੍ਹਾਂ ਨੇ ਪਹਿਲ ਕੀਤੀ ਅਤੇ ਮੇਰੇ 'ਤੇ ਇਹਦੇ ਲਈ ਦਬਾਅ ਪਾਇਆ। ਜੇਕਰ ਮੈਂ ਬਦਲ ਦੇ ਵਿਚਾਰਦਿਆਂ ਦੂਰ ਤੱਕ ਜਾ ਚੁੱਕਾ ਹਾਂ ਸਿਰਫ਼ ਇਹ ਹੈ ਕਿ ਮੈਂ ਹਿੰਦੂਆਂ ਦੀ ਕਿਸਮਤ ਲਈ ਘੱਟ ਜ਼ਿੰਮੇਵਾਰੀ ਮਹਿਸੂਸ ਕਰਦਾ। ਮੈਮੋਰੰਡਮ ਪੜ੍ਹਨ ਤੋਂ ਬਾਅਦ ਇਹ ਹਿੰਦੂਆਂ ਲਈ ਹੈ, ਲਿਖਤ ਪੜ੍ਹਤ ਵਿਚ ਸਾਹਮਣੇ ਆ ਰਹੇ ਦਾ ਨਿਆਂ ਕਰਨਾ ਕਿ ਮਿਸਟਰ ਗਾਂਧੀ, ਮਿਸਟਰ ਰਾਜਾ ਅਤੇ ਰਾਜਗੋਪਾਲਾਚਾਰੀਆ ਰਵੱਈਆ ਧਾਰਨ ਕਰਦਿਆਂ ਜਿਸ ਤਰ੍ਹਾਂ ਉਹ ਧਾਰ ਚੁੱਕੇ ਹਨ ਕੀ (ਹਿੰਦੂਆਂ ਦੀ) ਸੇਵਾ ਕਰ ਰਹੇ ਹਨ?

-ਏ.ਪੀ.

**ਰਾਜ-ਭੋਜ ਡਾਕਟਰ ਅੰਬੇਡਕਰ ਨੂੰ ਜਵਾਬ ਦਿੰਦਾ ਹੈ**

'ਪੂਨਾ ਪੈਕਟ ਹਿੰਦੂਵਾਦ ਤੋਂ ਧਰਮ ਬਦਲੀ ਲਈ ਕੋਈ ਨਿਯਮ ਨਹੀਂ ਬਣਾਉਂਦਾ ਅਤੇ ਬਰਾਬਰ ਜੇ ਅਛੂਤ ਕਮਿਊਨਿਟੀ ਦੇ ਕੁਝ (ਲੋਕਾਂ ਨੇ) ਇਕੱਠੇ ਸਿੱਖਇਜ਼ਮ ਜਾਂ ਕੋਈ ਦੂਜਾ ਧਰਮ ਅਪਣਾਇਆ, ਪੂਨਾ ਪੈਕਟ ਦੇ ਦਸਤਾਵੇਜ਼ ਉੱਤੇ ਦਸਤਖ਼ਤ ਕਰਨ ਵਾਲਿਆਂ ਦੀ ਸਮਰੱਥਾ ਵਿਚ ਨਹੀਂ ਹੈ। ਇਹਦੇ ਅਧੀਨ ਕਿਸੇ ਦੇ ਸੁਰੱਖਿਅਤ ਲਾਭਾਂ ਦੇ ਲਈ ਉਨ੍ਹਾਂ ਧਰਮ ਬਦਲੀ ਕਰਦਿਆਂ ਨੂੰ ਬੰਨ੍ਹ ਕੇ ਰੱਖਣਾ', ਮਿਸਟਰ ਪੀ.ਐਨ. ਰਾਜ-ਭੋਜ, ਅਛੂਤ ਲੀਡਰ ਅਤੇ ਆਲ ਇੰਡੀਆ ਡਿਪਰੈਸਡ ਕਲਾਸਜ ਲੀਗ ਦੇ ਸੈਕਰੇਟਰੀ ਨੇ ਇਕ ਬਿਆਨ 'ਚ ਡਾਕਟਰ ਮੌਂਜੇ ਦੀ ਸਕੀਮ 'ਤੇ ਕਿਹਾ। ਮਿਸਟਰ ਰਾਜ ਭੋਜ ਕਹਿੰਦਾ ਹੈ ਕਿ ਪੂਨਾ ਪੈਕਟ ਵਿਸ਼ੇਸ਼ ਤੌਰ 'ਤੇ ਦੱਬੀਆਂ ਕੁਚਲੀਆਂ ਜਾਤਾਂ ਦੇ ਮੈਂਬਰਾਂ ਨੂੰ ਬੇਹੱਦ ਵਿਸ਼ੇਸ਼ ਰਿਆਇਤਾਂ ਦੇਣੀਆਂ ਚਾਹੁੰਦਾ ਸੀ ਤਾਂ ਕਿ ਉਹ ਹਿੰਦੂਆਂ ਦੇ ਵਾੜੇ (ਘੇਰੇ) ਦਾ ਇਕ ਅਨਿੱਖੜਵਾਂ ਅੰਗ ਰਹਿਣ।

**(ਚਲਦਾ)**




ਗੁਰਦੁਆਰਾ ਨਾਨਕ ਦਰਬਾਰ ਸਾਹਿਬ ਓਲੇਥਾ ਕੈਨਸਾਸ

126 S Cherry Street Olathe, Kansas 66061



ਲਾਂਗਰੀ ਦੀ ਲੋੜ

ਗੁਰਦੁਵਾਰਾ ਸਾਹਿਬ ਵਿਖੇ ਲੰਗਰ ਤਿਆਰ ਕਰਨ ਲਈ ਯੋਗ ਅਤੇ ਸੇਵਾਭਾਵੁਕ ਲਾਂਗਰੀ ਸਿੰਘ ਦੀ ਲੋੜ ਹੈ

ਤਨਖਾਹ ਯੋਗਤਾ ਅਨੁਸਾਰ

ਅਮਰੀਕਾ ਜਾਂ ਕੈਨੇਡਾ ਵੀਜ਼ਾ 'ਤੇ ਆਇਆ ਬੰਦਾ ਵੀ ਵਿਚਾਰਿਆ ਜਾ ਸਕਦਾ ਹੈ।

ਹੋਰ ਜਾਣਕਾਰੀ ਲਈ ਸੰਪਰਕ ਕਰੋ

ਸ: ਸੁੱਚਾ ਸਿੰਘ ਕੈਨਸਾਸ ਫੋਨ : (913) 256-9498

ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਘਰੇਲੂ ਇਲਾਜ :**

1. ਆਪਣੇ ਪਰਿਵਾਰ ਜਾਂ ਵਿਸ਼ਵਾਸਯੋਗ ਮਿੱਤਰ ਨਾਲ ਆਪਣੀ ਨਿਰਾਸ਼ਾ ਬਾਰੇ ਗੱਲਬਾਤ ਕਰੋ।
2. ਆਪਣੇ ਆਪ ਨੂੰ ਕੰਮ ਵਿੱਚ ਰੁਝਾਅ ਕੇ ਰੱਖੋ।
3. ਨਿਰਾਸ਼ਾ ਦੇ ਕਾਰਨ ਪਤਾ ਲਗਾਉਣ ਦੀ ਕੋਸ਼ਿਸ਼ ਕਰੋ।
4. ਰੋਜ਼ਾਨਾ ਕਸਰਤ ਕਰੋ।
5. ਆਸ਼ਾਵਾਦੀ ਸੋਚ ਰੱਖੋ, ਆਸਵੰਦ ਵਿਅਕਤੀ ਨਿਰਾਸ਼ਾ 'ਤੇ ਕਾਬੂ ਪਾ ਸਕਦਾ ਹੈ।
6. ਸ਼ਰਾਬ ਨਾ ਪੀਓ। ਸ਼ਰਾਬ ਕੁਝ ਸਮੇਂ ਲਈ ਤੁਹਾਡੇ ਜਜ਼ਬਾਤਾਂ ਨੂੰ ਦਬਾਉਂਦੀ ਹੈ, ਪਰ ਜਦੋਂ ਸ਼ਰਾਬ ਦਾ ਅਸਰ ਖ਼ਤਮ ਹੋ ਜਾਂਦਾ ਹੈ ਤਾਂ ਡਿਪਰੈਸ਼ਨ ਹੋਰ ਵੱਧ ਜਾਂਦਾ ਹੈ।
7. ਪਰਮਾਤਮਾ ਅੱਗੇ ਅਰਦਾਸ ਕਰੋ; ਧਾਰਮਿਕ ਵਿਅਕਤੀ ਹੋਰ ਵਿਅਕਤੀਆਂ ਨਾਲੋਂ ਸਟ੍ਰੈੱਸ ਨੂੰ ਕਾਬੂ ਵਿੱਚ ਰੱਖ ਸਕਦੇ ਹਨ ਕਿਉਂਕਿ ਅਰਦਾਸ ਵਿੱਚ ਬਹੁਤ ਸ਼ਕਤੀ ਹੁੰਦੀ ਹੈ।
8. ਚੰਗੀਆਂ ਕਿਤਾਬਾਂ ਪੜ੍ਹੋ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਜੇਕਰ ਡਿਪਰੈਸ਼ਨ ਹੋਰ ਵੀ ਗੰਭੀਰ ਹੁੰਦਾ ਜਾ ਰਿਹਾ ਹੈ।
2. ਕਿਉਂਕਿ ਕੁਝ ਦਵਾਈਆਂ ਨਿਰਾਸ਼ਾ ਦਾ ਕਾਰਨ ਬਣ ਸਕਦੀਆਂ ਹਨ, ਇਸ ਲਈ ਦਵਾਈਆਂ ਬਾਰੇ ਡਾਕਟਰ ਦੀ ਸਲਾਹ ਲਓ।
3. ਜੇਕਰ ਤੁਸੀਂ ਆਤਮ-ਹੱਤਿਆ ਕਰਨ ਬਾਰੇ ਸੋਚਦੇ ਹੋਵੋ ।
4. ਜੇਕਰ ਤੁਹਾਡੇ ਰੋਜ਼ਾਨਾ ਦੇ ਕੰਮ ਜਾਂ ਜ਼ਿੰਮੇਵਾਰੀਆਂ 'ਤੇ ਨਕਾਰਤਮਿਕ ਪ੍ਰਭਾਵ ਪੈ ਰਿਹਾ ਹੋਵੇ।




**ਸੋਗ**

ਮੌਤ ਜਾਂ ਕਿਸੇ ਵੱਡੇ ਨੁਕਸਾਨ ਤੋਂ ਬਾਅਦ ਸੋਗ ਹੋਣਾ ਕੁਦਰਤੀ ਹੈ। ਹੇਠ ਲਿਖੇ ਨੁਕਤੇ ਸੋਗ ਦੇ ਸਮੇਂ ਮਦਦ ਕਰਦੇ ਹਨ :

1. ਰੋਣ ਨਾਲ ਮਨ ਹਲਕਾ ਹੁੰਦਾ ਹੈ, ਜੇਕਰ ਰੋਣਾ ਆਉਂਦਾ ਹੈ ਤਾਂ ਇਸਨੂੰ ਨਾ ਰੋਕੋ।
2. ਆਪਣੇ ਪਰਿਵਾਰ ਅਤੇ ਵਿਸ਼ਵਾਸਯੋਗ ਮਿੱਤਰਾਂ ਨਾਲ ਗੱਲਬਾਤ ਕਰੋ।
3. ਇਸ ਗੱਲ ਨੂੰ ਸਮਝੋ ਕਿ ਹਾਲਾਤ ਠੀਕ ਹੋਣ ਲਈ ਸਮਾਂ ਲੱਗਦਾ ਹੈ।
4. ਆਪਣੀਆਂ ਯਾਦਾਂ ਨੂੰ ਨਾ ਦਬਾਓ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਜੇਕਰ ਡਿਪਰੈਸ਼ਨ ਹੋਰ ਵੀ ਗੰਭੀਰ ਹੁੰਦਾ ਜਾ ਰਿਹਾ ਹੈ।
2. ਕਿਉਂਕਿ ਕੁਝ ਦਵਾਈਆਂ ਨਿਰਾਸ਼ਾ ਦਾ ਕਾਰਨ ਬਣ ਸਕਦੀਆਂ ਹਨ, ਇਸ ਲਈ ਦਵਾਈਆਂ ਬਾਰੇ ਡਾਕਟਰ ਦੀ ਸਲਾਹ ਲਓ।
3. ਜੇਕਰ ਤੁਸੀਂ ਆਤਮ-ਹੱਤਿਆ ਕਰਨ ਬਾਰੇ ਸੋਚਦੇ ਹੋਵੋ ।
4. ਜੇਕਰ ਤੁਹਾਡੇ ਰੋਜ਼ਾਨਾ ਦੇ ਕੰਮ ਜਾਂ ਜ਼ਿੰਮੇਵਾਰੀਆਂ 'ਤੇ ਨਕਾਰਾਤਮਿਕ ਪ੍ਰਭਾਵ ਪੈ ਰਿਹਾ ਹੋਵੇ।

**ਆਤਮ-ਹੱਤਿਆ**

ਮਾਨਸਿਕ ਨਿਰਾਸ਼ਾ ਅਤੇ ਆਸ ਦਾ ਛੱਡਣਾ ਆਤਮ-ਹੱਤਿਆ ਬਾਰੇ ਸੋਚਣ ਦੇ ਕਾਰਨ ਬਣਦੇ ਹਨ। ਕਦੇ ਕਦੇ ਇਹ ਵਿਚਾਰ ਆਉਣੇ ਕੋਈ ਸਮੱਸਿਆ ਨਹੀਂ ਹੈ, ਪਰ ਜੇਕਰ ਕੋਈ ਆਤਮ-ਹੱਤਿਆ ਕਰਨ ਦੀ ਪੂਰੀ ਯੋਜਨਾ ਬਣਾ ਲਵੇ, ਤਾਂ ਇਹ ਇੱਕ ਬਹੁਤ ਗੰਭੀਰ ਸਮੱਸਿਆ ਬਣ ਜਾਂਦੀ ਹੈ। ਆਤਮਹੱਤਿਆ ਨੂੰ ਰੋਕਿਆ ਜਾ ਸਕਦਾ ਹੈ, ਜੇਕਰ ਇਸਦੇ ਕਾਰਨਾਂ ਬਾਰੇ ਸ਼ੁਰੂ ਤੋਂ ਹੀ ਸੁਚੇਤ ਰਿਹਾ ਜਾਵੇ। ਆਤਮ-ਹੱਤਿਆ ਕਰਨ ਦਾ ਖ਼ਤਰਾ ਕਿਨ੍ਹਾਂ ਨੂੰ ਜ਼ਿਆਦਾ ਹੁੰਦਾ ਹੈ?

1. 80% ਲੋਕ ਜੋ ਆਤਮ-ਹੱਤਿਆ ਕਰਦੇ ਹਨ, ਉਹ ਆਤਮ-ਹੱਤਿਆ ਕਰਨ ਤੋਂ ਪਹਿਲਾਂ ਆਪਣੇ ਇਰਾਦੇ ਕਿਸੇ ਨਾ ਕਿਸੇ ਨੂੰ ਜ਼ਰੂਰ ਦੱਸਦੇ ਹਨ।
2. ਹਰ ਸਮੇਂ ਮੌਤ ਬਾਬਤ ਸੋਚਦੇ ਰਹਿਣਾ।
3. ਪਹਿਲਾਂ ਵੀ ਆਤਮ-ਹੱਤਿਆ ਕਰਨ ਦੀ ਕੋਸ਼ਿਸ਼ ਕੀਤੀ ਹੋਵੇ।
4. ਇਕੱਲੇ ਰਹਿਣਾ।

**ਰੋਕਥਾਮ/ਬਚਾਅ :**

1. ਆਤਮ-ਹੱਤਿਆ ਕਰਨ ਦੀ ਯੋਜਨਾ ਬਾਰੇ ਪਤਾ ਕਰਨ ਦੀ ਕੋਸ਼ਿਸ਼ ਕਰੋ।
2. ਹਰ ਸਮੇਂ ਕਿਸੇ ਭਰੋਸੇਯੋਗ ਵਿਅਕਤੀ ਨੂੰ ਇਸ ਵਿਅਕਤੀ ਦੇ ਨਾਲ ਰੱਖੋ।
3. ਇਸ ਵਿਅਕਤੀ ਦੇ ਨਾਲ ਬਹਿਸ ਨਾ ਕਰੋ ਅਤੇ ਨਾ ਹੀ ਕਿਸੇ ਤਰ੍ਹਾਂ ਦੇ 'ਭਾਸ਼ਣ' ਦਿਓ।
4. ਮੱਦਦ ਮੁਹੱਈਆ ਕਰਾਓ ਅਤੇ ਹਾਲਾਤ ਨੂੰ ਸਮਝਣ ਦੀ ਕੋਸ਼ਿਸ਼ ਕਰੋ।
5. ਕੋਈ ਵੀ ਜ਼ਹਿਰੀਲੀ ਵਸਤੂ ਉਸਦੀ ਪਹੁੰਚ ਵਿੱਚ ਨਾ ਹੋਵੇ।
6. ਇਕੱਲੇਪਣ ਤੋਂ ਬਚੋ।
7. ਜ਼ਿੰਦਗੀ ਦੇ ਵੱਡੇ ਉਦੇਸ਼ਾਂ ਵੱਲ ਵੇਖੋ। ਅਧਿਆਤਮਿਕ ਬਣੋ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਜੇ ਤੁਸੀਂ ਆਤਮ-ਹੱਤਿਆ ਕਰਨ ਬਾਰੇ ਸੋਚਣ ਲੱਗ ਜਾਓ।
2. ਜੇਕਰ ਨਿਰਾਸ਼ਾ ਬਹੁਤ ਗੰਭੀਰ ਹੁੰਦੀ ਜਾ ਰਹੀ ਹੋਵੇ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

ANY TYPE OF LADIES & GENTS PROBLEM
Healing Herbs & Healing Massage
ਕੀ ਤੁਸੀਂ ਸਰੀਰਕ ਦੁੱਖਾਂ ਦਰਦਾਂ ਤੋਂ ਪ੍ਰੇਸ਼ਾਨ ਹੋ ?
Cure with Homeopathy or Ayurved Best Natural Way of treatment with no side effects.
ਜੜੀ-ਬੂਟੀਆਂ ਅਤੇ ਮਾਲਿਸ਼ ਰਾਹੀਂ ਕੁਦਰਤੀ ਇਲਾਜ !
ਸਰੀਰ ਦੀ ਕਾਇਆ ਕਲਪ ਕਰੋ ! ਤਣਾਅ ਅਤੇ ਦਰਦ ਤੋਂ ਮੁਕਤੀ ਪਾਉਣ ਲਈ ਅੱਜ ਹੀ ਪਹੁੰਚੋ।

ਅਸੀਂ ਲੈ ਕੇ ਆਏ ਹਾਂ ਤੁਹਾਡੀ ਸਿਹਤ ਲਈ ਕੁਦਰਤੀ ਖਜ਼ਾਨਾ। ਸਾਡੇ ਕੋਲ ਦੇਸੀ ਜੜੀ-ਬੂਟੀਆਂ, ਦੇਸੀ ਦਵਾਈਆਂ ਅਤੇ ਮਾਹਿਰਾਂ ਦੁਆਰਾ ਮਾਲਿਸ਼ ਦੀ ਸਹੂਲਤ ਉਪਲਬਧ ਹੈ।
ਸਾਡਾ ਸਮਾਂ:
ਸੋਮਵਾਰ ਤੋਂ ਸ਼ੁੱਕਰਵਾਰ: ਸ਼ਾਮ 4 ਵਜੇ ਤੋਂ ਰਾਤ 8 ਵਜੇ ਤੱਕ
ਸ਼ਨੀਵਾਰ ਤੇ ਐਤਵਾਰ: ਸਵੇਰੇ 11 ਵਜੇ ਤੋਂ ਸ਼ਾਮ 6 ਵਜੇ ਤੱਕ
ਇਥੇ ਸ਼ੂਗਰ ਦੀ ਬਿਮਾਰੀ ਦਾ ਇਲਾਜ ਦੇਸੀ ਦਵਾਈਆਂ ਅਤੇ ਕੁਦਰਤੀ ਤਰੀਕੇ ਨਾਲ ਕੀਤਾ ਜਾਂਦਾ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ 510-200-1110
ਪਤਾ: 3038 Castro Valley Blvd, Castro Valley, CA 94546

# ਪੰਜਾਬੀਆਂ ਲਈ ਕੈਨੇਡਾ ਦਾ ਨਵਾਂ ਸੁਨੇਹਾ !

ਕੈਨੇਡਾ ਦੀ ਸਰਕਾਰ ਨੇ ਪੰਜਾਬ ਦੇ ਵਿਦਿਆਰਥੀਆਂ ਅਤੇ ਵਿਦੇਸ਼ੀ ਕਾਮਿਆਂ ਲਈ ਇੱਕ ਮਹੱਤਵਪੂਰਨ ਚੇਤਾਵਨੀ ਜਾਰੀ ਕੀਤੀ ਹੈ। ਕੈਨੇਡੀਅਨ ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਸਿਰਫ਼ ਇੱਕ ਵੈਧ ਵਰਕ ਪਰਮਿਟ ਹੋਣਾ ਕਾਫ਼ੀ ਨਹੀਂ ਹੈ। ਪਰਮਿਟ 'ਤੇ ਹਰ ਸ਼ਰਤ ਦੀ ਪਾਲਣਾ ਕਰਨਾ ਅਤੇ ਹਾਲਾਤ ਬਦਲਣ 'ਤੇ ਸਮੇਂ ਸਿਰ ਬਦਲਾਅ ਕਰਨਾ ਜ਼ਰੂਰੀ ਹੈ। ਛੋਟੀਆਂ ਪ੍ਰਸ਼ਾਸਕੀ ਗਲਤੀਆਂ ਰੁਜ਼ਗਾਰ, ਇਮੀਗ੍ਰੇਸ਼ਨ ਸਥਿਤੀ ਅਤੇ ਸਥਾਈ ਨਿਵਾਸ ਦੀਆਂ ਸੰਭਾਵਨਾਵਾਂ ਨੂੰ ਪ੍ਰਭਾਵਤ ਕਰ ਸਕਦੀਆਂ ਹਨ।



ਕੈਨੇਡਾ ਵਿੱਚ ਇੱਕ ਸਾਲ ਵਿੱਚ ਸਟੱਡੀ ਪਰਮਿਟ ਧਾਰਕਾਂ ਦੀ ਗਿਣਤੀ ਵਿੱਚ 26 ਪ੍ਰਤੀਸ਼ਤ ਦੀ ਗਿਰਾਵਟ ਆਈ ਹੈ। 31 ਦਸੰਬਰ, 2024 ਤੱਕ ਕੈਨੇਡਾ ਵਿੱਚ ਲਗਭਗ 9.3 ਲੱਖ ਸਟੱਡੀ ਪਰਮਿਟ ਧਾਰਕ ਸਨ, ਜੋ 31 ਦਸੰਬਰ, 2025 ਤੱਕ ਘਟ ਕੇ ਲਗਭਗ 6.9 ਲੱਖ ਰਹਿ ਗਏ। ਫਰਵਰੀ 2026 ਵਿੱਚ ਇਹ ਗਿਣਤੀ ਲਗਭਗ 7 ਲੱਖ ਹੋ ਰਹੀ। ਸਰਕਾਰ ਦਾ ਟੀਚਾ 2027 ਦੇ ਅੰਤ ਤੱਕ ਅਸਥਾਈ ਨਿਵਾਸੀਆਂ ਦੀ ਗਿਣਤੀ ਨੂੰ ਕੁੱਲ ਆਬਾਦੀ ਦੇ ਪੰਜ ਪ੍ਰਤੀਸ਼ਤ ਤੋਂ ਘੱਟ ਕਰਨ ਦਾ ਹੈ।

ਸਾਲ 2026 ਵਿੱਚ ਵੱਧ ਤੋਂ ਵੱਧ 4.1 ਲੱਖ ਸਟੱਡੀ ਪਰਮਿਟ ਜਾਰੀ ਕਰਨ ਦਾ ਟੀਚਾ ਹੈ। ਇਨ੍ਹਾਂ ਵਿੱਚ ਨਵੇਂ ਵਿਦਿਆਰਥੀਆਂ ਲਈ ਲਗਭਗ 150,000 ਅਤੇ ਮੌਜੂਦਾ ਅਤੇ ਵਾਪਸ ਆਉਣ ਵਾਲੇ ਵਿਦਿਆਰਥੀਆਂ ਲਈ ਲਗਭਗ 250,000 ਸ਼ਾਮਲ ਹਨ। 2025 ਲਈ ਟੀਚਾ ਲਗਭਗ 440,000 ਅਤੇ 2024 ਲਈ ਲਗਭਗ 490,000 ਸੀ। ਵਿਦੇਸ਼ੀ ਕਾਮਿਆਂ ਦੀ ਗਿਣਤੀ ਵੀ ਘਟਾ ਦਿੱਤੀ ਗਈ ਹੈ। 2024 ਵਿੱਚ ਲਗਭਗ 390,000 ਨਵੇਂ ਵਰਕ ਪਰਮਿਟ ਧਾਰਕ ਕੈਨੇਡਾ ਪਹੁੰਚੇ ਸਨ, ਜੋ ਕਿ 2025 ਵਿੱਚ ਘੱਟ ਕੇ ਲਗਭਗ 2.1 ਲੱਖ ਰਹਿ ਗਏ। ਜਨਵਰੀ ਅਤੇ ਜੂਨ 2026 ਦੇ ਵਿਚਕਾਰ ਲਗਭਗ 98 ਹਜ਼ਾਰ ਨਵੇਂ ਵਰਕ ਪਰਮਿਟ ਧਾਰਕ ਆਏ।

**ਪਰਮਿਟ ਦੀਆਂ ਸ਼ਰਤਾਂ ਦੀ ਪਾਲਣਾ ਲਾਜ਼ਮੀ :** ਇਮੀਗ੍ਰੇਸ਼ਨ ਵਿਭਾਗ ਵਿਦਿਆਰਥੀਆਂ ਅਤੇ ਕਾਮਿਆਂ ਨੂੰ ਆਪਣੇ ਵਰਕ ਪਰਮਿਟਾਂ ਦੀਆਂ ਸ਼ਰਤਾਂ ਨੂੰ ਸਮਝਣ ਦੀ ਸਲਾਹ ਦਿੰਦਾ ਹੈ। ਉਹਨਾਂ ਨੂੰ ਕੰਮ ਦੀ ਕਿਸਮ, ਮਾਲਕ, ਜਾਂ ਕੰਮ ਵਾਲੀ ਥਾਂ ਦੀ ਜਾਂਚ ਕਰਨੀ ਚਾਹੀਦੀ ਹੈ, ਜਿਸ ਨਾਲ ਪਰਮਿਟ ਜੁੜਿਆ ਹੋਇਆ ਹੈ। ਕਿਸੇ ਖਾਸ ਮਾਲਕ ਨਾਲ ਜੁੜੇ ਪਰਮਿਟ ਵਾਲੇ ਕਾਮੇ ਆਪਣੀ ਮਰਜ਼ੀ ਨਾਲ ਨੌਕਰੀਆਂ ਨਹੀਂ ਬਦਲ ਸਕਦੇ। ਹਾਲਾਤਾਂ ਵਿੱਚ ਇੱਕ ਮਹੱਤਵਪੂਰਨ ਤਬਦੀਲੀ ਲਈ ਇੱਕ ਨਵੇਂ ਪਰਮਿਟ ਦੀ ਲੋੜ ਹੋ ਸਕਦੀ ਹੈ। ਪਰਮਿਟ ਦੀ ਮਿਆਦ ਪੁੱਗਣ ਤੋਂ ਘੱਟੋ-ਘੱਟ 30 ਦਿਨਾਂ ਲਈ ਇੱਕ ਐਕਸਟੈਂਸ਼ਨ ਅਰਜ਼ੀ ਦੇਣੀ ਚਾਹੀਦੀ ਹੈ। ਸਮੇਂ ਸਿਰ ਅਰਜ਼ੀ ਤੁਹਾਨੂੰ ਫੈਸਲਾ ਆਉਣ ਤੱਕ ਕੈਨੇਡਾ ਵਿੱਚ ਰੱਖੇਗੀ।

# ਅਮਰੀਕੀ ਪੁਲਿਸ ਨੇ ਭਾਰਤੀ ਮੂਲ ਦੇ ਵਿਅਕਤੀ ਨੂੰ 'ਵਾਂਟੇਡ' ਐਲਾਨਿਆ

ਵਾਸ਼ਿੰਗਟਨ : ਭਾਰਤੀ ਮੂਲ ਦੇ ਇੱਕ ਵਿਅਕਤੀ ਨੂੰ ਜੈਨੇਟਿਕ ਟੈਸਟਿੰਗ ਲਈ ਧੋਖਾਧੜੀ ਵਾਲੇ ਦਾਅਵੇ ਪੇਸ਼ ਕਰਕੇ 9.3 ਕਰੋੜ ਡਾਲਰ ਦੀ ਅਮਰੀਕੀ ਸਿਹਤ ਬੀਮਾ ਯੋਜਨਾ ਨਾਲ ਕਥਿਤ ਤੌਰ 'ਤੇ ਧੋਖਾਧੜੀ ਕਰਨ ਦੇ ਦੋਸ਼ ਵਿੱਚ ਭਗੌੜਾ ਐਲਾਨਿਆ ਗਿਆ ਹੈ। ਅਮਰੀਕੀ ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ ਨੇ ਕਿਹਾ ਕਿ ਖਾਦਿਰ ਖਾਨ ਮੁਹੰਮਦ ਨੇ ਕਥਿਤ ਤੌਰ 'ਤੇ ਜੈਨੇਟਿਕ ਟੈਸਟਿੰਗ ਲਈ ਦਾਅਵੇ ਇੱਕ ਪ੍ਰਯੋਗਸ਼ਾਲਾ ਵਿੱਚ ਜਮ ?ਹਾਂ ਕਰਵਾਏ, ਜਾਂ ਦੂਜਿਆਂ ਨੂੰ ਜਮ੍ਹਾਂ ਕਰਾਉਣ ਲਈ ਮਜਬੂਰ ਕੀਤਾ, ਜੋ ਕਿ ਅਦਾਇਗੀ ਦੇ ਯੋਗ ਨਹੀਂ ਸਨ। ਵਿਭਾਗ ਦੇ ਇੰਸਪੈਕਟਰ ਜਨਰਲ (OIG) ਦਫ਼ਤਰ ਦੇ ਅਨੁਸਾਰ ਮੁਹੰਮਦ ਨੇ ਇਸ ਕਥਿਤ ਧੋਖਾਧੜੀ ਵਾਲੀ ਸਾਜ਼ਿਸ਼ ਦੇ ਹਿੱਸੇ ਵਜੋਂ ਅਮਰੀਕੀ ਪ੍ਰੀਮੀਅਰ ਰਾਹੀਂ ਸਿਹਤ ਬੀਮਾ ਯੋਜਨਾ ਵਿੱਚ ਲਗਭਗ 9.3 ਕਰੋੜ ਡਾਲਰ ਦੇ ਧੋਖਾਧੜੀ ਵਾਲੇ ਦਾਅਵੇ ਜਮ੍ਹਾਂ ਕਰਵਾਏ, ਜਿਸ ਦੇ ਨਤੀਜੇ ਵਜੋਂ ਘੱਟੋ-ਘੱਟ 6.5 ਕਰੋੜ ਡਾਲਰ ਦਾ ਭੁਗਤਾਨ ਕੀਤਾ ਗਿਆ। ਵਿਭਾਗ ਦੇ ਅਨੁਸਾਰ 2023 ਵਿੱਚ ਸਿਰਫ 10 ਦਿਨਾਂ ਦੀ ਮਿਆਦ ਦੇ ਦੌਰਾਨ ਇਸ ਯੋਜਨਾ ਦੇ ਤਹਿਤ ਲਗਭਗ 1.3 ਕਰੋੜ ਡਾਲਰ ਦੇ ਧੋਖਾਧੜੀ ਵਾਲੇ ਦਾਅਵਿਆਂ ਦਾ ਭੁਗਤਾਨ ਕੀਤਾ ਗਿਆ ਸੀ। ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ ਦੇ ਅਨੁਸਾਰ ਮੁਹੰਮਦ ਵਰਤਮਾਨ ਵਿੱਚ ਭਾਰਤ ਦੇ ਹੈਦਰਾਬਾਦ ਵਿੱਚ ਮੰਨਿਆ ਜਾਂਦਾ ਹੈ। ਵਿਭਾਗ ਨੇ ਕਿਹਾ ਕਿ ਅਗਸਤ 2023 ਅਤੇ ਅਕਤੂਬਰ 2024 ਦੇ ਵਿਚਕਾਰ ਮੁਹੰਮਦ ਨੇ ਕਥਿਤ ਤੌਰ 'ਤੇ ਟੈਕਸਾਸ ਦੇ ਉੱਤਰੀ ਜ਼ਿਲ੍ਹੇ ਅਤੇ ਹੋਰ ਥਾਵਾਂ 'ਤੇ ਡਾਕਟਰਾਂ ਤੋਂ ਉਨ੍ਹਾਂ ਦੀ ਜਾਣਕਾਰੀ ਜਾਂ ਸਹਿਮਤੀ ਤੋਂ ਬਿਨਾਂ ਨਿੱਜੀ ਪਛਾਣ ਜਾਣਕਾਰੀ ਦੀ ਵਰਤੋਂ ਉਨ੍ਹਾਂ ਲਾਭਪਾਤਰੀਆਂ ਲਈ ਜੈਨੇਟਿਕ ਟੈਸਟਿੰਗ ਲਈ ਦਾਅਵੇ ਜਮ ?ਹਾਂ ਕਰਾਉਣ ਲਈ ਕੀਤੀ ਜਿਨ੍ਹਾਂ ਦਾ ਉਨ੍ਹਾਂ ਡਾਕਟਰਾਂ ਨਾਲ ਕੋਈ ਇਲਾਜ-ਸਬੰਧਤ ਸੰਪਰਕ ਨਹੀਂ ਸੀ। ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ ਨੇ ਕਿਹਾ, 'ਇਨ੍ਹਾਂ ਟੈਸਟਾਂ ਦੀ ਸਿਫਾਰਸ਼ ਡਾਕਟਰਾਂ ਦੁਆਰਾ ਨਹੀਂ ਕੀਤੀ ਗਈ ਸੀ, ਨਾ ਹੀ ਉਨ੍ਹਾਂ ਦੇ ਨਤੀਜਿਆਂ ਨੂੰ ਲਾਭਪਾਤਰੀਆਂ ਦੇ ਇਲਾਜ ਵਿੱਚ ਵਰਤਿਆ ਗਿਆ ਸੀ।'




# ਮਹਾਰਾਸ਼ਟਰ 'ਚ ਠਾਕਰੇ ਪਰਿਵਾਰ ਮਗਰੋਂ ਹੁਣ ਬੰਗਾਲ 'ਚ ਮਮਤਾ ਬੈਨਰਜੀ 'ਤੇ ਨਿਸ਼ਾਨਾ; ਚੋਣ ਕਮਿਸ਼ਨ ਦੀ ਵੱਡੀ ਕਾਰਵਾਈ

## TMC ਬਨਾਮ TMC: ਚੋਣ ਕਮਿਸ਼ਨ ਵੱਲੋਂ ਤ੍ਰਿਣਮੂਲ ਕਾਂਗਰਸ ਦਾ ਨਾਮ ਤੇ ਚੋਣ ਨਿਸ਼ਾਨ ਫ਼ਰੀਜ਼

**ਮਮਤਾ ਬੈਨਰਜੀ ਅਤੇ ਰਿਤਬਰਤਾ ਬੈਨਰਜੀ ਧੜਿਆਂ ਨੂੰ ਨਵੇਂ ਨਾਮ ਤੇ ਨਿਸ਼ਾਨ ਲਈ ਤਿੰਨ-ਤਿੰਨ ਬਦਲ ਦੇਣ ਦੇ ਹੁਕਮ; ਪੱਛਮੀ ਬੰਗਾਲ ਦੀ ਸਿਆਸਤ 'ਚ ਵੱਡਾ ਭੁਚਾਲ; ਆਗਾਮੀ ਜ਼ਿਮਨੀ ਚੋਣਾਂ 'ਤੇ ਪਵੇਗਾ ਸਿੱਧਾ ਅਸਰ**

ਨਵੀਂ ਦਿੱਲੀ/ਕੋਲਕਾਤਾ : ਤ੍ਰਿਣਮੂਲ ਕਾਂਗਰਸ (TMC) ਅੰਦਰ ਛਿੜੇ ਤਿੱਖੇ ਅੰਦਰੂਨੀ ਕਾਟੋ-ਕਲੇਸ਼ ਅਤੇ ਲੀਡਰਸ਼ਿਪ ਵਿਵਾਦ ਦਰਮਿਆਨ ਭਾਰਤੀ ਚੋਣ ਕਮਿਸ਼ਨ (Election Commission of India) ਨੇ ਇੱਕ ਵੱਡਾ ਤੇ ਸਖ਼ਤ ਅੰਤਰਿਮ ਫ਼ੈਸਲਾ ਸੁਣਾਇਆ ਹੈ। ਚੋਣ ਕਮਿਸ਼ਨ ਨੇ ਪਾਰਟੀ ਦੇ ਅਧਿਕਾਰਤ ਨਾਮ 'ਤ੍ਰਿਣਮੂਲ ਕਾਂਗਰਸ' ਅਤੇ ਉਸ ਦੇ ਚੋਣ ਨਿਸ਼ਾਨ ਨੂੰ ਤੁਰੰਤ ਪ੍ਰਭਾਵ ਨਾਲ ਫ਼ਰੀਜ਼ (ਜ਼ਬਤ) ਕਰ ਦਿੱਤਾ ਹੈ।

ਚੋਣ ਕਮਿਸ਼ਨ ਦੇ ਇਸ ਹੁਕਮ ਤੋਂ ਬਾਅਦ ਆਗਾਮੀ ਜ਼ਿਮਨੀ ਚੋਣਾਂ ਵਿੱਚ ਦੋਵਾਂ ਵਿੱਚੋਂ ਕਿਸੇ ਵੀ ਧੜੇ ਨੂੰ ਪਾਰਟੀ ਦਾ ਮੂਲ ਨਾਮ ਜਾਂ ਰਵਾਇਤੀ ਚੋਣ ਨਿਸ਼ਾਨ ਵਰਤਣ ਦਾ ਅਧਿਕਾਰ ਨਹੀਂ ਹੋਵੇਗਾ।

**ਕੇਸ ਨਾਲ ਜੁੜੇ ਮੁੱਖ ਵੇਰਵੇ**

**ਸੰਸਥਾ:** ਭਾਰਤੀ ਚੋਣ ਕਮਿਸ਼ਨ (ECI), ਨਵੀਂ ਦਿੱਲੀ

**ਸਬੰਧਤ ਪਾਰਟੀ :** ਆਲ ਇੰਡੀਆ ਤ੍ਰਿਣਮੂਲ ਕਾਂਗਰਸ (TMC)

**ਆਹਮੋ-ਸਾਹਮਣੇ ਧਿਰਾਂ :** ਮਮਤਾ ਬੈਨਰਜੀ ਧੜਾ ਬਨਾਮ ਰਿਤਬਰਤਾ ਬੈਨਰਜੀ ਧੜਾ

**ਚੋਣ ਕਮਿਸ਼ਨ ਦਾ ਫ਼ੈਸਲਾ :** ਪਾਰਟੀ ਦਾ ਨਾਮ ਅਤੇ ਚੋਣ ਚਿੰਨ੍ਹ ਅੰਤਰਿਮ ਤੌਰ 'ਤੇ ਫ਼ਰੀਜ਼

**ਡੈੱਡਲਾਈਨ :** ਸ਼ੁੱਕਰਵਾਰ ਸਵੇਰੇ 11:00 ਵਜੇ ਤੱਕ ਨਵੇਂ ਨਾਮ ਤੇ ਨਿਸ਼ਾਨ ਦੇ 3-3 ਬਦਲ ਜਮ੍ਹਾਂ ਕਰਵਾਉਣ ਦੇ ਆਦੇਸ਼

**ਸਿਆਸੀ ਪ੍ਰਭਾਵ :** ਆਗਾਮੀ ਵਿਧਾਨ ਸਭਾ/ਲੋਕ ਸਭਾ ਜ਼ਿਮਨੀ ਚੋਣਾਂ ਨਵੇਂ ਅਸਥਾਈ ਨਾਵਾਂ ਤੇ ਚਿੰਨ੍ਹਾਂ 'ਤੇ ਲੜੀਆਂ ਜਾਣਗੀਆਂ

**ਚੋਣ ਕਮਿਸ਼ਨ ਦੇ ਹੁਕਮਾਂ ਦੇ ਮੁੱਖ ਅੰਸ਼**

ਚੋਣ ਨਿਸ਼ਾਨ 'ਤੇ ਅੰਤਰਿਮ ਰੋਕ: ਪਾਰਟੀ ਦੇ ਚੋਣ ਚਿੰਨ੍ਹ 'ਤੇ ਮਲਕੀਅਤ ਨੂੰ ਲੈ ਕੇ ਮਮਤਾ ਬੈਨਰਜੀ ਧੜੇ ਅਤੇ ਰਿਤਬਰਤਾ ਬੈਨਰਜੀ ਧੜੇ ਵਿਚਾਲੇ ਪੈਦਾ ਹੋਏ ਕਾਨੂੰਨੀ ਵਿਵਾਦ ਕਾਰਨ ਚੋਣ ਕਮਿਸ਼ਨ ਨੇ ਕਿਸੇ ਇੱਕ ਧੜੇ ਦੇ ਹੱਕ ਵਿੱਚ ਤੁਰੰਤ ਫ਼ੈਸਲਾ ਦੇਣ ਦੀ ਬਜਾਏ, ਚੋਣਾਂ ਵਿੱਚ ਨਿਰਪੱਖਤਾ ਬਣਾਈ ਰੱਖਣ ਹਿੱਤ ਮੂਲ ਨਾਮ ਤੇ ਚਿੰਨ੍ਹ ਨੂੰ ਫ਼ਰੀਜ਼ ਕਰ ਦਿੱਤਾ ਹੈ।




**ਨਵੇਂ ਵਿਕਲਪ ਜਮ੍ਹਾਂ ਕਰਵਾਉਣ ਦੇ ਨਿਰਦੇਸ਼:** ਚੋਣ ਕਮਿਸ਼ਨ ਨੇ ਦੋਵਾਂ ਧੜਿਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਸ਼ੁੱਕਰਵਾਰ ਸਵੇਰੇ 11:00 ਵਜੇ ਤੱਕ ਆਪਣੀ-ਆਪਣੀ ਧਿਰ ਲਈ ਨਵੇਂ ਅਸਥਾਈ ਪਾਰਟੀ ਨਾਵਾਂ ਅਤੇ ਤਰਜੀਹੀ ਚੋਣ ਨਿਸ਼ਾਨਾਂ ਦੇ ਤਿੰਨ-ਤਿੰਨ ਬਦਲ (Preferences/Options) ਕਮਿਸ਼ਨ ਅੱਗੇ ਪੇਸ਼ ਕਰਨ।

**ਜ਼ਿਮਨੀ ਚੋਣਾਂ 'ਚ ਵੱਖਰਾ ਵਜੂਦ:** ਆਉਣ ਵਾਲੀਆਂ ਜ਼ਿਮਨੀ ਚੋਣਾਂ ਦੌਰਾਨ ਦੋਵੇਂ ਧੜੇ ਚੋਣ ਕਮਿਸ਼ਨ ਵੱਲੋਂ ਅਲਾਟ ਕੀਤੇ ਜਾਣ ਵਾਲੇ ਵੱਖਰੇ ਨਾਵਾਂ ਅਤੇ ਆਜ਼ਾਦ ਚੋਣ ਨਿਸ਼ਾਨਾਂ ਅਧੀਨ ਹੀ ਚੋਣ ਮੈਦਾਨ ਵਿੱਚ ਆਹਮੋ-ਸਾਹਮਣੇ ਹੋ ਸਕਣਗੇ।

**ਪੱਛਮੀ ਬੰਗਾਲ ਦੀ ਸਿਆਸਤ ਵਿੱਚ ਭੂਚਾਲ**

ਚੋਣ ਕਮਿਸ਼ਨ ਦੇ ਇਸ ਅਚਾਨਕ ਆਏ ਫ਼ੈਸਲੇ ਨਾਲ ਪੱਛਮੀ ਬੰਗਾਲ ਦੇ ਸਿਆਸੀ ਹਲਕਿਆਂ ਵਿੱਚ ਜ਼ਬਰਦਸਤ ਹਲਚਲ ਪੈਦਾ ਹੋ ਗਈ ਹੈ। ਸੂਬੇ ਦੇ ਸੱਤਾਧਾਰੀ ਢਾਂਚੇ ਲਈ ਇਹ ਇੱਕ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ। ਜਾਣਕਾਰੀ ਅਨੁਸਾਰ ਦੋਵੇਂ ਧਿਰਾਂ ਹੁਣ ਚੋਣ ਕਮਿਸ਼ਨ ਦੇ ਅੰਤਰਿਮ ਹੁਕਮਾਂ ਦੀ ਕਾਨੂੰਨੀ ਸਮੀਖਿਆ ਕਰ ਰਹੀਆਂ ਹਨ ਅਤੇ ਮਾਮਲੇ ਨੂੰ ਉੱਚ ਅਦਾਲਤਾਂ (ਹਾਈ ਕੋਰਟ ਜਾਂ ਸੁਪਰੀਮ ਕੋਰਟ) ਵਿੱਚ ਚੁਣੌਤੀ ਦੇਣ ਲਈ ਕਾਨੂੰਨੀ ਮਾਹਿਰਾਂ ਨਾਲ ਮੀਟਿੰਗਾਂ ਦਾ ਦੌਰ ਜਾਰੀ ਹੈ।

ਚੋਣ ਅਤੇ ਕਾਨੂੰਨੀ ਰਿਪੋਰਟਿੰਗ ਬੇਦਾਅਵਾ

**ਸਰੋਤ ਤੇ ਪ੍ਰਕਿਰਿਆ:** ਇਹ ਰਿਪੋਰਟ ਭਾਰਤੀ ਚੋਣ ਕਮਿਸ਼ਨ (ECI) ਵੱਲੋਂ ਪਾਰਟੀ ਵਿਵਾਦਾਂ ਸਬੰਧੀ ਚੋਣ ਚਿੰਨ੍ਹ (ਰਿਜ਼ਰਵੇਸ਼ਨ ਅਤੇ ਅਲਾਟਮੈਂਟ) ਆਰਡਰ ਤਹਿਤ ਜਾਰੀ ਕੀਤੇ ਗਏ ਅੰਤਰਿਮ ਹੁਕਮਾਂ ਅਤੇ ਸਬੰਧਤ ਪੱਤਰਕਾਰੀ ਰਿਪੋਰਟਾਂ 'ਤੇ ਆਧਾਰਿਤ ਹੈ।

ਅੰਤਰਿਮ ਹੁਕਮਾਂ ਦਾ ਦਾਇਰਾ: ਚੋਣ ਨਿਸ਼ਾਨ ਅਤੇ ਨਾਮ ਨੂੰ ਫ਼ਰੀਜ਼ ਕਰਨ ਦਾ ਕਦਮ ਚੋਣਾਂ ਦੇ ਮੱਦੇਨਜ਼ਰ ਇੱਕ ਅੰਤਰਿਮ ਵਿਵਸਥਾ ਹੈ। ਮੂਲ ਪਾਰਟੀ ਦੀ ਮਲਕੀਅਤ ਅਤੇ ਅਸਲ ਸੰਗਠਨਾਤਮਕ ਬਹੁਮਤ ਦਾ ਅੰਤਿਮ ਫ਼ੈਸਲਾ ਕਮਿਸ਼ਨ ਵਿੱਚ ਚੱਲਣ ਵਾਲੀ ਪੂਰੀ ਕਾਨੂੰਨੀ ਸੁਣਵਾਈ ਜਾਂ ਮਾਣਯੋਗ ਅਦਾਲਤ ਦੇ ਅੰਤਿਮ ਆਦੇਸ਼ਾਂ 'ਤੇ ਨਿਰਭਰ ਕਰੇਗਾ।

# ਪੰਜਾਬ ਸਰਕਾਰ ਵੱਲੋਂ ਬੇਅਦਬੀ ਵਿਰੁੱਧ ਐਕਟ ਲਈ ਸੱਤ ਮੈਂਬਰੀ ਤਾਲਮੇਲ ਕਮੇਟੀ ਦਾ ਗਠਨ

## ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਕੀਤੀ ਪਾਲਣਾ

ਚੰਡੀਗੜ੍ਹ : ਪੰਜਾਬ ਸਰਕਾਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦੀ ਪਾਲਣਾ ਹਿਤ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026' ਸਬੰਧੀ ਤਾਲਮੇਲ ਵਾਸਤੇ ਅੱਜ ਸੱਤ ਮੈਂਬਰੀ ਕਮੇਟੀ ਦਾ ਗਠਨ ਕਰ ਦਿੱਤਾ ਹੈ। ਇਹ ਸੱਤ ਮੈਂਬਰੀ ਕਮੇਟੀ ਬੇਅਦਬੀ ਵਿਰੁੱਧ (ਸੋਧ) ਐਕਟ ਦੇ ਮਾਮਲਿਆਂ ਸਬੰਧ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਗਠਿਤ ਕਮੇਟੀ ਨਾਲ ਤਾਲਮੇਲ ਕਰੇਗੀ। ਪੰਜਾਬ ਦੇ ਗ੍ਰਹਿ ਵਿਭਾਗ ਦੇ ਵਧੀਕ ਮੁੱਖ ਸਕੱਤਰ ਆਲੋਕ ਸ਼ੇਖਰ ਵੱਲੋਂ ਇਸ ਕਮੇਟੀ ਦੇ ਗਠਨ ਬਾਰੇ ਹੁਕਮ ਜਾਰੀ ਕੀਤੇ ਗਏ ਹਨ।




ਸੱਤ ਮੈਂਬਰੀ ਕਮੇਟੀ 'ਚ ਧਾਰਮਿਕ, ਪ੍ਰਸ਼ਾਸਨਿਕ ਅਤੇ ਨਿਆਂਇਕ ਖੇਤਰ ਦੀਆਂ ਪ੍ਰਸਿੱਧ ਹਸਤੀਆਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਕਮੇਟੀ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ, ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ, ਸੰਤ ਬਾਬਾ ਸੇਵਾ ਸਿੰਘ ਰਾਮਪੁਰ ਖੇੜਾ, ਸਾਬਕਾ ਜਸਟਿਸ ਜਸਪਾਲ ਸਿੰਘ, ਸਾਬਕਾ ਜਸਟਿਸ ਗੁਰਬੀਰ ਸਿੰਘ, ਸਾਬਕਾ ਆਈ ਪੀ ਐੱਸ ਅਧਿਕਾਰੀ ਜਤਿੰਦਰ ਸਿੰਘ ਔਲਖ ਅਤੇ ਕਾਨੂੰਨ ਅਧਿਕਾਰੀ ਪ੍ਰੀਤ ਇੰਦਰ ਪੌਲ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ।

ਪੰਜਾਬ ਸਰਕਾਰ ਤਰਫ਼ੋਂ ਇਹ ਸੱਤ ਮੈਂਬਰੀ ਕਮੇਟੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਗਠਿਤ ਕਮੇਟੀ ਨਾਲ ਰੈਗੂਲਰ ਤਾਲਮੇਲ ਰੱਖੇਗੀ ਅਤੇ ਵਿਚਾਰ ਵਟਾਂਦਰਾ ਕਰੇਗੀ। ਇਸੇ ਤਰ੍ਹਾਂ ਸੁਝਾਵਾਂ ਦੀ ਰਿਪੋਰਟ ਅਗਲੇਰੀ ਕਾਰਵਾਈ ਲਈ ਪੰਜਾਬ ਸਰਕਾਰ ਨੂੰ ਪੇਸ਼ ਕਰੇਗੀ।

# ਟਰੰਪ ਨੂੰ ਅਮਰੀਕੀ ਸੁਪਰੀਮ ਕੋਰਟ ਤੋਂ ਝਟਕਾ, ਮਿਡ-ਟਰਮ ਚੋਣਾਂ 'ਚ ਲਾਗੂ ਨਹੀਂ ਹੋਵੇਗਾ ਮੇਲ-ਇਨ ਵੋਟਿੰਗ ਰੂਲ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ US ਸੁਪਰੀਮ ਕੋਰਟ ਤੋਂ ਵੱਡਾ ਝਟਕਾ ਲੱਗਾ ਹੈ। ਟਰੰਪ ਨੇ ਦੇਸ਼ ਭਰ ਦੇ ਵੋਟਰਾਂ ਨੂੰ ਮੇਲ ਬੈਲਟ (Mail Ballot) ਭੇਜਣ ਦੇ ਤਰੀਕੇ 'ਚ ਬਦਲਾਅ ਕਰਨ ਦੀ ਗੱਲ ਕਹੀ ਸੀ ਪਰ ਸੁਪਰੀਮ ਕੋਰਟ ਨੇ ਇਸ ਯੋਜਨਾ ਨੂੰ ਰੱਦ ਕਰ ਦਿੱਤਾ ਹੈ।

ਚੋਣ ਅਧਿਕਾਰੀਆਂ ਨੇ ਚਿਤਾਵਨੀ ਦਿੱਤੀ ਸੀ ਕਿ ਜੇਕਰ ਇਸ ਸਾਲ ਦੀਆਂ ਮਿਡ-ਟਰਮ ਚੋਣਾਂ 'ਚ ਇਸ ਨੂੰ ਲਾਗੂ ਕੀਤਾ ਜਾਂਦਾ ਹੈ ਤਾਂ ਇਸ ਦੇ ਬਹੁਤ ਗੰਭੀਰ ਨਤੀਜੇ ਹੋ ਸਕਦੇ ਹਨ।

**ਸੁਪਰੀਮ ਕੋਰਟ ਨੇ ਟਰੰਪ ਦੇ ਫ਼ੈਸਲੇ 'ਤੇ ਲਾਈ ਰੋਕ :** ਕੋਰਟ ਸਾਹਮਣੇ ਆਏ ਸਭ ਤੋਂ ਅਹਿਮ ਮਾਮਲਿਆਂ 'ਚੋਂ ਇੱਕ ਵਿੱਚ ਬਹੁਗਿਣਤੀ ਜੱਜਾਂ ਨੇ ਇਸ ਪ੍ਰਕਿਰਿਆ 'ਤੇ ਰੋਕ ਲਗਾ ਦਿੱਤੀ, ਜਿਸ ਨਾਲ US ਪੋਸਟਲ ਸਰਵਿਸ ਨੂੰ ਲੱਖਾਂ ਮੇਲ ਬੈਲਟ ਰੋਕਣ ਦੀ ਅਣਮੁੱਲੀ ਸ਼ਕਤੀ ਮਿਲ ਜਾਂਦੀ।

ਇੱਥੋਂ ਤੱਕ ਕਿ GOP (ਰਿਪਬਲਿਕਨ ਪਾਰਟੀ) ਦੇ ਕਈ ਚੋਣ ਅਧਿਕਾਰੀਆਂ ਨੇ ਚਿਤਾਵਨੀ ਦਿੱਤੀ ਸੀ ਕਿ ਇਸ ਪ੍ਰਸਤਾਵ ਨਾਲ ਹਫੜਾ-ਦਫੜੀ ਮਚ ਸਕਦੀ ਹੈ ਅਤੇ ਵੱਡੀ ਗਿਣਤੀ 'ਚ ਲੋਕ ਵੋਟ ਪਾਉਣ ਦੇ ਅਧਿਕਾਰ ਤੋਂ ਵਾਂਝੇ ਹੋ ਸਕਦੇ ਹਨ।

ਅਮਰੀਕੀ ਅਦਾਲਤ ਦਾ ਇਹ ਫ਼ੈਸਲਾ ਰਾਸ਼ਟਰਪਤੀ ਲਈ ਇੱਕ ਵੱਡਾ ਝਟਕਾ ਹੈ, ਜੋ ਸਾਲਾਂ ਤੋਂ ਵੱਡੇ ਪੱਧਰ 'ਤੇ ਧੋਖਾਧੜੀ ਦੇ ਝੂਠੇ ਦੋਸ਼ ਲਗਾ ਕੇ ਮੇਲ ਵੋਟਿੰਗ ਦਾ ਵਿਰੋਧ ਕਰਦੇ ਰਹੇ ਹਨ, ਜਦਕਿ ਖ਼ੁਦ ਵੀ ਮੇਲ ਰਾਹੀਂ ਵੋਟ ਪਾਉਂਦੇ ਰਹੇ ਹਨ। ਕੋਰਟ ਨੇ ਕਿਹਾ, 'ਪ੍ਰਸ਼ਾਸਨ ਦੇ ਆਪਣੀ ਚੁਣੌਤੀ ਦੇ ਆਧਾਰ 'ਤੇ ਸਫ਼ਲ ਹੋਣ ਦੀ ਸੰਭਾਵਨਾ ਘੱਟ ਹੈ।' ਹਾਲਾਂਕਿ, ਉਨ੍ਹਾਂ ਨੇ ਆਪਣੇ ਤਿੰਨ ਵਾਕਾਂ ਵਾਲੇ, ਬਿਨਾਂ ਦਸਤਖ਼ਤ ਵਾਲੇ ਹੁਕਮ 'ਚ ਇਸ ਬਾਰੇ ਬਹੁਤੀ ਵਿਆਖਿਆ ਨਹੀਂ ਕੀਤੀ। ਕੰਜ਼ਰਵੇਟਿਵ ਜੱਜ ਸੈਮੂਅਲ ਐਲੀਟੋ ਅਤੇ ਕਲੇਰੈਂਸ ਥਾਮਸ ਨੇ ਇਸ ਫ਼ੈਸਲੇ ਨਾਲ ਅਸਹਿਮਤੀ ਜਤਾਈ।

ਪ੍ਰਸ਼ਾਸਨ ਨੇ ਆਪਣੇ ਪ੍ਰਸਤਾਵ ਨੂੰ ਪੋਸਟਲ ਨਿਯਮਾਂ 'ਚ ਇੱਕ ਮਾਮੂਲੀ ਬਦਲਾਅ ਵਜੋਂ ਪੇਸ਼ ਕੀਤਾ ਸੀ, ਜਿਸ ਦਾ ਮਕਸਦ ਕਥਿਤ ਧੋਖਾਧੜੀ ਤੋਂ ਬਚਾਅ ਕਰਨਾ ਸੀ। ਹਾਲਾਂਕਿ, ਟ ?ਰੰਪ ਦੇ ਆਲੋਚਕਾਂ ਨੇ ਇਸ ਕਦਮ ਨੂੰ ਅਸੰਵਿਧਾਨਕ ਤਰੀਕੇ ਨਾਲ ਤਾਕਤ ਹਥਿਆਉਣ ਦੀ ਕੋਸ਼ਿਸ਼ ਦੱਸਿਆ, ਜਿਸ ਨੂੰ ਲਾਗੂ ਕਰਨ ਲਈ US ਪੋਸਟਲ ਸਰਵਿਸ ਪੂਰੀ ਤਰ੍ਹਾਂ ਤਿਆਰ ਵੀ ਨਹੀਂ ਸੀ।

# ਦਿਲਜੀਤ ਦੁਸਾਂਝ ਲੰਡਨ ਦੇ ਵੈਂਬਲੇ ਸਟੇਡੀਅਮ 'ਚ ਪ੍ਰਦਰਸ਼ਨ ਕਰਨ ਵਾਲੇ ਪਹਿਲੇ ਪੰਜਾਬੀ ਕਲਾਕਾਰ ਬਣੇ





ਲੰਡਨ : ਪੰਜਾਬੀ ਗਾਇਕੀ ਨੂੰ ਵਿਸ਼ਵ ਪੱਧਰ 'ਤੇ ਨਵੀਆਂ ਬੁਲੰਦੀਆਂ 'ਤੇ ਲੈ ਜਾਣ ਵਾਲੇ ਗਾਇਕ ਤੇ ਅਦਾਕਾਰ ਦਿਲਜੀਤ ਦੁਸਾਂਝ ਨੇ ਲੰਡਨ ਦੇ ਵਿਸ਼ਵ ਪ੍ਰਸਿੱਧ ਵੈਂਬਲੇ ਸਟੇਡੀਅਮ ਵਿਚ ਆਪਣਾ ਸ਼ਾਨਦਾਰ ਸੰਗੀਤਕ ਪ੍ਰੋਗਰਾਮ ਪੇਸ਼ ਕਰਕੇ ਇਕ ਨਵਾਂ ਇਤਿਹਾਸ ਸਿਰਜਿਆ। ਦਿਲਜੀਤ ਵੈਂਬਲੇ ਸਟੇਡੀਅਮ ਵਿਚ ਮੁੱਖ ਕਲਾਕਾਰ ਵਜੋਂ ਪ੍ਰੋਗਰਾਮ ਕਰਨ ਵਾਲੇ ਪਹਿਲੇ ਪੰਜਾਬੀ ਕਲਾਕਾਰ ਬਣ ਗਏ ਹਨ। ਖ਼ਾਸ ਗੱਲ ਇਹ ਰਹੀ ਕਿ 90 ਹਜ਼ਾਰ ਸੀਟਾਂ ਦੀ ਸਮਰੱਥਾ ਵਾਲੇ ਇਸ ਸਟੇਡੀਅਮ ਦੀਆਂ ਸਾਰੀਆਂ ਟਿਕਟਾਂ ਬੁੱਕ ਸਨ। ਦਿਲਜੀਤ ਨੇ ਇਸ ਵਾਰ ਆਪਣੇ ਨਾਅਰੇ ਨੂੰ ਥੋੜਾ ਬਦਲਦਿਆਂ 'ਪੰਜਾਬੀ ਆ ਗਏ ਵੈਂਬਲੇ ਓਏ' ਕਹਿ ਕੇ ਨਵਾਂ ਰੂਪ ਦਿੱਤਾ।ਇਹ ਇਤਿਹਾਸਕ ਪ੍ਰੋਗਰਾਮ ਦਿਲਜੀਤ ਦੁਸਾਂਝ ਦੇ 'ਔਰਾ ਵਰਲਡ ਟੂਰ' ਦਾ ਹਿੱਸਾ ਸੀ। ਵੈਂਬਲੇ ਸਟੇਡੀਅਮ ਵਲੋਂ ਵੀ ਇਸ ਪ੍ਰੋਗਰਾਮ ਨੂੰ ਇਤਿਹਾਸਕ ਕਰਾਰ ਦਿੰਦਿਆਂ ਦਿਲਜੀਤ ਨੂੰ ਵੈਂਬਲੇ ਵਿਚ ਮੁੱਖ ਕਲਾਕਾਰ ਵਜੋਂ ਪੇਸ਼ ਹੋਣ ਵਾਲਾ ਪਹਿਲਾ ਪੰਜਾਬੀ ਕਲਾਕਾਰ ਦੱਸਿਆ ਹੈ।।ਵੈਂਬਲੇ ਵਰਗੇ ਵਿਸ਼ਵ ਪ੍ਰਸਿੱਧ ਮੰਚ 'ਤੇ ਪੰਜਾਬੀ ਗੀਤਾਂ ਦੀ ਗੂੰਜ ਨੇ ਇਹ ਸਾਬਤ ਕਰ ਦਿੱਤਾ ਕਿ ਪੰਜਾਬੀ ਸੰਗੀਤ ਹੁਣ ਕਿਸੇ ਇਕ ਖੇਤਰ ਜਾਂ ਭਾਈਚਾਰੇ ਤੱਕ ਸੀਮਤ ਨਹੀਂ ਰਿਹਾ, ਸਗੋਂ ਦੁਨੀਆ ਦੇ ਵੱਡੇ ਸੰਗੀਤਕ ਮੰਚਾਂ 'ਤੇ ਆਪਣੀ ਵਿਲੱਖਣ ਪਛਾਣ ਬਣਾ ਚੁੱਕਾ ਹੈ। ਇਸ ਪ੍ਰਾਪਤੀ ਨੂੰ ਸਿਰਫ਼ ਦਿਲਜੀਤ ਦੁਸਾਂਝ ਦੀ ਨਿੱਜੀ ਕਾਮਯਾਬੀ ਹੀ ਨਹੀਂ, ਸਗੋਂ ਪੰਜਾਬੀ ਬੋਲੀ, ਪੰਜਾਬੀ ਸੰਗੀਤ ਅਤੇ ਦੁਨੀਆ ਭਰ ਵਿਚ ਵੱਸਦੇ ਪੰਜਾਬੀਆਂ ਲਈ ਮਾਣ ਵਾਲਾ ਇਤਿਹਾਸਕ ਪਲ ਮੰਨਿਆ ਜਾ ਰਿਹਾ ਹੈ।ਖ਼ਾਸ ਗੱਲ ਇਹ ਵੀ ਹੈ ਕਿ ਦਿਲਜੀਤ ਦੇ ਪ੍ਰੋਗਰਾਮ ਨਾਲ ਵੈਂਬਲੇ ਸਟੇਡੀਅਮ ਦੇ 2026 ਦੇ ਰਿਕਾਰਡਤੋੜ ਸੰਗੀਤਕ ਸੀਜ਼ਨ ਦੀ ਸਮਾਪਤੀ ਹੋਈ। ਸਟੇਡੀਅਮ ਮੁਤਾਬਕ ਜੂਨ ਤੋਂ ਸਤੰਬਰ ਤੱਕ ਇਥੇ 34 ਸੰਗੀਤਕ ਪ੍ਰੋਗਰਾਮ ਰੱਖੇ ਗਏ ਸਨ, ਜੋ ਇਕ ਸਾਲ ਵਿਚ ਵੈਂਬਲੇ ਵਿਚ ਹੋਏ ਸੰਗੀਤਕ ਪ੍ਰੋਗਰਾਮਾਂ ਦੀ ਸਭ ਤੋਂ ਵੱਡੀ ਗਿਣਤੀ ਸੀ। ਦਿਲਜੀਤ ਦੁਸਾਂਝ ਦੀ ਇਸ ਇਤਿਹਾਸਕ ਪ੍ਰਾਪਤੀ ਨੇ ਇਕ ਵਾਰ ਫਿਰ ਦੁਨੀਆ ਨੂੰ ਸੁਨੇਹਾ ਦਿੱਤਾ ਹੈ ਕਿ ਪੰਜਾਬੀ ਸੰਗੀਤ ਦੀ ਆਵਾਜ਼ ਹੁਣ ਵਿਸ਼ਵ ਦੇ ਸਭ ਤੋਂ ਵੱਡੇ ਮੰਚਾਂ ਤੱਕ ਪਹੁੰਚ ਚੁੱਕੀ ਹੈ। ਇਸ ਮੌਕੇ ਦਿਲਜੀਤ ਵਰਗੀਆਂ ਲੋਕਾਂ ਦੇ ਚਿੱਟੇ ਰੰਗ ਦੀਆਂ ਮੁਫ਼ਤ ਦਸਤਾਰਾਂ ਵੀ ਸਜਾਈਆਂ ਗਈਆਂ। ਦਿਲਜੀਤ ਨੇ ਹਰ ਵਾਰ ਦੀ ਤਰ੍ਹਾਂ ਆਪਣੇ ਪ੍ਰਸ਼ੰਸਕਾਂ ਨੂੰ ਸਟੇਜ 'ਤੇ ਬੁਲਾ ਕੇ ਤੋਹਫ਼ੇ ਵੀ ਦਿੱਤੇ। ਤਸਵੀਰ: ਦਿਲਜੀਤ ਦੁਸਾਂਝ ਫੋਟੋ 1 ਦਿਲਜੀਤ ਦੁਸਾਂਝ ਆਪਣੀ ਇਕ ਪ੍ਰਸ਼ੰਸਕ ਨਾਲ।

# ਕੈਨੇਡਾ ਤੋਂ DEPORT ਹੋਇਆ ਲਾਰੈਂਸ ਬਿਸ਼ਨੋਈ ਦਾ ਸਾਥੀ ! ਪੰਜਾਬ ਪੁਲਸ ਨੇ ਕੀਤਾ ਗ੍ਰਿਫ਼ਤਾਰ



ਚੰਡੀਗੜ੍ਹ: ਪੰਜਾਬ ਪੁਲਸ ਦੀ ਐਂਟੀ-ਗੈਂਗਸਟਰ ਟਾਸਕ ਫੋਰਸ (AGTF) ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਕਰੀਬੀ ਸਾਥੀ ਕਰਮਵੀਰ ਸਿੰਘ ਨੂੰ ਕੈਨੇਡਾ ਤੋਂ ਡਿਪੋਰਟ ਕੀਤੇ ਜਾਣ ਉਪਰੰਤ ਆਈ.ਜੀ.ਆਈ. (IGI) ਹਵਾਈ ਅੱਡੇ, ਨਵੀਂ ਦਿੱਲੀ ਤੋਂ ਹਿਰਾਸਤ ਵਿਚ ਲਿਆ ਹੈ।

ਇਸ ਕਾਰਵਾਈ ਨੂੰ ਅੰਤਰ-ਰਾਸ਼ਟਰੀ ਸੰਗਠਿਤ ਅਪਰਾਧ ਵਿਰੁੱਧ ਇੱਕ ਵੱਡੀ ਸਫਲਤਾ ਕਰਾਰ ਦਿੰਦਿਆਂ ਪੰਜਾਬ ਦੇ ਡੀ. ਜੀ. ਪੀ. ਗੌਰਵ ਯਾਦਵ ਨੇ ਦੱਸਿਆ ਕਿ ਕਰਮਵੀਰ ਸਿੰਘ ਨੇ ਅਮਰੀਕਾ ਵਿਚ ਅਨਮੋਲ ਬਿਸ਼ਨੋਈ ਨੂੰ ਲੌਜਿਸਟਿਕ ਸਹਾਇਤਾ ਅਤੇ ਲੁਕਣ ਲਈ ਟਿਕਾਣਾ ਮੁਹੱਈਆ ਕਰਵਾਇਆ ਸੀ। ਉਹ ਪੁਲਸ ਸਟੇਸ਼ਨ ਸਟੇਟ ਕ੍ਰਾਈਮ, ਐੱਸ.ਏ.ਐੱਸ. ਨਗਰ ਵਿਖੇ ਆਈ.ਪੀ.ਸੀ., ਅਸਲਾ ਐਕਟ ਅਤੇ ਪਾਸਪੋਰਟ ਐਕਟ ਦੀਆਂ ਸਬੰਧਤ ਧਾਰਾਵਾਂ ਤਹਿਤ ਦਰਜ ਐੱਫ.ਆਈ.ਆਰ. (FIR) ਵਿੱਚ ਲੋੜੀਂਦਾ ਸੀ। ਏ.ਜੀ.ਟੀ.ਐਫ. (AGTF) ਪੰਜਾਬ ਵੱਲੋਂ 03.09.2026 ਨੂੰ ਉਸ ਵਿਰੁੱਧ 'ਲੁੱਕ ਆਊਟ ਸਰਕੂਲਰ' (LOC) ਜਾਰੀ ਕੀਤਾ ਗਿਆ ਸੀ।

ਡੀ. ਜੀ. ਪੀ. ਨੇ ਦੱਸਿਆ ਕਿ ਮੁਲਜ਼ਮ ਦਾ ਅਪਰਾਧਿਕ ਪਿਛੋਕੜ ਰਿਹਾ ਹੈ, ਜਿਸ ਵਿਚ ਕਤਲ, ਕਤਲ ਦੀ ਕੋਸ਼ਿਸ਼, ਲੁੱਟ-ਖੋਹ, ਫਿਰੌਤੀ, ਅਸਲਾ ਐਕਟ ਦੀ ਉਲੰਘਣਾ ਅਤੇ ਹੋਰ ਅਪਰਾਧਿਕ ਗਤੀਵਿਧੀਆਂ ਨਾਲ ਸਬੰਧਤ ਮਾਮਲੇ ਸ਼ਾਮਲ ਹਨ। ਉਸ ਦੇ ਵਿਆਪਕ ਅਪਰਾਧਿਕ ਨੈੱਟਵਰਕ ਅਤੇ ਗਤੀਵਿਧੀਆਂ ਦਾ ਪਰਦਾਫਾਸ਼ ਕਰਨ ਲਈ ਅਗਲੇਰੀ ਜਾਂਚ ਜਾਰੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲਸ ਗੈਂਗਸਟਰ ਨੈੱਟਵਰਕਾਂ ਨੂੰ ਤੋੜਨ ਅਤੇ ਲੋੜੀਂਦੇ ਅਪਰਾਧੀਆਂ ਨੂੰ, ਭਾਵੇਂ ਉਹ ਕਿਤੇ ਵੀ ਸਰਗਰਮ ਹੋਣ, ਕਾਨੂੰਨ ਦੇ ਕਟਹਿਰੇ ਵਿਚ ਲਿਆਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

# 'ਮਿਸਟਰ ਸਿੰਘ' ਵਲੋਂ ਮੁਫ਼ਤ ਲੰਗਰ ਵਰਤਾਏ ਜਾਣ ਦਾ ਕੀਤਾ ਜਾ ਰਿਹੈ ਸ਼ਲਾਘਾਯੋਗ ਉਪਰਾਲਾ

## 10 ਲੱਖ ਲੋੜਵੰਦਾਂ ਨੂੰ ਲੰਗਰ ਵਰਤਾਉਣ ਦਾ ਮਿਥਿਆ ਟੀਚਾ 2 ਮਹੀਨਿਆਂ 'ਚ 15 ਹਜ਼ਾਰ ਲੋੜਵੰਦਾਂ ਨੂੰ ਛਕਾਇਆ ਭੋਜਨ



ਵੈਨਕੂਵਰ : ਵੈਨਕੂਵਰ ਦੇ ਡਾਊਨਟਾਊਨ ਈਸਟਸਾਈਡ ਅਤੇ ਹੇਸਟਿੰਗ ਸਟਰੀਟ ਨੇੜੇ ਰਹਿੰਦੇ ਬੇਘਰੇ, ਗਰੀਬ ਅਤੇ ਹੋਰ ਮੁਸ਼ਕਲ ਹਾਲਾਤ ਵਿਚ ਜੀਵਨ ਬਤੀਤ ਕਰ ਰਹੇ ਸੈਂਕੜੇ ਲੋਕਾਂ ਲਈ ਇੱਕ ਅਣਪਛਾਤਾ ਵਿਅਕਤੀ ਮਨੁੱਖਤਾ ਦੀ ਮਿਸਾਲ ਬਣ ਕੇ ਸਾਹਮਣੇ ਆਇਆ ਹੈ। ਆਪਣਾ ਅਸਲੀ ਨਾਂਅ ਅਤੇ ਚਿਹਰਾ ਲੋਕਾਂ ਤੋਂ ਲੁਕਾ ਕੇ ਰੱਖਣ ਵਾਲਾ ਪੰਜਾਬੀ ਮੂਲ ਦਾ ਇਹ ਸੇਵਾਦਾਰ 'ਮਿਸਟਰ ਸਿੰਘ' ਵਜੋਂ ਪ੍ਰਚਲਤ ਹੋ ਚੁੱਕਾ ਹੈ ਅਤੇ ਉਹ ਪਿਛਲੇ 2 ਮਹੀਨਿਆਂ ਦੌਰਾਨ ਲਗਭਗ 15,000 ਲੋਕਾਂ ਨੂੰ ਮੁਫ਼ਤ ਲੰਗਰ ਵਰਤਾ ਚੁੱਕਾ ਹੈ। ਉਸ ਵੱਲੋਂ ਹਰ ਰੋਜ਼ 200 ਤੋਂ ਵੱਧ ਮੁਫ਼ਤ ਗਰਮ ਭੋਜਨ ਦੇ ਡੱਬੇ ਲੰਗਰ ਦੇ ਰੂਪ ਵਿਚ ਵੰਡੇ ਜਾ ਰਹੇ ਹਨ। ਉਸ ਦਾ ਟੀਚਾ 10 ਲੱਖ ਭੋਜਨ ਲੋੜਵੰਦ ਲੋਕਾਂ ਤੱਕ ਪਹੁੰਚਾਉਣ ਦਾ ਹੈ। ਉਸ ਲਈ ਇਹ ਸੇਵਾ ਸਿਰਫ਼ ਕਿਸੇ ਭੁੱਖੇ ਵਿਅਕਤੀ ਨੂੰ ਖਾਣਾ ਦੇਣ ਤੱਕ ਸੀਮਤ ਨਹੀਂ ਹੈ, ਸਗੋਂ ਉਹ ਲੰਗਰ ਦੀ ਸੇਵਾ ਕਰਦਿਆਂ ਸਬੰਧਿਤ ਲੋਕਾਂ ਨਾਲ ਗੱਲਬਾਤ ਕਰਦਾ ਹੈ, ਉਨ੍ਹਾਂ ਦਾ ਹਾਲ-ਚਾਲ ਪੁੱਛਦਾ ਹੈ ਅਤੇ ਇਹ ਅਹਿਸਾਸ ਕਰਵਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਸਮਾਜ ਵਿੱਚ ਉਨ੍ਹਾਂ ਦੀ ਪਰਵਾਹ ਕਰਨ ਵਾਲਾ ਵੀ ਕੋਈ ਹੈ। ਇਸ ਸੇਵਾ ਨੂੰ ਲਗਾਤਾਰ ਚਲਾਉਣ ਲਈ 'ਮਿਸਟਰ ਸਿੰਘ' ਨੇ ਇਕ ਵਿਅਕਤੀ ਨੂੰ ਪੂਰੇ ਸਮੇਂ ਲਈ ਨੌਕਰੀ 'ਤੇ ਵੀ ਰੱਖਿਆ ਹੋਇਆ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਲੋਕਾਂ ਵਲੋਂ ਉਸ ਦੀ ਸੇਵਾ ਲਈ ਆਰਥਿਕ ਸਹਾਇਤਾ ਦੀ ਪੇਸ਼ਕਸ਼ ਕੀਤੀ ਗਈ, ਪਰ ਉਸ ਨੇ ਇਸ ਨੂੰ ਸਵੀਕਾਰ ਨਹੀਂ ਕੀਤਾ। 'ਮਿਸਟਰ ਸਿੰਘ' ਅਨੁਸਾਰ ਉਹ ਹੁਣ ਤੱਕ ਇੱਕ ਲੱਖ ਡਾਲਰ ਤੋਂ ਵੱਧ ਦੀਆਂ ਦਾਨ ਪੇਸ਼ਕਸ਼ਾਂ ਠੁਕਰਾ ਚੁੱਕਾ ਹੈ। ਉਸ ਦਾ ਕਹਿਣਾ ਹੈ ਕਿ ਸ਼ੁਰੂ ਤੋਂ ਹੀ ਉਸ ਦਾ ਇਰਾਦਾ ਇਹ ਸੇਵਾ ਆਪਣੀ ਕਮਾਈ ਦੇ ਪੈਸਿਆਂ ਨਾਲ ਕਰਨ ਦਾ ਸੀ ਅਤੇ ਉਹ ਇਸੇ ਤਰ੍ਹਾਂ ਇਸ ਨੂੰ ਜਾਰੀ ਰੱਖਣਾ ਚਾਹੁੰਦਾ ਹੈ।

# ਸ਼ਿਕਾਗੋ ਵਿਖੇ ਹੰਸ ਰਾਜ ਹੰਸ ਵਲੋਂ ਸੂਫ਼ੀ ਸ਼ਾਮ



ਸ਼ਿਕਾਗੋ : ਸ਼ਿਕਾਗੋ ਦੇ ਆਸ਼ਿਆਨਾ ਹਾਲ ਵਿਚ ਹੈਪੀ ਹੀਰ ਅਤੇ ਡਾ. ਹਰਜਿੰਦਰ ਸਿੰਘ ਖਹਿਰਾ ਦੇ ਸਹਿਯੋਗ ਨਾਲ ਹੰਸ ਰਾਜ ਹੰਸ ਦੀ ਸੂਫ਼ੀ ਸ਼ਾਮ ਕਰਵਾਈ ਗਈ। ਇਸ ਮੌਕੇ ਹੰਸ ਰਾਜ ਹੰਸ ਨੇ ਆਪਣੇ ਸੂਫੀਆਨਾ ਅੰਦਾਜ਼ ਵਿਚ ਗੀਤ, ਗ਼ਜ਼ਲਾਂ ਗਾ ਕੇ ਇਸ ਸ਼ਾਮ ਨੂੰ ਮਹਿਕਾ ਦਿੱਤਾ। ਇਸ ਮੌਕੇ ਸ਼ਹਿਰ ਦੀਆਂ ਕਈ ਮੁੱਖ ਸ਼ਖ਼ਸੀਅਤਾਂ ਪੁੱਜੀਆਂ ਹੋਈਆ ਸਨ, ਜਦੋਂਕਿ ਦਰਸ਼ਨ ਸਿੰਘ ਧਾਲੀਵਾਲ, ਜੇ. ਪੀ. ਖਹਿਰਾ, ਅਮਰਜੀਤ ਸਿੰਘ ਢੀਂਡਸਾ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਜ਼ਿਕਰਯੋਗ ਹੈ ਕਿ ਬਹੁਤ ਹੀ ਘੱਟ ਸਮੇਂ ਵਿਚ ਕਰਵਾਈ ਸੂਫੀ ਸ਼ਾਮ ਦੇ ਬਾਵਜੂਦ ਹੰਸ ਦੇ ਚਹੇਤਿਆਂ ਦੀ ਵੱਡੀ ਹਾਜ਼ਰੀ ਦੇਖਣ ਨੂੰ ਮਿਲੀ। ਹੰਸ ਰਾਜ ਹੰਸ ਨੇ ਸ਼ਾਮ ਦੇ ਅਖੀਰ ਵਿਚ ਆਪਣੇ ਕੁਝ ਚੋਣਵੇਂ ਗੀਤ ਗਾ ਕੇ ਦਰਸ਼ਕਾਂ ਨੂੰ ਨੱਚਣ ਲਈ ਮਜ਼ਬੂਰ ਕਰ ਦਿੱਤਾ। ਇਸ ਮੌਕੇ ਜੈਦੇਵ ਸਿੰਘ ਭੱਠਲ, ਪਰਮਿੰਦਰ ਸਿੰਘ ਵਾਲੀਆ, ਅਮਰ ਦੇਵ ਸਿੰਘ ਵਿਦੇਸ਼ਾ, ਨਿੱਕ ਵਰਮਾ, ਹਰਦੀਪ ਸਿੰਘ ਗਿੱਲ, ਸੋਨੂੰ ਖਹਿਰਾ, ਬੱਬੂ ਖੱਟੜਾ ਜੱਸੀ ਧਾਲੀਵਾਲ ਅਤੇ ਹੋਰ ਵੀ ਪੁੱਜੇ ਹੋਏ ਸਨ।

# ਗੋਲਡੀ ਬਰਾੜ ਦੇ ਨਾਂ 'ਤੇ ਸਭ ਤੋਂ ਵੱਡੀ ਫਿਰੌਤੀ: ਔਰਤ ਤੋਂ ਮੰਗੇ 200 ਕਰੋੜ

## ਵਿਦੇਸ਼ੀ ਨੰਬਰ ਤੋਂ ਆਈ ਕਾਲ: ਧਮਕੀ ਦੇਣ ਵਾਲੇ ਨੇ ਪੈਸੇ ਨਾ ਦੇਣ 'ਤੇ ਪਤੀ-ਪਤਨੀ ਨੂੰ ਜਾਨੋਂ ਮਾਰਨ ਦੀ ਦਿੱਤੀ ਚਿਤਾਵਨੀ



ਨਵੀਂ ਦਿੱਲੀ : ਦਿੱਲੀ ਵਿੱਚ ਇੱਕ ਔਰਤ ਨੂੰ ਵਿਦੇਸ਼ੀ ਨੰਬਰ ਤੋਂ ਵਟਸਐਪ ਕਾਲ ਕਰਕੇ ਗੈਂਗਸਟਰ ਗੋਲਡੀ ਬਰਾੜ ਦੇ ਨਾਂ 'ਤੇ 200 ਕਰੋੜ ਰੁਪਏ ਦੀ ਫਿਰੌਤੀ ਮੰਗਣ ਦਾ ਮਾਮਲਾ ਸਾਹਮਣੇ ਆਇਆ ਹੈ। ਧਮਕੀ ਦੇਣ ਵਾਲੇ ਨੇ ਪੈਸੇ ਨਾ ਦੇਣ 'ਤੇ ਔਰਤ ਅਤੇ ਉਸ ਦੇ ਪਤੀ ਨੂੰ ਜਾਨੋਂ ਮਾਰਨ ਦੀ ਧਮਕੀ ਵੀ ਦਿੱਤੀ ਹੈ। ਦਿੱਲੀ ਵਿੱਚ ਹੁਣ ਤੱਕ ਸਾਹਮਣੇ ਆਈ ਇਹ ਸਭ ਤੋਂ ਵੱਡੀ ਫਿਰੌਤੀ ਦੀ ਰਕਮ ਹੈ।

ਘਟਨਾ ਦੀ ਜਾਣਕਾਰੀ: ਸੂਤਰਾਂ ਮੁਤਾਬਕ ਸਿਵਲ ਲਾਈਨਜ਼ ਇਲਾਕੇ ਵਿੱਚ ਰਹਿਣ ਵਾਲੀ ਲਗਪਗ 50 ਸਾਲਾ ਔਰਤ ਕੋਲ ਉੱਥੇ ਜੱਦੀ ਜਾਇਦਾਦ ਹੈ। 7 ਸਤੰਬਰ ਨੂੰ ਰਾਤ ਕਰੀਬ 10:44 ਵਜੇ ਉਸ ਨੂੰ ਇੱਕ ਵਿਦੇਸ਼ੀ ਨੰਬਰ ਤੋਂ ਵਟਸਐਪ ਕਾਲ ਆਈ। ਫੋਨ ਕਰਨ ਵਾਲੇ ਨੇ ਆਪਣੀ ਪਛਾਣ ਗੋਲਡੀ ਬਰਾੜ ਵਜੋਂ ਦੱਸੀ ਅਤੇ ਦਾਅਵਾ ਕੀਤਾ ਕਿ ਉਸ ਕੋਲ ਔਰਤ ਬਾਰੇ ਪੂਰੀ ਜਾਣਕਾਰੀ ਹੈ।

ਪੁਲੀਸ ਕਾਰਵਾਈ: ਪਹਿਲਾਂ ਔਰਤ ਨੇ ਇਸ ਧਮਕੀ ਨੂੰ ਨਜ਼ਰਅੰਦਾਜ਼ ਕੀਤਾ, ਪਰ ਜਦੋਂ ਉਸ ਨੂੰ ਦੁਬਾਰਾ ਧਮਕੀ ਭਰਿਆ ਫੋਨ ਆਇਆ ਤਾਂ ਉਹ ਸਿਵਲ ਲਾਈਨਜ਼ ਪੁਲੀਸ ਸਟੇਸ਼ਨ ਗਈ। ਮੁੱਢਲੀ ਜਾਂਚ ਤੋਂ ਬਾਅਦ ਪੁਲੀਸ ਨੇ ਭਾਰਤੀ ਨਿਆਂ ਸੰਹਿਤਾ (BNS) ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ।

ਹੋਰ ਪੱਖਾਂ ਦੀ ਪੜਤਾਲ: ਪੁਲੀਸ ਹਰ ਪੱਖੋਂ ਮਾਮਲੇ ਦੀ ਜਾਂਚ ਕਰ ਰਹੀ ਹੈ। ਫਿਲਹਾਲ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਧਮਕੀ ਅਸਲ ਵਿੱਚ ਗੈਂਗਸਟਰ ਗੋਲਡੀ ਬਰਾੜ ਵੱਲੋਂ ਦਿੱਤੀ ਗਈ ਸੀ ਜਾਂ ਕਿਸੇ ਨੇ ਨਿੱਜੀ ਜਾਂ ਜਾਇਦਾਦ ਦੇ ਵਿਵਾਦ ਕਾਰਨ ਉਸ ਦੇ ਨਾਂ ਦੀ ਵਰਤੋਂ ਕੀਤੀ ਹੈ। ਜ਼ਿਲ੍ਹਾ ਪੁਲੀਸ ਅਤੇ ਦਿੱਲੀ ਪੁਲਿਸ ਦੀ ਸਪੈਸ਼ਲ ਸੈੱਲ ਟੀਮ ਫੋਨ ਕਰਨ ਵਾਲੇ ਦੀ ਪਛਾਣ ਕਰਨ ਅਤੇ ਮਕਸਦ ਦਾ ਪਤਾ ਲਗਾਉਣ ਵਿੱਚ ਜੁਟੀ ਹੋਈ ਹੈ।

# COMPLETE SOLAR & BATTERY STARTING AT $23,000

For a standard 5kW Solar & 14kWh Battery system

Price is for installation on code-compliant homes.
Electrical panel or roof upgrades are extra.



TSP
ROOFING & SOLAR

Permits and Utility Approvals Included

Main Panel Upgrade Bundle from $3,000

## CALL OR TEXT HARRY FOR A QUOTE | (925) 537-2732

TSP SOLAR SALES AND SERVICES (DBA TSP ROOFING AND SOLAR) | CSLB Contractor License #1096233 (C-10 Electrical, C-39 Roofing, B-General Building) Represented by: Harkaran Singh (HIS Registration #167489 SP) | Pricing & offer details vary by location & applicant.

# ਗਿ. ਕੇਵਲ ਸਿੰਘ ਨਿਰਦੋਸ਼ ਦੀ 38ਵੀਂ ਕਿਤਾਬ ਦਾ ਲੋਕ ਅਰਪਣ ਸਮਾਗਮ

## ਫਰੇਜ਼ਰ ਵੈਲੀ ਦੀਆਂ ਸਾਹਿਤ ਸੰਸਥਾਵਾਂ ਵੱਲੋਂ ਲੇਖਕ ਦਾ ਬਹੁ-ਪੱਖੀ ਸੇਵਾਵਾਂ ਲਈ ਸਨਮਾਨ





ਐਬਸਫੋਰਡ (ਡਾ. ਗੁਰਵਿੰਦਰ ਸਿੰਘ ਧਾਲੀਵਾਲ) : ਪ੍ਰਸਿੱਧ ਸਿੱਖ ਵਿਦਵਾਨ ਤੇ ਕਵੀ ਗਿ. ਕੇਵਲ ਸਿੰਘ ਨਿਰਦੋਸ਼ ਦੀ 38ਵੀਂ ਕਿਤਾਬ 'ਕੁੰਡਲੀਏ ਨਿਰਦੋਸ਼ ਦੇ' ਦਾ ਲੋਕ ਅਰਪਣ ਸਮਾਗਮ, ਐਬਸਫੋਰਡ ਦੀਆਂ ਸਮੂਹ ਪੰਜਾਬੀ ਸਾਹਿਤ ਸੰਸਥਾਵਾਂ ਵੱਲੋਂ ਸਾਂਝੇ ਰੂਪ 'ਚ, ਵਿਰਾਸਤੀ ਗੁਰਦੁਆਰਾ ਸਾਹਿਬ ਖ਼ਾਲਸਾ ਦੀਵਾਨ ਸੁਸਾਇਟੀ, ਐਬਸਫੋਰਡ ਵਿਖੇ ਭਰਪੂਰ ਉਤਸ਼ਾਹ ਨਾਲ ਕੀਤਾ ਗਿਆ। ਇਸ ਮੌਕੇ 'ਤੇ ਗਿ. ਕੇਵਲ ਸਿੰਘ ਨਿਰਦੋਸ਼ ਨੇ ਆਪਣੇ ਜੀਵਨ ਅਤੇ ਸਾਹਿਤਕ ਸਫ਼ਰ ਬਾਰੇ ਸਰੋਤਿਆਂ ਨਾਲ ਵਿਚਾਰ ਸਾਂਝੇ ਕੀਤੇ। ਲੇਖਕ ਵੱਲੋਂ ਕੈਂਸਰ ਦੀ ਨਾਮੁਰਾਦ ਬੀਮਾਰੀ ਦੇ ਬਾਵਜੂਦ, ਚੜ੍ਹਦੀ ਕਲਾ ਨਾਲ ਸਾਹਿਤ ਸਿਰਜਣਾ ਬਾਰੇ ਅਨੁਭਵ ਸਾਂਝੇ ਕੀਤੇ ਗਏ। ਸਾਹਿਤਕ ਸਮਾਗਮ ਦੇ ਉਹ ਪਲ ਯਾਦਗਾਰੀ ਬਣ ਗਏ, ਜਦੋਂ ਫਰੇਜ਼ਰ ਵੈਲੀ ਦੀਆਂ ਸਮੂਹ ਸਾਹਿਤ ਸੰਸਥਾਵਾਂ ਵੱਲੋਂ 86 ਸਾਲਾ ਬਜ਼ੁਰਗ ਸਾਹਿਤਕਾਰ ਨੂੰ ਜੀਵਨ ਭਰ ਦੀਆਂ ਸਾਹਿਤਕ ਤੇ ਪੰਥਕ ਸੇਵਾਵਾਂ ਲਈ, 'ਲਾਈਫ਼ ਟਾਈਮ ਅਚੀਵਮੈਂਟ ਐਵਾਰਡ' ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਗਿ. ਨਿਰਦੋਸ਼ ਦੇ ਸਾਰੀਆਂ ਸੰਸਥਾਵਾਂ ਦਾ ਧੰਨਵਾਦ ਕਰਦਿਆਂ, ਸਭ ਨੂੰ ਇਕੋ ਸਾਹਿਤ ਸਭਾ ਦੇ ਰੂਪ 'ਚ ਇਕੱਤਰ ਹੋਣ ਦਾ ਸੱਦਾ ਦਿੱਤਾ, ਜਿਸ ਦਾ ਸਾਰਿਆਂ ਨੇ ਭਰਪੂਰ ਹੁੰਗਾਰਾ ਦਿੱਤਾ।

ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੇ ਕਿਤਾਬ ਬਾਰੇ ਆਪਣਾ ਵਿਸਥਾਰਪੂਰਵਕ ਅਤੇ ਪ੍ਰਭਾਵਸ਼ਾਲੀ ਨਿਬੰਧ ਪੜ੍ਹਿਆ। 'ਕੁੰਡਲੀਏ ਨਿਰਦੋਸ਼ ਦੇ' ਕਿਤਾਬ ਦਾ ਮੁੱਖ-ਬੰਦ ਸਾਂਝਾ ਕਰਦਿਆਂ ਡਾ. ਧਾਲੀਵਾਲ ਨੇ ਕਿਹਾ ਕਿ ਲੇਖਕ ਦੀ ਇਹ ਕਿਤਾਬ ਅਲੋਪ ਤੋਂ ਹੋ ਰਹੇ ਮਾਤਰਿਕ ਛੰਦ 'ਕੁੰਡਲੀਆ' ਦੀ ਪੁਨਰ-ਸੁਰਜੀਤੀ ਵੱਲ ਅਹਿਮ ਕਦਮ ਹੈ। ਪੰਜਾਬੀ ਸਾਹਿਤ ਦੇ ਸਰਪ੍ਰਸਤ ਗੁਰਬਖਸ਼ ਸਿੰਘ ਢੱਟ ਨੇ ਮਹਿਮਾਨ ਸ਼ਖਸੀਅਤਾਂ ਦਾ ਸਵਾਗਤ ਕੀਤਾ, ਜਦ ਕਿ ਲੇਖਕ ਨੂੰ ਬੁੱਕੇ ਭੇਟ ਕਰਨ ਦੀ ਸੇਵਾ ਤਰਲੋਕ ਸਿੰਘ ਬਰਾੜ, ਐਡਵੋਕੇਟ ਅਮਨ ਚੀਮਾ ਅਤੇ ਸਮੂਹ ਪਰਿਵਾਰ ਵੱਲੋਂ ਕੀਤੀ ਗਈ। ਬੁਲਾਰਿਆਂ ਵਿੱਚ ਬੀਬੀ ਸਤਵੰਤ ਕੌਰ ਪੰਧੇਰ ਨੇ ਗਿਆਨੀ ਜੀ ਦੀ ਸ਼ਖਸੀਅਤ ਬਾਰੇ ਭਾਵਪੂਰਤ ਸ਼ਬਦ ਕਹੇ ਤੇ ਉੱਘੀ ਨਾਵਲਕਾਰ ਹਰਕੀਰਤ ਕੌਰ ਚਾਹਲ ਨੇ ਲੇਖਕ ਦੀ ਇਤਿਹਾਸਕਾਰ, ਸੰਗੀਤਕਾਰ, ਕਵੀ ਅਤੇ ਖੋਜੀ ਵਿਦਵਾਨ ਪੱਖੋਂ ਬਹੁ-ਪਸਾਰੀ ਦੇਣ ਬਾਰੇ ਪ੍ਰਭਾਵਸ਼ਾਲੀ ਸ਼ਬਦਾਂ ਦੀ ਸਾਂਝ ਪਾਈ।

ਕੈਮਲੂਪਸ ਤੋਂ ਵਿਸ਼ੇਸ਼ ਤੌਰ ਤੇ ਪੁੱਜੇ ਢਾਡੀ ਸੁਰਜੀਤ ਸਿੰਘ ਸਫ਼ਰੀ ਅਤੇ ਸਰੀ ਨਿਵਾਸੀ ਚਮਕੌਰ ਸਿੰਘ ਸੇਖੋਂ ਭੌਤਨਾ ਨੇ ਨਿਰਦੋਸ਼ ਜੀ ਵੱਲੋਂ ਰਚੇ ਕੁੰਡਲੀਏ, ਢਾਡੀ ਰੂਪ ਵਿੱਚ ਗਾ ਕੇ ਸਰੋਤਿਆਂ ਨੂੰ ਨਿਹਾਲ ਕੀਤਾ। ਗੁਰਮੇਲ ਸਿੰਘ ਕਟਾਰੀਆ ਨੇ ਗਿਆਨੀ ਜੀ ਦੀ ਲਿਖੀ ਕਵਿਤਾ 'ਪਾਣੀ ਵਿੱਚ ਮਧਾਣੀ' ਦਾ ਪ੍ਰਭਾਵਸ਼ਾਲੀ ਗਾਇਨ ਕੀਤਾ। ਇਸ ਤੋਂ ਇਲਾਵਾ ਸੁਖਵਿੰਦਰ ਸਿੰਘ ਬਰਾੜ ਭਗਤਾ ਭਾਈ ਕਾ ਤੇ ਮੁਲਖ ਰਾਜ ਬਜਾਜ ਪ੍ਰੇਮੀ ਨੇ ਖ਼ੂਬਸੂਰਤ ਕਵਿਤਾਵਾਂ ਪੇਸ਼ ਕੀਤੀਆਂ। ਸਾਹਿਤ ਸੰਮੇਲਨ ਹੋ ਨਿਬੜੇ ਇਸ ਲੋਕ ਅਰਪਣ ਸਮਾਗਮ ਵਿੱਚ ਵਿਚਾਰ ਸਾਂਝੇ ਕਰਨ ਵਾਲੀਆਂ ਪ੍ਰਮੁੱਖ ਸ਼ਖ਼ਸੀਅਤਾਂ ਵਿਚ ਲਖਬੀਰ ਸਿੰਘ, ਮੁਖੀ ਮਿਸ਼ਨ ਵਿਚਾਰ ਮੰਚ, ਪਵਨ ਗਿੱਲਾਂ ਵਾਲਾ, ਪ੍ਰਧਾਨ ਪੰਜਾਬੀ ਸਾਹਿਤ ਸਭਾ, ਐਬਸਫੋਰਡ, ਗੁਰਦੇਵ ਸਿੰਘ ਬਰਾੜ, ਖ਼ਾਲਸਾ ਦੀਵਾਨ ਸੁਸਾਇਟੀ, ਐਬਸਫੋਰਡ ਤੇ ਗੁਰਪ੍ਰੀਤ ਸਿੰਘ ਚਾਹਲ ਕਾਰਜਕਾਰੀ ਪ੍ਰਧਾਨ ਪੰਜਾਬੀ ਸਾਹਿਤ ਸਭਾ ਮੁੱਢਲੀ, ਐਬਟਸਫੋਰਡ ਸ਼ਾਮਿਲ ਸਨ। ਪੰਜਾਬੀ ਸਾਹਿਤ ਸਭਾ ਐਬਸਫੋਰਡ ਦੇ ਸਰਪ੍ਰਸਤ ਸੁਰਜੀਤ ਸਿੰਘ ਅੱਚਰਵਾਲ, ਪੰਜਾਬੀ ਸਾਹਿਤ ਸਭਾ ਮੁਢਲੀ ਦੇ ਸਕੱਤਰ ਸੁਰਜੀਤ ਸਿੰਘ ਸਹੋਤਾ, ਉਸਤਾਦ ਗਜ਼ਲਗੋ ਦਵਿੰਦਰ ਸਿੰਘ ਪੂਨੀਆ, ਮਹਿਮਾ ਸਿੰਘ ਤੂਰ, ਹਰੀ ਸਿੰਘ ਤਾਤਲਾ, ਮਲਕੀਤ ਸਿੰਘ ਮੀਲੂ, ਗੁਰਦੇਵ ਸਿੰਘ ਬੁੱਟਰ, ਸਮਾਗਮ ਦੇ ਪ੍ਰਬੰਧ 'ਚ ਸਹਿਯੋਗੀ ਲਖਜੀਤ ਸਿੰਘ ਸਾਰੰਗ, ਪੱਤਰਕਾਰ ਸੁਖਵਿੰਦਰ ਸਿੰਘ ਚੋਹਲਾ, ਬਲਵਿੰਦਰ ਸਿੰਘ ਰੁਪਾਲ, ਲਿਖਾਰੀ ਸੁਖਦੇਵ ਸਿੰਘ ਗੋਹਲਵੜ, ਕਿਰਪਾਲ ਸਿੰਘ ਗਰਚਾ, ਸੁਖਦੇਵ ਸਿੰਘ ਗਰਚਾ, ਸਿਟੀ ਕੌਂਸਲ ਲਈ ਮੇਅਰ ਉਮੀਦਵਾਰ ਪਾਲ



ਮਾਹਿਲ, ਕੌਂਸਲਰ ਉਮੀਦਵਾਰ ਜੈਗ ਸਿੱਧੂ ਤੇ ਸਕੂਲ ਟਰਸਟੀ ਉਮੀਦਵਾਰ ਰਾਜ ਸੰਧੂ ਸਮੇਤ, ਵੱਡੀ ਗਿਣਤੀ ਵਿੱਚ ਸਾਹਿਤ ਪ੍ਰੇਮੀ ਸ਼ਖਸੀਅਤਾਂ ਸ਼ਾਮਿਲ ਹੋਈਆਂ। ਪ੍ਰੋਗਰਾਮ ਦਾ ਸੰਚਾਲਨ ਵਿਦਵਾਨ ਸ਼ਖਸੀਅਤ ਡਾ ਸੁਰਿੰਦਰਜੀਤ ਸਿੰਘ ਭੇਲਾ ਨੇ ਬੇਹੱਦ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ।

# ਬੇਕਰਸਫੀਲਡ ਟਰੈਵਲ ਪਲਾਜ਼ਾ ਦੇ ਸਾਫਟ ਓਪਨਿੰਗ ਸਮਾਗਮ ਵਿੱਚ ਭਾਈਚਾਰੇ ਦੀ ਭਰਵੀਂ ਸ਼ਮੂਲੀਅਤ



ਬੇਕਰਸਫੀਲਡ/ਕੈਲੀਫੋਰਨੀਆ: 5 ਸਤੰਬਰ ਨੂੰ 2201 Taft Hwy ਵਿਖੇ ਬਣ ਰਹੇ Bakersfield Travel Plaza ਦੇ ਸਾਫਟ ਓਪਨਿੰਗ ਮੌਕੇ ਸਹਿਜ ਪਾਠ ਦੇ ਭੋਗ ਉਪਰੰਤ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਰਸ-ਭਿੰਨੇ ਕੀਰਤਨ ਤੋਂ ਬਾਅਦ ਅਰਦਾਸ ਹੋਈ ਅਤੇ ਸੰਗਤ ਨੇ ਇਸ ਪਲਾਜੇ ਲਈ ਸ਼ੁਭ ਕਾਮਨਾਵਾ ਦਿੱਤੀਆਂ। ਇਸ ਮੌਕੇ ਵੱਡੀ ਗਿਣਤੀ ਵਿੱਚ ਭਾਈਚਾਰੇ ਨੇ ਸ਼ਮੂਲੀਅਤ ਕੀਤੀ। ਸਮਾਗਮ ਵਿੱਚ ਖਾਸ ਤੌਰ ਤੇ ਬੇਕਰਸਫੀਲਡ ਦੇ ਮੇਅਰ Karen Goh ਅਤੇ ਵਾਈਸ ਮੇਅਰ ਮਨਪ੍ਰੀਤ ਕੌਰ ਨੇ, ਬੇਕਰਸਫੀਲਡ ਪਲਾਜ਼ਾ ਦੇ ਮਾਲਕ ਰਵੀ ਗਰੇਵਾਲ ਅਤੇ ਗਰੇਵਾਲ ਬਰਦਰਜ ਨੂੰ ਵਧਾਈ ਦਿੱਤੀ ।

ਹਰਿੰਦਰ ਸਿੰਘ, ਜੋ ਇਸ ਸਥਾਨ ਦੀ ਮੈਨੇਜਮੈਂਟ ਸੰਭਾਲ ਰਹੇ ਹਨ, ਅਤੇ ਸਚਿਨ ਮਲਿਕ Refresh Travel Plaza Madera CA ਨਾਲ ਹੋਰ ਕਈ ਪਤਵੰਤੇ ਸੱਜਣ ਪਰਿਵਾਰਾਂ ਸਮੇਤ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਮਸ਼ਹੂਰ ਟਿੱਕ ਟੌਕ ਜੋੜੀ ਡੋਲੀ ਸਿੰਘ ਅਤੇ ਜੈਸ਼ ਵੀ ਗਰੇਵਾਲ ਭਰਾਵਾਂ ਨੂੰ ਵਧਾਈ ਦੇਣ ਪਹੁੰਚੇ।

Bakersfield Travel Plaza ਨੂੰ Highway II 'ਤੇ ਯਾਤਰੀਆਂ, ਟਰੱਕ ਡਰਾਈਵਰਾਂ ਅਤੇ ਪਰਿਵਾਰਾਂ ਲਈ ਇੱਕ ਨਵੇਂ ਅਤੇ ਆਧੁਨਿਕ ਟਰੈਵਲ ਡੈਸਟੀਨੇਸ਼ਨ ਵਜੋਂ ਜੋ ਕਿ 16 ਏਕੜ ਵਿੱਚ ਬਣਾਇਆ ਜਾ ਰਿਹਾ ਹੈ । ਇਸ ਮੌਕੇ Prime Asia TV ਤੋਂ ਜੋਤ ਰਣਜੀਤ ਕੌਰ ਵਿਸ਼ੇਸ਼ ਤੌਰ 'ਤੇ ਕਵਰੇਜ ਲਈ ਪਹੁੰਚੇ ।

ਸਾਫਟ ਓਪਨਿੰਗ ਦੌਰਾਨ ਇਕੱਠੇ ਹੋਏ ਭਾਈਚਾਰੇ ਨੇ ਇਸ ਨਵੇਂ ਉਪਰਾਲੇ ਲਈ ਸ਼ੁਭਕਾਮਨਾਵਾਂ ਦਿੱਤੀਆਂ। Bakersfield Travel Plaza ਜਲਦ ਹੀ ਪੂਰੀ ਤਰ੍ਹਾਂ ਲੋਕਾਂ ਦੀ ਸੇਵਾ ਲਈ ਖੁੱਲ੍ਹਣ ਜਾ ਰਿਹਾ ਹੈ।

# ਕੈਨੇਡਾ 'ਚ ਜਬਰੀ ਵਸੂਲੀ ਦੇ ਮਾਮਲਿਆਂ 'ਤੇ ਵੱਡੀ ਕਾਰਵਾਈ: 4 ਪੰਜਾਬੀ ਡਿਪੋਰਟ

## ਕੈਨੇਡਾ ਨੇ ਫਿਰੌਤੀ ਅਤੇ ਗੋਲੀਬਾਰੀ ਦੇ 111 ਵਿਦੇਸ਼ੀ ਸ਼ੱਕੀਆਂ ਨੂੰ ਦੇਸ਼ 'ਚੋਂ ਕੱਢਿਆ; ਸ਼ਾਂਤੀ ਭੰਗ ਕਰਨ ਵਾਲਿਆਂ ਲਈ ਕੈਨੇਡਾ 'ਚ ਕੋਈ ਥਾਂ ਨਹੀਂ: ਏਜੰਸੀ

ਵੈਨਕੂਵਰ : ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (CBSA) ਨੇ ਪੰਜਾਬ ਨਾਲ ਸਬੰਧਤ ਚਾਰ ਭਾਰਤੀ ਨੌਜਵਾਨਾਂ ਨੂੰ ਜ਼ਬਰਦਸਤੀ ਉਗਰਾਹੀ (Extortion) ਅਤੇ ਸੰਗਠਿਤ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦੇ ਦੋਸ਼ ਹੇਠ ਕੈਨੇਡਾ ਤੋਂ ਡਿਪੋਰਟ ਕਰ ਦਿੱਤਾ ਹੈ। ਏਜੰਸੀ ਅਨੁਸਾਰ ਪਲਵਿੰਦਰ ਸਿੰਘ, ਜਸਮੇਰ ਸਿੰਘ, ਅਮਿਤੋਜ਼ ਬਾਜਵਾ ਅਤੇ ਸਾਹਿਬਜੋਤ ਸਿੰਘ ਨੂੰ 'ਇਮੀਗ੍ਰੇਸ਼ਨ ਐਂਡ ਰਿਫਿਊਜੀ ਪ੍ਰੋਟੈਕਸ਼ਨ ਐਕਟ' (IRPA) ਤਹਿਤ ਅਪਰਾਧਿਕ ਸੰਗਠਨਾਂ ਨਾਲ ਸਬੰਧ ਅਤੇ ਗੰਭੀਰ ਅਪਰਾਧਾਂ ਲਈ ਅਯੋਗ ਪਾਇਆ ਗਿਆ ਸੀ। ਇਨ੍ਹਾਂ ਚਾਰਾਂ ਵਿਰੁੱਧ ਜ਼ਬਰਦਸਤੀ ਉਗਰਾਹੀ, ਗੋਲੀਬਾਰੀ ਅਤੇ ਹਿੰਸਕ ਵਾਰਦਾਤਾਂ ਦੇ ਮਾਮਲੇ ਦਰਜ ਸਨ। ਇਮੀਗ੍ਰੇਸ਼ਨ ਐਂਡ ਰਿਫਿਊਜੀ ਬੋਰਡ ਆਫ ਕੈਨੇਡਾ (IRB) ਦੇ ਹੁਕਮਾਂ ਤੋਂ ਬਾਅਦ ਇਹ ਕਾਰਵਾਈ ਕੀਤੀ ਗਈ ਹੈ।

CBSA ਨੇ ਦੱਸਿਆ ਕਿ ਉਨ੍ਹਾਂ ਵੱਲੋਂ ਇਸੇ ਸਾਲ ਦੇ ਪਿਛਲੇ ਮਹੀਨਿਆਂ ਵਿੱਚ ਫਿਰੌਤੀ ਅਤੇ ਗੋਲੀਬਾਰੀ ਦੇ ਮਾਮਲਿਆਂ ਵਿੱਚ ਸ਼ਾਮਲ 111 ਸ਼ੱਕੀਆਂ ਨੂੰ ਦੇਸ਼ ਨਿਕਾਲਾ (ਡਿਪੋਰਟ) ਕੀਤਾ ਗਿਆ ਹੈ ਅਤੇ ਵੱਡੀ ਗਿਣਤੀ ਵਿੱਚ ਹੋਰਾਂ ਵਿਰੁੱਧ ਵੀ ਕਾਰਵਾਈ ਜਾਰੀ ਹੈ।

ਏਜੰਸੀ ਦੀ ਪ੍ਰਧਾਨ ਐਰਿਨ ਓ'ਗੋਰਮਨ ਵੱਲੋਂ ਸੋਮਵਾਰ ਨੂੰ ਜਾਰੀ ਬਿਆਨ ਵਿੱਚ ਦੱਸਿਆ ਗਿਆ ਕਿ ਉਹ ਇਮੀਗ੍ਰੇਸ਼ਨ ਅਤੇ ਰਿਫਿਊਜੀ ਪ੍ਰੋਟੈਕਸ਼ਨ ਕਾਨੂੰਨ ਤਹਿਤ ਅਯੋਗ ਠਹਿਰਾਏ ਗਏ ਸਾਰੇ ਵਿਅਕਤੀਆਂ ਨੂੰ ਵਾਪਸ ਭੇਜਣ ਲਈ ਯਤਨਸ਼ੀਲ ਹਨ। ਬੇਸ਼ੱਕ ਏਜੰਸੀ ਨੇ ਵਾਪਸ ਭੇਜੇ ਗਏ ਵਿਅਕਤੀਆਂ ਦੀ ਕੌਮੀਅਤ (ਨਾਗਰਿਕਤਾ) ਦੱਸਣ ਤੋਂ ਟਾਲਾ ਵੱਟਿਆ ਹੈ, ਪਰ ਸੂਤਰਾਂ ਅਨੁਸਾਰ ਦੇਸ਼ ਨਿਕਾਲਾ ਦਿੱਤੇ ਗਏ ਵਿਅਕਤੀਆਂ ਵਿੱਚੋਂ 7 ਲੋਕਾਂ ਦੀ ਕੌਮੀਅਤ ਭਾਰਤ ਤੋਂ ਵੱਖਰੀ ਸੀ। ਏਜੰਸੀ ਨੇ ਇਹ ਵੀ



ਦੱਸਿਆ ਕਿ ਇਹ 111 ਵਿਅਕਤੀਆਂ ਵਿੱਚੋਂ ਬਹੁਤੇ ਬ੍ਰਿਟਿਸ਼ ਕੋਲੰਬੀਆ ਅਤੇ ਓਨਟਾਰੀਓ ਸੂਬਿਆਂ ਦੇ ਵਾਸੀ ਸਨ।

ਏਜੰਸੀ ਨੇ ਦੱਸਿਆ ਕਿ ਲੰਘੇ ਸਾਲ (ਯਾਨੀ 2025) ਵਿੱਚ 23,160 ਲੋਕਾਂ ਨੂੰ ਉਨ੍ਹਾਂ ਦੇ ਪਿੱਤਰੀ ਦੇਸ਼ ਵਾਪਸ ਭੇਜਿਆ ਗਿਆ ਸੀ, ਜਿਨ੍ਹਾਂ ਵਿੱਚੋਂ 1,010 ਗੰਭੀਰ ਅਪਰਾਧਿਕ ਕਾਰਵਾਈਆਂ ਨਾਲ ਸਬੰਧਤ ਸਨ।

ਉਨ੍ਹਾਂ ਦੱਸਿਆ ਕਿ ਏਜੰਸੀ ਕੋਲ ਪਹਿਲਾਂ 530 ਅਧਿਕਾਰੀ ਸਨ, ਪਰ ਕੇਂਦਰ ਵੱਲੋਂ ਬਜਟ ਵਧਾਏ ਜਾਣ ਨਾਲ 1,000 ਹੋਰ ਅਧਿਕਾਰੀ ਭਰਤੀ ਕੀਤੇ ਜਾ ਰਹੇ ਹਨ। ਏਜੰਸੀ ਨੇ ਮੰਨਿਆ ਕਿ ਅਧਿਕਾਰੀਆਂ ਦੀ ਘਾਟ ਕਾਰਨ ਹੀ ਦੇਸ਼ ਵਿੱਚ ਵਿਦੇਸ਼ੀਆਂ ਨੂੰ ਖੁੱਲ੍ਹ ਕੇ ਖੇਡਣ ਦਾ ਮੌਕਾ ਮਿਲਿਆ, ਪਰ ਹੁਣ ਅਜਿਹਾ ਨਹੀਂ ਹੋ ਸਕੇਗਾ।

ਫੈਡਰਲ ਲੋਕ ਸੁਰੱਖਿਆ ਮੰਤਰੀ ਗੈਰੀ ਅਨੰਦਾਸੰਗਰੀ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਸਰਕਾਰ ਦੱਖਣੀ ਏਸ਼ਿਆਈ ਮੂਲ ਦੇ ਲੋਕਾਂ ਵੱਲੋਂ ਫੈਲਾਏ ਗਏ ਫਿਰੌਤੀ ਅਤਿਵਾਦ ਦੇ ਖਾਤਮੇ ਲਈ ਗੰਭੀਰਤਾ ਅਤੇ ਲਗਨ ਨਾਲ ਕੰਮ ਕਰ ਰਹੀ ਹੈ। ਮੰਤਰੀ ਨੇ ਬਿਨਾਂ ਕਿਸੇ ਦੇਸ਼ ਦਾ ਨਾਂ ਲਏ ਕਿਹਾ ਕਿ ਅਪਰਾਧੀ ਲੋਕਾਂ ਦੀ ਪੁੱਛਗਿੱਛ ਵਿੱਚ ਇਹ ਪਤਾ ਲਾਇਆ ਜਾ ਰਿਹਾ ਹੈ ਕਿ ਉਹ ਕਿਸੇ ਵੱਡੀ ਤਾਕਤ ਦੇ ਇਸ਼ਾਰੇ 'ਤੇ ਕੰਮ ਕਰਕੇ ਕੈਨੇਡਾ ਵਿੱਚ ਅਸ਼ਾਂਤੀ ਦਾ ਮਾਹੌਲ ਸਿਰਜਣ ਦਾ ਕੰਮ ਤਾਂ ਨਹੀਂ ਕਰ ਰਹੇ।

# ਆਪਸੀ ਵਪਾਰ 'ਚ ਆਉਣ ਵਾਲੀਆਂ ਰੁਕਾਵਟਾਂ ਦੀ ਘੋਖ ਕਰਨ ਬ੍ਰਿਕਸ ਦੇਸ਼ : ਨਰਿੰਦਰ ਮੋਦੀ

**ਮੋਦੀ ਨੇ ਦਿੱਤੇ ਤਿੰਨ ਸੁਝਾਅ :**

- ਪ੍ਰਧਾਨ ਮੰਤਰੀ ਮੋਦੀ ਨੇ ਬ੍ਰਿਕਸ ਸਮੂਹ ਦੇਸ਼ਾਂ ਦਰਮਿਆਨ ਵਪਾਰ ਅਤੇ ਸਹਿਯੋਗ ਵਧਾਉਣ ਲਈ 3 ਅਹਿਮ ਸੁਝਾਅ ਦਿੱਤੇ ਜਿਸ 'ਚ ਉਨ੍ਹਾਂ ਕਿਹਾ ਕਿ ਕੀ ਬ੍ਰਿਕਸ ਦੇਸ਼ਾਂ ਦਰਮਿਆਨ ਵਪਾਰ 'ਚ ਰੁਕਾਵਟਾਂ 'ਤੇ ਰਿਪੋਰਟ ਤਿਆਰ ਕੀਤੀ ਜਾ ਸਕਦੀ ਹੈ।
- ਦੂਜਾ, ਕੀ ਹਰ ਸਾਲ 100 ਬ੍ਰਿਕਸ ਸਟਾਰਟਅਪ ਨੂੰ ਦੂਜੇ ਬ੍ਰਿਕਸ ਦੇਸ਼ਾਂ ਦੇ ਬਾਜ਼ਾਰਾਂ 'ਚ ਵਿਸਥਾਰ ਕਰਨ 'ਚ ਮਦਦ ਮਿਲ ਸਕਦੀ ਹੈ ?
- ਤੀਜਾ, ਕੀ ਹਰ ਸਾਲ ਕਾਰੋਬਾਰ ਦੇ ਖੇਤਰ 'ਚ 1000 ਨਵੀਆਂ ਭਾਈਵਾਲੀਆਂ ਬਣਾਈਆਂ ਜਾ ਸਕਦੀਆਂ ਹਨ। ਮੋਦੀ ਨੇ ਇਨ੍ਹਾਂ ਤਿੰਨੋਂ ਟੀਚਿਆਂ 'ਤੇ ਹਰ ਸਾਲ ਸਮੀਖਿਆ ਕਰਨ ਨੂੰ ਵੀ ਕਿਹਾ।




ਨਵੀਂ ਦਿੱਲੀ : ਬ੍ਰਿਕਸ ਸਮੂਹ ਦੇਸ਼ਾਂ ਨੂੰ ਹੋਰ ਮਜ਼ਬੂਤ ਕਰਨ ਲਈ ਅਤੇ ਸਮੂਹ ਨੂੰ ਜੀ-7 ਸਮੂਹ ਦੇ ਬਰਾਬਰ ਲਿਆਉਣ ਦਾ ਹੋਕਾ ਦਿੰਦਿਆਂ ਜਿਥੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 3 ਸੁਝਾਅ ਦਿੰਦਿਆਂ ਆਪਸੀ ਵਪਾਰ 'ਚ ਆਉਣ ਵਾਲੀਆਂ ਰੁਕਾਵਟਾਂ ਦੀ ਘੋਖ ਕਰਨ, 100 ਸਟਾਰਟਅਪ ਕੰਪਨੀਆਂ ਨੂੰ ਦੂਜੇ ਬ੍ਰਿਕਸ ਦੇਸ਼ਾਂ 'ਚ ਵਿਸਥਾਰ ਕਰਨ ਅਤੇ ਹਰ ਸਾਲ 1000 ਨਵੀਆਂ ਭਾਈਵਾਲੀਆਂ ਬਣਾਉਣ ਨੂੰ ਕਿਹਾ, ਜਦਕਿ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਜੀ-7 'ਤੇ ਹੀ ਤਨਜ਼ ਕੱਸਦਿਆਂ ਕਿਹਾ ਕਿ ਪੱਛਮ ਹੁਣ ਕਮਜ਼ੋਰ ਹੋ ਰਿਹਾ ਹੈ। ਉਨ੍ਹਾਂ ਅੱਗੇ ਇਹ ਵੀ ਕਿਹਾ ਕਿ ਪਤਾ ਨਹੀਂ ਇਹ ਦੇਸ਼ ਖ਼ੁਦ ਨੂੰ ਜੀ-7 ਕਿਉਂ ਕਹਿੰਦੇ ਹਨ। ਜਦਕਿ ਦੁਨੀਆ ਦੀ 40 ਫ਼ੀਸਦੀ ਤੋਂ ਵੱਧ ਜੀ.ਡੀ.ਪੀ. ਬ੍ਰਿਕਸ ਦੇਸ਼ਾਂ ਤੋਂ ਆਈ ਜਦਕਿ ਜੀ-7 ਦੀ ਹਿੱਸੇਦਾਰੀ ਸਿਰਫ਼ 29 ਫ਼ੀਸਦੀ ਰਹੀ। ਦੋਵੇਂ ਨੇਤਾਵਾਂ ਨੇ ਇਹ ਬਿਆਨ ਸ਼ੁੱਕਰਵਾਰ ਨੂੰ ਬ੍ਰਿਕਸ ਬਿਜ਼ਨੈੱਸ ਫੋਰਮ ਨੂੰ ਸੰਬੋਧਨ ਕਰਦਿਆਂ ਦਿੱਤੇ। ਇਸ ਫੋਰਮ ਨੂੰ ਈਰਾਨ ਦੇ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਨੇ ਵੀ ਸੰਬੋਧਨ ਕਰਦਿਆਂ ਜੰਗ ਕਾਰਨ ਦਰਪੇਸ਼ ਹਾਲਾਤ ਦਾ ਜ਼ਿਕਰ ਕਰਦਿਆਂ ਅਮਰੀਕਾ ਦੀ ਭੂਮਿਕਾ ਨੂੰ ਵੀ ਨਿਸ਼ਾਨੇ 'ਤੇ ਲਿਆ। ਉਨ੍ਹਾਂ ਕਿਹਾ ਕਿ ਕਿਸੇ ਦੇਸ਼ ਦੀ ਜੰਗ ਵਿਸ਼ਵ ਦੇ ਲਈ ਵੀ ਵੱਡਾ ਖ਼ਤਰਾ ਹੈ। ਮੌਜੂਦਾ ਸਮੇਂ 'ਚ ਬ੍ਰਿਕਸ ਦੀ ਭੂਮਿਕਾ ਬਹੁਤ ਅਹਿਮ ਹੈ। ਈਰਾਨ 'ਤੇ ਅਮਰੀਕਾ ਅਤੇ ਇਜ਼ਰਾਈਲ ਦੇ ਹਮਲੇ ਨਾਲ ਸਥਿਤੀ ਖ਼ਰਾਬ ਹੋਈ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬ੍ਰਿਕਸ ਬਿਜ਼ਨੈੱਸ ਫੋਰਮ ਨੂੰ ਸੰਬੋਧਨ ਕਰਦਿਆਂ ਸਮੂਹ ਦੇ ਲਗਾਤਾਰ ਵਿਸਥਾਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ 2006 'ਚ ਬ੍ਰਿਕਸ ਦੀ ਸ਼ੁਰੂਆਤ ਸਮੇਂ ਇਸ 'ਚ ਸਿਰਫ਼ 4 ਦੇਸ਼ ਸਨ ਪਰ ਅੱਜ ਮੈਂਬਰ ਅਤੇ ਭਾਈਵਾਲ ਦੇਸ਼ਾਂ ਨੂੰ ਮਿਲਾ ਕੇ ਇਹ ਸਮੂਹ 21 ਦੇਸ਼ਾਂ ਦਾ ਪਰਿਵਾਰ ਬਣ ਗਿਆ ਹੈ ਅਤੇ ਦੁਨੀਆ ਦੀ ਅੱਧੀ ਆਬਾਦੀ ਬ੍ਰਿਕਸ ਦੇਸ਼ਾਂ 'ਚ ਰਹਿੰਦੀ ਹੈ, ਜੋ ਦੁਨੀਆ ਦੀ 40 ਫ਼ੀਸਦੀ ਜੀ.ਡੀ.ਪੀ. ਅਤੇ 25 ਫ਼ੀਸਦੀ ਤੋਂ ਵੱਧ ਆਲਮੀ ਵਪਾਰ ਦਾ ਹਿੱਸਾ ਹੈ। ਪ੍ਰਧਾਨ ਮੰਤਰੀ ਨੇ ਆਪਣੇ ਸੰਬੋਧਨ 'ਚ ਭਾਰਤ ਦੀਆਂ ਵਿਕਾਸ ਪ੍ਰਾਪਤੀਆਂ ਦਾ ਹਵਾਲਾ ਦਿੰਦਿਆਂ ਬੁਨਿਆਦੀ ਢਾਂਚੇ ਦੇ ਵਿਕਾਸ, ਸੈਮੀਕੰਡਕਟਮ, ਖਣਿਜਾਂ ਅਤੇ ਬਾਇਓ ਤਕਨਾਲੋਜੀ ਜਿਹੇ ਖੇਤਰਾਂ 'ਚ ਵਧ ਰਹੀਆਂ ਨਵੀਆਂ ਸਮਰੱਥਾਵਾਂ ਦਾ ਜ਼ਿਕਰ ਕੀਤਾ। ਨਾਲ ਹੀ ਡਿਜੀਟਲ ਖੇਤਰ 'ਚ ਯੂ.ਪੀ.ਆਈ. ਭੁਗਤਾਨ ਦੇ ਵਧਣ ਦੀ ਵੀ ਤਾਰੀਫ਼ ਕੀਤੀ।






**ਸਮੁੰਦਰੀ ਸੁਰੱਖਿਆ 'ਤੇ ਦਿੱਤਾ ਵਿਸ਼ੇਸ਼ ਜ਼ੋਰ :** ਮੋਦੀ ਨੇ ਸਮੁੰਦਰੀ ਸੁਰੱਖਿਆ ਨੂੰ ਅਹਿਮ ਦੱਸਦਿਆਂ ਕਿਹਾ ਕਿ ਭਾਰਤ ਹਮੇਸ਼ਾ ਤੋਂ ਸਮੁੰਦਰੀ ਆਵਾਜਾਈ ਦੀ ਆਜ਼ਾਦੀ ਅਤੇ ਮਲਾਹਾਂ ਦੀ ਸੁਰੱਖਿਆ ਦਾ ਸਮਰਥਨ ਕਰਦਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਲਮੀ ਵਪਾਰ ਦੀ ਪ੍ਰਗਤੀ ਲਈ ਸਮੁੰਦਰੀ ਰਾਹਾਂ ਦਾ ਸੁਰੱਖਿਅਤ ਹੋਣਾ, ਸਪਲਾਈ ਮਾਰਗਾਂ ਦਾ ਖੁੱਲ੍ਹੇ ਰਹਿਣਾ ਅਤੇ ਜਹਾਜ਼ਾਂ 'ਤੇ ਕੰਮ ਕਰਨ ਵਾਲੇ ਲੋਕਾਂ ਦੀ ਸੁਰੱਖਿਆ ਬਹੁਤ ਅਹਿਮ ਹੈ। ਮੋਦੀ ਦਾ ਇਹ ਬਿਆਨ ਹੋਰਮੁਜ਼ 'ਚ ਭਾਰਤੀ ਮਲਾਹਾਂ 'ਤੇ ਹੋਏ ਹਮਲਿਆਂ ਦੇ ਪਿਛੋਕੜ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ।

**ਜੀ-7 ਤੋਂ ਅੱਗੇ ਨਿਕਲਿਆ ਬ੍ਰਿਕਸ : ਪੁਤਿਨ**

ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਪੱਛਮੀ ਦੇਸ਼ਾਂ 'ਤੇ ਤਨਜ਼ ਕੱਸਦਿਆਂ ਕਿਹਾ ਕਿ ਸਮਝ ਨਹੀਂ ਆਉਂਦਾ ਕਿ ਕੁਝ ਕਮਜ਼ੋਰ ਹੋ ਚੁੱਕੇ ਪੱਛਮੀ ਦੇਸ਼ ਅਜੇ ਵੀ ਖ਼ੁਦ ਨੂੰ ਜੀ-7 ਕਿਉਂ ਕਹਿੰਦੇ ਹਨ। ਪੁਤਿਨ ਨੇ ਬ੍ਰਿਕਸ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਬ੍ਰਿਕਸ ਦੀ ਅਰਥਵਿਵਸਥਾ ਦਾ ਆਕਾਰ ਲਗਾਤਾਰ ਵਧ ਰਿਹਾ ਹੈ ਪਰ ਪੱਛਮੀ ਦੇਸ਼ਾਂ ਦਾ ਦਬਦਬਾ ਪਹਿਲਾ ਜਿਹਾ ਨਹੀਂ ਰਿਹਾ। ਪੁਤਿਨ ਨੇ ਇਹ ਵੀ ਕਿਹਾ ਕਿ ਦੁਨੀਆ ਦੀ ਅਰਥਵਿਵਸਥਾ ਹਮੇਸ਼ਾ ਬਦਲਦੀ ਰਹਿੰਦੀ ਹੈ ਅਤੇ ਹੁਣ ਆਰਥਿਕ ਵਿਕਾਸ ਦੇ ਨਵੇਂ ਕੇਂਦਰ ਸਾਹਮਣੇ ਆ ਰਹੇ ਹਨ।

**ਦੁਨੀਆ ਮੁਸ਼ਕਿਲ ਦੌਰ 'ਚੋਂ ਲੰਘ ਰਹੀ ਹੈ - ਈਰਾਨੀ ਰਾਸ਼ਟਰਪਤੀ, ਮੋਦੀ ਨਾਲ ਕੀਤੀ ਗੱਲਬਾਤ :** ਈਰਾਨ ਦੇ ਰਾਸ਼ਟਰਪਤੀ ਨੇ ਅਜੋਕੇ ਆਲਮੀ ਹਾਲਾਤ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਅੱਜ ਦੁਨੀਆ ਬਹੁਤ ਮੁਸ਼ਕਿਲ ਦੌਰ 'ਚੋਂ ਲੰਘ ਰਹੀ ਹੈ। ਦੇਸ਼ਾਂ 'ਚ ਤਣਾਅ ਅਤੇ ਅਨਿਸਚਿਤਤਾ ਵੱਧ ਗਈ ਹੈ। ਸਾਮਾਨ ਦੀ ਸਪਲਾਈ 'ਚ ਦਿੱਕਤਾਂ ਆ ਰਹੀਆਂ ਹਨ ਅਤੇ ਆਰਥਿਕ ਤਾਕਤ ਦਾ ਇਸਤੇਮਾਲ ਦਬਾਅ ਬਣਾਉਣ ਲਈ ਕੀਤਾ ਜਾ ਰਿਹਾ ਹੈ। ਇਨ੍ਹਾਂ ਸਭ ਕਾਰਨਾਂ ਕਾਰਨ ਦੁਨੀਆ ਦਾ ਕਾਰੋਬਾਰੀ ਅਤੇ ਆਰਥਿਕ ਮਾਹੌਲ ਹੋਰ ਜ਼ਿਆਦਾ ਚੁਣੌਤੀਪੂਰਨ ਹੋ ਗਿਆ। ਅਜਿਹੇ ਸਮੇਂ 'ਚ ਸਵਾਲ ਹੈ ਕਿ ਬ੍ਰਿਕਸ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਿਵੇਂ ਕਰੇਗਾ। ਉਨ੍ਹਾਂ ਕਿਹਾ ਕਿ ਬ੍ਰਿਕਸ ਦੀ ਅਸਲੀ ਤਾਕਤ ਸਿਰਫ਼ ਉਸਦੇ ਮੈਂਬਰ ਦੇਸ਼ਾਂ 'ਚ ਨਹੀਂ ਸਗੋਂ ਮਿਲਕੇ ਵਪਾਰ ਵਧਾਉਣ, ਨਿਵੇਸ਼ ਕਰਨ ਅਤੇ ਸਾਂਝਾ ਵਿੱਤੀ ਸਹਿਯੋਗ ਕਰਨ 'ਚ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਈਰਾਨ ਦੇ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਨਾਲ ਗੱਲਬਾਤ ਦੌਰਾਨ ਪੱਛਮੀ ਏਸ਼ੀਆ ਦੇ ਟਕਰਾਅ ਦਾ ਹੱਲ ਗੱਲਬਾਤ ਅਤੇ ਕੂਟਨੀਤੀ ਰਾਹੀਂ ਕੱਢਣ 'ਤੇ ਜ਼ੋਰ ਦਿੱਤਾ। ਉਨ੍ਹਾਂ ਖੇਤਰ ਵਿਚ ਲੰਮੇ ਸਮੇਂ ਲਈ ਸ਼ਾਂਤੀ ਅਤੇ ਸਥਿਰਤਾ ਕਾਇਮ ਕਰਨ ਦੇ ਨਾਲ-ਨਾਲ ਸਮੁੰਦਰੀ ਰਸਤਿਆਂ 'ਤੇ ਆਵਾਜਾਈ ਦੀ ਆਜ਼ਾਦੀ, ਵਪਾਰ ਦੀ ਨਿਰਵਿਘਨ ਆਵਾਜਾਈ ਅਤੇ ਸਮੁੰਦਰੀ ਮਲਾਹਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਲੋੜ ਉਜਾਗਰ ਕੀਤੀ। ਦੋਵਾਂ ਆਗੂਆਂ ਨੇ ਭਾਰਤ-ਈਰਾਨ ਸੰਬੰਧਾਂ ਦੇ ਵੱਖ-ਵੱਖ ਪੱਖਾਂ 'ਤੇ ਵੀ ਵਿਚਾਰ ਕੀਤਾ। ਦੋਵੇਂ ਆਗੂਆਂ ਦੀ ਦੋ ਹਫ਼ਤਿਆਂ ਤੋਂ ਵੀ ਘੱਟ ਸਮੇਂ ਵਿਚ ਇਹ ਦੂਜੀ ਮੁਲਾਕਾਤ ਹੈ। ਮੋਦੀ ਅਤੇ ਪੇਜ਼ੇਸ਼ਕੀਅਨ ਦੀ ਇਸ ਤੋਂ ਪਹਿਲਾਂ 31 ਅਗਸਤ ਨੂੰ ਬਿਸ਼ਕੇਕ ਵਿਚ ਸ਼ੰਘਾਈ ਸਹਿਯੋਗ ਸੰਗਠਨ (ਐਸ.ਸੀ.ਓ) ਦੇ ਸੰਮੇਲਨ ਤੋਂ ਅਲੱਗ ਮੁਲਾਕਾਤ ਹੋਈ ਸੀ। ਉਸ ਮੌਕੇ ਮੋਦੀ ਨੇ ਕਿਹਾ ਸੀ ਕਿ ਭਾਰਤ ਟਕਰਾਅ ਖ਼ਤਮ ਕਰਨ ਲਈ ਕੀਤੇ ਜਾ ਰਹੇ ਸਾਰੇ ਯਤਨਾਂ ਦਾ ਸਮਰਥਨ ਕਰਦਾ ਹੈ। ਰਾਸ਼ਟਰਪਤੀ ਬਣਨ ਤੋਂ ਬਾਅਦ ਪੇਜ਼ੇਸ਼ਕੀਅਨ ਦਾ ਇਹ ਪਹਿਲਾ ਭਾਰਤ ਦੌਰਾ ਹੈ।



**ਮੋਦੀ ਵਲੋਂ ਸੰਯੁਕਤ ਰਾਸ਼ਟਰ ਮੁਖੀ ਗੁਟਰੇਸ ਨਾਲ ਮੁਲਾਕਾਤ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬ੍ਰਿਕਸ ਸਿਖਰ ਸੰਮੇਲਨ ਤੋਂ ਪਹਿਲਾਂ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਟੇਰੇਸ ਨਾਲ ਮੁਲਾਕਾਤ ਕੀਤੀ। ਦੋਵਾਂ ਨੇ ਚੱਲ ਰਹੇ ਸੰਘਰਸ਼ਾਂ, ਸਮੁੰਦਰੀ ਆਵਾਜਾਈ ਦੀ ਆਜ਼ਾਦੀ, ਟਿਕਾਊ ਵਿਕਾਸ, ਮਨੁੱਖ-ਕੇਂਦਰਿਤ ਏ.ਆਈ., ਨਵਿਆਉਣਯੋਗ ਊਰਜਾ ਵਿਚ ਤਰੱਕੀ ਅਤੇ ਵਿਸ਼ਵ ਖੁਰਾਕ ਸੁਰੱਖਿਆ ਸਮੇਤ ਕਈ ਅਹਿਮ ਮੁੱਦਿਆਂ 'ਤੇ ਚਰਚਾ ਕੀਤੀ। ਵਿਦੇਸ਼ ਮੰਤਰਾਲੇ ਨੇ ਦੱਸਿਆ ਕਿ ਦੋਵਾਂ ਆਗੂਆਂ ਨੇ 'ਬਹੁ-ਧਰੁਵੀ ਵਿਸ਼ਵ ਵਿਵਸਥਾ' ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਸਮੇਤ ਬਹੁਪੱਖੀ ਸੰਸਥਾਵਾਂ ਵਿਚ ਸੁਧਾਰ ਦੀ ਲੋੜ ਵੀ ਉਜਾਗਰ ਕੀਤੀ, ਤਾਂ ਜੋ ਇਹ ਸੰਸਥਾਵਾਂ ਅੱਜ ਦੀਆਂ ਵਿਸ਼ਵ ਹਕੀਕਤਾਂ ਨੂੰ ਦਰਸਾ ਸਕਣ। ਗੁਟੇਰੇਸ ਨੇ ਭਾਰਤ ਵੱਲੋਂ ਚੌਥੀ ਵਾਰ ਬ੍ਰਿਕਸ ਦੀ ਅਗਵਾਈ ਕਰਨ ਲਈ ਮੋਦੀ ਨੂੰ ਵਧਾਈ ਦਿੱਤੀ।
























**ਵਿਰਸੇ ਦਾ ਵਣਜਾਰਾ ਅਤੇ ਰੂਹਾਂ ਦੀ ਆਵਾਜ਼**

**ਹਫ਼ਤਾਵਾਰੀ ਸਾਹਿਤਕ ਲੜੀ 'ਲੋਕਗੀਤਾਂ ਵਿਚ ਭਿੱਜੀ ਰੂਹ' ਦਾ ਇਤਿਹਾਸਕ ਆਗਾਜ਼**

'ਜਿਸ ਕੌਮ ਦੇ ਲੋਕ-ਗੀਤ ਮਰ ਜਾਂਦੇ ਹਨ, ਉਸ ਕੌਮ ਦਾ ਭੂਤਕਾਲ ਗੁੰਮ ਹੋ ਜਾਂਦਾ ਹੈ ਅਤੇ ਭਵਿੱਖ ਗੂੰਗਾ ਹੋ ਜਾਂਦਾ ਹੈ।' ਅੱਜ ਦੇ ਇਸ ਮਸ਼ੀਨੀ ਅਤੇ ਦੌੜ-ਭੱਜ ਵਾਲੇ ਯੁੱਗ ਵਿੱਚ, ਜਿੱਥੇ ਸਾਡੀ ਨਵੀਂ ਪੀੜ੍ਹੀ ਆਪਣੀਆਂ ਸੱਭਿਆਚਾਰਕ ਜੜ੍ਹਾਂ ਤੋਂ ਦੂਰ ਹੋ ਰਹੀ ਹੈ, ਉੱਥੇ ਅਸੀਂ ਬੇਹੱਦ ਮਾਣ ਅਤੇ ਫ਼ਖ਼ਰ ਨਾਲ ਆਪਣੇ ਪਾਠਕਾਂ ਲਈ ਇੱਕ ਨਵੀਂ ਹਫ਼ਤਾਵਾਰੀ ਸਾਹਿਤਕ ਲੜੀ 'ਲੋਕਗੀਤਾਂ ਵਿਚ ਭਿੱਜੀ ਰੂਹ' ਸ਼ੁਰੂ ਕਰਨ ਜਾ ਰਹੇ ਹਾਂ। ਇਹ ਸਿਰਫ਼ ਸ਼ਬਦ ਨਹੀਂ, ਬਲਕਿ ਪੰਜਾਬ ਦੀ ਪਾਕੀਜ਼ਾ ਮਿੱਟੀ ਦੀ ਧੜਕਣ ਅਤੇ ਸਾਡੇ ਵਜੂਦ ਦਾ ਜਿਉਂਦਾ-ਜਾਗਦਾ ਇਤਿਹਾਸ ਹੈ। ਇਸ ਲੜੀ ਦੇ ਲੇਖਿਕਾ ਹਨ—ਕੈਲੀਫੋਰਨੀਆ (ਅਮਰੀਕਾ) ਤੋਂ ਉੱਘੀ ਸਾਹਿਤਕਾਰ, ਪ੍ਰਖ਼ਰ ਚਿੰਤਕ ਅਤੇ ਮਾਂ-ਬੋਲੀ ਦੀ ਸੇਵਕ ਨੀਲਮ ਸੈਣੀ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੰਜਾਬੀ ਦੀ ਐਮ.ਐਮ. ਵਿੱਚੋਂ ਟਾਪਰ ਰਹੀ ਨੀਲਮ ਸੈਣੀ ਦੀ ਕਲਮ ਵਿੱਚੋਂ ਨਿਕਲੇ ਇਹ ਬਹੁਮੁੱਲੇ ਸ਼ਬਦ ਤੁਹਾਡੀ ਰੂਹ ਨੂੰ ਪੰਜਾਬ ਦੇ ਪਿੰਡਾਂ, ਸੁਹਾਗਾਂ, ਘੋੜੀਆਂ ਅਤੇ ਲੋਰੀਆਂ ਦੇ ਉਸ ਅਮਰ ਸਰੋਵਰ ਵਿੱਚ ਇਸ਼ਨਾਨ ਕਰਵਾਉਣਗੇ, ਜਿਸਦੀ ਖ਼ੁਸ਼ਬੂ ਦੇਸ਼ਾਂ-ਵਿਦੇਸ਼ਾਂ ਵਿੱਚ ਵੱਸਦੇ ਹਰ ਪੰਜਾਬੀ ਦੇ ਦਿਲ ਤੱਕ ਪਹੁੰਚਦੀ ਹੈ। ਉਨ੍ਹਾਂ ਦੀਆਂ ਲਿਖੀਆਂ ਸੱਭਿਆਚਾਰਕ ਪੁਸਤਕਾਂ (ਜਿਵੇਂ: 'ਸਾਡੀਆਂ ਰਸਮਾਂ ਸਾਡੇ ਗੀਤ' ਅਤੇ 'ਵਿਰਸੇ ਦਾ ਵਣਜਾਰਾ') ਅੱਜ ਵਿਸ਼ਵ ਭਰ ਵਿੱਚ ਪੰਜਾਬੀ ਵਿਰਸੇ ਦਾ ਪ੍ਰਮਾਣਿਕ ਧੁਰਾ ਬਣ ਚੁੱਕੀਆਂ ਹਨ। ਆਓ, ਆਪਣੀਆਂ ਜੜ੍ਹਾਂ ਵੱਲ ਮੁੜੀਏ ਅਤੇ ਇਸ ਖ਼ੂਬਸੂਰਤ ਸੱਭਿਆਚਾਰਕ ਯਾਤਰਾ ਵਿੱਚ ਸਾਡੇ ਹਮਸਫ਼ਰ ਬਣੋ। — ਸਤਨਾਮ ਸਿੰਘ ਖਾਲਸਾ



## ਵਿਸ਼ੇਸ਼ ਸੱਭਿਆਚਾਰਕ ਸੰਪਾਦਕੀ: ਵਿਰਸੇ ਦੀ ਆਵਾਜ਼

# ਲੋਕਗੀਤਾਂ ਵਿੱਚ ਭਿੱਜੀ ਰੂਹ: ਪੰਜਾਬੀ ਸੱਭਿਆਚਾਰ ਦੇ ਅੰਬਰ ਦਾ ਸਦੀਵੀ ਚੰਦਰਮਾ-ਨੀਲਮ ਸੈਣੀ

'ਲੋਕ-ਗੀਤਾਂ ਦੀ ਬਾਂਹ ਉੱਤੇ ਕਿਸੇ ਵੀ ਗੀਤਕਾਰ ਦਾ ਨਾਓਂ ਨਹੀਂ ਖੁਣਿਆ ਹੁੰਦਾ, ਪਰ ਉਨ੍ਹਾਂ ਦੇ ਰੋਮ-ਰੋਮ ਉੱਤੇ ਜੋ ਲਫ਼ਜ਼ ਲਿਖਿਆ ਹੁੰਦਾ ਹੈ, ਉਹ ਹੈ—ਲੋਕ, ਲੋਕ, ਲੋਕ...।' — ਅੰਮ੍ਰਿਤਾ ਪ੍ਰੀਤਮ

(ਲੜੀ-17)

**ਲੋਹੜੀ ਸਮੇਂ ਦਾ ਗਿੱਧਾ**

ਪਹਿਲਾਂ ਪਹਿਲ ਇਸ ਵਕਤ ਗਿੱਧੇ ਦੀ ਧਮਾਲ ਵੀ ਪੈਂਦੀ ਸੀ। ਗਿੱਧਾ ਪੰਜਾਬਣਾਂ ਦਾ ਪ੍ਰਸਿੱਧ ਲੋਕ ਨਾਚ ਹੈ। ਦੇਵਿੰਦਰ ਸਤਿਆਰਥੀ ਨੇ ਆਪਣੀ ਪੁਸਤਕ ਗਿੱਧੇ ਦੀ ਭੂਮਿਕਾ ਵਿਚ ਕਿਹਾ ਹੈ ਕਿ ਗਿੱਧੇ ਦਾ ਜਨਮ ਸਾਂਝੇ ਵਲਵਲੇ ਨੂੰ ਇਕੋ ਲੜੀ ਵਿਚ ਪਰੋਣ ਲਈ ਹੋਇਆ। ਨੱਚਣ-ਕੁੱਦਣ ਦੇ ਜੀਉਂਦੇ ਹੁਲਾਰੇ, ਪਿਤਾ ਪੁਰਖੀ ਭਾਈਵਾਲੀ ਦੀਆਂ ਪ੍ਰੀਤ ਰੱਜੀਆਂ ਸੁਰਾਂ ਨਾਲ ਮੌਜ ਮੇਲਿਆਂ ਦੀ ਇਕ ਮਾਖਿਓਂ-ਮਿੱਠੀ ਦੁਨੀਆਂ ਵਸਾ ਦਿੰਦੇ ਹਨ। ਗਿੱਧਾ ਕੀ ਹੈ, ਦਿਲਾਂ ਦਾ ਸਾਂਝਾ ਪਿੜ ਹੈ। ਇਥੇ ਆ ਕੇ ਦਿਲਾਂ ਦੇ ਵਿਚਕਾਰ ਬਹੁਤੀਆਂ ਵਿੱਥਾਂ ਨਹੀਂ ਰਹਿੰਦੀਆਂ। ਨਿਰਸੰਦੇਹ ਪੰਜਾਬਣਾਂ ਇਸ ਨਾਚ ਰਾਹੀਂ ਆਪਣੇ ਮਨ ਦੀ ਖ਼ੁਸ਼ੀ ਦਾ ਪ੍ਰਗਟਾਵਾ ਕਰਦੀਆਂ ਸਨ। ਉਹ ਗਿੱਧੇ ਵਿਚ ਬੋਲੀਆਂ ਰਾਹੀਂ ਆਪਣੇ ਮਨ ਦੀ ਅਵਸਥਾ ਅਰਥਾਤ ਜ਼ਿੰਦਗੀ ਦੇ ਕੌੜੇ ਤੋਂ ਕੌੜੇ ਤਜ਼ਰਬੇ ਨੂੰ ਪ੍ਰਸੰਨਤਾ ਨਾਲ ਬਿਆਨਦੀਆਂ ਸਨ। ਉਹ ਨੱਚ-ਨੱਚ ਕੇ ਧਰਤ ਹਿਲਾਉਂਦੀਆਂ ਭਰਾ ਦੀ ਸ਼ਲਾਘਾ ਕਰਦੀਆਂ ਸਨ। ਭਰਾ 'ਤੇ ਮਾਣ ਕਰਦੀਆਂ, ਗਿੱਧੇ ਦੇ ਪਿੜ ਵਿਚ ਵਿਚ ਨੱਚ-ਨੱਚ ਧਮਾਲਾਂ ਪਾਉਂਦੀਆਂ ਸਨ। ਉਹ ਵੀਰ ਘਰ ਪੁੱਤ ਜੰਮਣ ਦੀ ਖ਼ੁਸ਼ੀ ਵਿਚ ਗਿੱਧੇ ਦੀਆਂ ਬੋਲੀਆਂ ਰਾਹੀਂ ਕਦੀ ਬਾਪ ਕੋਲੋਂ ਅਤੇ ਕਦੀ ਵੀਰ ਕੋਲੋਂ ਵਧਾਈ ਮੰਗਦੀਆਂ ਸਨ। ਲਾਡਲੇ ਭਤੀਜੇ ਨੂੰ ਚੁੱਕ ਕੇ ਨੱਚਦੀਆਂ, ਉਸਦਾ ਮੱਥਾ ਚੁੰਮਦੀਆਂ ਅਤੇ ਮਾਪਿਆਂ ਦੀ ਸੁੱਖ ਮਨਾਉਂਦੀਆਂ ਸਨ। ਪੇਕੇ ਘਰ ਵਿਚ ਭਾਬੀ ਵਲੋਂ ਕੀਤੇ ਜਾਂਦੇ ਵਿਤਕਰੇ ਦਾ ਸ਼ਿਕਵਾ ਅਤੇ ਨਿਹੋਰੇ ਵੀ ਇਨ੍ਹਾਂ ਬੋਲੀਆਂ ਰਾਹੀਂ ਪ੍ਰਗਟਾਏ ਜਾਂਦੇ ਸਨ। ਸਹੁਰੇ ਪਰਿਵਾਰ ਵਿਚ ਸੱਸ ਅਤੇ ਜਠਾਣੀ ਵਲੋਂ ਕੀਤੀਆਂ ਜਾਂਦੀਆਂ ਵਧੀਕੀਆਂ ਦਾ ਖੁਲਾਸਾ ਵੀ ਇਨ੍ਹਾਂ ਬੋਲੀਆਂ ਰਾਹੀਂ ਕੀਤਾ ਜਾਂਦਾ ਸੀ। ਇਨ੍ਹਾਂ ਬੋਲੀਆਂ ਵਿਚ ਮਾਪਿਆਂ ਦੇ ਵਿਛੋੜੇ ਤੇ ਸਹੁਰੇ ਪਿੰਡ ਦੀਆਂ ਲੰਮੀਆਂ ਵਾਟਾਂ ਦਾ ਜ਼ਿਕਰ ਵੀ ਹੁੰਦਾ ਸੀ। ਉਹ ਲੋਹੜੀ ਦੀ ਰਾਤ ਨੂੰ ਨੱਚ-ਨੱਚ ਕੇ ਬਾਬਲ ਦਾ ਵਿਹੜਾ ਪੁੱਟਦੀਆਂ ਸਾਰੇ ਪਿੰਡ ਦਾ ਰੌਣਕ ਬਣਦੀਆਂ ਸਨ। ਅਜੋਕੇ ਸਮੇਂ ਵਿਚ ਇਸ ਗਿੱਧੇ ਦੀ ਥਾਂ ਤੇ ਸਟੇਜੀ ਗਿੱਧਾ ਅਤੇ ਡੀ.ਜੇ ਪ੍ਰਧਾਨ ਹੈ।

ਹੁੱਲੇ ਹੁਲਾਰੇ! ਹੁੱਲੇ ਹੁੱਲੇ ਨੀ ਹੁੱਲੇ! ਹੁੱਲੇ!
ਹੈ ਕੋਈ ਨੇੜੇ ਤੇੜੇ-ਹੁੱਲੇ!
ਆਓ ਰਲ ਮਿਲ ਗਾਈਏ-ਹੁੱਲੇ!
ਆਓ ਗਿੱਧਾ ਪਾਈਏ-ਹੁੱਲੇ!
ਚੰਨ ਚੜ੍ਹਿਆ ਨਣਾਨੇ,
ਤਾਰਾ-ਰਾਰਾ-ਰਾਰਾ...
ਚੰਨ ਚੜ੍ਹਿਆ ਨਣਾਨੇ,
ਤੀਰੀ-ਰੀਰੀ-ਰੀਰੀ।
ਚੰਨ ਚੜ੍ਹਿਆ ਬਾਪ ਦੇ ਵੇੜ੍ਹੇ,
ਨੀ ਵੀਰ ਘਰ ਪੁੱਤ ਜੰਮਿਆਂ।
ਮੈਨੂੰ ਗਿੱਧੇ ਵਿਚ ਮਿਲਣ ਵਧਾਈਆਂ,
ਨੀ ਵੀਰ ਘਰ ਪੁੱਤ ਜੰਮਿਆਂ।
ਬੱਲੇ ਬੱਲੇ ਬਈ ਭਾਬੋ ਮੱਥੇ ਪਾਵੇ ਤਿਊੜੀਆਂ,
ਵੀਰਾ ਮੱਝੀਆਂ ਦੇ ਸੰਗਲ ਫੜਾਵੇ।
ਬੱਲੇ ਬੱਲੇ ਬਈ ਜੁੱਗ ਜੁੱਗ ਰਹੇ ਵੱਸਦਾ,
ਪੁੱਤ ਵੀਰ ਦਾ ਭਤੀਜਾ ਮੇਰਾ।
ਹਰਾ ਹਰਾ ਘਾਹ ਉੱਤੇ ਸੱਪ ਫੂਕਾਂ ਮਾਰਦਾ,
ਭੱਜੋ ਵੀਰੋ ਵੇ ਬਾਪੂ 'ਕੱਲਾ ਮੱਝਾਂ ਚਾਰਦਾ।
ਹਰੇ-ਹਰੇ ਘਾਹ ਉੱਤੇ ਉੱਠ ਭੰਬੀਰੀਆਂ,
ਬੋਲੋ ਵੀਰੋ ਵੇ ਭੈਣਾਂ ਮੰਗਣ ਜੰਜ਼ੀਰੀਆਂ।
ਬੱਲੇ ਬੱਲੇ ਬਈ ਸਿਰ ਪੁਰ ਹੱਥ ਰੱਖ ਕੇ,
ਭੈਣਾਂ ਰੋਂਦੀਆਂ ਨੂੰ ਚੁੱਪ ਕਰਾਉਂਦੇ।
ਬੱਲੇ ਬੱਲੇ ਬਈ ਕੱਚਾ ਦੁੱਧ ਪੀਣ ਵਾਲ਼ੀਏ,
ਮੁੰਡਾ ਜੰਮੇਗੀ ਦਹੀਂ ਦੇ ਫੁੱਟ ਵਰਗਾ।
ਵੀਰ ਮੇਰੇ ਨੇ ਕੁੜਤੀ ਦਿੱਤੀ,
ਭਾਬੋ ਨੇ ਫੁਲਕਾਰੀ।
ਜੁੱਗ-ਜੁੱਗ 'ਜੀ ਭਾਬੋ,
ਲੱਗੇਂ ਜਾਨ ਤੋਂ ਪਿਆਰੀ।
ਬੱਲੇ-ਬੱਲੇ ਬਈ ਪੰਜ ਵੀਰ ਮੱਸਿਆ ਚੱਲੇ,
ਪੱਗਾਂ ਖੱਟੀਆਂ ਤੇ ਦੇਖਣ ਜੱਟੀਆਂ।
ਬੱਲੇ-ਬੱਲੇ ਬਈ ਪੰਜ ਵੀਰ ਮੱਸਿਆ ਚੱਲੇ,
ਪੱਗਾਂ ਕਾਲੀਆਂ ਤੇ ਦੇਖਣ ਸਾਲ਼ੀਆਂ।
ਵੀਰ ਮੇਰੇ ਨੇ ਚਰਖ਼ਾ ਦਿੱਤਾ,
ਵਿਚ ਸੋਨੇ ਦੀਆਂ ਮੇਖਾਂ।
ਵੀਰਾ ਤੈਨੂੰ ਯਾਦ ਕਰਾਂ,
ਵੇ ਮੈਂ ਜਦ ਚਰਖ਼ੇ ਵਲ ਦੇਖਾਂ।
ਬੱਲੇ-ਬੱਲੇ ਨੀ ਉਹ ਵੀਰ ਮੇਰਾ ਕੁੜੀਓ,
ਜਿਹੜਾ ਮੂਹਰਲੀ ਗੱਡੀ ਦਾ ਬਾਬੂ।
ਬੱਲੇ ਬੱਲੇ ਨੀ ਸਰਵਣ ਵੀਰ ਕੁੜੀਓ,
ਬੋਤੇ ਚਾਰਦੇ ਭੈਣਾਂ ਨੂੰ ਮਿਲ ਆਉਂਦੇ।
ਬੱਲੇ ਬੱਲੇ ਨੀ ਬੋਤਾ ਭੈਣੇ ਫੇਰ ਬਨ੍ਹੂੰਗਾ,
ਮੱਥਾ ਟੇਕਦਾਂ ਅੰਮਾਂ ਦੀਏ ਜਾਈਏ।
ਬੱਲੇ ਬੱਲੇ ਨੀ ਸੱਸੇ ਤੇਰੀ ਮਹਿੰ ਮਰ ਜਾਏ,
ਮੇਰੇ ਵੀਰ ਨੂੰ ਸੁੱਕੀ ਖੰਡ ਪਾਈ।
ਬੱਲੇ ਬੱਲੇ ਬਈ ਵੀਰਾ ਵੇ ਮੁਰੱਬੇ ਵਾਲਿਆ,
ਮੇਰਾ ਆਰਸੀ ਬਿਨ੍ਹਾਂ ਹੱਥ ਖਾਲੀ।
ਬੱਲੇ ਬੱਲੇ ਬਈ ਇਕ ਵੀਰ ਦੇਵੀਂ ਵੇ ਰੱਬਾ,
ਚਿੱਤ ਰੱਖੜੀ ਬੰਨਣ ਨੂੰ ਕਰਦਾ।
ਬੱਲੇ ਬੱਲੇ ਬਈ ਇਕ ਵੀਰ ਦੇਵੀਂ ਵੇ ਰੱਬਾ,
ਸਹੁੰ ਖਾਣ ਨੂੰ ਬੜਾ ਚਿੱਤ ਕਰਦਾ।
ਬੱਲੇ ਬੱਲੇ ਬਈ ਦੋ ਵੀਰ ਦੇਵੀਂ ਵੇ ਰੱਬਾ,
ਛੋਟਾ ਮੁਣਸ਼ੀ ਵੱਡਾ ਪਟਵਾਰੀ।
ਬੱਲੇ ਬੱਲੇ ਬਈ ਦੋ ਵੀਰ ਦੇਵੀਂ ਵੇ ਰੱਬਾ,
ਮੇਰੇ ਸਾਰੀ ਉਮਰ ਦੇ ਮਾਪੇ।
ਬੱਲੇ ਬੱਲੇ ਬਈ ਮੱਲ ਵਾਂਗੂ ਪੈਰ ਚੁੱਕਦੀ,
ਬੋਤਾ ਵੀਰ ਦਾ ਨਜ਼ਰ ਜਦ ਆਇਆ।
ਬੱਲੇ ਨੀ ਉਹ ਵੀਰ ਮੇਰਾ ਕੁੜੀਓ,
ਹੱਥ ਛੱਤਰੀ ਰੁਮਾਲ ਪੱਲੇ ਸੇਮੀਆਂ।
ਬੱਲੇ ਬੱਲੇ ਬਈ ਹੱਟੀਆਂ ਦੀ ਖੰਡ ਮੁੱਕ ਗਈ,
ਮੇਰਾ ਵੀਰ ਪ੍ਰਾਹੁਣਾ ਆਇਆ।
ਬੱਲੇ ਬੱਲੇ ਬਈ ਖੰਡ ਦੀਆਂ ਆਈਆਂ ਬੋਰੀਆਂ,
ਮੇਰੀ ਸੱਸ ਦਾ ਭਤੀਜਾ ਆਇਆ।
ਬੱਲੇ ਬੱਲੇ ਬਈ ਬਾਬਲ ਧਰਮੀ ਨੇ,
ਸਣੇ ਬਲਦ ਗੱਡਾ ਪੁੰਨ ਕੀਤਾ।
ਬੱਲੇ ਬੱਲੇ ਬਈ ਮਾਣ ਭਰਾਵਾਂ ਦਾ,
ਗਾਲ੍ਹਾਂ ਕੱਢੀਆਂ ਗਲ਼ੀ ਦੇ ਵਿਚ ਖੜ੍ਹ ਕੇ।
ਬੱਲੇ ਬੱਲੇ ਬਈ ਕਿੱਥੇ ਬੰਨ੍ਹਾਂ ਬੋਤਾ ਵੀਰ ਦਾ,
ਮੈਂ ਤਾਂ ਝੁੱਗੀਆਂ 'ਚ ਕੱਟਦੀ ਦਿਹਾੜੇ।
ਬੱਲੇ ਬੱਲੇ ਬਈ ਮੁੰਨੀਆਂ ਰੰਗੀਨ ਗੱਡੀਆਂ,
ਬੋਤਾ ਬੰਨ੍ਹ ਵੇ ਸਰਵਣਾਂ ਵੀਰਾ।
ਬੱਲੇ ਬੱਲੇ ਬਈ ਸਰਦਾ ਤਾਂ ਦੇ ਦੇ ਵੀਰਨਾ,
ਖੱਟੀ ਕੁੜਤੀ ਗ਼ੁਲਾਬੀ ਲੀੜਾ।

(ਚਲਦਾ)



# ਮਿੱਟੀ ਵਾਲੀ ਖੀਰ

ਤਰਸੇਮ ਸਿੰਘ

ਜਿਸ ਇਲਾਕੇ ਵਿੱਚ ਮੇਰਾ ਜਨਮ ਹੋਇਆ, ਉਹ ਕਿਸੇ ਵੇਲੇ ਕਾਫ਼ੀ ਪੱਛੜਿਆ ਹੋਇਆ ਸੀ। ਲੋਕਾਂ ਕੋਲ ਰੁਜ਼ਗਾਰ ਦੇ ਸਾਧਨ ਨਹੀਂ ਸਨ ਅਤੇ ਜ਼ਮੀਨਾਂ ਵੀ ਬਹੁਤ ਘੱਟ ਸਨ। ਥੋੜ੍ਹੀ ਬਹੁਤੀ ਖੇਤੀਬਾੜੀ ਹੁੰਦੀ ਸੀ, ਜੋ ਮੀਂਹ ਉੱਤੇ ਨਿਰਭਰ ਸੀ। ਹਰ ਘਰ ਵਿੱਚ ਪਸ਼ੂ (ਜਿਵੇਂ ਬਲਦ, ਗਾਂ, ਮੱਝ ਜਾਂ ਬੱਕਰੀਆਂ) ਜ਼ਰੂਰ ਹੁੰਦੇ ਸਨ। ਖੇਤਾਂ ਵਿੱਚ ਕੰਮ ਕਰ ਲਿਆ ਅਤੇ ਖਾ-ਪੀ ਲਿਆ, ਬੱਸ ਇਹੀ ਜ਼ਿੰਦਗੀ ਸੀ।

ਸੰਨ 1960 ਦੇ ਕਰੀਬ ਜਦੋਂ ਤਲਵਾੜਾ ਨੇੜੇ ਪੌਂਗ ਡੈਮ ਬਣਨਾ ਸ਼ੁਰੂ ਹੋਇਆ ਤਾਂ ਇਲਾਕੇ ਦੇ ਲੋਕਾਂ ਨੂੰ ਰੁਜ਼ਗਾਰ ਦਾ ਕੁਝ ਮੌਕਾ ਮਿਲਿਆ। ਇਹ ਡੈਮ ਬਣਨ ਨਾਲ ਬਾਹਰਲੇ ਇਲਾਕਿਆਂ ਦੇ ਪੜ੍ਹੇ-ਲਿਖੇ ਲੋਕ ਵੀ ਤਲਵਾੜਾ ਆਏ, ਜਿਸ ਦਾ ਅਸਰ ਇਹ ਹੋਇਆ ਕਿ ਸਾਡੇ ਲੋਕਾਂ ਨੂੰ ਵੀ ਪੜ੍ਹਾਈ ਦਾ ਮਹੱਤਵ ਸਮਝ ਆਉਣ ਲੱਗਿਆ। ਜਦੋਂ ਮੇਰਾ ਜਨਮ ਹੋਇਆ ਤਾਂ ਸਾਡਾ ਇਲਾਕਾ ਬਦਲਾਅ ਵੱਲ ਵਧ ਰਿਹਾ ਸੀ, ਪਰ ਮੇਰੇ ਬਚਪਨ ਵੇਲੇ ਸਕੂਲ ਜਾਣਾ, ਪਸ਼ੂ ਚਰਾਉਣ ਜਾਣਾ ਅਤੇ ਵਾਪਸੀ 'ਤੇ ਉਨ੍ਹਾਂ ਲਈ ਪੱਠੇ ਵੱਢ ਕੇ ਲਿਆਉਣਾ ਬੱਚਿਆਂ ਦੇ ਮੁੱਖ ਕੰਮ ਹੁੰਦੇ ਸਨ। ਛੁੱਟੀ ਵਾਲੇ ਦਿਨ ਬਿਆਸ ਦਰਿਆ ਕੰਢੇ ਪਸ਼ੂ ਚਰਾਉਣ ਸਵੇਰੇ ਹੀ ਚਲੇ ਜਾਣਾ ਅਤੇ ਸ਼ਾਮ ਨੂੰ ਘਰ ਪਰਤਣਾ। ਮੁੰਡਿਆਂ ਨੇ ਕਦੇ-ਕਦੇ ਘਰੋਂ ਚੋਰੀ ਬੇਸਣ ਜਾਂ ਮੱਕੀ ਦਾ ਆਟਾ, ਤੇਲ ਅਤੇ ਨਮਕ ਲੈ ਜਾਣਾ ਤੇ ਦਰਿਆ ਕੰਢੇ ਪਕੌੜੇ ਬਣਾ ਕੇ ਵੀ ਖਾਣੇ। ਕੁੜੀਆਂ ਨੇ ਵੀ ਘਰੋਂ ਚੌਲ, ਗੁੜ ਲੈ ਜਾਣਾ ਤੇ ਬੱਕਰੀ ਦਾ ਦੁੱਧ ਚੋਅ ਕੇ ਖੀਰ ਬਣਾ ਲੈਣੀ।

ਅਜਿਹੀ ਹੀ ਇੱਕ ਘਟਨਾ ਮੇਰੀ ਪੰਜਵੀਂ ਜਮਾਤ ਦੀ ਹੈ। ਮੁਹੱਲੇ ਦੇ ਮੁੰਡਿਆਂ ਨੇ ਕਿਸੇ ਹੋਰ ਪਾਸੇ ਪਸ਼ੂ ਚਰਾਉਣ ਦਾ ਮਨ ਬਣਾਇਆ, ਪਰ ਮੇਰੀ ਮਾਂ ਨੇ ਮੈਨੂੰ ਉਨ੍ਹਾਂ ਨਾਲ ਜਾਣ ਤੋਂ ਰੋਕ ਦਿੱਤਾ ਅਤੇ ਮੈਨੂੰ ਪਸ਼ੂ ਦੇ ਕੇ ਮੁਹੱਲੇ ਦੀਆਂ ਕੁੜੀਆਂ ਨਾਲ ਹੀ ਤੋਰ ਦਿੱਤਾ। ਉਸ ਦਿਨ ਕੁੜੀਆਂ ਦਾ ਖੀਰ ਬਣਾਉਣ ਦਾ ਪ੍ਰੋਗਰਾਮ ਬਣਿਆ ਹੋਇਆ ਸੀ। ਜਦੋਂ ਮੈਂ ਉਨ੍ਹਾਂ ਨੂੰ ਪੁੱਛਿਆ ਕਿ ਕੀ ਮੈਨੂੰ ਵੀ ਖੀਰ ਮਿਲੇਗੀ ਤਾਂ ਉਹ ਕਹਿਣ ਲੱਗੀਆਂ ਕਿ ਜੇ ਤੂੰ ਅੱਜ ਸਾਰਾ ਦਿਨ ਸਾਡੇ ਡੰਗਰਾਂ ਦੀ ਰਾਖੀ ਕਰੇਂਗਾ ਤਾਂ ਹੀ ਤੈਨੂੰ ਖੀਰ ਮਿਲੇਗੀ।

ਮੈਂ ਕੁਝ ਦੇਰ ਤਾਂ ਪਸ਼ੂਆਂ ਦੀ ਰਾਖੀ ਕਰਦਾ ਰਿਹਾ, ਪਰ ਪਸ਼ੂ ਜ਼ਿਆਦਾ ਹੋਣ ਕਰਕੇ ਇੱਧਰ-ਉੱਧਰ ਖਿੱਲਰ ਗਏ। ਮੈਨੂੰ ਡਰ ਸੀ ਕਿ ਜੇਕਰ ਮੈਂ ਪਸ਼ੂਆਂ ਮਗਰ ਦੂਰ ਨਿਕਲ ਗਿਆ ਤਾਂ ਪਿੱਛੋਂ ਕਿਤੇ ਉਹ ਖੀਰ ਨਾ ਖਾ ਜਾਣ ਅਤੇ ਮੈਂ ਹੱਥ ਮਲਦਾ ਰਹਿ ਜਾਵਾਂ। ਇੰਨੇ ਨੂੰ ਪਸ਼ੂ ਹੋਰ ਅੱਗੇ ਵਧ ਗਏ। ਕੁੜੀਆਂ ਨੇ ਮੌਕਾ ਤਾੜਦਿਆਂ ਆਖਿਆ ਕਿ ਤੂੰ ਪਸ਼ੂਆਂ ਦੀ ਰਾਖੀ ਠੀਕ ਤਰ੍ਹਾਂ ਨਹੀਂ ਕੀਤੀ, ਇਸ ਲਈ ਤੈਨੂੰ ਕੋਈ ਖੀਰ-ਵੀਰ ਨਹੀਂ ਮਿਲਣੀ, ਦੌੜ ਇੱਥੋਂ। ਇਹ ਸੁਣਦਿਆਂ ਹੀ ਮੇਰਾ ਖੀਰ ਖਾਣ ਦਾ ਸੁਪਨਾ ਚਕਨਾਚੂਰ ਹੋ ਗਿਆ। ਜਿਉਂ ਹੀ ਕੁੜੀਆਂ ਪਸ਼ੂਆਂ ਨੂੰ ਮੋੜਨ ਲਈ ਥੋੜ੍ਹੀ ਦੂਰ ਗਈਆਂ ਤਾਂ ਪਤਾ ਨਹੀਂ ਮੇਰੇ ਬਾਲ ਮਨ ਵਿੱਚ ਕੀ ਆਇਆ, ਮੈਂ ਉੱਠਿਆ ਅਤੇ ਜ਼ੋਰ ਨਾਲ ਬੋਲਿਆ, "ਜੇ ਇਹ ਖੀਰ ਮੈਨੂੰ ਨਹੀਂ ਮਿਲਣੀ ਤਾਂ ਮੈਂ ਤੁਹਾਡੇ ਖਾਣ ਜੋਗੀ ਵੀ ਨਹੀਂ ਰਹਿਣ ਦੇਣੀ।" ਇਹ ਆਖਦਿਆਂ ਹੀ ਮੈਂ ਉਸ ਖੀਰ ਵਿੱਚ ਮਿੱਟੀ ਪਾ ਦਿੱਤੀ। ਫਿਰ ਕੀ ਸੀ, ਜੀਹਦੇ ਹੱਥ ਜੋ ਵੀ ਆਇਆ, ਉਨ੍ਹਾਂ ਨੇ ਮੈਨੂੰ ਉਸੇ ਨਾਲ ਹੀ ਕੁੱਟਣਾ ਸ਼ੁਰੂ ਕਰ ਦਿੱਤਾ। ਪਤਾ ਨਹੀਂ ਮੈਨੂੰ ਕਿੰਨੇ ਸੋਟੇ ਪਏ, ਪਰ ਮੈਂ ਰੋਇਆ ਨਹੀਂ। ਮੈਂ ਇਹੀ ਕਹਿੰਦਾ ਰਿਹਾ, "ਕੋਈ ਨਹੀਂ, ਮੈਨੂੰ ਤਾਂ ਨਹੀਂ ਮਿਲੀ ਪਰ ਖਾਣ ਮੈਂ ਤੁਹਾਨੂੰ ਵੀ ਨਹੀਂ ਦਿੱਤੀ।" ਉਨ੍ਹਾਂ ਕੁੜੀਆਂ ਵਿੱਚੋਂ ਹੁਣ ਇੱਕ ਦਾ ਦੇਹਾਂਤ ਹੋ ਚੁੱਕਾ ਹੈ ਅਤੇ ਬਾਕੀ ਵੀ ਉਮਰ ਦੇ ਆਖ਼ਰੀ ਪੜਾਅ ਵੱਲ ਹਨ। ਕਦੇ-ਕਦੇ ਜਦੋਂ ਬੀਤੇ ਸਮੇਂ ਦੀ ਇਹ ਘਟਨਾ ਚੇਤੇ ਆਉਂਦੀ ਹੈ ਤਾਂ ਬਚਪਨ ਦੀ ਮਾਸੂਮੀਅਤ 'ਤੇ ਹਾਸਾ ਵੀ ਆਉਂਦਾ



ਹੈ ਅਤੇ ਆਪਣੀ ਉਸ ਬਾਲ-ਹੱਠ ਵਾਲੀ ਕਰਤੂਤ 'ਤੇ ਸ਼ਰਮ ਵੀ ਆਉਂਦੀ ਹੈ। ਕੁਝ ਸਾਲ ਪਹਿਲਾਂ ਜਦੋਂ ਉਨ੍ਹਾਂ ਵਿੱਚੋਂ ਇੱਕ ਜਣੀ ਮੈਨੂੰ ਮਿਲੀ ਤਾਂ ਅਸੀਂ ਬਚਪਨ ਦੀਆਂ ਯਾਦਾਂ ਸਾਂਝੀਆਂ ਕਰਦਿਆਂ ਹੱਸ ਰਹੇ ਸਾਂ। ਗੱਲਾਂ-ਗੱਲਾਂ ਵਿੱਚ ਮੈਂ ਉਸ ਨੂੰ ਮਜ਼ਾਕ ਨਾਲ ਪੁੱਛਿਆ, "ਦੱਸ ਤਾਂ ਸਹੀ, ਉਸ ਦਿਨ ਵਾਲੀ ਉਹ ਖੀਰ ਕਿੰਨੀ ਕੁ ਸੁਆਦ ਸੀ?" ਉਹ ਝੱਟ ਆਪਣੀ ਮਿੱਠੀ ਪਹਾੜੀ ਬੋਲੀ ਵਿੱਚ ਬੋਲੀ, "ਹਾਏ ਵੇ, ਤੈਨੂੰ ਖੀਰ ਦਾ ਸੁਆਦ ਚੇਤਾ ਹੈ, ਬੱਚੂ... ਉਹ ਜਿਹੜੀ ਉਸ ਦਿਨ ਤੈਨੂੰ ਫੰਡ (ਮਾਰ) ਪਈ ਸੀ, ਉਹ ਭੁੱਲ ਗਿਆਂ?" ਅੱਜ ਵੀ ਜਦੋਂ ਅਤੀਤ ਦੀਆਂ ਪਰਤਾਂ ਫਰੋਲਦਾ ਹਾਂ ਤਾਂ ਮਿੱਠੀਆਂ ਯਾਦਾਂ ਦੇ ਇਸ ਘੇਰੇ ਵਿੱਚ ਬਚਪਨ ਦੀ ਉਹ ਚਾਸ਼ਨੀ ਅਤੇ ਮਿੱਟੀ ਦੀ ਖ਼ੁਸ਼ਬੋ ਨਾਲ ਰਿੱਝੀ ਖੀਰ ਦਾ ਸਵਾਦ, ਪਈ ਮਾਰ ਦੇ ਉਸ ਦੁੱਖ ਨਾਲੋਂ ਕਿਤੇ ਵੱਧ ਮਿੱਠਾ ਜਾਪਦਾ ਹੈ।

# ਭਗਵੰਤ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ਵੱਲੋਂ ਮਜੀਠੀਆ, ਹਰਸਿਮਰਤ ਬਾਦਲ ਅਤੇ ਖਹਿਰਾ ਖ਼ਿਲਾਫ਼ ਮਾਣਹਾਨੀ ਦਾ ਕੇਸ ਦਰਜ

## ਚੰਡੀਗੜ੍ਹ ਅਦਾਲਤ 'ਚ ਸ਼ਿਕਾਇਤ ਦਰਜ; ਝੂਠੇ ਦੋਸ਼ ਲਗਾ ਕੇ ਅਕਸ ਖ਼ਰਾਬ ਕਰਨ 'ਤੇ ਸਜ਼ਾ ਦੇਣ ਦੀ ਕੀਤੀ ਮੰਗ

ਚੰਡੀਗੜ੍ਹ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ਨੇ ਆਪਣੇ ਉੱਪਰ ਝੂਠੇ ਦੋਸ਼ ਲਗਾਉਣ ਦੇ ਮਾਮਲੇ ਵਿੱਚ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ, ਹਰਸਿਮਰਤ ਕੌਰ ਬਾਦਲ ਅਤੇ ਕਾਂਗਰਸੀ ਆਗੂ ਸੁਖਪਾਲ ਸਿੰਘ ਖਹਿਰਾ ਖ਼ਿਲਾਫ਼ ਅਦਾਲਤ ਵਿੱਚ ਅਪਰਾਧਿਕ ਮਾਣਹਾਨੀ ਦਾ ਕੇਸ ਦਰਜ ਕਰਵਾਇਆ ਹੈ।

ਉਨ੍ਹਾਂ ਨੇ ਚੰਡੀਗੜ੍ਹ ਅਦਾਲਤ ਵਿੱਚ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ (BNSS), 2023 ਦੀ ਧਾਰਾ 210 ਅਤੇ 222 ਤਹਿਤ ਸ਼ਿਕਾਇਤ ਦਰਜ ਕਰਵਾਈ ਹੈ, ਜੋ ਕਿ ਭਾਰਤੀ ਨਿਆਇਕ ਸੰਹਿਤਾ (BNS), 2023 ਦੀ ਧਾਰਾ 356 ਅਧੀਨ ਆਉਂਦੇ ਅਪਰਾਧ ਨਾਲ ਸਬੰਧਤ ਹੈ।

ਆਪਣੀ ਸ਼ਿਕਾਇਤ ਵਿੱਚ ਉਨ੍ਹਾਂ ਦੱਸਿਆ ਕਿ ਉਹ ਇੱਕ ਯੋਗ ਮੈਡੀਕਲ ਪੇਸ਼ੇਵਰ ਹਨ ਅਤੇ ਸਮਾਜ ਵਿੱਚ ਉਨ੍ਹਾਂ ਦਾ ਇੱਕ ਚੰਗਾ ਰੁਤਬਾ ਤੇ ਵੱਕਾਰ ਹੈ। ਸ਼ਿਕਾਇਤਕਰਤਾ ਅਨੁਸਾਰ ਮੁਲਜ਼ਮਾਂ ਵੱਲੋਂ ਲਗਾਏ ਗਏ ਬੇਬੁਨਿਆਦ ਦੋਸ਼ਾਂ ਨਾਲ ਉਨ੍ਹਾਂ ਦੇ ਚਰਿੱਤਰ ਅਤੇ ਸ਼ੋਹਰਤ ਨੂੰ ਨਾ ਸਿਰਫ਼ ਸਮਾਜਿਕ ਤੌਰ 'ਤੇ ਸਗੋਂ ਵਿਅਕਤੀਗਤ ਤੌਰ 'ਤੇ ਵੀ ਅਜਿਹਾ ਵੱਡਾ ਘਾਟਾ ਪਹੁੰਚਿਆ ਹੈ, ਜਿਸ ਦੀ ਭਰਪਾਈ ਨਹੀਂ ਕੀਤੀ ਜਾ ਸਕਦੀ।

ਉਨ੍ਹਾਂ ਦੱਸਿਆ ਕਿ ਬਿਕਰਮ ਸਿੰਘ ਮਜੀਠੀਆ ਨੇ ਉਨ੍ਹਾਂ ਵਿਰੁੱਧ ਝੂਠੀ ਮੁਹਿੰਮ ਛੇੜੀ ਹੈ। 1 ਸਤੰਬਰ, 2026 ਨੂੰ ਚੰਡੀਗੜ੍ਹ ਵਿੱਚ ਕੀਤੀ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਮਜੀਠੀਆ ਨੇ ਬੇਬੁਨਿਆਦ ਅਤੇ ਝੂਠੇ ਬਿਆਨ ਦਿੰਦਿਆਂ ਦੋਸ਼



ਲਾਇਆ ਸੀ ਕਿ ਡਾ. ਗੁਰਪ੍ਰੀਤ ਕੌਰ ਨੇ ਆਪਣੇ ਇੱਕ ਰਿਸ਼ਤੇਦਾਰ ਰਾਹੀਂ ਜਬਰ-ਜਨਾਹ ਵਰਗੇ ਗੰਭੀਰ ਅਪਰਾਧ ਦੇ ਮੁਲਜ਼ਮ ਨੂੰ ਬਚਾਉਣ ਲਈ ਸਰਕਾਰੀ ਤੰਤਰ ਨੂੰ ਪ੍ਰਭਾਵਿਤ ਕਰਨ ਬਦਲੇ ਪੈਸਿਆਂ ਦੀ ਮੰਗ ਕੀਤੀ ਸੀ।

ਇਸ ਪ੍ਰੈੱਸ ਕਾਨਫਰੰਸ ਦੌਰਾਨ ਝੂਠੀਆਂ ਆਡੀਓ ਰਿਕਾਰਡਿੰਗਾਂ, ਤਸਵੀਰਾਂ ਅਤੇ ਸੀ.ਸੀ.ਟੀ.ਵੀ. ਫੁਟੇਜ ਦਿਖਾ ਕੇ ਇਹ ਦਾਅਵਾ ਕੀਤਾ ਗਿਆ ਸੀ ਕਿ ਸ਼ਿਕਾਇਤਕਰਤਾ ਦੇ ਨਜ਼ਦੀਕੀ ਪੈਸਿਆਂ ਦੇ ਲੈਣ-ਦੇਣ ਵਿੱਚ ਸ਼ਾਮਲ ਹਨ।

ਡਾ. ਗੁਰਪ੍ਰੀਤ ਕੌਰ ਨੇ ਕਿਹਾ ਕਿ ਸਾਰੇ ਮੁਲਜ਼ਮਾਂ ਨੇ ਆਪਣੇ ਬਿਆਨਾਂ ਵਿੱਚ ਉਨ੍ਹਾਂ ਨੂੰ ਖਾਸ ਤੌਰ 'ਤੇ ਨਿਸ਼ਾਨਾ ਬਣਾਇਆ ਹੈ। ਇੱਕ ਔਰਤ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਪੈਸਿਆਂ ਦੀ ਖਾਤਰ ਜਬਰ-ਜਨਾਹ ਦੇ ਮੁਲਜ਼ਮ ਦੀ ਮਦਦ ਕਰਨ ਵਾਲੀ ਵਜੋਂ ਪੇਸ਼ ਕੀਤਾ ਗਿਆ ਹੈ। ਇਹਨਾਂ ਝੂਠੇ ਦੋਸ਼ਾਂ ਨਾਲ ਉਨ੍ਹਾਂ ਦੇ ਅਕਸ, ਸ਼ਾਨ ਅਤੇ ਨਿੱਜੀ ਪਛਾਣ ਨੂੰ ਡੂੰਘੀ ਠੇਸ ਪੁੱਜੀ ਹੈ।

ਉਨ੍ਹਾਂ ਨੇ ਅਦਾਲਤ ਅੱਗੇ ਅਪੀਲ ਕੀਤੀ ਹੈ ਕਿ ਮੁਲਜ਼ਮਾਂ ਨੂੰ ਅਪਰਾਧਿਕ ਮਾਣਹਾਨੀ ਦੇ ਦੋਸ਼ਾਂ ਦਾ ਜਵਾਬ ਦੇਣ ਲਈ ਤਲਬ ਕੀਤਾ ਜਾਵੇ ਅਤੇ ਬੀ.ਐੱਨ.ਐੱਸ. ਦੀ ਧਾਰਾ 356 ਤਹਿਤ ਸਜ਼ਾ ਦਿੱਤੀ ਜਾਵੇ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਇੱਕ ਵੱਖਰੇ ਮਾਮਲੇ ਵਿੱਚ ਸਿਵਲ ਜੱਜ (ਜੂਨੀਅਰ ਡਵੀਜ਼ਨ) ਡਾ. ਪ੍ਰੀਕਸ਼ਿਤ ਦੀ ਅਦਾਲਤ ਨੇ ਜਸਟਿਸ (ਸੇਵਾਮੁਕਤ) ਰਣਜੀਤ ਸਿੰਘ, ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਅਤੇ ਕਾਂਗਰਸੀ ਆਗੂ ਸੁਖਪਾਲ ਸਿੰਘ ਖਹਿਰਾ 'ਤੇ ਅਗਲੇ ਹੁਕਮਾਂ ਤੱਕ ਸੋਸ਼ਲ ਮੀਡੀਆ ਜਾਂ ਕਿਸੇ ਵੀ ਹੋਰ ਮਾਧਿਅਮ 'ਤੇ ਰਿਸ਼ਵਤ ਦੀ ਮੰਗ ਨਾਲ ਸਬੰਧਤ ਕੋਈ ਵੀ ਅਣ-ਪ੍ਰਮਾਣਿਤ ਅਤੇ ਮਾਣਹਾਨੀਯੋਗ ਸਮੱਗਰੀ ਪ੍ਰਕਾਸ਼ਿਤ ਜਾਂ ਸ਼ੇਅਰ ਕਰਨ 'ਤੇ ਅੰਤਰਿਮ ਰੋਕ ਲਗਾਈ ਹੋਈ ਹੈ।

# ਕੈਨੇਡਾ ਵਿਚ ਸਿੱਖ ਨੌਜਵਾਨ ਬਣਿਆ ਕਰੈਕਸ਼ਨਲ ਅ.ਫਸਰ

ਓਨਟਾਰੀਓ: ਕੈਨੇਡਾ ਵਿਚ ਰਹਿ ਰਹੇ ਸਿੱਖ ਨੌਜਵਾਨ ਮਨਪ੍ਰੀਤ ਸਿੰਘ ਨੇ ਭਾਈਚਾਰੇ ਦਾ ਮਾਣ ਵਧਾਇਆ ਹੈ। ਸੂਤਰਾਂ ਮੁਤਾਬਕ ਮਨਪ੍ਰੀਤ ਸਿੰਘ ਸੋਲਿਸਟਰ ਜਨਰਲ ਮੰਤਰਾਲੇ ਵਿਚ ਕਰੈਕਸ਼ਨਲ ਅਫ਼ਸਰ ਮਤਲਬ ਸੁਧਾਰ ਅਧਿਕਾਰੀ ਵਜੋਂ ਸ਼ਾਮਲ ਹੋਇਆ ਹੈ।

ਮਨਪ੍ਰੀਤ ਸਿੰਘ ਨੇ ਦਸਿਆ ਕਿ ਉਸ ਨੇ ਓਨਟਾਰੀਓ ਦੇ ਮਿਨਿਸਟਰੀ ਆਫ਼ ਦਿ ਸੋਲਿਸਟਰ ਜਨਰਲ ਨਾਲ ਇਕ ਕਰੈਕਸ਼ਨਲ ਅਫ਼ਸਰ ਵਜੋਂ ਅਧਿਕਾਰਤ ਤੌਰ 'ਤੇ ਅਪਣੀ ਯਾਤਰਾ ਸ਼ੁਰੂ ਕਰ ਦਿਤੀ ਹੈ ਅਤੇ ਉਨ੍ਹਾਂ ਨੂੰ ਇਸ 'ਤੇ ਬਹੁਤ ਮਾਣ ਹੈ। ਉਨ੍ਹਾਂ ਨੇ ਇਸ ਨੂੰ ਅਪਣੇ ਕਰੀਅਰ ਦਾ ਇਕ ਉਤਸ਼ਾਹਜਨਕ ਨਵਾਂ ਅਧਿਆਏ ਦਸਿਆ।



ਮੀਡੀਆ ਖ਼ਬਰਾਂ ਮੁਤਾਬਕ ਮਨਪ੍ਰੀਤ ਸਿੰਘ ਜਲੰਧਰ ਜ਼ਿਲ੍ਹੇ ਵਿਚ ਬੇਗੋਵਾਲ ਨੇੜੇ ਸਥਿਤ ਭਾਦਾਸ ਪਿੰਡ ਤੋਂ ਹਨ। ਮਨਪ੍ਰੀਤ ਸਿੰਘ ਨੂੰ ਮਿਲੇ ਇਸ ਅਹੁਦੇ ਨਾਲ ਪਿੰਡ ਵਿਚ ਖ਼ੁਸ਼ੀ ਦਾ ਮਾਹੌਲ ਹੈ। (ਏਜੰਸੀ)

# ਸ਼੍ਰੋਮਣੀ ਅਕਾਲੀ ਦਲ (ਅ) ਵਲੋਂ ਮਨਾਇਆ ਗਿਆ ਜਮਹੂਰੀਅਤ ਬਹਾਲੀ ਦਿਵਸ

ਅੰਮ੍ਰਿਤਸਰ : ਸ਼੍ਰੋਮਣੀ ਅਕਾਲੀ ਦਲ (ਅ) ਵਲੋਂ ਅੱਜ ਇੱਥੇ ਵਿਰਾਸਤੀ ਮਾਰਗ ਵਿਖੇ ਜਮਹੂਰੀਅਤ ਬਹਾਲੀ ਦਿਵਸ ਮਨਾਇਆ ਗਿਆ। ਇਸ ਸਮਾਗਮ ਵਿਚ ਪਾਰਟੀ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਕਾਰਜਕਾਰੀ ਪ੍ਰਧਾਨ ਇਮਾਨ ਸਿੰਘ ਮਾਨ, ਜਨਰਲ ਸਕੱਤਰ ਪ੍ਰੋਫੈਸਰ ਮਹਿੰਦਰ ਪਾਲ ਸਿੰਘ, ਉਪਕਾਰ ਸਿੰਘ ਸੰਧੂ, ਹਰਪਾਲ ਸਿੰਘ ਬਲੇਰ ਸਮੇਤ ਹੋਰ ਆਗੂਆਂ ਅਤੇ ਪਾਰਟੀ ਵਰਕਰਾਂ ਨੇ ਸ਼ਿਰਕਤ ਕੀਤੀ। ਸਮਾਗਮ ਉਪਰੰਤ ਸ੍ਰੀ ਅਕਾਲ ਤਖਤ ਸਾਹਿਬ ਤੱਕ ਮਾਰਚ ਵੀ ਕੱਢਿਆ ਗਿਆ ਅਤੇ ਜਥੇਦਾਰ ਦੇ ਨਾਮ ਮੰਗ ਪੱਤਰ ਦਿੱਤਾ ਗਿਆ। ਇਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਿਮਰਨਜੀਤ ਸਿੰਘ ਮਾਨ ਨੇ ਲੰਬੇ ਸਮੇਂ ਤੋਂ ਸ਼੍ਰੋਮਣੀ ਕਮੇਟੀ ਚੋਣਾਂ ਨਾ ਕਰਵਾਏ ਜਾਣ ਦੀ ਨਿੰਦਾ ਕਰਦਿਆਂ ਮੰਗ ਕੀਤੀ ਕਿ ਇਹ ਲੰਬਿਤ ਚੋਣਾਂ ਤੁਰੰਤ ਕਰਵਾਈਆਂ ਜਾਣ ਅਤੇ ਇਸ ਸਿੱਖ ਸੰਸਥਾ ਦੀਆਂ ਚੋਣਾਂ ਹਰ ਪੰਜ ਸਾਲ ਬਾਅਦ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਵੰਦੇ ਮਾਤਰਮ ਗੀਤ ਸਾਰਿਆਂ ਤੇ ਜਬਰੀ ਠੋਸਣ ਦੀ




ਵੀ ਆਲੋਚਨਾ ਕੀਤੀ। ਉਨ੍ਹਾਂ ਦੋਸ਼ ਲਗਾਇਆ ਕਿ ਸ਼੍ਰੋਮਣੀ ਕਮੇਟੀ 'ਤੇ ਭਾਜਪਾ ਅਤੇ ਅਕਾਲੀ ਦਲ ਬਾਦਲ ਧੜੇ ਦਾ ਸਿਆਸੀ ਕੰਟਰੋਲ ਹੈ। ਸ. ਮਾਨ ਨੇ ਸਿੱਖਾਂ ਦੇ ਜਮਹੂਰੀ ਹੱਕਾਂ ਦੀ ਬਹਾਲੀ ਲਈ ਕੌਮਾਂਤਰੀ ਭਾਈਚਾਰੇ ਨੂੰ ਸਹਿਯੋਗ ਦੀ ਅਪੀਲ ਕੀਤੀ। ਉਨ੍ਹਾਂ ਕਰਤਾਰਪੁਰ ਸਾਹਿਬ ਕਾਰੀਡੋਰ ਦਰਸ਼ਨਾਂ ਲਈ ਮੁੜ ਖੋਲ੍ਹਣ ਦੇ ਨਾਲ ਨਾਲ ਅਤੇ ਅਟਾਰੀ -ਵਾਹਗਾ ਸਰਹੱਦ ਨੂੰ ਵਪਾਰ ਲਈ ਖੋਲ੍ਹਣ ਦੀ ਵੀ ਮੰਗ ਕਰਦਿਆਂ ਕਿਹਾ ਕਿ ਪਾਕਿਸਤਾਨ ਨਾਲ ਵਪਾਰ ਵਧਣ ਨਾਲ ਪੰਜਾਬ ਦੇ ਕਿਸਾਨਾਂ ਨੂੰ ਲਾਭ ਹੋਵੇਗਾ ਅਤੇ ਸੂਬੇ ਦੀ ਆਰਥਿਕਤਾ ਮਜ਼ਬੂਤ ਹੋਵੇਗੀ।

# ਅਕਾਲੀ ਦਲ 'ਵਾਰਿਸ ਪੰਜਾਬ ਦੇ' ਪੰਥਕ ਵੋਟਾਂ ਕੱਟਣ ਦੇ ਉਦੇਸ਼ ਨਾਲ ਲੜ ਰਹੀ ਚੋਣ : ਸੁਖਬੀਰ ਬਾਦਲ



ਗੋਇੰਦਵਾਲ ਸਾਹਿਬ : ਸ਼੍ਰੋਮਣੀ ਅਕਾਲੀ ਦਲ (ਬ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਕਾਲੀ ਦਲ ਵਾਰਿਸ ਪੰਜਾਬ ਦੇ ਪਾਰਟੀ ਨੂੰ ਉਸ ਦੇ ਘਰੇਲੂ ਮੈਦਾਨ ਹਲਕਾ ਖਡੂਰ ਸਾਹਿਬ 'ਚ ਤਾਕਤ ਦਾ ਪ੍ਰਦਰਸ਼ਨ ਕਰਕੇ ਚੁਣੌਤੀ ਦਿੰਦਿਆਂ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਕਿ ਉਨ੍ਹਾਂ ਨੂੰ ਇਸ ਪਾਰਟੀ ਤੋਂ ਸਾਵਧਾਨ ਹੋਣ ਦੀ ਜ਼ਰੂਰਤ ਹੈ, ਕਿਉਂਕਿ ਇਸ ਪਾਰਟੀ ਨੂੰ ਪੰਥਕ ਮੁੱਦਿਆਂ ਜਾਂ ਬੰਦੀ ਸਿੱਖਾਂ ਦੀ ਕੋਈ ਚਿੰਤਾ ਨਹੀਂ। ਇਨ੍ਹਾਂ ਦਾ ਉਦੇਸ਼ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਪੰਥਕ ਵੋਟਾਂ ਨੂੰ ਕੱਟਣਾ ਹੈ। ਸ੍ਰੀ ਗੋਇੰਦਵਾਲ ਸਾਹਿਬ ਵਿਖੇ ਰਿਕਾਰਡ-ਤੋੜ ਰੈਲੀ ਨੂੰ ਸੰਬੋਧਨ ਕਰਦਿਆਂ ਸੁਖਬੀਰ ਨੇ ਕਿਹਾ ਕਿ ਤੁਹਾਨੂੰ ਰਾਤ ਨੂੰ ਹੋਣ ਵਾਲੀਆਂ ਪਾਰਟੀਆਂ ਅਤੇ ਆਗੂਆਂ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ ਜਿਨ੍ਹਾਂ ਦਾ ਤੁਹਾਡੇ ਹਿੱਤਾਂ ਲਈ ਸੰਘਰਸ਼ ਦਾ ਕੋਈ ਇਤਿਹਾਸ ਨਹੀਂ।

ਤੁਸੀਂ ਅਨੁਭਵ ਕੀਤਾ ਹੈ ਕਿ ਆਮ ਆਦਮੀ ਪਾਰਟੀ ਦੇ ਰਾਜ ਵਿਚ ਤੁਹਾਨੂੰ ਕਿਵੇਂ ਲੁੱਟਿਆ ਹੈ, ਜੇਕਰ ਤੁਸੀਂ ਵਾਰਿਸ ਪੰਜਾਬ ਦੇ ਵਿਚ ਭਰੋਸਾ ਰੱਖਦੇ ਹੋ ਤਾਂ ਇਹੀ ਹਾਲ ਹੋਵੇਗਾ। ਉਨ੍ਹਾਂ ਨੇ ਕਿਹਾ ਕਿ 'ਆਪ' ਅਤੇ ਕਾਂਗਰਸ ਦੀਆਂ ਸਰਕਾਰਾਂ ਦੇ ਕਾਰਜਕਾਲ ਵਿਚ ਲੋਕਾਂ ਨੂੰ ਰੱਜ ਕੇ ਲੁੱਟਿਆ ਗਿਆ। ਨਸ਼ਾ, ਗੈਂਗਸਟਰਵਾਦ, ਭ੍ਰਿਸ਼ਟਾਚਾਰ ਅਤੇ ਬੇਰੁਜ਼ਗਾਰੀ ਵਿਚ ਬੇਤਹਾਸ਼ਾ ਵਾਧਾ ਹੋਇਆ। ਉਨ੍ਹਾਂ ਹਲਕਾ ਖਡੂਰ ਸਾਹਿਬ ਦੇ ਇੰਚਾਰਜ ਰਮਨਦੀਪ ਕੌਰ ਸ਼ੇਰੋਂ ਅਤੇ ਅਵਤਾਰ ਸਿੰਘ ਬਿੱਲਾ ਸ਼ੇਰੋਂ ਨੂੰ ਹੁਣ ਤੱਕ ਦੀ ਸਭ ਤੋਂ ਵੱਡੀ ਰੈਲੀ ਕਰਵਾਉਣ ਦੀ ਵਧਾਈ ਦਿੱਤੀ। ਉਨ੍ਹਾਂ ਨੇ ਕਿਹਾ ਕਿ ਅਕਾਲੀ ਸਰਕਾਰ ਬਣਨ ਤੋਂ ਇਕ ਮਹੀਨੇ ਦੇ ਅੰਦਰ-ਅੰਦਰ ਟਿਊਬਵੈੱਲ ਕੁਨੈਕਸ਼ਨ ਦਿੱਤੇ ਜਾਣਗੇ।

ਉਨ੍ਹਾਂ ਲਾਭਪਾਤਰੀਆਂ ਨੂੰ ਆਟਾ-ਦਾਲ ਸਕੀਮ ਤਹਿਤ 50 ਕਿਲੋ ਕਣਕ, ਸ਼ਗਨ ਲਾਭ ਨੂੰ ਵਧਾ ਕੇ ਇਕ ਲੱਖ ਰੁਪਏ ਅਤੇ ਬੁਢਾਪਾ ਪੈਨਸ਼ਨ 3,100 ਰੁਪਏ ਪ੍ਰਤੀ ਮਹੀਨਾ, ਬੇਘਰਾਂ ਨੂੰ ਪੰਜ ਮਰਲੇ ਦੇ ਪਲਾਟ, ਸਾਰੀਆਂ ਨਦੀਆਂ ਨੂੰ ਨਹਿਰਾਂ ਵਿਚ ਤਬਦੀਲ, ਸਰਕਾਰੀ ਨੌਕਰੀਆਂ ਪੰਜਾਬੀਆਂ ਲਈ ਰਾਖਵੀਆਂ ਕਰਨ, ਨੌਜਵਾਨਾਂ ਨੂੰ 10 ਲੱਖ ਰੁਪਏ ਦਾ ਵਿਆਜ ਮੁਕਤ ਕਰਜ਼ਾ, ਪੰਜਾਬ ਸ਼ੈਲੀ ਦਾ 'ਕੁਸ਼ਤੀ ਵਿਸ਼ਵ ਕੱਪ' ਸ਼ੁਰੂ ਕਰਨ ਅਤੇ ਦੁਧਾਰੂ ਪਸ਼ੂਆਂ ਦੀ ਖਰੀਦ ਲਈ 75 ਪ੍ਰਤੀਸ਼ਤ ਸਬਸਿਡੀ ਦੇਣ ਦਾ ਐਲਾਨ ਕੀਤਾ। ਰੈਲੀ ਨੂੰ ਰਮਨਦੀਪ ਕੌਰ ਸ਼ੇਰੋਂ, ਅਵਤਾਰ ਸਿੰਘ ਬਿੱਲਾ ਸ਼ੇਰੋਂ, ਸਾਬਕਾ ਮੰਤਰੀ ਡਾ. ਦਲਜੀਤ ਸਿੰਘ ਚੀਮਾ, ਪ੍ਰੋ. ਵਿਰਸਾ ਸਿੰਘ ਵਲਟੋਹਾ, ਗੁਰਬਚਨ ਸਿੰਘ ਕਰਮੂੰਵਾਲਾ, ਕੁਲਦੀਪ ਸਿੰਘ ਔਲਖ, ਰੁਪਿੰਦਰ ਕੌਰ ਬ੍ਰਹਮਪੁਰਾ, ਦਲਬੀਰ ਸਿੰਘ ਜਹਾਂਗੀਰ, ਗੁਰਸੇਵਕ ਸਿੰਘ ਸ਼ੇਖ, ਸਿਕੰਦਰ ਸਿੰਘ ਵਰਾਣਾ, ਗੁਰਿੰਦਰ ਸਿੰਘ ਟੋਨੀ ਆਦਿ ਨੇ ਵੀ ਸੰਬੋਧਨ ਕੀਤਾ।

# ਪਾਕਿਸਤਾਨੀ ਸਿੱਖ ਸ਼ਰਧਾਲੂਆਂ ਨੂੰ ਅਟਾਰੀ-ਵਾਹਗਾ ਰਸਤੇ ਭਾਰਤ ਭੇਜਣ ਦੀ ਮੰਗ ਨੇ ਫੜਿਆ ਜ਼ੋਰ

## ਮਹਿੰਗੇ ਹਵਾਈ ਰਸਤੇ ਤੋਂ ਰੋਕੇ ਜਾਣ ਤੋਂ ਬਾਅਦ ਉੱਠੀ ਮੰਗ; ਤਰਲੋਚਨ ਸਿੰਘ ਤੇ ਮਹਿੰਦਰ ਪਾਲ ਸਿੰਘ ਨੇ ਪਾਕਿ ਸਰਕਾਰ ਤੋਂ ਗਲਤੀ ਮੰਨਣ

ਅੰਮ੍ਰਿਤਸਰ : ਪਾਕਿਸਤਾਨੀ ਸਿੱਖ ਸ਼ਰਧਾਲੂਆਂ ਨੂੰ ਹਵਾਈ ਰਸਤੇ ਰਾਹੀਂ ਭਾਰਤ ਆਉਣ ਤੋਂ ਰੋਕੇ ਜਾਣ ਦੇ ਕੁਝ ਦਿਨਾਂ ਬਾਅਦ, ਹੁਣ ਭਾਰਤ ਅਤੇ ਪਾਕਿਸਤਾਨ ਦੋਵਾਂ ਪਾਸਿਆਂ ਤੋਂ ਪਾਕਿ ਸਰਕਾਰ ਨੂੰ ਅਪੀਲ ਕਰਨ ਦੀ ਮੰਗ ਜ਼ੋਰ ਫੜ ਰਹੀ ਹੈ ਕਿ ਸਿੱਖ ਸ਼ਰਧਾਲੂਆਂ ਨੂੰ ਅਟਾਰੀ-ਵਾਹਗਾ ਸਰਹੱਦ (ਜੇ.ਸੀ.ਪੀ.) ਦੇ ਜ਼ਮੀਨੀ ਰਸਤੇ ਰਾਹੀਂ ਭਾਰਤ ਯਾਤਰਾ ਕਰਨ ਦੀ ਇਜਾਜ਼ਤ ਦਿੱਤੀ ਜਾਵੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਅਤੇ ਸਾਬਕਾ ਰਾਜ ਸਭਾ ਮੈਂਬਰ ਤਰਲੋਚਨ ਸਿੰਘ ਨੇ ਕਿਹਾ ਕਿ ਪਾਕਿਸਤਾਨ ਵਿੱਚ ਜ਼ਿਆਦਾਤਰ ਸਿੱਖ ਅਬਾਦੀ ਮੱਧਮ ਆਮਦਨ ਵਾਲੇ ਪਰਿਵਾਰਾਂ ਨਾਲ ਸਬੰਧਤ ਹੈ। ਖਾੜੀ ਦੇਸ਼ਾਂ ਰਾਹੀਂ ਭਾਰਤ ਲਈ ਹਵਾਈ ਯਾਤਰਾ ਉਨ੍ਹਾਂ ਲਈ ਬਹੁਤ ਮਹਿੰਗੀ ਸਾਬਤ ਹੁੰਦੀ ਹੈ ਅਤੇ ਉਨ੍ਹਾਂ ਦੀ ਜੇਬ 'ਤੇ ਭਾਰੀ ਬੋਝ ਪੈਂਦਾ ਹੈ। ਇਸ ਲਈ ਪਾਕਿਸਤਾਨ ਸਰਕਾਰ ਨੂੰ ਅਟਾਰੀ-ਵਾਹਗਾ ਸਰਹੱਦ ਰਾਹੀਂ ਉਨ੍ਹਾਂ ਦੀ ਜ਼ਮੀਨੀ ਯਾਤਰਾ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਪਰੇਸ਼ਨ ਸਿੰਧੂਰ ਤੋਂ ਬਾਅਦ ਦੋਵਾਂ ਦੇਸ਼ਾਂ ਵਿਚਾਲੇ ਆਵਾਜਾਈ ਠੱਪ ਹੋਣ ਦੇ ਬਾਵਜੂਦ ਭਾਰਤ ਸਰਕਾਰ ਭਾਰਤੀ ਸਿੱਖ ਜਥਿਆਂ ਨੂੰ ਪਾਕਿਸਤਾਨ ਜਾਣ ਦੀ ਇਜਾਜ਼ਤ ਦੇ ਰਹੀ ਹੈ, ਇਸ ਲਈ ਪਾਕਿਸਤਾਨ ਸਰਕਾਰ ਨੂੰ ਵੀ ਆਪਣੀ ਸਿੱਖ ਸੰਗਤ ਲਈ ਅਜਿਹਾ ਹੀ ਰਸਤਾ ਅਪਣਾਉਣਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ ਵੀਰਵਾਰ ਦੇਰ ਰਾਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਲਈ ਭਾਰਤ ਆ ਰਹੇ ਘੱਟੋ-ਘੱਟ 104



ਪਾਕਿਸਤਾਨੀ ਸਿੱਖ ਸ਼ਰਧਾਲੂਆਂ ਨੂੰ ਫੈਸਲਾਬਾਦ ਹਵਾਈ ਅੱਡੇ 'ਤੇ ਸ਼ਾਰਜਾਹ ਜਾਣ ਵਾਲੀ ਉਡਾਣ 'ਚ ਚੜ੍ਹਨ ਤੋਂ ਰੋਕ ਦਿੱਤਾ ਗਿਆ ਸੀ। ਅਧਿਕਾਰੀਆਂ ਵੱਲੋਂ ਬਿਨਾਂ ਨੋ-ਓਬਜੈਕਸ਼ਨ ਸਰਟੀਫਿਕੇਟ (NOC) ਦਾ ਹਵਾਲਾ ਦਿੱਤੇ ਜਾਣ ਤੋਂ ਬਾਅਦ ਵੈਧ ਭਾਰਤੀ ਵੀਜ਼ਾ ਹੋਣ ਦੇ ਬਾਵਜੂਦ ਸ਼ਰਧਾਲੂਆਂ ਨੂੰ ਨਿਰਾਸ਼ ਹੋ ਕੇ ਆਪਣੇ ਘਰਾਂ ਨੂੰ ਪਰਤਣਾ ਪਿਆ।

ਇਸ ਘਟਨਾ ਤੋਂ ਬਾਅਦ ਪਾਕਿਸਤਾਨ ਤੋਂ ਜਾਰੀ ਇੱਕ ਵੀਡੀਓ ਸੰਦੇਸ਼ ਵਿੱਚ ਪੰਜਾਬ (ਪਾਕਿਸਤਾਨ) ਦੇ ਮਨੁੱਖੀ ਅਧਿਕਾਰ ਅਤੇ ਘੱਟ ਗਿਣਤੀ ਮਾਮਲਿਆਂ ਦੇ ਸਾਬਕਾ ਸੰਸਦੀ ਸਕੱਤਰ ਅਤੇ ਕਰਤਾਰਪੁਰ ਕੋਰੀਡੋਰ ਦੇ ਸਾਬਕਾ ਬੁਲਾਰੇ ਮਹਿੰਦਰ ਪਾਲ ਸਿੰਘ ਨੇ ਸ਼ਰਧਾਲੂਆਂ ਦੇ ਹੋਏ ਵਿੱਤੀ ਨੁਕਸਾਨ ਦੀ ਭਰਪਾਈ ਕਰਨ ਅਤੇ ਵਾਹਗਾ ਸਰਹੱਦ ਰਾਹੀਂ ਯਾਤਰਾ ਦੀ ਸੁਵਿਧਾ ਦੇਣ ਦੀ ਮੰਗ ਕੀਤੀ ਹੈ। ਇਸ ਲਾਪਰਵਾਹੀ ਲਈ ਪਾਕਿਸਤਾਨ ਸਰਕਾਰ ਤੋਂ ਮੁਆਫ਼ੀ ਦੀ ਮੰਗ ਕਰਦਿਆਂ ਉਨ੍ਹਾਂ ਦੋਸ਼ੀ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਅਜਿਹੇ ਕਦਮਾਂ ਨਾਲ ਹੀ ਦੁਨੀਆ ਭਰ ਵਿੱਚ ਇਹ ਸੁਨੇਹਾ ਜਾਵੇਗਾ ਕਿ ਪਾਕਿਸਤਾਨ ਸਿੱਖ ਭਾਈਚਾਰੇ ਦਾ ਸਤਿਕਾਰ ਅਤੇ ਦੇਖਭਾਲ ਕਰਦਾ ਹੈ। ਦੂਜੇ ਪਾਸੇ ਪਾਕਿਸਤਾਨੀ ਜਥੇ ਦੇ ਆਗੂ ਪਪਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਸਰਕਾਰ ਕੋਲ ਇਹ ਮੰਗ ਰੱਖੀ ਹੈ ਅਤੇ ਸਰਕਾਰ ਵੱਲੋਂ ਜ਼ਮੀਨੀ ਰਸਤੇ 'ਤੇ ਵਿਚਾਰ ਕਰਨ ਦਾ ਭਰੋਸਾ ਦਿੱਤਾ ਗਿਆ ਹੈ।

**ਸਦੀ ਦਾ ਲੇਖਾ-ਜੋਖਾ — ਸੱਤਾ, ਸੰਘ ਅਤੇ ਬਹੁਲਵਾਦ ਦਾ ਭਵਿੱਖ ਵਿਚਾਰਧਾਰਕ ਦਬਦਬਾ ਅਤੇ ਗੰਭੀਰ ਸਵਾਲ**

ਸੌ ਸਾਲਾਂ ਦਾ ਇਤਿਹਾਸ ਸਿਰਫ਼ ਕੈਲੰਡਰ ਦੇ ਪੰਨੇ ਪਲਟਣ ਦਾ ਨਾਮ ਨਹੀਂ; ਇਹ ਕਿਸੇ ਵਿਚਾਰਧਾਰਾ ਵੱਲੋਂ ਪੂਰੇ ਦੇਸ਼ ਦੀ ਰੂਹ, ਸੰਵਿਧਾਨਕ ਬੁਨਿਆਦ ਅਤੇ ਸਮਾਜਿਕ ਤਾਣੇ-ਬਾਣੇ 'ਤੇ ਪਾਏ ਗਏ ਪ੍ਰਭਾਵਾਂ ਦਾ ਬੇਬਾਕ ਲੇਖਾ-ਜੋਖਾ ਹੁੰਦਾ ਹੈ। 1925 ਵਿੱਚ ਨਾਗਪੁਰ ਵਿਖੇ ਮੁੱਠੀ ਭਰ ਵਲੰਟੀਅਰਾਂ ਨਾਲ ਸ਼ੁਰੂ ਹੋਇਆ 'ਰਾਸ਼ਟਰੀ ਸਵੈਮ-ਸੇਵਕ ਸੰਘ' (RSS) ਅੱਜ 2026 ਵਿੱਚ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੀ ਨੀਤੀ, ਨਿਆਂ, ਸੱਤਾ ਅਤੇ ਸੱਭਿਆਚਾਰਕ ਦਿਸ਼ਾ ਨੂੰ ਕੰਟਰੋਲ ਕਰਨ ਵਾਲੀ ਸਭ ਤੋਂ ਵੱਡੀ ਤਾਕਤ ਬਣ ਕੇ ਉੱਭਰ ਚੁੱਕਾ ਹੈ। ਪਰ ਇਸ ਇੱਕ ਸਦੀ ਦੇ ਸਫ਼ਰ ਨੇ ਭਾਰਤ ਦੇ ਬਹੁਲਵਾਦੀ ਸਰੂਪ ਅਤੇ ਸੰਵਿਧਾਨਕ ਧਰਮ-ਨਿਰਪੱਖਤਾ ਅੱਗੇ ਡੂੰਘੀਆਂ ਚੁਣੌਤੀਆਂ ਖੜ੍ਹੀਆਂ ਕੀਤੀਆਂ ਹਨ। ਧਾਰਮਿਕ ਘੱਟ ਗਿਣਤੀਆਂ, ਖ਼ਾਸ ਕਰਕੇ ਸਿੱਖ ਕੌਮ ਦੀ ਸੁਤੰਤਰ ਪਛਾਣ, ਪ੍ਰਭੁਸੱਤਾ ਅਤੇ ਪੰਥਕ ਖੁਦਮੁਖਤਿਆਰੀ ਨੂੰ ਆਪਣੇ ਵਿਸ਼ਾਲ 'ਹਿੰਦੂ ਸੱਭਿਅਤਾ' ਦੇ ਦਾਇਰੇ ਵਿੱਚ ਸਮੋਣ (ਅਸਿਮਿਲੇਟ ਕਰਨ) ਦੀਆਂ ਨਿਰੰਤਰ ਕੋਸ਼ਿਸ਼ਾਂ ਨੇ ਇੱਕ ਗੰਭੀਰ ਵਿਚਾਰਧਾਰਕ ਟਕਰਾਅ ਨੂੰ ਜਨਮ ਦਿੱਤਾ ਹੈ। ਡਾ. ਗੁਰਿੰਦਰ ਸਿੰਘ ਗਰੇਵਾਲ ਦਾ ਇਹ ਖੋਜ-ਪੱਤਰ ਕਿਸੇ ਸਿਆਸੀ ਨਾਅਰੇਬਾਜ਼ੀ ਤੋਂ ਮੁਕਤ ਹੋ ਕੇ, ਨਿਰੋਲ ਇਤਿਹਾਸਕ ਅਤੇ ਅਕਾਦਮਿਕ ਦਸਤਾਵੇਜ਼ਾਂ ਦੀ ਰੌਸ਼ਨੀ ਵਿੱਚ ਸੰਘ ਦੇ ਪੂਰੇ ਤੰਤਰ ਦੀ ਚੀਰ-ਫਾੜ ਕਰਦਾ ਹੈ। ਇਹ ਵਿਸ਼ਲੇਸ਼ਣ ਗਾਂਧੀ ਕਤਲ ਦੇ ਇਤਿਹਾਸਕ ਵਿਵਾਦਾਂ, ਆਜ਼ਾਦੀ ਤੋਂ ਬਾਅਦ ਲੱਗੀਆਂ ਤਿੰਨ ਪਾਬੰਦੀਆਂ, ਬਿਨਾਂ ਰਜਿਸਟ੍ਰੇਸ਼ਨ ਵਾਲੇ ਅਸਪਸ਼ਟ ਸੰਗਠਨਾਤਮਕ ਢਾਂਚੇ ਅਤੇ ਭਾਜਪਾ ਰਾਹੀਂ ਰਾਜਸੱਤਾ ਉੱਤੇ ਬਣੇ ਅਸਾਧਾਰਨ ਗਲਬੇ ਤੋਂ ਲੈ ਕੇ ਅਮਰੀਕਾ (ਵਿਸ਼ੇਸ਼ ਤੌਰ 'ਤੇ ਕੈਲੀਫੋਰਨੀਆ) ਵਿੱਚ ਫੈਲੇ ਇਸਦੇ ਕੌਮਾਂਤਰੀ ਲਾਬਿੰਗ ਨੈੱਟਵਰਕ ਦੀਆਂ ਅਸਲ ਪਰਤਾਂ ਨੂੰ ਨੰਗਾ ਕਰਦਾ ਹੈ। ਜਦੋਂ ਭਾਰਤ ਨੂੰ ਇੱਕ ਬਹੁ-ਸੱਭਿਆਚਾਰਕ ਗਣਰਾਜ ਤੋਂ ਬਹੁਗਿਣਤੀਵਾਦੀ 'ਹਿੰਦੂ ਰਾਸ਼ਟਰ' ਵਿੱਚ ਤਬਦੀਲ ਕਰਨ ਦੀ ਮੁਹਿੰਮ ਆਪਣੇ ਸਿਖ਼ਰਾਂ 'ਤੇ ਹੈ, ਇਹ ਲਿਖਤ ਹਰ ਸੁਚੇਤ ਪਾਠਕ, ਖੋਜੀ ਅਤੇ ਕੌਮਾਂਤਰੀ ਨੀਤੀ-ਘਾੜੇ ਲਈ ਇੱਕ ਲਾਜ਼ਮੀ ਇਤਿਹਾਸਕ ਦਸਤਾਵੇਜ਼ ਹੈ। ਇਹ ਸਵਾਲ ਸਿਰਫ਼ ਸੰਘ ਦੀ ਪਹਿਲੀ ਸਦੀ ਦਾ ਨਹੀਂ, ਸਗੋਂ ਸਮੁੱਚੇ ਦੱਖਣੀ ਏਸ਼ੀਆ ਦੇ ਲੋਕਤੰਤਰੀ ਭਵਿੱਖ ਅਤੇ ਘੱਟ ਗਿਣਤੀਆਂ ਦੀ ਹੋਂਦ ਦਾ ਹੈ। ਅਸੀਂ ਕੈਲੀਫੋਰਨੀਆਂ ਤੋਂ ਅਮਰੀਕਾ ਦੇ ਉਘੇ ਸਿੱਖ ਚਿੰਤਕ ਅਤੇ ਮਨੁੱਖੀ ਹੱਕਾਂ ਦੀ ਅਵਾਜ਼ ਡਾ. ਗੁਰਿੰਦਰ ਸਿੰਘ ਗਰੇਵਾਲ (MD) ਦਾ ਇਹ ਬੇਬਾਕ ਨਿੱਠ ਕੇ ਕੀਤਾ ਗਿਆ ਇਤਿਹਾਸਕ ਅਧਿਐਨ ਖੋਜ ਪਾਠਕਾਂ ਦੇ ਰੂ-ਬ-ਰੂ ਕਰ ਰਹੇ ਹਾਂ। -- ਸਤਨਾਮ ਸਿੰਘ ਖਾਲਸਾ



ਡਾ. ਗੁਰਿੰਦਰ ਸਿੰਘ ਗਰੇਵਾਲ
209-321-3771

# ਰਾਸ਼ਟਰੀ ਸਵੈਮ-ਸੇਵਕ ਸੰਘ ਸੌ ਸਾਲਾਂ ਦੇ ਮੋੜ 'ਤੇ
# ਸੰਗਠਨ, ਵਿਚਾਰਧਾਰਾ, ਰਾਜਨੀਤਿਕ ਤਾਕਤ, ਅਤੇ ਅੰਤਰਰਾਸ਼ਟਰੀ ਪਹੁੰਚ, 1925-2026

**(ਪਿਛਲੇ ਅੰਕ ਦੀ ਬਾਕੀ)**

ਕਪੂਰ ਕਮਿਸ਼ਨ ਵੱਲੋਂ ਜਾਂਚੇ ਗਏ ਬਾਅਦ ਦੇ ਸਬੂਤਾਂ ਨੇ ਗੌਡਸੇ ਅਤੇ ਆਪਟੇ ਦੀ ਅਸਫਲ ਬੰਬ ਧਮਾਕੇ ਤੋਂ ਪਹਿਲਾਂ ਅਤੇ ਕਤਲ ਤੋਂ ਪਹਿਲਾਂ ਮੁੜ ਵੀ. ਡੀ. ਸਾਵਰਕਰ ਨਾਲ ਮੀਟਿੰਗਾਂ ਹੋਣ ਦੀ ਪੁਸ਼ਟੀ ਕੀਤੀ। ਇਹ ਸਬੂਤ ਸਾਵਰਕਰ ਨਾਲ ਸਬੰਧਤ ਸਨ—ਨਾ ਕਿ RSS ਮੁਖੀ ਐਮ. ਐਸ. ਗੋਲਵਲਕਰ ਨਾਲ—ਅਤੇ ਸਾਵਰਕਰ ਨੂੰ ਮੂਲ ਅਪਰਾਧਿਕ ਮੁਕੱਦਮੇ ਵਿੱਚ ਬਰੀ ਕਰ ਦਿੱਤਾ ਗਿਆ ਸੀ ਕਿਉਂਕਿ ਪੁਸ਼ਟੀ ਕਰਨ ਵਾਲੇ ਸਬੂਤ ਨਾਕਾਫੀ ਸਨ।

ਗੋਲਵਲਕਰ ਨੂੰ 3 ਫਰਵਰੀ 1948 ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਅਤੇ ਅਗਲੇ ਦਿਨ RSS 'ਤੇ ਪਾਬੰਦੀ ਲਗਾ ਦਿੱਤੀ ਗਈ ਸੀ। ਉਹਨਾਂ ਨੂੰ ਅਗਸਤ 1948 ਵਿੱਚ ਸ਼ੁਰੂਆਤੀ ਪਾਬੰਦੀਆਂ ਅਧੀਨ ਰਿਹਾਅ ਕਰ ਦਿੱਤਾ ਗਿਆ; ਕਤਲ ਦੀ ਸਾਜ਼ਿਸ਼ ਵਿੱਚ ਸ਼ਾਮਲ ਹੋਣ ਲਈ ਉਹਨਾਂ ਵਿਰੁੱਧ ਮੁਕੱਦਮਾ ਚਲਾਉਣ ਲਈ ਕੋਈ ਢੁਕਵਾਂ ਸਬੂਤ ਪੇਸ਼ ਨਹੀਂ ਕੀਤਾ ਜਾ ਸਕਿਆ। ਉਹਨਾਂ ਦੀ ਰਿਹਾਈ ਨੂੰ ਅਦਾਲਤੀ ਕਾਰਵਾਈ ਲਈ ਸਬੂਤਾਂ ਦੀ ਘਾਟ ਵਜੋਂ ਦੇਖਿਆ ਜਾਂਦਾ ਹੈ, ਇੱਕ ਅਜਿਹੇ ਸਿਆਸੀ ਮਾਹੌਲ ਵਿੱਚ ਜਿੱਥੇ ਪਾਬੰਦੀ ਹਟਾਉਣ ਲਈ ਗੱਲਬਾਤ ਅਤੇ ਦਬਾਅ ਵੀ ਵਧ ਰਿਹਾ ਸੀ।

ਕਾਨੂੰਨੀ ਤੌਰ 'ਤੇ ਅਹਿਮ ਨੁਕਤਾ ਇਹ ਹੈ ਕਿ RSS ਨੂੰ ਇੱਕ ਸੰਗਠਨ ਵਜੋਂ ਗਾਂਧੀ ਦੇ ਕਤਲ ਦੀ ਸਾਜ਼ਿਸ਼ ਰਚਣ ਦਾ ਦੋਸ਼ੀ ਨਹੀਂ ਠਹਿਰਾਇਆ ਗਿਆ ਸੀ, ਅਤੇ ਬਾਅਦ ਵਿੱਚ ਆਏ ਕਪੂਰ ਕਮਿਸ਼ਨ ਨੇ ਵੀ ਸੰਸਥਾਗਤ ਜ਼ਿੰਮੇਵਾਰੀ ਸਥਾਪਤ ਨਹੀਂ ਕੀਤੀ ਸੀ। ਇਸ ਦੇ ਨਾਲ ਹੀ, ਗ੍ਰਹਿ ਮੰਤਰੀ ਵੱਲਭਭਾਈ ਪਟੇਲ ਨੇ RSS ਦੇ ਭਾਸ਼ਣਾਂ ਦੁਆਰਾ ਬਣਾਏ ਗਏ ਮਾਹੌਲ ਅਤੇ ਕਤਲ ਤੋਂ ਬਾਅਦ ਕੁਝ ਸੰਘ ਵਰਕਰਾਂ ਦੁਆਰਾ ਕਥਿਤ ਜਸ਼ਨਾਂ ਦੀ ਸਖ਼ਤ ਨਿਖੇਧੀ ਕੀਤੀ ਸੀ।

ਇਸ ਲਈ, ਇੱਕ ਅਕਾਦਮਿਕ ਨਜ਼ਰੀਏ ਤੋਂ ਨਾ ਤਾਂ ਇਹ ਕਿਹਾ ਜਾ ਸਕਦਾ ਹੈ ਕਿ 'RSS ਨੇ ਗਾਂਧੀ ਨੂੰ ਮਾਰਿਆ' (ਕਿਉਂਕਿ ਇਹ ਸੰਸਥਾਗਤ ਤੱਥ ਵਜੋਂ ਸਾਬਤ ਨਹੀਂ ਹੋਇਆ) ਅਤੇ ਨਾ ਹੀ ਇਹ ਕਿਹਾ ਜਾ ਸਕਦਾ ਹੈ ਕਿ ਇਸ ਕਤਲ ਦਾ ਵਿਆਪਕ ਹਿੰਦੂ-ਰਾਸ਼ਟਰਵਾਦੀ ਮਾਹੌਲ ਨਾਲ ਕੋਈ ਸਬੰਧ ਨਹੀਂ ਸੀ। ਦਸਤਾਵੇਜ਼ੀ ਸਿੱਟਾ ਇਹ ਹੈ ਕਿ ਗੌਡਸੇ ਹਿੰਦੂ-ਰਾਸ਼ਟਰਵਾਦੀ ਨੈੱਟਵਰਕਾਂ ਵਿੱਚੋਂ ਉੱਭਰਿਆ ਸੀ, ਜਦੋਂ ਕਿ RSS ਦੀ ਸੰਗਠਨਾਤਮਕ ਸ਼ਮੂਲੀਅਤ ਅਦਾਲਤ ਵਿੱਚ ਸਾਬਤ ਨਹੀਂ ਹੋਈ ਸੀ।





**6. ਸੰਸਥਾਗਤ ਗੈਰ-ਪਾਰਦਰਸ਼ਤਾ ਅਤੇ ਇਨਕਾਰਯੋਗਤਾ ਦੀ ਰਾਜਨੀਤੀ**

RSS ਦਾ ਸੰਸਥਾਗਤ ਢਾਂਚਾ ਕਿਸੇ ਰਜਿਸਟਰਡ ਸਿਆਸੀ ਪਾਰਟੀ, ਕਾਰਪੋਰੇਸ਼ਨ ਜਾਂ ਮੈਂਬਰਸ਼ਿਪ ਸੰਸਥਾ ਨਾਲੋਂ ਵੱਖਰਾ ਹੈ। ਇਸ ਵਿੱਚ ਸ਼ਮੂਲੀਅਤ ਰਵਾਇਤੀ ਮੈਂਬਰਸ਼ਿਪ ਫਾਰਮ ਭਰਨ ਦੀ ਬਜਾਏ ਸ਼ਾਖਾ ਵਿੱਚ ਜਾ ਕੇ ਹੁੰਦੀ ਹੈ। ਸਿੱਟੇ ਵਜੋਂ ਮੈਂਬਰਸ਼ਿਪ ਦੇ ਜਨਤਕ ਅੰਦਾਜ਼ੇ ਅੰਦਾਜ਼ਨ ਹੀ ਹੁੰਦੇ ਹਨ। 2025 ਵਿੱਚ, RSS ਮੁਖੀ ਮੋਹਨ ਭਾਗਵਤ ਨੇ ਸੰਗਠਨ ਦਾ ਬਚਾਅ ਕਰਦੇ ਹੋਏ ਕਿਹਾ ਕਿ ਇਹ ਵਿਅਕਤੀਆਂ ਦੀ ਇੱਕ ਕਾਨੂੰਨੀ ਸੰਸਥਾ ("body of individuals") ਹੈ ਜਿਸਨੂੰ ਰਜਿਸਟ ?ਰੇਸ਼ਨ ਦੀ ਲੋੜ ਨਹੀਂ ਹੈ।

ਆਲੋਚਕ ਦਲੀਲ ਦਿੰਦੇ ਹਨ ਕਿ ਰਵਾਇਤੀ ਮੈਂਬਰਸ਼ਿਪ ਸੂਚੀਆਂ ਦੀ ਅਣਹੋਂਦ, ਕੇਂਦਰੀ ਪੱਧਰ 'ਤੇ ਸੀਮਤ ਜਨਤਕ ਵਿੱਤੀ ਖੁਲਾਸਾ, ਅਤੇ ਕਾਨੂੰਨੀ ਤੌਰ 'ਤੇ ਵੱਖਰੇ ਟਰੱਸਟਾਂ ਦਾ ਸੁਮੇਲ ਜਵਾਬਦੇਹੀ ਨੂੰ ਮੁਸ਼ਕਲ ਬਣਾਉਂਦਾ ਹੈ।

ਗੈਰ-ਪਾਰਦਰਸ਼ਤਾ ਆਪਣੇ ਆਪ ਵਿੱਚ ਕਿਸੇ ਗਲਤ ਕੰਮ ਨੂੰ ਸਾਬਤ ਨਹੀਂ ਕਰਦੀ। ਹਾਲਾਂਕਿ, ਇਹ ਸੰਗਠਨ ਨੂੰ ਸਥਿਤੀ ਅਨੁਸਾਰ ਪੱਲਾ ਝਾੜ ਲੈਣ (plausible deniability) ਦੀ ਸਮਰੱਥਾ ਦਿੰਦੀ ਹੈ। ਜਦੋਂ ਕਿਸੇ ਕਾਰਕੁਨ 'ਤੇ ਹਿੰਸਾ, ਨਫ਼ਰਤ ਭਰੇ ਭਾਸ਼ਣ ਜਾਂ ਗੈਰ-ਕਾਨੂੰਨੀ ਆਚਰਣ ਦਾ ਦੋਸ਼ ਲੱਗਦਾ ਹੈ, ਤਾਂ ਸੰਸਥਾਗਤ ਸਬੰਧਾਂ 'ਤੇ ਸਵਾਲ ਉਠਾਏ ਜਾ ਸਕਦੇ ਹਨ; ਜਦੋਂ ਕੋਈ ਸਰਕਾਰੀ ਜਾਂ ਸਮਾਜਿਕ ਪਹਿਲਕਦਮੀ ਸਫਲ ਹੁੰਦੀ ਹੈ, ਤਾਂ ਵਿਆਪਕ ਲਹਿਰ ਸਵੈਮ-ਸੇਵਕਾਂ ਦੇ ਯੋਗਦਾਨ ਦੀ ਸ਼ਲਾਘਾ ਕਰ ਸਕਦੀ ਹੈ। ਇਹ ਅਸਮਾਨਤਾ—ਖਿੰਡੀ ਹੋਈ ਜ਼ਿੰਮੇਵਾਰੀ ਪਰ ਨਿਰੰਤਰ ਪ੍ਰਭਾਵ—RSS ਮਾਡਲ ਦੇ ਸਭ ਤੋਂ ਮਹੱਤਵਪੂਰਨ ਸੰਗਠਨਾਤਮਕ ਲਾਭਾਂ ਵਿੱਚੋਂ ਇੱਕ ਹੈ।

**7. ਸੰਘ ਪਰਿਵਾਰ: ਪੂਰੀ ਤਰ੍ਹਾਂ ਵੱਖਰੇ ਹੋਏ ਬਿਨਾਂ ਵੰਡ**

'ਸੰਘ ਪਰਿਵਾਰ' ਸ਼ਬਦ ਇੱਕ ਅਜਿਹੇ ਵਿਸ਼ਾਲ ਦਾਇਰੇ ਨੂੰ ਦਰਸਾਉਂਦਾ ਹੈ ਜਿਸ ਵਿੱਚ ਭਾਰਤੀ ਜਨਤਾ ਪਾਰਟੀ (BJP), ਵਿਸ਼ਵ ਹਿੰਦੂ ਪ੍ਰੀਸ਼ਦ (VHP), ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ABVP), ਭਾਰਤੀ ਮਜ਼ਦੂਰ ਸੰਘ, ਭਾਰਤੀ ਕਿਸਾਨ ਸੰਘ, ਵਿਦਿਆ ਭਾਰਤੀ, ਸੇਵਾ ਭਾਰਤੀ, ਵਨਵਾਸੀ ਕਲਿਆਣ ਆਸ਼ਰਮ, ਅਤੇ ਹੋਰ ਕਈ ਟਰੱਸਟ, ਵਿਦਿਅਕ ਅਦਾਰੇ, ਸੇਵਾ ਸੰਸਥਾਵਾਂ ਤੇ ਮੁਹਿੰਮਾਂ ਸ਼ਾਮਲ ਹਨ।

ਇਹ ਨੈੱਟਵਰਕ ਨਾ ਤਾਂ ਕੋਈ ਇਕਹਿਰੀ ਕਾਰਪੋਰੇਸ਼ਨ ਹੈ ਅਤੇ ਨਾ ਹੀ ਸਿਰਫ਼ ਗੈਰ-ਸੰਬੰਧਿਤ ਸਮੂਹਾਂ ਦਾ ਇਕੱਠ। ਵਿਦਵਤਾਪੂਰਨ ਅਧਿਐਨ ਪ੍ਰਚਾਰਕਾਂ ਦੀ ਤਾਇਨਾਤੀ, ਆਪਸ ਵਿੱਚ ਜੁੜੇ ਕੈਰੀਅਰਾਂ, ਸਾਂਝੀ ਸਿਖਲਾਈ ਤੇ ਪ੍ਰਤੀਕਾਂ, ਸੀਨੀਅਰ ਨੇਤਾਵਾਂ ਵਿਚਕਾਰ ਸਲਾਹ-ਮਸ਼ਵਰੇ, ਅਤੇ ਵੱਡੇ ਵਿਚਾਰਧਾਰਕ ਮੁੱਦਿਆਂ 'ਤੇ ਤਾਲਮੇਲ ਵਾਲੀ ਲਾਮਬੰਦੀ ਨੂੰ ਦਰਸਾਉਂਦੇ ਹਨ। ਇਸ ਦੇ ਨਾਲ ਹੀ, ਸੰਬੰਧਿਤ ਸੰਸਥਾਵਾਂ ਕਈ ਵਾਰ ਉਮੀਦਵਾਰਾਂ, ਆਰਥਿਕ ਨੀਤੀ, ਮਜ਼ਦੂਰ ਮੁੱਦਿਆਂ ਜਾਂ ਰਣਨੀਤੀਆਂ 'ਤੇ ਆਪਸ ਵਿੱਚ ਅਸਹਿਮਤ ਵੀ ਹੁੰਦੀਆਂ ਹਨ। 'ਇੱਕ ਵਿਚਾਰਧਾਰਕ ਪਰਿਵਾਰ ਦੇ ਅੰਦਰ ਰਣਨੀਤਕ ਖੁਦਮੁਖਤਿਆਰੀ' ਦੀ ਧਾਰਨਾ ਪੂਰਨ ਨਿਯੰਤਰਣ ਜਾਂ ਪੂਰਨ ਆਜ਼ਾਦੀ ਦੇ ਦਾਅਵਿਆਂ ਨਾਲੋਂ ਜ਼ਿਆਦਾ ਸਹੀ ਬੈਠਦੀ ਹੈ।

**8. ਜਨ ਸੰਘ ਤੋਂ ਭਾਜਪਾ ਤੱਕ: ਕਾਡਰ ਰਾਹੀਂ ਸਿਆਸੀ ਤਾਕਤ**

ਭਾਰਤੀ ਜਨ ਸੰਘ ਦੀ ਸਥਾਪਨਾ 1951 ਵਿੱਚ RSS ਦੁਆਰਾ ਸਿਖਲਾਈ ਪ੍ਰਾਪਤ ਕਾਡਰ ਦੇ ਮਹੱਤਵਪੂਰਨ ਸਹਿਯੋਗ ਨਾਲ ਕੀਤੀ ਗਈ ਸੀ। ਇਸਦੀ ਉੱਤਰਾਧਿਕਾਰੀ, ਭਾਜਪਾ (BJP), ਦੀ ਸਥਾਪਨਾ 1980 ਵਿੱਚ ਹੋਈ। ਭਾਜਪਾ ਅਤੇ RSS ਵਿਚਕਾਰ ਸਬੰਧ ਰਸਮੀ ਤੌਰ 'ਤੇ ਵੱਖਰੇ ਪਰ ਸੰਸਥਾਗਤ ਤੌਰ 'ਤੇ ਬਹੁਤ ਗੂੜ੍ਹੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਕਈ ਸੀਨੀਅਰ ਭਾਜਪਾ ਨੇਤਾਵਾਂ ਦਾ ਪਿਛੋਕੜ RSS ਵਰਕਰਾਂ ਜਾਂ ਪ੍ਰਚਾਰਕਾਂ ਵਜੋਂ ਰਿਹਾ ਹੈ। ਭਾਜਪਾ ਦੇ ਜਨਰਲ ਸਕੱਤਰ (ਸੰਗਠਨ) ਅਤੇ ਰਾਜ ਪੱਧਰੀ ਬਰਾਬਰ ਦੇ ਅਹੁਦੇ ਰਵਾਇਤੀ ਤੌਰ 'ਤੇ ਪਾਰਟੀ ਮਸ਼ੀਨਰੀ ਅਤੇ RSS ਵਿਚਕਾਰ ਇੱਕ ਮਹੱਤਵਪੂਰਨ ਕੜੀ ਵਜੋਂ ਕੰਮ ਕਰਦੇ ਹਨ।

(ਚਲਦਾ)

# '84 ਦੇ ਪੀੜਤਾਂ ਦਾ ਮੁੜ-ਵਸੇਬਾ

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਅਪਰੇਸ਼ਨ ਬਲੂਸਟਾਰ (ਸਾਕਾ ਨੀਲਾ ਤਾਰਾ) ਤੋਂ ਪ੍ਰਭਾਵਿਤ ਦੁਕਾਨਦਾਰਾਂ ਦੇ ਮੁੜ-ਵਸੇਬੇ ਦੇ ਮਾਮਲੇ ਵਿੱਚ ਦਖ਼ਲ ਦੇਣਾ ਇਹ ਯਾਦ ਕਰਵਾਉਂਦਾ ਹੈ ਕਿ ਪ੍ਰਸ਼ਾਸਨਿਕ ਦੇਰੀ ਕਿਵੇਂ ਇਨਸਾਫ਼ ਨਾ ਮਿਲਣ ਦੇ ਬਰਾਬਰ ਹੈ। ਆਪਣੀਆਂ ਦੁਕਾਨਾਂ ਟੁੱਟਣ ਜਾਂ ਉੱਜੜਨ ਤੋਂ 42 ਸਾਲ ਬਾਅਦ ਵੀ ਇਹ ਪ੍ਰਭਾਵਿਤ ਦੁਕਾਨਦਾਰ ਇਸ ਗੱਲ ਲਈ ਲੜ ਰਹੇ ਹਨ ਕਿ ਉਨ੍ਹਾਂ ਨੂੰ ਕਿਹੜੀਆਂ ਸ਼ਰਤਾਂ 'ਤੇ ਨਵੀਆਂ ਥਾਵਾਂ ਮਿਲਣਗੀਆਂ। ਹੈਰਾਨੀ ਦੀ ਗੱਲ ਇਹ ਹੈ ਕਿ ਸਰਕਾਰ ਨੇ ਖ਼ੁਦ ਮੁੜ-ਵਸੇਬੇ ਬਾਰੇ ਮੰਨਿਆ ਸੀ, ਫਿਰ ਵੀ ਇੰਨੀ ਦੇਰ ਹੋਣੀ ਬਹੁਤ ਗ਼ਲਤ ਹੈ। ਇਹ ਫ਼ਰਕ ਸਪੱਸ਼ਟ ਨਜ਼ਰ ਆਉਂਦਾ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਦੇ ਇਲਾਕੇ ਨੂੰ ਸੰਵਾਰਨ ਲਈ 1988 ਵਿੱਚ ਸ਼ੁਰੂ ਕੀਤੀ ਗਈ 'ਗਲਿਆਰਾ ਯੋਜਨਾ' ਤਹਿਤ ਉੱਥੋਂ ਉੱਜੜੇ ਦੁਕਾਨਦਾਰਾਂ ਨੂੰ 1,000 ਰੁਪਏ ਪ੍ਰਤੀ ਵਰਗ ਗਜ਼ ਦੇ ਹਿਸਾਬ ਨਾਲ ਅਤੇ ਹੋਰ ਰਿਆਇਤਾਂ ਦੇ ਕੇ ਦੁਕਾਨਾਂ ਦਿੱਤੀਆਂ ਗਈਆਂ ਸਨ। ਸਾਲ 1991 ਵਿੱਚ ਪੰਜਾਬ ਸਰਕਾਰ ਨੇ ਫ਼ੈਸਲਾ ਕੀਤਾ ਸੀ ਕਿ ਅਪਰੇਸ਼ਨ ਬਲੂਸਟਾਰ ਦੌਰਾਨ ਉੱਜੜੇ ਲੋਕਾਂ ਨੂੰ ਵੀ ਇਸੇ ਤਰ੍ਹਾਂ ਸਹੂਲਤਾਂ ਦਿੱਤੀਆਂ ਜਾਣਗੀਆਂ। ਇਸ ਗੱਲ ਨੂੰ 2006 ਵਿੱਚ ਮੁੜ ਦੁਹਰਾਇਆ ਗਿਆ ਸੀ। ਇਸ ਦੇ ਬਾਵਜੂਦ ਸਰਕਾਰ ਨੇ ਬਲੂਸਟਾਰ ਕਾਰਨ ਉੱਜੜੇ ਲੋਕਾਂ ਨੂੰ ਸਾਲ 2012 ਵਿੱਚ 133 ਬੂਥ 38,400 ਰੁਪਏ ਪ੍ਰਤੀ ਵਰਗ ਗਜ਼ ਦੇ ਹਿਸਾਬ ਨਾਲ ਦੇਣ ਦੀ ਪੇਸ਼ਕਸ਼ ਕੀਤੀ ਸੀ।



ਹੁਣ ਹਾਈ ਕੋਰਟ ਨੇ ਇਸ ਵੱਡੀ ਬੇਇਨਸਾਫ਼ੀ ਨੂੰ ਦੂਰ ਕਰਦਿਆਂ 1,000 ਰੁਪਏ ਪ੍ਰਤੀ ਵਰਗ ਗਜ਼ ਦੇ ਹਿਸਾਬ ਨਾਲ ਥਾਵਾਂ ਅਲਾਟ ਕਰਨ ਅਤੇ ਬਾਕੀ ਬਣਦੀਆਂ ਸਾਰੀਆਂ ਰਿਆਇਤਾਂ ਦੇਣ ਦੇ ਸਪੱਸ਼ਟ ਹੁਕਮ ਜਾਰੀ ਕੀਤੇ ਹਨ। ਸਭ ਤੋਂ ਅਹਿਮ ਅਤੇ ਗੰਭੀਰ ਪੱਖ ਇਹ ਹੈ ਕਿ ਅਦਾਲਤ ਨੇ ਆਪਣੇ ਫ਼ੈਸਲੇ ਵਿੱਚ ਮੰਨਿਆ ਹੈ ਕਿ ਚਾਰ ਦਹਾਕਿਆਂ ਤੋਂ ਵੱਧ ਸਮਾਂ ਚੱਲੇ ਇਸ ਸੰਘਰਸ਼ ਨੇ ਪਟੀਸ਼ਨਰਾਂ ਦੇ ਭਾਰਤੀ ਸੰਵਿਧਾਨ ਵੱਲੋਂ ਦਿੱਤੇ ਗਏ ਮੌਲਿਕ ਅਧਿਕਾਰਾਂ ਯਾਨੀ ਧਾਰਾ 14, 19 ਅਤੇ 21 ਦੀ ਸਿੱਧੀ ਉਲੰਘਣਾ ਕੀਤੀ ਹੈ।

ਹਾਲਾਂਕਿ, ਇਹ ਨਿਆਂਇਕ ਫ਼ੈਸਲਾ ਉਹ ਕੀਮਤੀ 42 ਸਾਲ ਕਦੇ ਵੀ ਵਾਪਸ ਨਹੀਂ ਲਿਆ ਸਕਦਾ। ਅੱਜ ਹਾਲਾਤ ਇਹ ਹਨ ਕਿ ਮੁੜ-ਵਸੇਬੇ ਦੀ ਆਸ ਵਿੱਚ ਅਦਾਲਤਾਂ ਦੇ ਗੇੜੇ ਕੱਢਣ ਵਾਲੇ ਕਈ ਲੋਕ ਨਿਆਂ ਮਿਲਦਾ ਦੇਖਣ ਲਈ ਇਸ ਦੁਨੀਆ ਵਿੱਚ ਵੀ ਨਹੀਂ ਰਹੇ। ਇਹੀ ਸਾਡੇ ਸਮੁੱਚੇ ਪ੍ਰਸ਼ਾਸਨਿਕ ਸਿਸਟਮ ਦੀ ਅਸਲ ਖ਼ਾਮੀ ਹੈ, ਜਿੱਥੇ ਫਾਈਲਾਂ ਦਾ ਸਫ਼ਰ ਆਮ ਇਨਸਾਨਾਂ ਦੀ ਸਾਰੀ ਉਮਰ ਨਾਲੋਂ ਵੀ ਬਹੁਤ ਜ਼ਿਆਦਾ ਲੰਮਾ ਹੋ ਜਾਂਦਾ ਹੈ। ਇਸ ਪੂਰੇ ਮਾਮਲੇ ਅਤੇ ਅਦਾਲਤੀ ਫ਼ੈਸਲੇ ਤੋਂ ਪੰਜਾਬ ਸਰਕਾਰ ਨੂੰ ਗੰਭੀਰ ਸਬਕ ਸਿੱਖਣ ਦੀ ਲੋੜ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸੂਬੇ ਭਰ ਵਿੱਚ ਹੋਰ ਵੀ ਪੁਰਾਣੇ ਲਟਕਦੇ ਆ ਰਹੇ ਮੁੜ-ਵਸੇਬੇ ਦੇ ਅਜਿਹੇ ਸਾਰੇ ਮਾਮਲਿਆਂ ਦੀ ਖ਼ੁਦ ਜਾਂਚ ਕਰਵਾਏ ਅਤੇ ਆਪਣੇ ਪੁਰਾਣੇ ਫ਼ੈਸਲਿਆਂ 'ਤੇ ਪੂਰੀ ਇਮਾਨਦਾਰੀ ਨਾਲ ਅਮਲ ਕਰੇ। ਚਾਰ ਦਹਾਕਿਆਂ ਤੱਕ ਇਨਸਾਫ਼ ਨਾ ਮਿਲਣਾ ਕਿਸੇ ਇੱਕ ਵਿਅਕਤੀ ਦੀ ਨਹੀਂ ਸਗੋਂ ਪੂਰੇ ਸਿਸਟਮ ਦੀ ਵੱਡੀ ਅਸਫ਼ਲਤਾ ਨੂੰ ਦਰਸਾਉਂਦਾ ਹੈ। ਸਰਕਾਰ ਦੇ ਵਾਅਦੇ ਸਿਰਫ਼ ਇਸ ਲਈ ਕਾਗ਼ਜ਼ੀ ਨਹੀਂ ਬਣ ਸਕਦੇ ਕਿਉਂਕਿ ਇੱਕ ਤੋਂ ਬਾਅਦ ਇੱਕ ਸਰਕਾਰਾਂ ਨੇ ਅਣਦੇਖੀ ਕਰਨ ਦਾ ਰਾਹ ਚੁਣਿਆ ਹੈ।

## ਪੰਜਾਬੀ ਅਕਾਦਮਿਕਤਾ ਤੇ ਚਿੰਤਨ ਦਾ ਧਰੂ-ਤਾਰਾ: ਡਾ. ਗੁਰਪਾਲ ਸਿੰਘ ਸੰਧੂ

ਪੰਜਾਬੀ ਭਾਸ਼ਾ, ਸਾਹਿਤਕ ਆਲੋਚਨਾ ਅਤੇ ਵਿਰਸੇ ਦੇ ਸਿਖ਼ਰਲੇ ਵਿਦਵਾਨ ਦੀ ਸ਼ਖ਼ਸੀਅਤ ’ਤੇ ਇੱਕ ਝਾਤ। ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰਕ ਚਿੰਤਨ ਦੇ ਖੇਤਰ ਵਿੱਚ ਡਾ. ਗੁਰਪਾਲ ਸਿੰਘ ਸੰਧੂ ਇੱਕ ਅਜਿਹਾ ਮਾਨਮੱਤਾ ਤੇ ਸਤਿਕਾਰਤ ਨਾਮ ਹਨ, ਜਿਨ੍ਹਾਂ ਨੇ ਆਪਣੀ ਡੂੰਘੀ ਖੋਜ-ਦ੍ਰਿਸ਼ਟੀ ਅਤੇ ਅਕਾਦਮਿਕ ਵਚਨਬੱਧਤਾ ਨਾਲ ਮਾਂ-ਬੋਲੀ ਦੀ ਸੇਵਾ ਵਿੱਚ ਨਵੇਂ ਮੀਲ-ਪੱਥਰ ਸਥਾਪਤ ਕੀਤੇ ਹਨ। ਵਰਤਮਾਨ ਵਿੱਚ ਉਹ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ‘ਪੰਜਾਬੀ ਸਕੂਲ ਆਫ਼ ਸਟੱਡੀਜ਼’ ਦੇ ਮੁਖੀ ਵਜੋਂ ਉਚੇਰੀ ਸਿੱਖਿਆ ਅਤੇ ਖੋਜ ਕਾਰਜਾਂ ਦੀ ਸ਼ਾਨਦਾਰ ਅਗਵਾਈ ਕਰ ਰਹੇ ਹਨ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਉੱਚ ਸਿੱਖਿਆ ਹਾਸਲ ਕਰਨ ਵਾਲੇ ਡਾ. ਸੰਧੂ ਕੇਵਲ ਇੱਕ ਸੁਹਿਰਦ ਅਧਿਆਪਕ ਹੀ ਨਹੀਂ, ਸਗੋਂ ਪੰਜਾਬੀ ਲੋਕਧਾਰਾ, ਮੱਧਕਾਲੀ ਚਿੰਤਨ ਅਤੇ ਆਧੁਨਿਕ ਪੰਜਾਬੀ ਕਵਿਤਾ ਦੇ ਗੰਭੀਰ ਖੋਜਕਾਰ ਤੇ ਸੁਲਝੇ ਹੋਏ ਆਲੋਚਕ ਵਜੋਂ ਜਾਣੇ ਜਾਂਦੇ ਹਨ। ਦੇਸ਼-ਵਿਦੇਸ਼ ਦੀਆਂ ਵੱਕਾਰੀ ਕਾਨਫ਼ਰੰਸਾਂ ਵਿੱਚ ਪੇਸ਼ ਕੀਤੇ ਉਨ੍ਹਾਂ ਦੇ ਖੋਜ-ਪੱਤਰ ਅਤੇ ਨਾਮਵਰ ਖੋਜ-ਰਸਾਲਿਆਂ ਵਿੱਚ ਛਪੇ ਆਰਟੀਕਲ ਪੰਜਾਬੀ ਆਲੋਚਨਾ ਜਗਤ ਦੀ ਅਮੀਰ ਵਿਰਾਸਤ ਹਨ। ਉਨ੍ਹਾਂ ਦੀ ਸੁਯੋਗ ਰਹਿਨੁਮਾਈ ਹੇਠ ਦਰਜਨਾਂ ਖੋਜਾਰਥੀਆਂ ਨੇ ਐਮ. ਫਿਲ ਅਤੇ ਪੀ-ਐੱਚ.ਡੀ. ਦੀਆਂ ਡਿਗਰੀਆਂ ਪ੍ਰਾਪਤ ਕਰਕੇ ਪੰਜਾਬੀ ਅਕਾਦਮਿਕਤਾ ਦੇ ਘੇਰੇ ਨੂੰ ਹੋਰ ਵਿਸ਼ਾਲ ਕੀਤਾ ਹੈ। ਮਾਂ-ਬੋਲੀ ਪ੍ਰਤੀ ਉਨ੍ਹਾਂ ਦੇ ਅਥਾਹ ਸਮਰਪਣ ਅਤੇ ਬੌਧਿਕ ਘਾਲਣਾ ਨੂੰ ਸਤਿਕਾਰ ਸਹਿਤ ਸਲਾਮ ਕਰਦਿਆਂ, ਅਸੀਂ ਪ੍ਰੋਫ਼ੈਸਰ ਸੁਖਪਾਲ ਸਿੰਘ ਥਿੰਦ ਵੱਲੋਂ ਲਿਖਿਆ ਖੋਜ-ਭਰਪੂਰ ਲੇਖ ‘ਸਫ਼ਲ ਵਿਦਵਾਨ : ਗੁਰਪਾਲ ਸੰਧੂ’ ਆਪਣੇ ਸਤਿਕਾਰਯੋਗ ਪਾਠਕਾਂ ਦੇ ਰੂ-ਬ-ਰੂ ਕਰਦਿਆਂ ਦਿਲੀ ਮਾਣ ਅਤੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ। — ਸਤਨਾਮ ਸਿੰਘ

# ਸ.ਫਲ ਵਿਦਵਾਨ : ਗੁਰਪਾਲ ਸੰਧੂ



(ਭਾਗ ਪੰਜਵਾਂ)

ਪੜ੍ਹਾਈ ਲਿਖਾਈ ਵਿੱਚ ਸਿਧਾਂਤ ਨੂੰ ਹਰ ਵੇਲੇ ਮੂਹਰੇ ਰੱਖਣ ਵਾਲਾ ਗੁਰਪਾਲ ਆਮ ਜਿੰਦਗੀ ਦੇ ਸਿਆੜ ਸਿੱਧੇ ਕਰਦਿਆਂ ਪੂਰਾ ਪ੍ਰੈਕਟੀਕਲ ਹੋ ਚੁੱਕਾ ਸੀ। ਸਭ ਉਲਝਣਾਂ ਤੋਂ ਮੁਕਤ ਹੋ ਉਹ ਹੁਣ ਸਿੱਧਾ ਵਗਣ ਲੱਗ ਪਿਆ ਸੀ । ਕਿਸੇ ਵੱਡੇ ਵਿਦਵਾਨ ਦੀ ਬਹੁਤੀ ਚਾਪਲੂਸੀ ਤੋਂ ਉਸਤੇ ਹੱਸਦੇ ਤਾਂ ਉਹ ਜਮਾਂ ਸਿੱਧਾ ਹੋ ਤੁਰਦਾ, “ਵੇਖਿਆ, ਮੈਂ ਕਿਵੇਂ ਚਮਚੀ ਮਾਰਦਾਂ? ਇਵੇਂ ਤੁਸੀਂ ਮੇਰੀ ਮਾਰਿਓ ਕਰੋ!

ਉਹ ਬਿਲਕੁਲ ਸਪੱਸ਼ਟ ਸੀ ।ਉਸ ਨੂੰ ਇਲਹਾਮ ਹੋ ਗਿਆ ਸੀ ਕਿ ਇਹੋ ਜਿਹੀਆਂ ਨੌਕਰੀਆਂ ਲਈ ਇਕੱਲੀਆਂ ਅਕਾਦਮਿਕ ਯੋਗਤਾਵਾਂ ਕੁਝ ਨਹੀਂ ਕਰਦੀਆਂ ਹੁੰਦੀਆਂ। ਸਗੋਂ ਇਸ ਤੋਂ ਵਧੇਰੇ ਚਾਹੀਦਾ ਹੁੰਦਾ। ਇਹ ‘ਵਧੇਰੇ’ ਜੋੜਨ ਵਿੱਚ ਉਹ ਗਿਆਰਾਂ ਸਾਲ ਲੱਗਾ ਰਿਹਾ। ਬਾਰ੍ਹੀਂ ਸਾਲੀਂ ਕਹਿੰਦੇ ਨੇ ਰੂੜੀ ਦੀ ਵੀ ਸੁਣੀ ਜਾਂਦੀ ਹੈ । ਉਸਦੀ ਵੀ ਸੁਣੀ ਗਈ। ਸੁਨਾਮ, ਗੋਬਿੰਦਗੜ੍ਹ ਦੇ ਸਰਕਾਰੀ ਕਾਲਜਾਂ ਤੋਂ ਘੁੰਮਦਾ ਘੁੰਮਾਉਂਦਾ ਉਹ ਆਖਿਰ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਅੱਪੜ ਗਿਆ। ਅੱਪੜਿਆ ਵੀ ਵੱਡੀ ਫੀਤੀ ਲਾ ਕੇ ।ਉਸ ਨੇ ਕਾਲਜਾਂ ਵਿੱਚ ਲਾਏ ਗਿਆਰਾਂ ਸਾਲ ਜਾਇਆ ਨਹੀਂ ਸਨ ਹੋਣ ਦਿੱਤੇ ।ਉਹ ਸਿੱਧਾ ਰੀਡਰ ਨਿਯੁਕਤ ਹੋਇਆ । ਵੱਡਾ ਮੋਰਚਾ ਉਸਨੇ ਫਤਿਹ ਕਰ ਲਿਆ ਸੀ ।ਹੁਣ ਦੁਨੀਆਂ ਉਸ ਦੇ ਕਦਮਾਂ ਵਿੱਚ ਵਿਛੀ ਪਈ ਸੀ ।ਅਗਲੇ ਕਈ ਦਹਾਕੇ ਉਸ ਨੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨਾਲ ਜੁੜੇ ਵੱਡੇ ਫੈਸਲਿਆਂ ਵਿੱਚ ਅਸਰ ਅੰਦਾਜ਼ ਹੋਣਾ ਸੀ ।ਜੋ ਉਹ ਚਾਹੁੰਦਾ ਸੀ ਉਹ ਉਸ ਨੇ ਆਖਿਰ ਹਾਸਲ ਕਰ ਲਿਆ ਸੀ ।

ਪਰ ਉਹ ਟਿਕ ਕੇ ਬਹਿਣ ਵਾਲਾ ਥੋੜ੍ਹਾ ਸੀ । ਉਸ ਦੀ ਚਾਲ ਪਹਿਲਾਂ ਤੋਂ ਵੀ ਤਿੱਖੀ ਹੋ ਗਈ । ਮੈਂ ਸਰਕਾਰੀ ਕਾਲਜ ਦੀ ਨੌਕਰੀ ਵਿੱਚ ਕਪੂਰਥਲੇ ਆਣ ਪਹੁੰਚਾ ਸਾਂ । ਨਿੱਤ ਕੁਝ ਨਵੇਂ ਦਾ ਸ਼ੌਕੀਨ ਗੁਰਪਾਲ ਹੁਣ ਵੱਡੀਆਂ ਉਡਾਰੀਆਂ ਤੇ ਸੀ ।ਉਸ ਨੇ ਦੁਨੀਆਂ ਜਿੱਤਣੀ ਸੀ । ਮੈਂ ਆਪਣੇ ਢੰਗ ਨਾਲ ਲੱਗਾ ਹੋਇਆ ਸਾਂ । ਇਹ ਦੁਨੀਆਂ ਜਿੱਤਦਿਆਂ ਹੀ ਇੱਕ ਵਾਰ ਫਿਰ ਉਸ ਨਾਲ ਇਗਲੈਂਡ ਵਿੱਚ ਇਕੱਠੇ ਰਹਿਣ ਦਾ ਸਬੱਬ ਬਣ ਗਿਆ । ਪੂਰੇ ਦਸ ਦਿਨ ਦਰਸ਼ਨ ਧੀਰ ਦੇ ਵੁਲਵਰਹੈਂਪਟਨ ਵਾਲੇ ਘਰ ਵਿੱਚ। ਗੁਰਪਾਲ ਦਾ ਪਹਿਲਾ ਰੰਗ ਉਸੇ ਤਰ੍ਹਾਂ ਕਾਇਮ ਸੀ ।ਧੀਰ ਦੇ ਘਰੇ ਉਸ ਦੇ ਹੱਥ ਸਥਾਨਕ ਕਵੀ ਫਰੈਂਕ ਰੀਵਜ਼ ਦੀ ਅੰਗ੍ਰੇਜੀ ਪੁਸਤਕ ਲੱਗ ਗਈ। ਰੀਵਜ਼ ਨੇ ਗੋਰੇ ਹੁੰਦਿਆਂ ਵੀ ਅਫ਼ਰੀਕਨ ਔਰਤ ਨਾਲ ਵਿਆਹ ਕਰਵਾਇਆ ਸੀ । ਉਸ ਦੀ ਕਵਿਤਾ ਰੰਗ ਨਸਲ ਨੂੰ ਪਿਛੋਕੜ ਵਿੱਚ ਲੈਂਦਿਆਂ ‘ਬਲੈਕ ਬਿਊਟੀ’ ਦੇ ਅੰਦਰਲੇ ਰਹੱਸਾਂ ਦਾ ਮਹਿਮਾ ਗਾਣ ਕਰਦੀ ਸੀ। ਗੁਰਪਾਲ ਤਾਂ ਉਸ ਪੁਸਤਕ ਨੂੰ ਪੜ੍ਹ-ਪੜ੍ਹ ਉਵੇਂ ਹੀ ਚਟਕਾਰੇ ਲਵੇ ਜਿਵੇਂ ਉਹ ਯੂਨੀਵਰਸਿਟੀ ਵਿੱਚ ਲਿਆ ਕਰਦਾ ਸੀ। ਉਸ ਰੀਵਜ਼ ਨੂੰ ਮਿਲਣ ਦੀ ਇੱਛਾ ਜਤਾਈ। ਉਸਦੇ ਸਹਿਯੋਗ ਨਾਲ ਲੇਖਕਾਂ ਦੀ ਅੰਤਰ-ਰਾਸ਼ਟਰੀ ਐਸੋਸੀਏਸ਼ਨ ਬਣਾਉਣ ਦੇ ਸੁਪਨੇ ਉਣਨ ਲੱਗ ਪਿਆ। ਧੀਰ ਨਾਲ ਸੁਪਨਿਆਂ ਦੀ ਬਾਤ ਪਾਉਂਦਿਆਂ ਮੇਰੀ ਵੀ ਸਲਾਹ ਲੈ ਲਈ । ਮੈਂ ਢਿੱਲਾ ਜਿਹਾ ਬੋਲਿਆ, “ਠੀਕ ਆ, ਬੰਦੇ ਦੇ ਸੁਪਨੇ ਤਾਂ ਵੱਡੇ ਈ ਹੋਣੇ ਚਾਹੀਦੇ! ਇਹ ਵੀ ਕੀ ਹੋਇਆ ਕਿ ਸੋਚ ਪਟਿਆਲਿਓਂ ਬਾਹਰ ਈ ਨਾ ਨਿੱਕਲੇ।”

ਗੁਰਪਾਲ ਠਹਾਕਾ ਮਾਰ ਕੇ ਹੱਸਿਆ, “ਵਿਸ਼ਵੀਕਰਨ ਤੇ ਪੇਪਰ ਲਿਖੀ ਫਿਰਦਾਂ ਤੇ ਗੱਲਾਂ ਕਰਦਾ ਫਿਰ ਪਟਿਆਲੇ ਜਾ ਪਹੁੰਚਿਆਂ! ਤੇਰਾ ਤਾਂ ਬਲਦੇਵ ਧਾਲੀਵਾਲ ਤੋਂ ਵੀ ਮਾੜਾ ਹਾਲ ਹੁੰਦਾ ਜਾਂਦਾ।”

ਵੁਲਵਰਹੈਂਪਟਨ ਵਿੱਚ ਵੀ ਪਟਿਆਲਾ ਯੂਨੀਵਰਸਿਟੀ ਵਾਲੀ ਕਿਣ-ਮਿਣ ਹੋਣ ਲੱਗ ਪਈ।

**ਪ੍ਰੋ. ਸੁਖਪਾਲ ਸਿੰਘ ਥਿੰਦ**



ਗੁਰਪਾਲ ਆਪਣੇ ਪੁਸ਼ਤੈਨੀ ਘਰ ਵੱਲੋਂ ਸੌਖਾ ਹੈ। ਤਿੰਨ ਭਰਾਵਾਂ ਦੇ ਹੁੰਦਿਆਂ ਵੀ ਵੀਹ ਕਿੱਲੇ ਤੋਂ ਉਪਰ ਜ਼ਮੀਨ ਉਸ ਦੇ ਹਿੱਸੇ ਆਉਂਦੀ ਸੀ। ਬਾਰਾਂ ਕੁ ਏਕੜ ਬਠਿੰਡੇ ਵਾਲੀ ਫੌਜੀ ਛਾਉਣੀ ਹੇਠ ਆ ਗਈ। ਇਸਦੇ ਟੱਬਰ ਨੂੰ ਸੋਹਣੇ ਪੈਸੇ ਮਿਲ ਗਏ ਸਨ। ਅਸੀਂ ਅੰਦਾਜੇ ਲਾਉਂਦੇ ਕਿ ਪਟਿਆਲੇ ਵਾਲੀ ਕੋਠੀ ਵਿੱਚ ਫੌਜੀ ਛਾਉਣੀ ਵਾਲੀ ਕਿਰਪਾ ਜ਼ਰੂਰ ਬਰਸੀ ਹੋਏਗੀ। ਯੂਨੀਵਰਸਿਟੀ ਵਾਲਾ ਕਿਲ੍ਹਾ ਫਤਿਹ ਕਰਨ ਤੱਕ ਉਸ ਨੇ ਪਟਿਆਲੇ ਪ੍ਰਾਪਰਟੀ ਦੇ ਕੰਮ ਵਿੱਚ ਵੀ ਹੱਥ ਅਜਮਾਉਣਾ ਸ਼ੁਰੂ ਕਰ ਦਿੱਤਾ ਸੀ। ਸੁਣਿਆ ਸੀ ਉਸ ਨੇ ਕੁਝ ਦੁਕਾਨਾਂ ਖ੍ਰੀਦੀਆਂ ਨੇ। ਮੈਂ ਇੱਕ ਅੱਧ ਵਾਰ ਉਸ ਨੂੰ ਇਸ ਬਾਰੇ ਪੁੱਛਿਆ ਤਾਂ ਉਸ ਹੱਸ ਕੇ ਟਾਲ ਦਿੱਤਾ। ਪਿੜ੍ਹ-ਪੱਲੇ ਕੁਝ ਨਾ ਪਾਇਆ। ਕਹਿੰਦੇ ਨੇ ਸਰਸਵਤੀ ਅਤੇ ਲਕਸ਼ਮੀ ਦੇਵੀ ਦਾ ਮਿਲਣ ਘੱਟ ਹੀ ਹੁੰਦਾ ਹੈ ਪਰ ਗੁਰਪਾਲ ਇਨ੍ਹਾਂ ਦੋਹਾਂ ਨੂੰ ਕਾਬੂ ਕਰਨ ਵਿੱਚ ਜੁੱਟਿਆ ਹੋਇਆ ਸੀ। ਯੂਨੀਵਰਸਿਟੀ ਪਹੁੰਚ ਜਾਣ ਕਾਰਨ ਹੁਣ ਬਹੁਤ ਸਾਰੇ ਪ੍ਰਾਜੈਕਟ ਬਾਈ ਡਿਫਾਲਟ ਹੀ ਉਸ ਦੀ ਝੋਲੀ ਪੈਣੇ ਸਨ। ਆਪਣੀ ਵਿਦਵਤਾ ਦਾ ਸਿੱਕਾ ਮਨਾਉਣ ਦਾ ਸੁਨਹਿਰੀ ਮੌਕਾ ਉਸਨੂੰ ਉਡੀਕ ਰਿਹਾ ਸੀ । ਇਹ ਮੌਕਾ ਜਲਦੀ ਹੀ ਸੱਚਮੁੱਚ ਆ ਗਿਆ। ਪੰਜਾਬੀ ਅਕਾਦਮੀ ਦਿੱਲੀ ਨੇ ਪੰਜਾਬੀ ਸਾਹਿਤ ਦੇ ਵੱਖ ਵੱਖ ਰੂਪਾਂ ਨਾਲ ਸੰਬੰਧਿਤ ਇਤਿਹਾਸ ਲਿਖਾਉਣ ਦਾ ਵੱਡਾ ਕਾਰਜ ਸ਼ੁਰੂ ਕੀਤਾ। ਪੰਜਾਬੀ ਨਾਵਲ ਦਾ ਇਤਿਹਾਸ ਲਿਖਣ ਦਾ ਗੁਣਾ ਡਾ. ਗੁਰਪਾਲ ਸਿੰਘ ਸੰਧੂ ਤੇ ਪਿਆ। ਉਸ ਨੇ ਇਹ ਕਾਰਜ ਕੀਤਾ ਜ਼ਰੂਰ ਪਰ ਇਸ ਵਿੱਚ ਉਹ ਆਪਣੀ ਸਮਰੱਥਾ ਦਾ ਉਹ ਜਲਵਾ ਨਾ ਵਿਖਾ ਸਕਿਆ ਜਿਸ ਦੀ ਉਸ ਤੋਂ ਆਸ ਕੀਤੀ ਜਾਂਦੀ ਸੀ। ਘੱਟੋ ਘੱਟ ਮੈਨੂੰ ਅਜਿਹਾ ਜ਼ਰੂਰ ਜਾਪਿਆ। ਮੈਂ ਉਸ ਨਾਲ ਇਸ ਬਾਰੇ ਥੋੜ੍ਹੀ ਬਹੁਤ ਗੱਲ ਕੀਤੀ ਵੀ ਪਰ ਗੁਰਪਾਲ ਹੁਣ ਵਾਹਵਾ ਅੱਗੇ ਲੰਘ ਚੁੱਕਾ ਸੀ। ਮੇਰੇ ਵਰਗੇ ਦੀਆਂ ਰਾਵਾਂ ਦਾ ਕੋਈ ਬਹੁਤਾ ਮਹੱਤਵ ਨਹੀਂ ਸੀ ਰਿਹਾ। ਉਂਝ ਮੈਨੂੰ ਜਾਪਦਾ ਕਿ ਉਸ ਵਿੱਚ ਪੂਰੀਆਂ ਸੰਭਾਵਨਾਵਾਂ ਹਨ। ਪਰ ਉਸਦੀ ਊਰਜਾ ਬਹੁਤੇ ਫਰੰਟਾਂ ਤੇ ਵੰਡੇ ਜਾਣ ਕਰਕੇ ਸ਼ਾਇਦ ਅਜਿਹਾ ਵਾਪਰ ਗਿਆ ਸੀ ।

ਉਸ ਦੇ ਯਾਰਾਨੇ ਯੂਨੀਵਰਸਿਟੀਆਂ ਦੇ ਵੱਡੇ ਵੱਡੇ ਵਿਦਵਾਨਾਂ ਨਾਲ ਪੈ ਚੁੱਕੇ ਸਨ ।ਉਨ੍ਹਾਂ ਦਾ ਜਦ ਵੀ ਪਟਿਆਲੇ ਗੇੜ੍ਹਾ ਲੱਗਦਾ ਗੁਰਪਾਲ ਉਨ੍ਹਾਂ ਦੇ ਅੱਗੇ ਪਿੱਛੇ ਹੁੰਦਾ। ਇਹੋ ਜਿਹੇ ਦਿਨ੍ਹਾਂ ਵਿੱਚ ਹੀ ਮੈਂ ਵੀ ਪਟਿਆਲੇ ਗਿਆ ਹੋਇਆਂ ਸਾਂ ਜਦੋਂ ਦਿੱਲੀ ਤੋਂ ਉਸਦਾ ਇੱਕ ਬਹੁਤ ਕਰੀਬੀ ਵਿਦਵਾਨ ਯੂਨੀਵਰਸਿਟੀ ਵਿਚਲੇ ਸਮਾਗਮ ਦੀ ਪ੍ਰਧਾਨਗੀ ਕਰਨ ਆਇਆ ਹੋਇਆ ਸੀ। ਉਸ ਨਾਲ ਉਸਦੀਆਂ ਦੋ ਚੇਲੀਆਂ ਵੀ ਸਨ। ਗੁਰਪਾਲ ਸਭ ਦੇ ਠਹਿਰਨ ਦਾ ਪ੍ਰਬੰਧ ਕਰਨ ਵਿੱਚ ਜੁੱਟਿਆ ਹੋਇਆ ਸੀ। ਅਸੀਂ ਕੁਝ ਦੋਸਤ ਉਸ ਨੂੰ ਉਸਦੇ ਘਰੇ ਉਡੀਕ ਰਹੇ ਸਾਂ ।ਗੁਰਪਾਲ ਦੀ ਗੱਲ ਚੱਲੀ ਤਾਂ ਮਨਜੀਤ ਬੋਲੀ,

“ ਕੱਲ੍ਹ ਇੱਕ ਚੇਲੀ ਲਾਂਚ ਹੋਣੀ ਐਂ , ਉਸਦੇ ਪ੍ਰਬੰਧ ਕਰਨ ਲੱਗਾ ਹੋਇਆ।” ਗੱਲ ਕਰਦਿਆਂ ਮਨਜੀਤ ਆਪ ਹੀ ਹੱਸ ਪਈ। ਉਸਦੇ ਮਗਰੇ ਮਗਰ ਅਸੀਂ ਵੀ ਹੱਸ ਪਏ ।

ਇਹੋ ਜਿਹੀ ਬਿੰਦਾਸ ਧਰੁੰਧਰ ਜੋੜੀ ਬਾਰੇ ਇਹ ਨਾ ਸਮਝਿਓ ਕਿ ਇਹ ਕੇਵਲ ਹੱਸਦੇ ਹੀ ਹਨ। ਇਨ੍ਹਾਂ ਦੇ ਹਾਸਿਆਂ ਪਿੱਛੇ ਵੱਡੇ ਵੱਡੇ ਹਾਦਸੇ ਅਤੇ ਸਦਮੇ ਵੀ ਛਿਪੇ ਪਏ ਹਨ। ਮੈਂ ਉਦੋਂ ਗੁਰਪਾਲ ਨੂੰ ਅਜੇ ਤਾਜਾ-ਤਾਜਾ ਮਿਲਿਆ ਹੀ ਸੀ ਕਿ ਇਨ੍ਹਾਂ ਦੀ ਬੋਟ ਭਰ ਬੱਚੀ ਅਚਾਨਕ ਸਦੀਵੀ ਵਿਛੋੜਾ ਦੇ ਗਈ । ਗੁਰਪਾਲ ਮਨਜੀਤ ਲਈ ਇਹ ਬਹੁਤ ਵੱਡੀ ਸੱਟ ਸੀ ।ਇਨ੍ਹਾਂ ਨੂੰ ਮੈਂ ਉਹਨੀ ਦਿਨੀਂ ਪਹਿਲੀ ਵਾਰ ਉਦਾਸ ਵੇਖਿਆ। ਇਵੇਂ ਹੀ ਗੁਰਪਾਲ ਦਾ ਯੂਨੀਵਰਸਿਟੀ ਵਾਲਾ ਕਿਲ੍ਹਾ ਫਤਿਹ ਹੋਇਆ ਸੀ ਕਿ ਇਸ ਦਾ ਬੱਸ ਨਾਲ ਭਿਆਨਕ ਅਕਸੀਡੈਂਟ ਹੋ ਗਿਆ। ਪੂਰੇ ਚਾਰ ਦਿਨ ਬੇਸੁੱਧ ਜਿੰਦਗੀ ਮੌਤ ਵਿਚਕਾਰ ਲਟਕਦਾ ਰਿਹਾ। ਮਨਜੀਤ ਸਮੇਤ ਸਾਰੇ ਪਰਿਵਾਰ ਦੀ ਜਿੰਦ ਸੂਲੀ ਉੱਤੇ ਟੰਗੀ ਰਹੀ। ਇੱਕ ਇੱਕ ਪਲ ਹਜਾਰ ਸਾਲਾਂ ਬਰਾਬਰ ਹੋ ਗਿਆ। ਪੁਰਾਣੀਆਂ ਯਾਦਾਂ ਦੇ ਗਲੋਟੇ ਕੱਤਦਿਆਂ ਮਨਜੀਤ ਇੱਕ ਦਿਨ ਦੱਸਣ ਲੱਗੀ, “ਇੱਕ ਇੱਕ ਪਲ ਕੰਡਿਆਂ ਦੀ ਸੇਜ ਤੇ ਲੇਟਣ ਵਰਗਾ ... ਬਹੁਤ ਔਖੇ ਸੀ ਉਹ ਦਿਨ...ਬੱਸ ਪੁੱਛ ਕੁਛ ਨਾ ਸੁਖਪਾਲ...!”

ਗੱਲ ਕਰਦਿਆਂ ਉਹ ਅੱਖਾਂ ਮੁੰਦ ਲੈਂਦੀ ਹੈ । ਕਿੰਨਾ ਚਿਰ ਉਸੇ ਮੁੰਦਰਾ ਵਿੱਚ ਕੱਸ ਕੇ ਮੂੰਹ ਮੀਟੀ ਰੱਖਦੀ ਹੈ। ਫਿਰ ਥੋੜ੍ਹਾ ਮੂਡ ਬਦਲਦਿਆ ਪੁਰਾਣੀ ਮਨਜੀਤ ਬਣਨ ਦਾ ਯਤਨ ਕਰਦੀ ਹੈ, “ਇਨ੍ਹਾਂ ਦਾ ਵੀ ਹਾਲ ਵੇਖੋ, ਅਰਧ ਬੇਹੋਸ਼ੀ ਵਿੱਚ ਮਿਲਣ ਆਏ ਬਲਕਾਰ ਨੂੰ ਬਾਹੋਂ ਫੜ੍ਹ ਫੜ੍ਹ ਲਿਟਰੇਰੀ ਥਿਊਰੀ ਸਮਝਾਈ ਜਾਣ...!” ਉਹ ਹੱਸਣ ਦਾ ਯਤਨ ਕਰਦੀ ਹੈ ਪਰ ਉਸ ਦੀਆਂ ਅੱਖਾਂ ਦੇ ਕੋਇਆਂ ਵਿੱਚ ਅਚਾਨਕ ਸਿੱਲ੍ਹ ਉੱਤਰ ਆਉਂਦੀ ਹੈ ।

ਬੱਸ ਵਾਲੇ ਭਿਆਨਕ ਹਾਦਸੇ ਤੋਂ ਸਾਲ ਕੁ ਬਾਅਦ ਗੁਰਪਾਲ ਨੂੰ ਦਿਲ ਦਾ ਦੌਰਾ ਪੈਂਦਾ ਹੈ । ਪਰ ਇਸ ਨੂੰ ਵੀ ਉਸ ਨੇ ਬਹੁਤਾ ਦਿਲ ਤੇ ਨਹੀਂ ਲਾਇਆ । ਯਾਰਾਂ ਦੋਸਤਾਂ ਨੂੰ ਇਹ ਗੱਲ ਦੱਸਦਿਆਂ ਉਸ ਅੰਦਰਲਾ ਪੁਰਾਣਾ ਗੁਰਪਾਲ ਮੁੜ ਜਾਗ ਪੈਂਦਾ ਹੈ , “ ਮਾਮਿਆਂ ਨੇ ਛੇਤੀ ਤਕੜਾ ਕਰਨ ਲਈ ਜਿਆਦਾ ਘਿਓ ਛਕਾ ਛੱਡਿਆ , ਨਾੜਾਂ ਈ ਬਲੌਕ ਕਰ ਦਿੱਤੀਆਂ!

(ਚਲਦਾ)

# ਏ ਆਈ ਫੋਟੋਆਂ ਤੇ ਨਿੱਜਤਾ

ਪੁਰਾਣੀਆਂ ਯਾਦਾਂ ਤਾਜ਼ਾ ਕਰਨ ਲਈ ਫ਼ੋਟੋਆਂ ਨੂੰ 1980 ਦੇ ਦਹਾਕੇ ਵਰਗਾ ਦਿਖਾਉਣ ਦਾ ਅੱਜਕੱਲ੍ਹ ਕਾਫ਼ੀ ਰੁਝਾਨ ਚੱਲ ਰਿਹਾ ਹੈ। ਪਰ ਇਹ ਇਸ ਗੱਲ ਦਾ ਵੀ ਸਬੂਤ ਹੈ ਕਿ ਲੋਕ ਸਿਰਫ਼ ਕੁਝ ਸਕਿੰਟਾਂ ਦੇ ਮਨੋਰੰਜਨ ਲਈ ਕਿੰਨੀ ਆਸਾਨੀ ਨਾਲ ਆਪਣੀ ਨਿੱਜੀ ਜਾਣਕਾਰੀ ਦੂਜਿਆਂ ਨੂੰ ਸੌਂਪ ਦਿੰਦੇ ਹਨ। ਹਿਸਾਰ ਪੁਲੀਸ ਨੇ ਲੋਕਾਂ ਨੂੰ ਏ ਆਈ ਦੀ ਵਰਤੋਂ ਕਰਕੇ ਬਣਾਈਆਂ ਗਈਆਂ ਪੁਰਾਣੇ ਸਮੇਂ ਦੀਆਂ ਤਸਵੀਰਾਂ ਦੀ ਦੁਰਵਰਤੋਂ ਪ੍ਰਤੀ ਸੁਚੇਤ ਕੀਤਾ ਹੈ, ਇਸੇ ਤਰ੍ਹਾਂ ਬੰਗਲੂਰੂ ਪੁਲੀਸ ਨੇ ਵੀ ਨਿੱਜੀ ਅਤੇ ਚਿਹਰੇ ਦੀ ਪਛਾਣ (ਫੇਸ਼ੀਅਲ ਰਿਕੋਗਨੀਸ਼ਨ) ਵਾਲੇ ਡੇਟਾ ਦੀ ਸੰਭਾਵੀ ਦੁਰਵਰਤੋਂ ਬਾਰੇ ਚਿਤਾਵਨੀ ਜਾਰੀ ਕੀਤੀ ਹੈ। ਇਹ ਚਿੰਤਾ ਹੁਣ ਹੋਰ ਵੀ ਗੰਭੀਰ ਰੂਪ ਧਾਰ ਚੁੱਕੀ ਹੈ। ਓ ਈ ਸੀ ਡੀ ਦੇ ‘ਏ ਆਈ ਇੰਸੀਡੈਂਟ ਮੌਨੀਟਰ’ ਨੇ ਇਸ 1980 ਵਾਲੇ ਫ਼ੋਟੋ ਰੁਝਾਨ ਨੂੰ ਨਿੱਜਤਾ ਅਤੇ ਬਾਇਓਮੈਟ੍ਰਿਕ ਡੇਟਾ ਲਈ ਖ਼ਤਰਾ ਦੱਸਿਆ ਹੈ, ਹਾਲਾਂਕਿ ਨਾਲ ਹੀ ਇਹ ਅਹਿਮ ਫ਼ਰਕ ਵੀ ਸਪੱਸ਼ਟ ਕੀਤਾ ਹੈ ਕਿ ਇਸ ਰੁਝਾਨ ਕਰਕੇ ਹੁਣ ਤੱਕ ਕਿਸੇ ਅਸਲ ਨੁਕਸਾਨ ਦੀ ਕੋਈ ਰਿਪੋਰਟ ਸਾਹਮਣੇ ਨਹੀਂ ਆਈ। ਬੀਤੇ ਫ਼ਰਵਰੀ ਮਹੀਨੇ ਵਿੱਚ ਦੁਨੀਆ ਭਰ ਦੇ 61 ਡੇਟਾ ਸੁਰੱਖਿਆ ਅਧਿਕਾਰੀਆਂ ਨੇ ਵੀ ਬਿਨਾਂ ਜਾਣਕਾਰੀ ਜਾਂ ਸਹਿਮਤੀ ਦੇ ਕਿਸੇ ਖ਼ਾਸ ਵਿਅਕਤੀ ਦੀਆਂ ਏ ਆਈ-ਤਸਵੀਰਾਂ ਬਣਾਉਣ ਨਾਲ ਪੈਦਾ ਹੋਣ ਵਾਲੇ ਨਿੱਜਤਾ ਦੇ ਖ਼ਤਰਿਆਂ ਬਾਰੇ ਖ਼ਬਰਦਾਰ ਕੀਤਾ ਸੀ।

ਅਸਲ ਮਸਲਾ ਇਹ ਨਹੀਂ ਹੈ ਕਿ ਹਰ ਏ ਆਈ ਐਪ ਚੁੱਪ-ਚੁਪੀਤੇ ਤਸਵੀਰਾਂ ਇਕੱਠੀਆਂ ਕਰ ਰਹੀ ਹੈ। ਵੱਖ-ਵੱਖ ਪਲੇਟਫਾਰਮਾਂ ਦਾ ਡੇਟਾ ਵਰਤਣ ਦਾ ਤਰੀਕਾ ਵੱਖਰਾ ਹੁੰਦਾ ਹੈ ਅਤੇ ਬਿਨਾਂ ਕਿਸੇ ਠੋਸ ਸਬੂਤ ਦੇ ਡਰ ਫੈਲਾਉਣਾ ਸਹੀ ਨਹੀਂ ਹੈ। ਅਸਲ ਸਮੱਸਿਆ ਇਹ ਹੈ ਕਿ ਉਪਭੋਗਤਾਵਾਂ ਨੂੰ ਅਕਸਰ ਇਹ ਪਤਾ ਹੀ ਨਹੀਂ ਹੁੰਦਾ ਕਿ ਉਹ ਕਿਸ ਗੱਲ ਲਈ ਆਪਣੀ ਸਹਿਮਤੀ ਦੇ ਰਹੇ ਹਨ, ਜਿਵੇਂ ਕਿ ਅਪਲੋਡ ਕੀਤੀ ਗਈ ਫ਼ੋਟੋ ਕਿੰਨਾ ਸਮਾਂ ਰੱਖੀ ਜਾਂਦੀ ਹੈ, ਕੀ ਇਸ ਦੀ ਵਰਤੋਂ ਮਾਡਲਾਂ ਨੂੰ ਬਿਹਤਰ ਬਣਾਉਣ ਲਈ ਕੀਤੀ ਜਾ ਸਕਦੀ ਹੈ, ਇਸ ਤੱਕ ਕਿਸ ਦੀ ਪਹੁੰਚ ਹੈ ਅਤੇ ਕੀ ਇਸ ਨੂੰ ਸੱਚਮੁੱਚ ਮਿਟਾਇਆ ਜਾ ਸਕਦਾ ਹੈ ਜਾਂ ਨਹੀਂ। ਇਸ ਤੋਂ ਇਲਾਵਾ ਇੱਕ ਫ਼ੋਟੋ ਵਿੱਚ ਸਿਰਫ਼ ਚਿਹਰਾ ਹੀ ਨਹੀਂ ਹੁੰਦਾ। ਤਸਵੀਰ ਦੇ ਪਿਛੋਕੜ (ਬੈਕਗ੍ਰਾਊਂਡ) ਤੋਂ ਘਰਾਂ, ਕੰਮ ਕਰਨ ਦੀਆਂ ਥਾਵਾਂ, ਸਕੂਲਾਂ, ਪਰਿਵਾਰਕ ਮੈਂਬਰਾਂ ਅਤੇ ਇੱਥੋਂ ਤੱਕ ਕਿ ਲੋਕੇਸ਼ਨ ਬਾਰੇ ਵੀ ਜਾਣਕਾਰੀ ਮਿਲ ਸਕਦੀ ਹੈ। ਇੱਕ ਵਾਰ ਜਦੋਂ ਏ ਆਈ ਦੁਆਰਾ ਬਣਾਈ ਗਈ ਤਸਵੀਰ ਜਨਤਕ ਤੌਰ ’ਤੇ ਪੋਸਟ ਕਰ ਦਿੱਤੀ ਜਾਂਦੀ ਹੈ ਤਾਂ ਇਸ ਨੂੰ ਬਣਾਉਣ ਵਾਲੇ ਦੇ ਕੰਟਰੋਲ ਤੋਂ ਬਾਹਰ ਜਾ ਕੇ ਕੋਈ ਵੀ ਕਾਪੀ ਕਰ ਸਕਦਾ ਹੈ, ਬਦਲ ਸਕਦਾ ਹੈ ਜਾਂ ਇਸ ਦੀ ਦੁਰਵਰਤੋਂ ਕਰ ਸਕਦਾ ਹੈ।

ਇਹ ਮੁੱਦਾ ਉਦੋਂ ਹੋਰ ਵੀ ਗੰਭੀਰ ਹੋ ਜਾਂਦਾ ਹੈ ਜਦੋਂ ‘ਐਂਥ ?ਰੋਪਿਕ’ ਦੇ ਸੀ ਈ ਓ ਡਾਰੀਓ ਅਮੋਡੀ ਨੇ ਏ ਆਈ ਦੀ ਬੇਕਾਬੂ ਰਫ਼ਤਾਰ ਨੂੰ ਕਾਬੂ ਵਿੱਚ ਰੱਖਣ ਦੀ ਮੰਗ ਕੀਤੀ ਹੈ। ਏ ਆਈ ਰਾਹੀਂ ਪੁਰਾਣੀਆਂ ਯਾਦਾਂ ਤਾਜ਼ਾ ਕਰਨ ’ਤੇ ਪਾਬੰਦੀ ਦੀ ਲੋੜ ਨਹੀਂ ਪਰ ਪਲੇਟਫਾਰਮਾਂ ਨੂੰ ਨਿੱਜਤਾ ਦੀਆਂ ਸ਼ਰਤਾਂ ਸਰਲ ਬਣਾਉਣੀਆਂ ਚਾਹੀਦੀਆਂ ਹਨ ਅਤੇ



ਉਪਭੋਗਤਾਵਾਂ ਨੂੰ ਕੁਝ ਵੀ ਅਪਲੋਡ ਕਰਨ ਤੋਂ ਪਹਿਲਾਂ ਸੋਚਣਾ ਪਵੇਗਾ। ਯਾਦ ਰੱਖੋ, ਤੁਹਾਡੇ ਵੱਲੋਂ ਬਣਾਈ ਪੁਰਾਣੇ ਸਮੇਂ ਦੀ ਫ਼ੋਟੋ ਭਾਵੇਂ ਕੁਝ ਪਲਾਂ ਦੀ ਖ਼ੁਸ਼ੀ ਦੇਵੇ ਪਰ ਇਸ ਦਾ ਡਿਜੀਟਲ ਫੁੱਟਪ੍ਰਿੰਟ ਬਹੁਤ ਲੰਮੇ ਸਮੇਂ ਤੱਕ ਕਾਇਮ ਰਹਿੰਦਾ ਹੈ।

# ਇਜ਼ਰਾਈਲ ਨੂੰ 26,000 ਕਰੋੜ ਰੁ. ਦੇ ਹਥਿਆਰ ਦੇਵੇਗਾ ਅਮਰੀਕਾ

## 900 ਕਿਲੋਗ੍ਰਾਮ ਵਜ਼ਨ ਵਾਲੇ 40,000 ਬੰਬ ਸ਼ਾਮਲ



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਪ੍ਰਸ਼ਾਸਨ ਇਜ਼ਰਾਈਲ ਨੂੰ 2.8 ਅਰਬ ਡਾਲਰ (ਲਗਭਗ 26,000 ਕਰੋੜ ਰੁਪਏ) ਦੇ ਹਥਿਆਰ ਮੁਹੱਈਆ ਕਰਵਾਉਣ ਦੀ ਤਿਆਰੀ ਕਰ ਰਿਹਾ ਹੈ। ਇਸ ਪੈਕੇਜ ਵਿੱਚ ਲਗਭਗ 40,000 ਭਾਰੀ ਬੰਬ ਸ਼ਾਮਲ ਹਨ। ਹਰੇਕ ਬੰਬ ਦਾ ਭਾਰ 2,000 ਪੌਂਡ ਲਗਭਗ 900 ਕਿਲੋਗ੍ਰਾਮ ਹੈ। ਰਾਸ਼ਟਰਪਤੀ ਜੋ ਬਾਈਡੇਨ ਵੱਲੋਂ 2024 ਵਿੱਚ ਇਨ੍ਹਾਂ ਬੰਬਾਂ ਦੀ ਸਪਲਾਈ ਰੋਕ ਦਿੱਤੀ ਗਈ ਸੀ।

ਪ੍ਰਸਤਾਵਿਤ ਹਥਿਆਰਾਂ ਦੇ ਪੈਕੇਜ ਵਿੱਚ 20,000 Mk84 ਬੰਬ ਅਤੇ 20,000 BLU-117 ਬੰਬ ਸ਼ਾਮਲ ਹਨ। ਇਹ ਸੌਦਾ ਅਜੇ ਤੱਕ ਅੰਤਿਮ ਰੂਪ ਨਹੀਂ ਧਾਰ ਸਕਿਆ ਹੈ। ਅਮਰੀਕੀ ਅਧਿਕਾਰੀਆਂ ਅਨੁਸਾਰ, ਇਸ ਬਾਰੇ ਕਾਂਗਰਸ ਨੂੰ ਗੈਰ-ਰਸਮੀ ਤੌਰ 'ਤੇ ਸੂਚਿਤ ਕਰ ਦਿੱਤਾ ਗਿਆ ਹੈ। 2024 ਵਿੱਚ, ਬਾਈਡੇਨ ਪ੍ਰਸ਼ਾਸਨ ਨੇ ਇਜ਼ਰਾਈਲ ਨੂੰ 2,000-ਪੌਂਡ ਵਾਲੇ ਇਨ੍ਹਾਂ ਬੰਬਾਂ ਦੀ ਖੇਪ ਭੇਜਣ 'ਤੇ ਰੋਕ ਲਗਾ ਦਿੱਤੀ ਸੀ। ਉਸ ਸਮੇਂ ਇਹ ਚਿੰਤਾਵਾਂ ਸਨ ਕਿ ਗਾਜ਼ਾ ਵਰਗੇ ਸੰਘਣੀ ਆਬਾਦੀ ਵਾਲੇ ਇਲਾਕਿਆਂ ਵਿੱਚ ਇਨ੍ਹਾਂ ਦੀ ਵਰਤੋਂ ਨਾਲ ਵੱਡੀ ਗਿਣਤੀ ਵਿੱਚ ਮੌਤਾਂ ਹੋ ਸਕਦੀਆਂ ਹਨ।

ਟਰੰਪ ਦੇ ਦੁਬਾਰਾ ਰਾਸ਼ਟਰਪਤੀ ਬਣਨ ਤੋਂ ਬਾਅਦ ਇਹ ਪਾਬੰਦੀ ਹਟਾ ਦਿੱਤੀ ਗਈ ਸੀ। ਹੁਣ, ਉਨ੍ਹਾਂ ਦਾ ਪ੍ਰਸ਼ਾਸਨ ਇਨ੍ਹਾਂ ਹੀ ਬੰਬਾਂ ਦੀ ਵੱਡੀ ਮਾਤਰਾ ਨਾਲ ਜੁੜੇ ਇੱਕ ਨਵੇਂ ਸਮਝੌਤੇ ਦੀ ਤਿਆਰੀ ਕਰ ਰਿਹਾ ਹੈ। 900 ਕਿਲੋਗ੍ਰਾਮ ਵਜ਼ਨ ਵਾਲੇ ਇਨ੍ਹਾਂ ਬੰਬਾਂ ਦੇ ਵੱਖ-ਵੱਖ ਮਾਡਲ ਹਨ। ਕੁਝ ਨੂੰ ਜ਼ਮੀਨਦੋਜ਼ ਟਿਕਾਣਿਆਂ ਨੂੰ ਨਿਸ਼ਾਨਾ ਬਣਾਉਣ ਲਈ ਤਿਆਰ ਕੀਤਾ ਗਿਆ ਹੈ, ਜਦਕਿ ਕੁਝ ਜ਼ਮੀਨ ਦੇ ਉੱਪਰ ਫਟਣ ਲਈ ਬਣਾਏ ਗਏ ਹਨ, ਜਿਸ ਨਾਲ ਇੱਕ ਵੱਡੇ ਖੇਤਰ ਵਿੱਚ ਭਾਰੀ ਤਬਾਹੀ ਹੁੰਦੀ ਹੈ।

ਮਾਹਰਾਂ ਨੇ ਗਾਜ਼ਾ ਵਿੱਚ ਹੋਏ ਹਮਲਿਆਂ ਦੀਆਂ ਵੀਡੀਓਜ਼ ਅਤੇ ਘਟਨਾ ਵਾਲੀਆਂ ਥਾਵਾਂ ਤੋਂ ਮਿਲੇ ਬੰਬਾਂ ਦੇ ਟੁਕੜਿਆਂ ਦਾ ਵਿਸ਼ਲੇਸ਼ਣ ਕੀਤਾ ਹੈ। ਉਨ੍ਹਾਂ ਅਨੁਸਾਰ, ਉੱਥੇ ਅਮਰੀਕਾ ਵਿੱਚ ਬਣੇ ਬੰਬਾਂ ਦੀ ਵਰਤੋਂ ਕੀਤੀ ਗਈ ਸੀ। ਇਨ੍ਹਾਂ ਵਿੱਚੋਂ ਕੁਝ ਦੀ ਵਰਤੋਂ ਹਮਾਸ ਦੇ ਸੁਰੰਗਾਂ ਦੇ ਨੈੱਟਵਰਕ ਨੂੰ ਨਿਸ਼ਾਨਾ ਬਣਾਉਣ ਲਈ ਕੀਤੀ ਗਈ ਸੀ, ਫਿਰ ਵੀ ਸੰਘਣੀ ਆਬਾਦੀ ਵਾਲੇ ਇਲਾਕਿਆਂ ਵਿੱਚ ਵੀ ਜਾਨੀ ਨੁਕਸਾਨ ਹੋਇਆ।

ਟਰੰਪ ਪ੍ਰਸ਼ਾਸਨ ਨੇ ਪਿਛਲੇ ਸਾਲ ਇਜ਼ਰਾਈਲ ਨੂੰ ਲਗਭਗ 3 ਅਰਬ ਡਾਲਰ ਦੇ ਹਥਿਆਰ ਵੇਚਣ ਨੂੰ ਮਨਜ਼ੂਰੀ ਦਿੱਤੀ ਸੀ। ਇਸ ਵਿੱਚ 35,500 ਤੋਂ ਵੱਧ ਭਾਰੀ ਬੰਬ ਸ਼ਾਮਲ ਸਨ। ਇਸ ਤੋਂ ਬਾਅਦ, ਜਨਵਰੀ ਵਿੱਚ ਇਜ਼ਰਾਈਲ ਨੂੰ 6.67 ਅਰਬ ਡਾਲਰ ਦੇ ਹਥਿਆਰਾਂ ਦੀ ਇੱਕ ਹੋਰ ਵਿਕਰੀ ਨੂੰ ਮਨਜ਼ੂਰੀ ਦਿੱਤੀ ਗਈ।

# ਏਕਤਾ ਦਾ ਸ਼ੋਅ: ਨਾ ਅੱਖਾਂ ਦਾ ਮੇਲ, ਨਾ ਦਿਲਾਂ 'ਚ ਖਿੱਚ

## ਸਚਿਨ ਪਾਇਲਟ ਦੇ ਪਹਿਲੇ ਪ੍ਰੋਗਰਾਮ 'ਚ ਇੱਕੋ ਮੰਚ 'ਤੇ ਸਜੇ ਕਾਂਗਰਸੀ ਨੇਤਾ



ਚੰਡੀਗੜ੍ਹ : ਪੰਜਾਬ ਕਾਂਗਰਸ ਦੇ ਨਵੇਂ ਇੰਚਾਰਜ ਸਚਿਨ ਪਾਇਲਟ ਦੀ ਮੌਜੂਦਗੀ 'ਚ ਇੱਥੇ ਸੂਬਾਈ ਕਾਂਗਰਸ ਦੇ ਸਾਰੇ ਨੇਤਾ ਇੱਕੋ ਮੰਚ 'ਤੇ ਦਿੱਖੇ। ਕਰੀਬ ਪੌਣੇ ਤਿੰਨ ਮਹੀਨੇ ਦੇ ਅਰਸੇ ਮਗਰੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਇਕੱਠੇ ਤੌਰ 'ਤੇ ਸਟੇਜ ਸਾਂਝੀ ਕੀਤੀ। ਜਦੋਂ ਨਵੇਂ ਇੰਚਾਰਜ ਸਚਿਨ ਪਾਇਲਟ ਅੱਜ ਚੰਡੀਗੜ੍ਹ ਆਏ ਤਾਂ ਇਸ ਤੋਂ ਪਹਿਲਾਂ ਉਨ੍ਹਾਂ ਦਾ ਸਵਾਗਤ ਲਾਲੜੂ 'ਚ ਰਾਜਾ ਵੜਿੰਗ ਨੇ ਕੀਤਾ ਜਦੋਂਕਿ ਚੰਨੀ ਧੜਾ ਪਹਿਲਾਂ ਹੀ ਕਾਂਗਰਸ ਭਵਨ ਵਿਚਲੇ ਇਕੱਠ 'ਚ ਸਜ ਗਿਆ ਸੀ।

ਸਟੇਜ ਉੱਤੇ ਇੱਕੋ ਕਤਾਰ 'ਚ ਸਭ ਨੇਤਾ ਬੈਠੇ ਨਜ਼ਰ ਆਏ। ਅੱਜ ਪੰਜਾਬ ਕਾਂਗਰਸ ਦਾ ਮੰਚ ਸਾਂਝਾ ਸੀ, ਨਾਅਰੇ ਸਾਂਝੇ ਸਨ ਤੇ ਇੱਥੋਂ ਤੱਕ ਕਿ ਭਾਸ਼ਣ ਵੀ ਸਾਂਝੇ ਸਨ। ਬਾਹਰੀ ਤੌਰ 'ਤੇ ਅੱਜ ਪੰਜਾਬ ਕਾਂਗਰਸ ਨੇ ਸਭ ਅੱਛਾ ਹੋਣ ਦਾ ਸੁਨੇਹਾ ਦਿੱਤਾ। ਪੰਜਾਬ ਕਾਂਗਰਸ ਅੱਜ ਸਟੇਜ ਤੋਂ 'ਏਕਤਾ ਦਾ ਸ਼ੋਅ' ਕਰਨ ਵਿੱਚ ਸਫ਼ਲ ਰਹੀ। ਸਟੇਜ 'ਤੇ ਸੱਜੇ ਪਾਸੇ ਚਰਨਜੀਤ ਚੰਨੀ, ਖੱਬੇ ਪਾਸੇ ਰਾਜਾ ਵੜਿੰਗ ਅਤੇ ਐਨ ਵਿਚਾਲੇ ਸਚਿਨ ਪਾਇਲਟ ਬੈਠੇ ਸਨ। ਵੜਿੰਗ ਅਤੇ ਚੰਨੀ ਨੇ ਆਪਸ 'ਚ ਗੱਲਬਾਤ ਵੀ ਕੀਤੀ। ਜਦੋਂ ਵੜਿੰਗ, ਚੰਨੀ ਦਾ ਹੱਥ ਘੁੱਟ ਕੇ ਸ਼ਿੱਦਤ ਨਾਲ ਦੇਖ ਰਹੇ ਸਨ ਤਾਂ ਚੰਨੀ ਨੇ ਨਜ਼ਰਾਂ ਚੁਰਾ ਲਈਆਂ ਤੇ ਸਿੱਧੀਆਂ ਪੰਡਾਲ 'ਤੇ ਟਿਕਾ ਲਈਆਂ। ਸ੍ਰੀ ਚੰਨੀ ਅਤੇ ਸ੍ਰੀ ਵੜਿੰਗ 'ਚ ਦੁਆ ਸਲਾਮ ਤਾਂ ਹੋਈ ਪਰ ਦਿਲਾਂ ਦੇ ਜੁਗਰਾਫ਼ੀਏ 'ਚ ਵਿੱਥਾਂ ਸਨ। ਨਾ ਨਜ਼ਰ ਮਿਲੀ ਅਤੇ ਨਾ ਹੀ ਦਿਲ। ਹਾਵ-ਭਾਵ ਦੀ ਤਰਤੀਬ ਵੀ ਹਿੱਲੀ ਹੋਈ ਨਜ਼ਰ ਆਈ। ਸਟੇਜ ਤੋਂ ਭਾਸ਼ਣ ਸਾਂਝੇ ਸਨ ਪਰ ਸੁਰ-ਤਾਲ ਵੱਖੋ-ਵੱਖਰੇ ਸਨ। ਰਾਜਾ ਵੜਿੰਗ ਜਦੋਂ ਦੇਖ ਰਹੇ ਸਨ ਤਾਂ ਚੰਨੀ ਦੀਆਂ ਅੱਖਾਂ 'ਚ ਗਰਮਜੋਸ਼ੀ ਨਹੀਂ ਸੀ। ਇੰਜ ਜਾਪਦਾ ਸੀ ਕਿ ਜਿਵੇਂ ਕਿਸੇ ਨਾਟਕ ਦਾ ਦ੍ਰਿਸ਼ ਹੋਵੇ ਅਤੇ ਇਹ ਨੇਤਾ ਅਭਿਨੈ ਕਰ ਰਹੇ ਹੋਣ। ਸਟੇਜ 'ਤੇ ਆਗੂਆਂ 'ਚ ਏਕਤਾ ਦਾ ਘੱਟ, ਬੇਵਸੀ ਦਾ ਮੁਜ਼ਾਹਰਾ ਵੱਧ ਜਾਪ ਰਿਹਾ ਸੀ। ਜਦੋਂ ਚਰਨਜੀਤ ਚੰਨੀ ਭਾਸ਼ਣ ਲਈ ਉੱਠੇ ਤਾਂ ਪੰਡਾਲ 'ਚੋਂ ਨਾਅਰੇ ਗੂੰਜੇ। ਸ੍ਰੀ ਚੰਨੀ ਨੇ ਭਾਸ਼ਣ ਦੇ ਸ਼ੁਰੂ 'ਚ ਸਚਿਨ ਪਾਇਲਟ ਤੋਂ ਸਿਵਾਏ ਕਿਸੇ ਦਾ ਨਾਮ ਨਹੀਂ ਲਿਆ, ਜਦੋਂਕਿ ਸ੍ਰੀ ਵੜਿੰਗ ਨੇ ਸ੍ਰੀ ਚੰਨੀ ਅਤੇ ਸ੍ਰੀ ਬਾਜਵਾ ਸਮੇਤ ਆਗੂਆਂ ਨੂੰ ਸਤਿਕਾਰਯੋਗ ਦੱਸਿਆ।

ਸਚਿਨ ਪਾਇਲਟ ਨੇ ਸਟੇਜ ਤੋਂ ਕਿਹਾ ਕਿ ਪੰਜਾਬ ਕਾਂਗਰਸ 'ਚ ਕੋਈ ਧੜੇਬੰਦੀ ਨਹੀਂ ਹੈ। ਜੇਕਰ ਕੋਈ ਆਗੂ ਵਰਕਰਾਂ ਦੀ ਗੱਲ ਨਹੀਂ ਸੁਣਦਾ ਤਾਂ ਵਰਕਰ ਸਿੱਧਾ ਉਨ੍ਹਾਂ ਨਾਲ ਸੰਪਰਕ ਕਰਨ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਸਟੇਜ ਤੋਂ ਕਿਹਾ ਕਿ ਕਾਂਗਰਸ ਪਾਰਟੀ ਬਿਨਾਂ ਚਿਹਰੇ ਤੋਂ ਮੈਦਾਨ 'ਚ ਆਵੇਗੀ ਤੇ ਪਾਰਟੀ ਦਾ ਪੰਜਾਬ ਚੋਣਾਂ 'ਚ ਚਿਹਰਾ ਰਾਹੁਲ ਗਾਂਧੀ, ਪ੍ਰਿਅੰਕਾ ਗਾਂਧੀ, ਮਲਿਕਾਰਜੁਨ ਖੜਗੇ ਤੇ ਸਚਿਨ ਪਾਇਲਟ ਹੋਣਗੇ। ਉਨ੍ਹਾਂ ਕਿਹਾ ਕਿ ਪਹਿਲਾਂ ਚੋਣਾਂ ਜਿੱਤੀਏ, ਫਿਰ ਮੁੱਖ ਮੰਤਰੀ ਦਾ ਫ਼ੈਸਲਾ ਵੀ ਹੋ ਜਾਵੇਗਾ।

ਕਾਂਗਰਸ ਪ੍ਰਧਾਨ ਰਾਜਾ ਵੜਿੰਗ ਨੇ ਕਾਂਗਰਸ ਦੇ ਇੱਕਜੁੱਟ ਹੋਣ ਦਾ ਵਾਰ-ਵਾਰ ਜ਼ਿਕਰ ਕੀਤਾ। ਸਾਬਕਾ ਮੁੱਖ ਮੰਤਰੀ ਚੰਨੀ ਨੇ ਇਕੱਠੇ ਹੋ ਕੇ ਚੋਣਾਂ ਲੜਨ ਦੀ ਗੱਲ ਕਹੀ। ਦੇਖਿਆ ਜਾਵੇ ਤਾਂ ਪੁਰਾਣੇ ਇੰਚਾਰਜ ਭੁਪੇਸ਼ ਬਘੇਲ ਚੰਨੀ ਤੇ ਵੜਿੰਗ ਧੜੇ ਨੂੰ ਇਕੱਠੇ ਕਰਨ 'ਚ ਫੇਲ੍ਹ ਰਹੇ ਸਨ ਜਦੋਂਕਿ ਸਚਿਨ ਪਾਇਲਟ ਦੀ ਅੱਜ ਪਹਿਲੀ ਪੰਜਾਬ ਫੇਰੀ ਮੌਕੇ ਸਭ ਕਾਂਗਰਸੀ ਨੇਤਾ ਇੱਕ ਕਤਾਰ 'ਚ ਬੈਠੇ ਨਜ਼ਰ ਆਏ। ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਅਤੇ ਰਾਜਾ ਵੜਿੰਗ ਆਖ਼ਰੀ ਵਾਰ ਇੱਕ ਪ੍ਰੈੱਸ ਕਾਨਫਰੰਸ ਮੌਕੇ 24 ਜੂਨ ਨੂੰ ਇਕੱਠੇ ਹੋਏ ਸਨ।

ਪਿੰਡ ਤੂਰਬੰਜਾਰਾ 'ਚ ਮਜ਼ਦੂਰ ਗੁਲਜ਼ਾਰ ਸਿੰਘ ਦੀ ਘਟਨਾ ਦੇ ਮਾਮਲੇ 'ਚ ਅੱਜ ਕਾਂਗਰਸ ਨੇ ਇੱਥੇ ਵਿੱਤ ਮੰਤਰੀ ਹਰਪਾਲ ਚੀਮਾ ਦੇ ਘਰ ਵੱਲ ਮਾਰਚ ਕੀਤਾ। ਇਸ ਮੌਕੇ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ, ਸੀਨੀਅਰ ਮੀਤ ਪ੍ਰਧਾਨ ਵਿਜੈ ਇੰਦਰ ਸਿੰਗਲਾ, ਵਿਧਾਇਕ ਰਾਣਾ ਗੁਰਜੀਤ ਸਿੰਘ, ਵਿਧਾਇਕ ਪਰਗਟ ਸਿੰਘ, ਵਿਧਾਇਕ ਸੁਖਪਾਲ ਸਿੰਘ ਖਹਿਰਾ, ਸਾਬਕਾ ਮੰਤਰੀ ਬ੍ਰਹਮ ਮਹਿੰਦਰਾ, ਸਾਬਕਾ ਸਪੀਕਰ ਰਾਣਾ ਕੇ ਪੀ ਸਿੰਘ, ਸਾਬਕਾ ਮੰਤਰੀ ਬਲਬੀਰ ਸਿੰਘ ਸਿੱਧੂ, ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ, ਬਰਿੰਦਰਮੀਤ ਸਿੰਘ ਪਾਹੜਾ, ਸਾਬਕਾ ਮੰਤਰੀ ਬਲਬੀਰ ਸਿੰਘ ਸਿੱਧੂ ਹਾਜ਼ਰ ਸਨ।

# ਅਮਰੀਕਾ 'ਚ ਪੰਜਾਬੀ ਟਰੱਕ ਡਰਾਈਵਰ ਗੁਰਵਿੰਦਰ ਸਿੰਘ 'ਤੇ ਹੋਇਆ ਹਮਲਾ

## ਹਮਲਾਵਰ ਨੇ ਨਸਲੀ ਟਿੱਪਣੀ ਕਰਨ ਤੋਂ ਬਾਅਦ ਚਾਕੂ ਨਾਲ ਕੀਤਾ ਹਮਲਾ

ਨਿਊਜਰਸੀ : ਅਮਰੀਕਾ ਵਿੱਚ ਪੰਜਾਬ ਦੇ ਡਰਾਈਵਰ 'ਤੇ ਨਸਲੀ ਹਮਲਾ ਹੋਇਆ ਹੈ। ਹਮਲਾਵਰ ਨੇ ਆਰਾਮ ਕਰ ਰਹੇ ਡਰਾਈਵਰ 'ਤੇ ਸੋਮਵਾਰ ਸਵੇਰੇ ਪਹਿਲਾਂ ਨਸਲੀ ਟਿੱਪਣੀ ਕੀਤੀ। ਉਸ ਤੋਂ ਬਾਅਦ ਚਾਕੂ ਨਾਲ ਹਮਲਾ ਕਰ ਦਿੱਤਾ। ਪੰਜਾਬੀ ਭਾਈਚਾਰੇ ਦੇ ਵਿਅਕਤੀ ਪਵਿੱਤਰ ਸਿੰਘ ਨੇ ਦੱਸਿਆ ਕਿ ਡਰਾਈਵਰ ਦੀ ਪਛਾਣ ਗੁਰਵਿੰਦਰ ਸਿੰਘ ਵਜੋਂ ਹੋਈ ਹੈ ਅਤੇ ਗੰਭੀਰ ਹਾਲਤ ਵਿੱਚ ਉਸ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ। ਪੁਲਿਸ ਨੂੰ ਪੂਰੇ ਮਾਮਲੇ ਸਬੰਧੀ ਸੂਚਨਾ ਦੇ ਦਿੱਤੀ ਗਈ ਹੈ।



ਪਵਿੱਤਰ ਸਿੰਘ ਨੇ ਦੱਸਿਆ ਕਿ ਡਰਾਈਵਰ ਪੰਜਾਬ ਵਿੱਚ ਕਿੱਥੋਂ ਦਾ ਰਹਿਣ ਵਾਲਾ ਹੈ, ਇਸ ਬਾਰੇ ਜਾਣਕਾਰੀ ਨਹੀਂ ਹੈ। ਅਜੇ ਉਸ ਦੀ ਹਾਲਤ ਗੰਭੀਰ ਹੈ ਅਤੇ ਬੋਲਣ ਤੋਂ ਅਸਮਰੱਥ ਹੈ। ਉਹ ਡਬਲਿਊ.ਜੇ. ਟਰਾਂਸਪੋਰਟ ਵਿੱਚ ਕੰਮ ਕਰਦਾ ਸੀ। ਸਵੇਰੇ ਰੈਸਟ ਲੇਨ 'ਤੇ ਖੜ੍ਹੇ ਆਪਣੇ ਟਰੱਕ ਤੋਂ ਲਗਭਗ 100 ਮੀਟਰ ਦੀ ਦੂਰੀ 'ਤੇ ਉਹ ਖ਼ੂਨ ਨਾਲ ਲੱਥਪੱਥ ਮਿਲਿਆ।

ਹਮਲੇ ਤੋਂ ਬਾਅਦ ਪੰਜਾਬੀ ਭਾਈਚਾਰੇ ਦੇ ਲੋਕਾਂ ਵਿੱਚ ਰੋਸ ਹੈ। ਲੋਕਾਂ ਨੇ ਕਿਹਾ ਕਿ ਪੰਜਾਬੀਆਂ 'ਤੇ ਲਗਾਤਾਰ ਨਸਲੀ ਟਿੱਪਣੀ ਦੇ ਹਮਲੇ ਵਧ ਰਹੇ ਹਨ। ਇਸ ਦੇ ਬਾਵਜੂਦ ਇੱਥੋਂ ਦਾ ਸਥਾਨਕ ਮੀਡੀਆ ਵੀ ਇਸ ਨੂੰ ਕਵਰੇਜ ਨਹੀਂ ਦਿੰਦਾ। ਉਨ੍ਹਾਂ ਦੀ ਆਵਾਜ਼ ਨੂੰ ਦਬਾਇਆ ਜਾਂਦਾ ਹੈ, ਤਾਂ ਜੋ ਦੁਨੀਆ ਨੂੰ ਪਤਾ ਨਾ ਲੱਗ ਸਕੇ।

ਘਟਨਾ ਦੀ ਇੱਕ ਵੀਡੀਓ ਵੀ ਸਾਹਮਣੇ ਆਈ ਹੈ ਅਤੇ ਪਵਿੱਤਰ ਸਿੰਘ ਨੇ ਇੰਸਟਾਗ੍ਰਾਮ ਯੂਜ਼ਰ ਨੇ ਇਸ ਨੂੰ ਆਪਣੇ ਅਕਾਊਂਟ 'ਤੇ ਅਪਲੋਡ ਕੀਤਾ ਹੈ। ਇਸ ਵਿੱਚ ਦਿਖਾਈ ਦੇ ਰਿਹਾ ਹੈ ਕਿ ਟਰੱਕ ਨੰਬਰ 11240 ਰੋਡ ਸਾਈਡ ਰੈਸਟ ਏਰੀਆ ਵਿੱਚ ਖੜ੍ਹਾ ਹੈ। ਇਸ ਦੇ ਨਾਲ ਹੀ ਖ਼ੂਨ ਬਿਖਰਿਆ ਹੋਇਆ ਹੈ। ਖ਼ੂਨ ਲਗਭਗ 100 ਮੀਟਰ ਦੂਰ ਤੱਕ ਬਿਖਰਿਆ ਮਿਲਿਆ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਹਮਲਾਵਰ ਗੋਰਾ ਸੀ। ਹਾਲਾਂਕਿ, ਉਸ ਦੀ ਪਛਾਣ ਨਹੀਂ ਹੋ ਸਕੀ ਹੈ ਅਤੇ ਨਾ ਹੀ ਪੁਲਿਸ ਨੇ ਕਿਸੇ ਨੂੰ ਗ੍ਰਿਫਤਾਰ ਕਰਨ ਦੀ ਕੋਈ ਸੂਚਨਾ ਦਿੱਤੀ ਹੈ।

## ਦਿੱਲੀ ਗੁਰਦੁਆਰਾ ਚੋਣਾਂ 2027

# ਦਿੱਲੀ 'ਚ ਸਿਰਫ਼ 1 ਲੱਖ 59 ਹਜ਼ਾਰ 705 ਹੀ ਬਣੇ ਸਿੱਖ ਵੋਟਰ

ਨਵੀਂ ਦਿੱਲੀ: ਦਿੱਲੀ ਸਰਕਾਰ ਦੇ ਗੁਰਦਵਾਰਾ ਚੋਣ ਡਾਇਰੈਕਟੋਰੇਟ ਵਲੋਂ ਅਪਣੀ ਵੈੱਬਸਾਈਟ 'ਤੇ 26 ਅਗਸਤ ਨੂੰ ਜਾਰੀ ਕੀਤੀ ਗਈ ਦਿੱਲੀ ਦੇ 46 ਗੁਰਦਵਾਰਾ ਚੋਣ ਹਲਕਿਆਂ ਦੀਆਂ ਫ਼ੋਟੋ ਵਾਲੀਆਂ ਨਵੀਆਂ ਵੋਟਰ ਲਿਸਟਾਂ ਦੀ 'ਸਪੋਕਸਮੈਨ' ਵਲੋਂ ਕੀਤੀ ਗਈ ਘੋਖ ਵਿਚ ਇਹ ਤੱਥ ਸਾਹਮਣੇ ਆਇਆ ਹੈ ਕਿ ਕੁਲ 1 ਲੱਖ 59 ਹਜ਼ਾਰ 705 ਹੀ ਡਰਾਫ਼ਟ ਵੋਟਰ ਬਣੇ ਹਨ ਜਦਕਿ ਕਰੋਨਾ ਮਹਾਂਮਾਰੀ ਦੇ ਦੌਰ ਵਿਚ 22 ਅਗੱਸਤ 2021 ਨੂੰ ਹੋਈਆਂ ਦਿੱਲੀ ਗੁਰਦਵਾਰਾ ਚੋਣਾਂ ਵੇਲੇ 3 ਲੱਖ 42 ਹਜ਼ਾਰ 65 ਵੋਟਰ ਸਨ। ਮੁਢਲੀ ਵੋਟਰ ਲਿਸਟ 1984 ਵਿਚ ਤਿਆਰ ਕੀਤੀ ਗਈ ਸੀ, ਜਿਸ ਵਿਚ ਹਰ ਚੋਣ ਵੇਲੇ ਨਵੇਂ ਸਿੱਖ ਵੋਟਰ ਦਰਜ ਕਰ ਲਏ ਜਾਂਦੇ ਰਹੇ ਤੇ ਵੱਡੀ ਗਿਣਤੀ ਵਿਚ ਫ਼ਰਜ਼ੀ ਵੋਟ ਵੀ ਬਣਦੇ ਰਹੇ।

ਨੋਟ ਕਰਨ ਵਾਲੀ ਗੱਲ ਹੈ ਕਿ ਅੱਜ ਤਕ ਗੁਰਦਵਾਰਾ ਚੋਣ ਡਾਇਰੈਕਟੋਰੇਟ ਨੇ ਮੀਡੀਆ ਵਿਚ ਜਾਂ ਅਪਣੀ ਵੈੱਬਸਾਈਟ 'ਤੇ ਕੁਲ ਡਰਾਫ਼ਟ ਵੋਟਾਂ ਦੀ ਸਿਲਸਿਲੇਵਾਰ ਗਿਣਤੀ ਇਕ ਥਾਂ ਦੇਣ ਦੀ ਲੋੜ ਨਹੀਂ ਸਮਝੀ। ਜੇ 2025 ਵਿਚ ਦਿੱਲੀ ਹਾਈ ਕੋਰਟ ਦਾ ਹੁਕਮ ਨਾ ਹੁੰਦਾ ਤਾਂ 42 ਸਾਲ ਪਿਛੋਂ ਵੀ ਫ਼ੋਟੋ ਵਾਲੀਆਂ ਨਵੀਆਂ ਵੋਟਰ ਲਿਸਟਾਂ ਨਹੀਂ ਸਨ ਬਣਨੀਆਂ। ਸੁਪਰੀਮ ਕੋਰਟ ਨੇ ਵੀ 9 ਮਹੀਨੇ ਦੇ ਅੰਦਰ ਨਵੀਆਂ ਵੋਟਰ ਲਿਸਟਾਂ ਬਣਾਉਣ ਲਈ 17 ਸਤੰਬਰ 2012 ਨੂੰ ਹੁਕਮ ਦਿਤੇ ਸਨ। ਭਾਵੇਂ ਕਿ 14 ਸਤੰਬਰ ਤਕ ਵੋਟਰ ਬਣਨ ਜਾਂ ਇਤਰਾਜ਼ ਦਰਜ ਕਰਵਾਉਣ ਦੀ ਅਖ਼ੀਰਲੀ ਤਰੀਕ ਸੀ ਤੇ ਨਿਯਮਾਂ ਮੁਤਾਬਕ ਇਕ ਮਹੀਨੇ ਦੇ ਅੰਦਰ 13 ਅਕਤੂਬਰ ਤਕ ਅੰਤਮ ਵੋਟਰ ਲਿਸਟ ਪ੍ਰਕਾਸ਼ਤ ਹੋਣੀ ਚਾਹੀਦੀ ਹੈ। ਇਸ ਤੋਂ ਬਾਅਦ 46 ਹਲਕਿਆਂ ਦੀ ਮੁੜ ਹੱਦਬੰਦੀ ਕੀਤੀ ਜਾਵੇਗੀ। ਗੁਰਦਵਾਰਾ ਚੋਣ ਡਾਇਰੈਕਟੋਰੇਟ ਵਲੋਂ ਘਰ-ਘਰ ਜਾਣ ਦੀ ਬਜਾਏ 46 ਗੁਰਦਵਾਰਾ ਚੋਣ ਹਲਕਿਆਂ ਦੇ ਗੁਰਦਵਾਰਿਆਂ ਵਿਚ 23 ਸੈਂਟਰ ਬਣਾਏ ਗਏ ਸਨ, ਪਰ 46 ਹਲਕਿਆਂ ਦੇ ਮੌਜੂਦਾ ਮੈਂਬਰਾਂ ਤੇ ਚੋਣ ਲੜਨ ਦੇ ਚਾਹਵਾਨ ਉਮੀਦਵਾਰਾਂ ਦੀ ਮਿਹਰਬਾਨੀ ਨਾਲ ਹੀ ਇਹ ਵੋਟਰ ਬਣ ਸਕੇ ਹਨ ਕਿਉਂਕਿ ਇਨ੍ਹਾਂ ਮੈਂਬਰਾਂ ਨੇ ਘਰੋਂ ਘਰੀ ਅਪਣੇ ਬੰਦੇ ਭੇਜ ਕੇ, ਲੋਕਾਂ ਤੋਂ ਫ਼ਾਰਮ ਭਰਵਾਏ ਤੇ ਫ਼ੋਟੋਆਂ ਲਈਆਂ, ਨਹੀਂ ਤਾਂ ਇਹ ਵੋਟਰ ਵੀ ਨਹੀਂ ਸਨ ਬਣਨੇ।

ਅਸਲ ਵਿਚ ਬਹੁਤਿਆਂ ਨੇ ਤਾਂ ਅਪਣੇ ਪੱਖ ਵਾਲੇ ਸਿੱਖਾਂ ਦੀਆਂ ਹੀ ਵੋਟਾਂ ਬਣਵਾਈਆਂ ਹਨ। 'ਸਪੋਕਸਮੈਨ' ਦੇ ਇਸ ਪੱਤਰਕਾਰ ਨੇ 2013 ਵਿਚ ਵੀ ਲਿਖਿਆ ਸੀ ਕਿ ਦਿੱਲੀ ਸਰਕਾਰ ਤੇ ਉਸ ਦੇ ਗੁਰਦਵਾਰਾ ਚੋਣ ਡਾਇਰੈਕਟੋਰੇਟ ਦੀ ਸਿੱਖਾਂ ਦੀਆਂ ਵੋਟਾਂ ਬਣਾਉਣ ਵਿਚ ਕੋਈ ਦਿਲਚਸਪੀ ਨਹੀਂ, ਨਹੀਂ ਤਾਂ ਭਾਰਤੀ ਚੋਣ ਕਮਿਸ਼ਨ ਦੇ ਅਧੀਨ ਹੋ ਰਹੀ ਐਸ.ਆਈ.ਆਰ. ਦੇ ਫ਼ਾਰਮ ਤਾਂ ਘਰ-ਘਰ ਜਾ ਕੇ, ਵੰਡੇ ਗਏ ਸਨ ਤੇ ਵਿਧਾਨ ਸਭਾ, ਲੋਕ ਸਭਾ ਜਾਂ ਨਗਰ ਨਿਗਮ ਚੋਣਾਂ ਵੇਲੇ ਡਰਾਫ਼ਟ ਵੋਟਰ ਲਿਸਟਾਂ ਘਰ ਘਰ ਜਾ ਕੇ, ਪੜਤਾਲ ਪਿਛੋਂ ਬਣਦੀਆਂ ਹਨ ਜਾਂ ਅਪਡੇਟ ਹੁੰਦੀਆਂ ਹਨ। ਗ੍ਰਹਿ ਮੰਤਰਾਲੇ ਅਧੀਨ 2011 ਵਿਚ ਦਿੱਲੀ ਵਿਚ ਹੋਈ ਮਰਦਮਸ਼ੁਮਾਰੀ ਵਿਚ ਚੌਥੇ ਨੰਬਰ 'ਤੇ ਸਿੱਖਾਂ ਦੀ ਕੁਲ ਅਬਾਦੀ 5 ਲੱਖ 70 ਹਜ਼ਾਰ 581 ਦਰਸਾਈ ਗਈ ਸੀ ਜਦੋਂਕਿ ਸਿੱਖਾਂ ਦੇ ਲੀਡਰ ਇਹ ਦਾਅਵੇ ਦੁਹਰਾਉਂਦੇ ਰਹਿੰਦੇ ਹਨ ਕਿ ਦਿੱਲੀ ਵਿਚ ਸਿੱਖਾਂ ਦੀ ਅਬਾਦੀ 13 ਲੱਖ ਤਕ ਹੈ। ਹੁਣ ਬਣੀਆਂ ਕੱਚੀਆਂ ਵੋਟਰ ਲਿਸਟਾਂ ਨਾਲ ਇਕ ਵਾਰ ਮੁੜ ਸਾਬਤ ਹੋ ਗਿਆ ਹੈ ਕਿ ਕੌਮ ਦੀ ਭਲਾਈ ਦੀ ਬਜਾਏ ਵੱਖ-ਵੱਖ ਸਿਆਸੀ ਪਾਰਟੀਆਂ ਦੀ ਕੁਛੜ ਵਿਚ ਵੜ੍ਹ ਕੇ ਬਹਿ ਗਏ ਹੋਏ ਵੱਖ-ਵੱਖ ਦਲਾਂ ਦੀ, ਦਲਦਲ ਤੋਂ ਸਿੱਖ ਦੂਰ ਰਹਿਣਾ ਚਾਹੁੰਦੇ ਹਨ। ਇਸ ਦਾ ਸੱਭ ਤੋਂ ਵੱਡਾ ਲਾਭ ਵੱਖ-ਵੱਖ ਦਲਾਂ ਨੂੰ ਹੁੰਦਾ ਹੈ ਜਿਸ ਨਾਲ ਘੱਟ ਵੋਟਰਾਂ ਨਾਲ ਸੌਖੇ ਹੀ ਵੋਟਰ 'ਸੈੱਟ' ਕਰ ਲਏ ਜਾਂਦੇ ਹਨ।

**ਸਭ ਤੋਂ ਵੱਧ ਵੋਟਾਂ ਵਾਰਡ ਨੰਬਰ 10 ਦੀਆਂ**

ਦਿੱਲੀ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਦੀਆਂ ਫ਼ਰਵਰੀ 2027 ਵਿਚ ਹੋਣ ਵਾਲੀ ਆਮ ਚੋਣਾਂ ਲਈ ਬਣੀ ਡਰਾਫ਼ਟ ਵੋਟਰ ਲਿਸਟ ਦੀ ਘੋਖ ਪਿਛੋਂ ਇਹ ਸਾਹਮਣੇ ਆਇਆ ਹੈ ਕਿ ਸਭ ਤੋਂ ਵੱਧ ਵੋਟਾਂ ਵਾਰਡ ਨੰਬਰ 10, ਗੁਰੂ ਹਰਿਕ੍ਰਿਸ਼ਨ ਨਗਰ ਦੀਆਂ 5 ਹਜ਼ਾਰ 448 ਬਣੀਆਂ ਹਨ ਜਦਕਿ ਦੂਜੇ ਨੰਬਰ 'ਤੇ ਵਾਰਡ ਨੰਬਰ 11 ਚੰਦਰ ਵਿਹਾਰ ਦੀਆਂ ਵੋਟਾਂ 5 ਹਜ਼ਾਰ 397 ਹਨ। ਵਾਰਡ ਨੰਬਰ 15 ਰਮੇਸ਼ ਨਗਰ ਵਾਰਡ ਦੀਆਂ ਡਰਾਫ਼ਟ ਵੋਟਾਂ 5 ਹਜ਼ਾਰ 124 ਹਨ ਅਤੇ ਵਾਰਡ ਨੰਬਰ 18 ਰਾਜੌਰੀ ਗਾਰਡਨ ਦੀਆਂ ਵੋਟਾਂ 5 ਹਜ਼ਾਰ 45 ਹਨ। ਸੱਭ ਤੋਂ ਘੱਟ ਵੋਟਾਂ ਵਾਰਡ ਨੰਬਰ 14 ਕਨਾਟ ਪਲੇਸ ਦੀਆਂ 2 ਹਜ਼ਾਰ 270 ਹਨ। ਦਿੱਲੀ ਗੁਰਦਵਾਰਾ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਦੇ ਕਾਲਕਾ ਜੀ ਵਾਰਡ ਨੰਬਰ 39 ਦੀਆਂ 4 ਹਜ਼ਾਰ 876 ਵੋਟਾਂ, ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਦੇ ਕ੍ਰਿਸ਼ਨਾ ਪਾਰਕ ਵਾਰਡ ਨੰਬਰ 29 ਦੀਆਂ 3 ਹਜ਼ਾਰ 121, ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਦੇ ਵਾਰਡ ਨੰਬਰ 38 ਗ੍ਰੇਟਰ ਕੈਲਾਸ਼ ਦੀਆਂ 2 ਹਜ਼ਾਰ 580 ਅਤੇ ਸਾਬਕਾ ਪ੍ਰਧਾਨਾਂ ਪਰਮਜੀਤ ਸਿੰਘ ਸਰਨਾ ਤੇ ਹਰਵਿੰਦਰ ਸਿੰਘ ਸਰਨਾ ਦੇ ਵਾਰਡ ਨੰਬਰ 9 ਪੰਜਾਬੀ ਬਾਗ਼ ਦੀਆਂ 2 ਹਜ਼ਾਰ 822 ਡਰਾਫ਼ਟ ਵੋਟਾਂ ਬਣੀਆਂ ਹਨ।

# ਗੁਰਮਤਿ ਸੰਗੀਤ ਦੇ ਸਿਰਮੌਰ ਵਿਦਵਾਨ ਡਾ. ਗੁਰਨਾਮ ਸਿੰਘ 'ਸ਼੍ਰੋਮਣੀ ਕੀਰਤਨੀਆ ਐਵਾਰਡ' ਨਾਲ ਸਨਮਾਨਿਤ

## ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 11 ਲੱਖ ਰੁਪਏ ਦੀ ਨਕਦ ਰਾਸ਼ੀ ਅਤੇ ਸਨਮਾਨ ਪੱਤਰ ਭੇਟ; ਦੇਸ਼-ਵਿਦੇਸ਼ ਦੀਆਂ ਸੰਗਤਾਂ ਵੱਲੋਂ ਭਰਵੀਂ ਸ਼ਲਾਘਾ










ਨਵੀਂ ਦਿੱਲੀ : ਸਿੱਖ ਜਗਤ ਦੀ ਅਮੀਰ ਅਤੇ ਇਤਿਹਾਸਕ ਗੁਰਮਤਿ ਸੰਗੀਤ ਪਰੰਪਰਾ ਦੇ ਪ੍ਰਚਾਰ, ਪਾਸਾਰ ਅਤੇ ਸੰਭਾਲ ਵਿੱਚ ਪਾਏ ਵੱਡਮੁੱਲੇ ਯੋਗਦਾਨ ਬਦਲੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (DSGMC) ਵੱਲੋਂ ਵਿਸ਼ਵ ਪ੍ਰਸਿੱਧ ਵਿਦਵਾਨ ਤੇ ਕੀਰਤਨ ਮਾਰਤੰਡ ਡਾ. ਗੁਰਨਾਮ ਸਿੰਘ ਨੂੰ ਸਾਲ 2026 ਦੇ ਵੱਕਾਰੀ 'ਸ਼੍ਰੋਮਣੀ ਕੀਰਤਨੀਆ ਐਵਾਰਡ' ਨਾਲ ਨਿਵਾਜਿਆ ਗਿਆ ਹੈ। ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ ਦੇ ਭਾਈ ਲੱਖੀ ਸ਼ਾਹ ਵਣਜਾਰਾ ਹਾਲ ਵਿਖੇ ਕਰਵਾਏ ਗਏ ਇੱਕ ਪ੍ਰਭਾਵਸ਼ਾਲੀ ਗੁਰਮਤਿ ਸਮਾਗਮ ਦੌਰਾਨ ਡਾ. ਗੁਰਨਾਮ ਸਿੰਘ ਨੂੰ ਵਿਸ਼ੇਸ਼ ਸਨਮਾਨ ਪੱਤਰ, ਦੋਸ਼ਾਲਾ ਅਤੇ 11 ਲੱਖ ਰੁਪਏ ਦੀ ਨਕਦ ਰਾਸ਼ੀ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

ਗੁਰਮਤਿ ਸੰਗੀਤ ਖੋਜ ਤੇ ਅਕਾਦਮਿਕ ਖੇਤਰ ਵਿੱਚ ਲਾਸਾਨੀ ਸੇਵਾਵਾਂ

ਡਾ. ਗੁਰਨਾਮ ਸਿੰਘ ਨੇ ਗੁਰਬਾਣੀ ਸੰਗੀਤ ਪਰੰਪਰਾ ਨੂੰ ਅਕਾਦਮਿਕ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਸਥਾਪਿਤ ਕਰਨ ਲਈ ਜੀਵਨ ਭਰ ਅਣਥੱਕ ਕਾਰਜ ਕੀਤੇ ਹਨ:

ਅਕਾਦਮਿਕ ਪਲੇਟਫਾਰਮ ਦੀ ਸਥਾਪਨਾ: ਉਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਸੁਤੰਤਰ 'ਗੁਰਮਤਿ ਸੰਗੀਤ ਵਿਭਾਗ' ਅਤੇ 'ਗੁਰਮਤਿ ਸੰਗੀਤ ਚੇਅਰ' ਦੀ ਸਥਾਪਨਾ ਕਰਵਾ ਕੇ ਇਸ ਵਿਧਾ ਨੂੰ ਸੰਸਾਰ ਪੱਧਰੀ ਮਾਨਤਾ ਦਿਵਾਈ।

31 ਨਿਰਧਾਰਤ ਰਾਗਾਂ ਦਾ ਦਸਤਾਵੇਜ਼ੀਕਰਨ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ 31 ਨਿਰਧਾਰਤ ਰਾਗਾਂ ਦੇ ਸ਼ੁੱਧ ਗਾਇਨ, ਸ਼ਬਦ-ਰੀਤਾਂ ਅਤੇ ਰਾਗ-ਅਧਾਰਿਤ ਖੋਜ ਨੂੰ ਉਨ੍ਹਾਂ ਨੇ ਪੁਸਤਕਾਂ ਅਤੇ ਖੋਜ-ਪੱਤਰਾਂ ਰਾਹੀਂ ਸੁਰੱਖਿਅਤ ਕੀਤਾ।

ਆਡੀਓ-ਵੀਡੀਓ ਰਿਕਾਰਡਿੰਗਜ਼: ਭਵਿੱਖ ਦੀਆਂ ਪੀੜ੍ਹੀਆਂ ਦੇ ਮਾਰਗਦਰਸ਼ਨ ਲਈ ਉਨ੍ਹਾਂ ਵੱਲੋਂ ਤਿਆਰ ਕੀਤੇ ਪ੍ਰਮਾਣਿਕ ਆਡੀਓ-ਵੀਡੀਓ ਪ੍ਰੋਜੈਕਟ ਅਤੇ ਦਸਤਾਵੇਜ਼ ਗੁਰਮਤਿ ਸੰਗੀਤ ਦੇ ਖੋਜੀਆਂ ਲਈ ਅਹਿਮ ਸਰੋਤ ਬਣ ਚੁੱਕੇ ਹਨ।

**ਪੰਥਕ ਵਿਦਵਾਨਾਂ ਤੇ ਸੰਗਤਾਂ ਵੱਲੋਂ ਉੱਦਮ ਦੀ ਸ਼ਲਾਘਾ** : ਕਮੇਟੀ ਦੇ ਇਸ ਇਤਿਹਾਸਕ ਕਦਮ ਦਾ ਪੰਥਕ ਵਿਦਵਾਨਾਂ, ਰਾਗੀ ਸਿੰਘਾਂ ਅਤੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ਹੈ। ਬੁਲਾਰਿਆਂ ਨੇ ਵਿਚਾਰ ਪ੍ਰਗਟ ਕਰਦਿਆਂ ਕਿਹਾ: ਮੂਲ ਪਰੰਪਰਾ ਦੀ ਸੰਭਾਲ: ਗੁਰਮਤਿ ਸੰਗੀਤ ਦੀ ਮੂਲ ਤੰਤੀ ਸਾਜ਼ ਅਤੇ ਨਿਰਧਾਰਤ ਰਾਗ ਪਰੰਪਰਾ ਨੂੰ ਜਿਊਂਦਾ ਰੱਖਣ ਲਈ ਅਜਿਹੇ ਰਾਗ ਦਰਬਾਰ ਸਜਾਉਣੇ ਅਤੇ ਮਹਾਨ ਗੁਣੀਜਨਾਂ ਦਾ ਸਨਮਾਨ ਕਰਨਾ ਸਮੇਂ ਦੀ ਮੁੱਖ ਲੋੜ ਹੈ।

ਨੌਜਵਾਨ ਪੀੜ੍ਹੀ ਲਈ ਪ੍ਰੇਰਨਾ: ਅਜਿਹੇ ਸਨਮਾਨਾਂ ਨਾਲ ਨੌਜਵਾਨ ਪੀੜ੍ਹੀ ਅਤੇ ਵਿਦਿਆਰਥੀਆਂ ਨੂੰ ਗੁਰਬਾਣੀ ਕੀਰਤਨ ਦੀ ਸ਼ੁੱਧ ਮੂਲ ਸ਼ੈਲੀ ਅਤੇ ਸ਼ਾਸਤਰੀ ਰਾਗਾਂ ਨਾਲ ਜੁੜਨ ਦਾ ਉਤਸ਼ਾਹ ਮਿਲਦਾ ਹੈ। ਸਮਾਗਮ ਦੌਰਾਨ ਦੇਸ਼-ਵਿਦੇਸ਼ ਦੀਆਂ ਸੰਗਤਾਂ ਨੇ ਡਾ. ਗੁਰਨਾਮ ਸਿੰਘ ਨੂੰ ਵਧਾਈ ਦਿੰਦਿਆਂ ਪ੍ਰਬੰਧਕਾਂ ਨੂੰ ਅਪੀਲ ਕੀਤੀ ਕਿ ਗੁਰਮਤਿ ਸੰਗੀਤ ਦੀ ਪ੍ਰਫੁੱਲਤਾ ਲਈ ਅਜਿਹੇ ਕਾਰਜਾਂ ਨੂੰ ਭਵਿੱਖ ਵਿੱਚ ਹੋਰ ਵੱਡੇ ਪੱਧਰ 'ਤੇ ਜਾਰੀ ਰੱਖਿਆ ਜਾਵੇ।

# ਕੈਲੀਫੋਰਨੀਆ ਦੀ ਬਰਕਲੇ ਯੂਨੀਵਰਸਿਟੀ 'ਚ 'ਗੁਰਮਤਿ ਸੰਗੀਤ ਲਰਨਿੰਗ ਪ੍ਰੋਗਰਾਮ' ਦਾ ਸ਼ਾਨਦਾਰ ਆਗਾਜ਼ : ਵਿਸ਼ਵ ਪ੍ਰਸਿੱਧ ਵਿਦਵਾਨ ਡਾ. ਗੁਰਨਾਮ ਸਿੰਘ ਨੇ ਦਿੱਤਾ ਉਦਘਾਟਨੀ ਲੈਕਚਰ

## ਨੌਜਵਾਨ ਪੀੜ੍ਹੀ ਨੂੰ ਗੁਰਬਾਣੀ ਦੀ ਮੂਲ ਰਾਗ ਪਰੰਪਰਾ ਨਾਲ ਜੋੜਨ ਲਈ ਅਕਾਦਮਿਕ ਪਹਿਲਕਦਮੀ

ਬਰਕਲੇ (ਕੈਲੀਫੋਰਨੀਆ) : ਉੱਤਰੀ ਅਮਰੀਕਾ ਦੇ ਅਕਾਦਮਿਕ ਖੇਤਰ ਵਿੱਚ ਸਿੱਖ ਵਿਰਾਸਤ ਨੂੰ ਪ੍ਰਫੁੱਲਿਤ ਕਰਨ ਵੱਲ ਇੱਕ ਹੋਰ ਮਹੱਤਵਪੂਰਨ ਕਦਮ ਪੁੱਟਦਿਆਂ, ਗੁਰਮਤਿ ਸੰਗੀਤ ਦੇ ਪ੍ਰਚਾਰ-ਪ੍ਰਸਾਰ ਵਿੱਚ ਸਰਗਰਮ 'ਗੁਰਮਤਿ ਸੰਗੀਤ ਇਨੀਸ਼ੀਏਟਿਵ' (GSI) ਗਰੁੱਪ ਵੱਲੋਂ ਵਿਸ਼ਵ ਪ੍ਰਸਿੱਧ ਯੂਨੀਵਰਸਿਟੀ ਆਫ਼ ਕੈਲੀਫੋਰਨੀਆ, ਬਰਕਲੇ (UC Berkeley) ਵਿਖੇ 'ਗੁਰਮਤਿ ਸੰਗੀਤ ਲਰਨਿੰਗ ਪ੍ਰੋਗਰਾਮ' ਦਾ ਰਸਮੀ ਆਰੰਭ ਕੀਤਾ ਗਿਆ ਹੈ। ਇਸ ਅਕਾਦਮਿਕ ਪ੍ਰੋਗਰਾਮ ਦਾ ਉਦਘਾਟਨੀ ਭਾਸ਼ਣ (Keynote Lecture) ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਗੁਰਮਤਿ ਸੰਗੀਤ ਵਿਦਵਾਨ, ਕੀਰਤਨ ਮਾਰਤੰਡ ਡਾ. ਗੁਰਨਾਮ ਸਿੰਘ ਵੱਲੋਂ ਦਿੱਤਾ ਗਿਆ।



ਡਾ. ਗੁਰਨਾਮ ਸਿੰਘ ਦਾ ਅਕਾਦਮਿਕ ਯੋਗਦਾਨ ਜ਼ਿਕਰਯੋਗ ਹੈ ਕਿ ਡਾ. ਗੁਰਨਾਮ ਸਿੰਘ ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਸੰਗੀਤ ਅਤੇ ਗੁਰਮਤਿ ਸੰਗੀਤ ਵਿਭਾਗਾਂ ਦੇ ਫਾਊਂਡਰ ਪ੍ਰੋਫ਼ੈਸਰ, ਮੁਖੀ ਅਤੇ ਡੀਨ ਵਜੋਂ ਸੇਵਾਵਾਂ ਨਿਭਾ ਚੁੱਕੇ ਹਨ। ਉਹ ਪਿਛਲੇ ਲੰਮੇ ਸਮੇਂ ਤੋਂ ਨਾ ਕੇਵਲ ਭਾਰਤ ਬਲਕਿ ਅੰਤਰਰਾਸ਼ਟਰੀ ਪੱਧਰ 'ਤੇ ਗੁਰਮਤਿ ਸੰਗੀਤ ਨੂੰ ਇੱਕ ਸੁਤੰਤਰ ਅਕਾਦਮਿਕ ਅਨੁਸ਼ਾਸਨ ਵਜੋਂ ਮਾਨਤਾ ਦਿਵਾਉਣ ਲਈ ਨਿਰੰਤਰ ਯਤਨਸ਼ੀਲ ਹਨ। ਇਸ ਤੋਂ ਪਹਿਲਾਂ ਵੀ ਉਨ੍ਹਾਂ ਨੇ ਅਮਰੀਕਾ ਦੀ ਹੌਫਸਟਰਾ ਯੂਨੀਵਰਸਿਟੀ (ਨਿਊਯਾਰਕ) ਅਤੇ ਯੂਨਾਈਟਿਡ ਕਿੰਗਡਮ (UK) ਵਿਖੇ ਗੁਰਮਤਿ ਸੰਗੀਤ ਦੇ ਅਕਾਦਮਿਕ ਪ੍ਰੋਗਰਾਮਾਂ ਨੂੰ ਲਾਗੂ ਕਰਵਾਉਣ ਵਿੱਚ ਮੋਹਰੀ ਤੇ ਇਤਿਹਾਸਕ ਭੂਮਿਕਾ ਨਿਭਾਈ ਹੈ।

**ਸਿੱਖ ਨੌਜਵਾਨਾਂ ਦੀ ਅਗਵਾਈ ਹੇਠ ਉੱਭਰੀ ਲਹਿਰ** : ਗੁਰਮਤਿ ਸੰਗੀਤ ਇਨੀਸ਼ੀਏਟਿਵ ਗਰੁੱਪ ਦੀ ਡਾਇਰੈਕਟਰ ਰਸਲੀਨ ਕੌਰ ਨੇ ਪ੍ਰੋਗਰਾਮ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੰਸਥਾ ਵੱਲੋਂ ਇਸ ਤੋਂ ਪਹਿਲਾਂ ਯੂਸੀ ਡੇਵਿਸ (UC Davis) ਵਿਖੇ 2025 ਦੌਰਾਨ ਇਹ ਪ੍ਰੋਗਰਾਮ ਬੇਹੱਦ ਸਫ਼ਲਤਾਪੂਰਵਕ ਚਲਾਇਆ ਗਿਆ ਸੀ, ਜਿਸ ਨੂੰ ਵਿਦਿਆਰਥੀਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਹੁਣ ਬਰਕਲੇ ਯੂਨੀਵਰਸਿਟੀ ਤੋਂ ਬਾਅਦ ਭਵਿੱਖ ਵਿੱਚ ਅਮਰੀਕਾ ਦੀਆਂ ਹੋਰਨਾਂ ਪ੍ਰਮੁੱਖ ਯੂਨੀਵਰਸਿਟੀਆਂ ਵਿੱਚ ਵੀ ਅਜਿਹੇ ਅਕਾਦਮਿਕ ਕੋਰਸ ਸ਼ੁਰੂ ਕਰਨ ਦੇ ਯਤਨ ਜਾਰੀ ਰਹਿਣਗੇ।

ਪ੍ਰੋਗਰਾਮ ਦੀ ਕੋ-ਫਾਊਂਡਰ ਅਭਜੋਤ ਕੌਰ ਨੇ ਸਪਸ਼ਟ ਕੀਤਾ ਕਿ ਇਸ ਵਿਦਿਅਕ ਪ੍ਰੋਗਰਾਮ ਦਾ ਮੁੱਖ ਮਕਸਦ ਨਵੀਂ ਪੀੜ੍ਹੀ ਨੂੰ ਗੁਰਬਾਣੀ ਦੇ ਨਿਰਧਾਰਤ 31 ਰਾਗਾਂ ਦੀ ਪੁਰਾਤਨ ਤੇ ਪ੍ਰਮਾਣਿਕ ਕੀਰਤਨ ਪਰੰਪਰਾ ਨਾਲ ਜੋੜਨਾ ਹੈ, ਤਾਂ ਜੋ ਅਜੋਕੇ ਨੌਜਵਾਨ ਅਤੇ ਖੋਜਾਰਥੀ ਇਸ ਮਹਾਨ ਅਧਿਆਤਮਿਕ ਵਿਰਾਸਤ ਨੂੰ ਅਕਾਦਮਿਕ ਦ੍ਰਿਸ਼ਟੀਕੋਣ ਤੋਂ ਸਿੱਖ ਕੇ ਦੁਨੀਆ ਭਰ ਵਿੱਚ ਅੱਗੇ ਵਧਾ ਸਕਣ। ਉੱਤਰੀ ਅਮਰੀਕਾ ਦੇ ਸਿੱਖ ਹਲਕਿਆਂ ਅਤੇ ਵਿਦਿਆਰਥੀ ਵਰਗ ਵਿੱਚ ਨੌਜਵਾਨ ਸਿੱਖਾਂ ਵੱਲੋਂ ਆਰੰਭੀ ਗਈ ਇਸ ਵਿਲੱਖਣ ਪਹਿਲਕਦਮੀ ਦੀ ਚੁਫ਼ੇਰਿਓਂ ਭਰਪੂਰ ਸ਼ਲਾਘਾ ਕੀਤੀ ਜਾ ਰਹੀ ਹੈ।

**ਪ੍ਰਮੁੱਖ ਸ਼ਖ਼ਸੀਅਤਾਂ ਦੀ ਸ਼ਮੂਲੀਅਤ** : ਇਸ ਉਦਘਾਟਨੀ ਸਮਾਗਮ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਡਾ. ਅੰਮ੍ਰਿਤਪਾਲ ਕੌਰ (ਸਾਬਕਾ ਡੀਨ ਅਤੇ ਫਾਊਂਡਰ ਮੁਖੀ, ਗੁਰਮਤਿ ਗਿਆਨ ਆਨਲਾਈਨ ਸਟੱਡੀ ਸੈਂਟਰ, ਪੰਜਾਬੀ ਯੂਨੀਵਰਸਿਟੀ) ਨੇ ਸ਼ਿਰਕਤ ਕੀਤੀ। ਉਨ੍ਹਾਂ ਤੋਂ ਇਲਾਵਾ 'ਗਾਵਨੀ' (Gaavni) ਗਰੁੱਪ ਦੀ ਡਾਇਰੈਕਟਰ ਨਵਪ੍ਰੀਤ ਕੌਰ, ਗੁਰਮਤਿ ਸੰਗੀਤ ਇਨੀਸ਼ੀਏਟਿਵ ਦੇ ਵਿਦਿਆਰਥੀ, ਖੋਜਾਰਥੀ ਅਤੇ ਅਧਿਆਪਕ ਵੱਡੀ ਗਿਣਤੀ ਵਿੱਚ ਹਾਜ਼ਰ ਰਹੇ।

ਡਾਇਰੈਕਟਰ ਰਸਲੀਨ ਕੌਰ ਅਨੁਸਾਰ ਆਉਣ ਵਾਲੇ ਸਮੇਂ ਦੌਰਾਨ ਇਸ ਲੜੀ ਤਹਿਤ ਕਰਵਾਏ ਜਾਣ ਵਾਲੇ ਵਿਸ਼ੇਸ਼ ਲੈਕਚਰਾਂ ਅਤੇ ਵਰਕਸ਼ਾਪਾਂ ਵਿੱਚ ਗੁਰਮਤਿ ਸੰਗੀਤ ਦੇ ਕਈ ਮੰਨੇ-ਪ੍ਰਮੰਨੇ ਉਸਤਾਦ ਅਤੇ ਵਿਦਵਾਨ ਭਾਗ ਲੈਣਗੇ, ਜਿਨ੍ਹਾਂ ਵਿੱਚ ਡਾ. ਗਗਨਦੀਪ ਸਿੰਘ, ਰਾਜਵਿੰਦਰ ਸਿੰਘ, ਬਲਦੀਪ ਸਿੰਘ, ਸੁਰਭੀ ਸੁਮਨ, ਸੋਨੀ ਕੌਰ, ਭਾਈ ਮਨਬੀਰ ਸਿੰਘ, ਡਾ. ਹਰਲਵ ਸਿੰਘ, ਉਸਤਾਦ ਬਲਜੀਤ ਸਿੰਘ, ਲਕਸ਼ਮੀ ਕੌਰ ਅਤੇ ਫ਼ਤਿਹ ਸਿੰਘ ਸ਼ਾਮਲ ਹਨ।

ਪੰਥਕ ਵਿਦਵਾਨਾਂ ਦਾ ਮੰਨਣਾ ਹੈ ਕਿ ਪੱਛਮੀ ਯੂਨੀਵਰਸਿਟੀਆਂ ਦੇ ਕੈਂਪਸਾਂ ਵਿੱਚ ਅਜਿਹੇ ਗੰਭੀਰ ਯਤਨਾਂ ਸਦਕਾ ਗੁਰਮਤਿ ਸੰਗੀਤ ਨੂੰ ਇੱਕ ਵਿਸ਼ਵ-ਪੱਧਰੀ ਅਕਾਦਮਿਕ ਮਾਨਤਾ ਮਿਲੇਗੀ ਅਤੇ ਪਰਵਾਸ ਵਿੱਚ ਵੱਸਦੀ ਨਵੀਂ ਪੀੜ੍ਹੀ ਗੁਰੂ ਸਾਹਿਬਾਨ ਵੱਲੋਂ ਬਖ਼ਸ਼ੀ ਰਾਗ ਪਰੰਪਰਾ ਨਾਲ ਮਜ਼ਬੂਤੀ ਨਾਲ ਜੁੜ ਸਕੇਗੀ।

# ਅਫਸਰਸ਼ਾਹੀ ਦੀ ਮਨਮਰਜ਼ੀ

ਦਿੱਲੀ ਯੂਨੀਵਰਸਿਟੀ ਦੀ ਇੱਕ ਵਿਦਿਆਰਥਣ ਨੂੰ 'ਰਾਸ਼ਟਰੀ ਸੁਰੱਖਿਆ ਕਾਨੂੰਨ' ਤਹਿਤ ਹਿਰਾਸਤ ਵਿੱਚ ਲੈਣ ਦੇ ਮਾਮਲੇ ਵਿੱਚ ਅਲਾਹਾਬਾਦ ਹਾਈਕੋਰਟ ਵੱਲੋਂ ਉੱਤਰ ਪ੍ਰਦੇਸ਼ ਦੀ ਅਫਸਰਸ਼ਾਹੀ ਨੂੰ ਪਾਈ ਗਈ ਸਖ਼ਤ ਝਾੜ ਦੇਸ਼ ਭਰ ਦੀਆਂ ਸਰਕਾਰਾਂ ਲਈ ਇੱਕ ਚਿਤਾਵਨੀ ਹੋਣੀ ਚਾਹੀਦੀ ਹੈ। ਅਦਾਲਤ ਨੇ ਅਧਿਕਾਰੀਆਂ ਦੇ ਰਵੱਈਏ ਨੂੰ 'ਮਨਮਰਜ਼ੀ ਅਤੇ ਤਾਨਾਸ਼ਾਹੀ' ਕਰਾਰ ਦਿੰਦਿਆਂ ਚਿਤਾਵਨੀ ਦਿੱਤੀ ਹੈ ਕਿ ਅਜਿਹਾ ਵਤੀਰਾ ਉੱਤਰ ਪ੍ਰਦੇਸ਼ ਨੂੰ ਕਿਸੇ ਦਮਨਕਾਰੀ ਸਮਾਜ ਵਿੱਚ ਬਦਲ ਸਕਦਾ ਹੈ।

ਭਾਵੇਂ ਇਹ ਸ਼ਬਦਾਵਲੀ ਸਖ਼ਤ ਹੈ, ਪਰ ਮੁੱਦਾ ਵੀ ਓਨਾ ਹੀ ਗੰਭੀਰ ਹੈ ਕਿਉਂਕਿ ਕਿਸੇ ਦੀ ਆਜ਼ਾਦੀ ਨੂੰ ਗ਼ੈਰ-ਕਾਨੂੰਨੀ ਤਰੀਕੇ ਨਾਲ ਖੋਹ ਲਿਆ ਗਿਆ। ਅਦਾਲਤ ਵੱਲੋਂ ਇਸ ਹਿਰਾਸਤ ਨੂੰ ਰੱਦ ਕਰਨ ਦਾ ਫ਼ੈਸਲਾ ਇਸ ਗੱਲ 'ਤੇ ਵੱਡੇ ਸਵਾਲ ਖੜ੍ਹੇ ਕਰਦਾ ਹੈ ਕਿ ਅਜਿਹੀਆਂ ਖ਼ਾਸ ਸ਼ਕਤੀਆਂ ਦੀ ਦੁਰਵਰਤੋਂ ਕਿਵੇਂ ਕੀਤੀ ਜਾ ਰਹੀ ਹੈ। ਕਿਸੇ ਨੂੰ ਬਿਨਾਂ ਮੁਕੱਦਮੇ ਪਹਿਲਾਂ ਹੀ ਹਿਰਾਸਤ ਵਿੱਚ ਲੈ ਲੈਣਾ ਬਹੁਤ ਹੀ ਅਸਾਧਾਰਨ ਕਦਮ ਹੈ, ਜੋ ਸਿਰਫ਼ ਉਦੋਂ ਹੀ ਜਾਇਜ਼ ਮੰਨਿਆ ਜਾ ਸਕਦਾ ਹੈ ਜਦੋਂ ਇਸ ਗੱਲ ਦੇ ਪੱਕੇ ਸਬੂਤ ਹੋਣ ਕਿ ਕੋਈ ਵਿਅਕਤੀ ਅਮਨ-ਕਾਨੂੰਨ ਜਾਂ ਦੇਸ਼ ਦੀ ਸੁਰੱਖਿਆ ਲਈ ਅਸਲ ਖ਼ਤਰਾ ਹੈ। ਇਹ ਆਮ ਕਾਨੂੰਨਾਂ ਦੀ ਥਾਂ ਲੈਣ ਜਾਂ ਸਰਕਾਰ ਵਿਰੋਧੀ ਆਵਾਜ਼ਾਂ ਨੂੰ ਦਬਾਉਣ ਦਾ ਸਾਧਨ ਨਹੀਂ ਬਣ ਸਕਦਾ।

ਇਸ ਮਾਮਲੇ ਵਿੱਚ ਅਦਾਲਤ ਨੂੰ ਵਿਦਿਆਰਥਣ ਨੂੰ ਹਿੰਸਾ ਨਾਲ ਜੋੜਨ ਵਾਲਾ ਕੋਈ ਵੀ ਠੋਸ ਸਬੂਤ ਨਹੀਂ ਮਿਲਿਆ। ਅਧਿਕਾਰੀ ਅਜਿਹਾ ਕੋਈ ਵੀ ਸਬੂਤ, ਜਿਵੇਂ ਕਿ ਵੱਟਸਐਪ ਸੁਨੇਹਾ ਜਾਂ ਵੀਡੀਓ ਪੇਸ਼ ਕਰਨ ਵਿੱਚ ਨਾਕਾਮ ਰਹੇ ਜੋ ਇਹ ਸਾਬਿਤ ਕਰ ਸਕੇ ਕਿ ਉਸ ਨੇ ਦੰਗਿਆਂ ਜਾਂ ਹੈ ਕਿ ਜ਼ਿੰਮੇਵਾਰ ਅਧਿਕਾਰੀਆਂ ਤੋਂ 5 ਲੱਖ ਰੁਪਏ ਮੁਆਵਜ਼ਾ ਵਸੂਲਿਆ ਜਾਵੇ ਅਤੇ ਉਨ੍ਹਾਂ ਦੇ ਸੇਵਾ ਰਿਕਾਰਡ ਵਿੱਚ ਇਸ ਸਖ਼ਤ ਟਿੱਪਣੀ ਨੂੰ ਦਰਜ ਕੀਤਾ ਜਾਵੇ। ਜਦੋਂ ਜ਼ਿੰਮੇਵਾਰ ਅਧਿਕਾਰੀ ਸਰਕਾਰੀ ਤਾਕਤ ਦੀ ਦੁਰਵਰਤੋਂ ਕਰਦੇ ਹਨ ਤਾਂ ਜਵਾਬਦੇਹੀ ਸਿਰਫ਼ ਸਰਕਾਰੀ ਖ਼ਜ਼ਾਨੇ ਤੱਕ ਹੀ ਸੀਮਿਤ ਨਹੀਂ ਰਹਿਣੀ ਚਾਹੀਦੀ। ਇਹ ਤਾਕਤਾਂ ਸਰਕਾਰੀ ਅਧਿਕਾਰੀਆਂ ਦੀ ਮਲਕੀਅਤ ਨਹੀਂ ਹੁੰਦੀਆਂ ਸਗੋਂ ਸਿਰਫ਼ ਉਨ੍ਹਾਂ ਨੇ ਲੋਕ-ਹਿੱਤ ਵਿੱਚ ਇਨ੍ਹਾਂ ਦੀ ਵਰਤੋਂ ਕਰਨੀ ਹੁੰਦੀ ਹੈ। ਉਨ੍ਹਾਂ ਦੀ ਵਫ਼ਾਦਾਰੀ ਸਿਰਫ਼ ਸੰਵਿਧਾਨ ਅਤੇ ਕਾਨੂੰਨ ਪ੍ਰਤੀ ਹੋਣੀ ਚਾਹੀਦੀ ਹੈ। ਲੋਕਤੰਤਰ ਰੌਲੇ-ਰੱਪੇ ਵਾਲੇ ਵਿਰੋਧ ਪ੍ਰਦਰਸ਼ਨਾਂ ਨੂੰ ਤਾਂ ਜਰ ਸਕਦਾ ਹੈ, ਪਰ ਉਹ ਅਜਿਹੀ ਅਫ਼ਸਰਸ਼ਾਹੀ ਦਾ ਬੋਝ ਨਹੀਂ ਚੁੱਕ ਸਕਦਾ, ਜੋ ਸਰਕਾਰ ਵਿਰੋਧੀ ਆਵਾਜ਼ਾਂ ਜਾਂ ਮਤਭੇਦਾਂ ਨੂੰ ਹੀ ਖ਼ਤਰਾ ਸਮਝ ਬੈਠੇ।

ਇਤਿਹਾਸ ਸਿਰਫ਼ ਬੀਤੇ ਸਮੇਂ ਦੀਆਂ ਘਟਨਾਵਾਂ ਦਾ ਲੇਖਾ-ਜੋਖਾ ਨਹੀਂ ਹੁੰਦਾ, ਸਗੋਂ ਇਹ ਕੌਮਾਂ ਦੇ ਭਵਿੱਖ ਲਈ ਚਾਨਣ-ਮੁਨਾਰਾ ਅਤੇ ਆਤਮ-ਮੰਥਨ ਦਾ ਸ਼ੀਸ਼ਾ ਹੁੰਦਾ ਹੈ। ਡਾ. ਗੁਰਿੰਦਰ ਸਿੰਘ ਗਰੇਵਾਲ ਦਾ ਇਹ ਖੋਜ-ਭਰਪੂਰ ਲੇਖ ਜਿੱਥੇ ਉੱਤਰੀ ਅਮਰੀਕਾ ਦੇ ਮੂਲ ਨਿਵਾਸੀਆਂ (ਹੌਡੇਨੋਸੋਨੀ ਕਨਫੈਡਰੇਸੀ) ਦੇ ਸਿਆਸੀ ਚਿੰਤਨ ਅਤੇ ਅਮਰੀਕੀ ਸੰਘੀ ਢਾਂਚੇ ਦੇ ਨਿਰਮਾਣ ਦਰਮਿਆਨ ਦੱਬੇ ਹੋਏ ਇਤਿਹਾਸਕ ਸੱਚ ਨੂੰ ਬਾਦਲੀਲ ਸਾਹਮਣੇ ਲਿਆਉਂਦਾ ਹੈ, ਉੱਥੇ ਹੀ ਇਹ ਬਸਤੀਵਾਦੀ ਜ਼ੁਲਮਾਂ ਅਤੇ ਨਸਲਕੁਸ਼ੀ ਦੇ ਅਣਕਹੇ ਪੰਨੇ ਵੀ ਫਰੋਲਦਾ ਹੈ। ਪਰ ਇਸ ਇਤਿਹਾਸਕ ਪੜਚੋਲ ਦਾ ਸਭ ਤੋਂ ਗੰਭੀਰ ਅਤੇ ਤਿੱਖਾ ਪਹਿਲੂ ਸਿੱਖ ਕੌਮ ਲਈ ਉਹ ਅਹਿਮ ਸਬਕ ਹੈ ਜੋ ਹੋਂਦ, ਹੱਕਾਂ ਅਤੇ ਸੰਘਰਸ਼ ਨਾਲ ਜੁੜਿਆ ਹੋਇਆ ਹੈ। ਲੇਖਕ ਇਸ ਨਿਰਦਈ ਸੱਚਾਈ ਨੂੰ ਬੇਬਾਕੀ ਨਾਲ ਪੇਸ਼ ਕਰਦਾ ਹੈ ਕਿ ਬਹੁਗਿਣਤੀਵਾਦੀ ਸਿਆਸੀ ਨਿਜ਼ਾਮਾਂ ਅੰਦਰ ਕੀਤੀਆਂ ਗਈਆਂ ਬੇਮਿਸਾਲ ਕੁਰਬਾਨੀਆਂ ਕਦੇ ਵੀ ਕਿਸੇ ਕੌਮ ਦੇ ਭਵਿੱਖ ਜਾਂ ਸੁਰੱਖਿਆ ਦੀ ਗਰੰਟੀ ਨਹੀਂ ਬਣ ਸਕਦੀਆਂ। ਇਹ ਲੇਖ ਸਾਨੂੰ ਅਹਿਸਾਨਮੰਦੀ ਦੀ ਭਰਮ-ਭੁਲੇਖੇ ਵਾਲੀ ਆਸ ਛੱਡ ਕੇ ਆਪਣੀ ਵਿਲੱਖਣ ਪਛਾਣ, ਆਜ਼ਾਦ ਸੰਸਥਾਵਾਂ ਅਤੇ ਸੰਵਿਧਾਨਕ ਹੱਕਾਂ ਦੀ ਮਜ਼ਬੂਤੀ ਵੱਲ ਪਰਤਣ ਦਾ ਹੋਕਾ ਦਿੰਦਾ ਹੈ। ਅਸੀਂ ਆਪਣੇ ਸੁਚੇਤ ਪਾਠਕਾਂ ਦੇ ਰੂ-ਬ-ਰੂ ਇਹ ਵਿਚਾਰ-ਉਤੇਜਕ ਲਿਖਤ ਇਸ ਉਮੀਦ ਨਾਲ ਪੇਸ਼ ਕਰ ਰਹੇ ਹਾਂ ਕਿ ਇਹ ਕੌਮੀ ਹੋਂਦ ਅਤੇ ਭਵਿੱਖੀ ਰਣਨੀਤੀ ਬਾਰੇ ਇੱਕ ਗੰਭੀਰ ਚਰਚਾ ਦਾ ਆਗਾਜ਼ ਕਰੇਗੀ। -ਸਤਨਾਮ ਸਿੰਘ ਖਾਲਸਾ

ਡਾ. ਗੁਰਿੰਦਰ ਸਿੰਘ ਗਰੇਵਾਲ
MD, FACC
ਖ਼ਾਲਸਾ ਕਾਲਜ ਆਫ਼ ਅਮਰੀਕਾ
ਸਿੱਖ ਹੈਰੀਟੇਜ ਐਜੂਕੇਸ਼ਨ
209-321-3771

# ਹੌਡੇਨੋਸੋਨੀ ਕਨਫੈਡਰੇਸੀ, ਅਮਰੀਕੀ ਸੰਘਵਾਦ ਅਤੇ ਘੱਟ ਗਿਣਤੀਆਂ ਦੀ ਹੋਂਦ ਦਾ ਇਤਿਹਾਸਕ ਸਵਾਲ

ਸੰਪਾਦਕੀ ਮੁੱਖ-ਬੰਧ

ਇਤਿਹਾਸ ਮਹਿਜ਼ ਬੀਤੇ ਸਮੇਂ ਦੀਆਂ ਘਟਨਾਵਾਂ ਦਾ ਪੁਰਾਲੇਖ ਨਹੀਂ, ਸਗੋਂ ਕੌਮਾਂ ਲਈ ਸਵੈ-ਪੜਚੋਲ ਅਤੇ ਭਵਿੱਖੀ ਸੁਰੱਖਿਆ ਦਾ ਨਕਸ਼ਾ ਹੁੰਦਾ ਹੈ। ਡਾ. ਗੁਰਿੰਦਰ ਸਿੰਘ ਗਰੇਵਾਲ ਦਾ ਇਹ ਵਿਸਥਾਰਤ ਲੇਖ ਦੋ ਅਹਿਮ ਇਤਿਹਾਸਕ ਸੱਚਾਈਆਂ ਨੂੰ ਸਾਹਮਣੇ ਲਿਆਉਂਦਾ ਹੈ: ਪਹਿਲਾ, ਅਮਰੀਕੀ ਸੰਵਿਧਾਨ ਦੇ ਸੰਘੀ ਢਾਂਚੇ (Federalism) ਦਾ ਉੱਤਰੀ ਅਮਰੀਕਾ ਦੇ ਮੂਲ ਨਿਵਾਸੀਆਂ ਦੀ ਹੌਡੇਨੋਸੋਨੀ ਕਨਫੈਡਰੇਸੀ (ਇਰੋਕੁਆਇ ਲੀਗ) ਨਾਲ ਡੂੰਘਾ ਵਿਚਾਰਧਾਰਕ ਸਬੰਧ; ਅਤੇ ਦੂਜਾ, ਬਸਤੀਵਾਦ ਤੇ ਬਹੁਗਿਣਤੀਵਾਦ ਦੇ ਦੌਰ ਵਿੱਚ ਕਿਸੇ ਵੀ ਘੱਟ ਗਿਣਤੀ ਕੌਮ ਦੀ ਹੋਂਦ ਲਈ ਸੰਸਥਾਵਾਂ ਦੀ ਲਾਜ਼ਮੀ ਲੋੜ। ਇਹ ਲਿਖਤ ਸਿੱਖ ਕੌਮ ਲਈ ਇੱਕ ਗੰਭੀਰ ਚੇਤਨਾ ਦਾ ਹੋਕਾ ਹੈ ਕਿ ਕੁਰਬਾਨੀਆਂ ਦੀ ਦਾਸਤਾਨ ਕਿਸੇ ਬਹੁਗਿਣਤੀ ਰਾਜ ਵਿੱਚ ਸੁਰੱਖਿਆ ਦਾ ਬਦਲ ਨਹੀਂ ਹੋ ਸਕਦੀ।

**1. ਅਮਰੀਕੀ ਸੰਵਿਧਾਨ ਅਤੇ ਹੌਡੇਨੋਸੋਨੀ ਸੰਘ: ਬੌਧਿਕ ਪਿਛੋਕੜ**

1787 ਵਿੱਚ ਫਿਲਾਡੇਲਫੀਆ ਵਿਖੇ ਅਮਰੀਕੀ ਸੰਵਿਧਾਨ ਦੀ ਰਚਨਾ ਕਿਸੇ ਸੱਖਣੇਪਣ ਵਿੱਚ ਨਹੀਂ ਹੋਈ। ਸੰਵਿਧਾਨ ਦੇ ਨਿਰਮਾਤਾਵਾਂ ਨੇ ਜਿੱਥੇ ਯੂਰਪੀ ਸੰਵਿਧਾਨਵਾਦ, ਜੌਨ ਲੌਕ ਤੇ ਮੌਂਟੇਸਕਿਊ ਵਰਗੇ ਚਿੰਤਕਾਂ ਅਤੇ ਬਸਤੀਵਾਦੀ ਤਜਰਬਿਆਂ ਤੋਂ ਵਿਚਾਰ ਲਏ, ਉੱਥੇ ਹੀ ਉਨ੍ਹਾਂ ਦੇ ਬਿਲਕੁਲ ਸਾਹਮਣੇ ਉੱਤਰੀ ਅਮਰੀਕਾ ਦੀ ਧਰਤੀ 'ਤੇ ਸਦੀਆਂ ਤੋਂ ਕਾਰਜਸ਼ੀਲ ਇੱਕ ਬੇਹੱਦ ਵਿਕਸਤ ਪ੍ਰਣਾਲੀ ਮੌਜੂਦ ਸੀ—ਹੌਡੇਨੋਸੋਨੀ ਕਨਫੈਡਰੇਸੀ (Haudenosaunee Confederacy)।

ਸੰਯੁਕਤ ਰਾਜ ਦੇ ਹੋਂਦ ਵਿੱਚ ਆਉਣ ਤੋਂ ਬਹੁਤ ਪਹਿਲਾਂ, ਪੰਜ ਵੱਖ-ਵੱਖ ਕੌਮਾਂ—ਮੋਹੌਕ, ਓਨਾਈਡਾ, ਓਨੋਨਡਾਗਾ, ਕਯੂਗਾ ਅਤੇ ਸੇਨੇਕਾ—ਨੇ 'ਅਮਨ ਦੇ ਮਹਾਨ ਕਾਨੂੰਨ' (Great Law of Peace) ਅਧੀਨ ਇੱਕ ਮਜ਼ਬੂਤ ਸਿਆਸੀ ਸੰਘ ਬਣਾਇਆ ਹੋਇਆ ਸੀ। 18ਵੀਂ ਸਦੀ ਵਿੱਚ ਟਸਕਾਰੋਰਾ ਕੌਮ ਦੇ ਸ਼ਾਮਲ ਹੋਣ ਨਾਲ ਇਹ 'ਛੇ ਕੌਮਾਂ' (Six Nations) ਵਜੋਂ ਪ੍ਰਸਿੱਧ ਹੋਈਆਂ।

ਇਸ ਪ੍ਰਣਾਲੀ ਦਾ ਮੂਲ ਸੰਕਲਪ ਅਮਰੀਕੀ ਸੰਘਵਾਦ ਦੀ ਬੁਨਿਆਦ ਨਾਲ ਹੂਬਹੂ ਮੇਲ ਖਾਂਦਾ ਹੈ:

ਕੌਮਾਂ ਆਪਣੀ ਵੱਖਰੀ ਹੋਂਦ ਅਤੇ ਸਥਾਨਕ ਖ਼ੁਦਮੁਖ਼ਤਿਆਰੀ ਨੂੰ ਖ਼ਤਮ ਕੀਤੇ ਬਿਨਾਂ ਇੱਕ ਵੱਡੇ ਸਾਂਝੇ ਸਿਆਸੀ ਸੰਘ ਵਿੱਚ ਇਕੱਠੀਆਂ ਹੋ ਸਕਦੀਆਂ ਹਨ।

**ਸ਼ਾਸਨ ਪ੍ਰਣਾਲੀ:** ਫ਼ੈਸਲੇ ਲੈਣ ਲਈ ਇੱਕ 'ਗ੍ਰੈਂਡ ਕੌਂਸਲ' (Grand Council) ਜੁੜਦੀ ਸੀ ਜਿੱਥੇ ਬਹੁਮਤ ਦੀ ਧੱਕੇਸ਼ਾਹੀ ਦੀ ਥਾਂ ਸਰਬਸੰਮਤੀ (consensus) ਨੂੰ ਮੁੱਖ ਰੱਖਿਆ ਜਾਂਦਾ ਸੀ।

**ਔਰਤਾਂ ਦੀ ਭੂਮਿਕਾ:** ਕਬੀਲੇ ਦੀਆਂ ਮਾਤਾਵਾਂ (Clan Mothers) ਕੋਲ ਆਗੂਆਂ ਨੂੰ ਚੁਣਨ ਅਤੇ ਲੋੜ ਪੈਣ 'ਤੇ ਅਹੁਦੇ ਤੋਂ ਹਟਾਉਣ ਦੇ ਫ਼ੈਸਲਾਕੁੰਨ ਅਧਿਕਾਰ ਸਨ—ਅਜਿਹਾ ਅਧਿਕਾਰ ਜੋ 18ਵੀਂ ਸਦੀ ਦੇ ਅਮਰੀਕੀ ਸੰਵਿਧਾਨ ਵਿੱਚ ਔਰਤਾਂ ਨੂੰ ਹਾਸਲ ਨਹੀਂ ਸੀ (ਉਨ੍ਹਾਂ ਨੂੰ ਵੋਟ ਦਾ ਅਧਿਕਾਰ 1920 ਵਿੱਚ ਜਾ ਕੇ ਮਿਲਿਆ)।

**2. ਬੈਂਜਾਮਿਨ ਫਰੈਂਕਲਿਨ: ਅਮਰੀਕੀ ਯੂਨੀਅਨ ਦਾ ਬੌਧਿਕ ਪੁਲ**

ਬੈਂਜਾਮਿਨ ਫਰੈਂਕਲਿਨ ਦਾ ਕਿਰਦਾਰ ਇਸ ਸੰਬੰਧ ਵਿੱਚ ਸਭ ਤੋਂ ਮਜ਼ਬੂਤ ਦਸਤਾਵੇਜ਼ੀ ਸਬੂਤ ਹੈ:

1751 ਦਾ ਪੱਤਰ: ਫਰੈਂਕਲਿਨ ਨੇ ਜੇਮਜ਼ ਪਾਰਕਰ ਨੂੰ ਲਿਖੀ ਚਿੱਠੀ ਵਿੱਚ ਸਪੱਸ਼ਟ ਦਰਜ ਕੀਤਾ ਕਿ ਜੇਕਰ ਛੇ ਮੂਲ ਨਿਵਾਸੀ ਕੌਮਾਂ ਅਜਿਹਾ ਪਾਏਦਾਰ ਸੰਘ ਚਲਾ ਸਕਦੀਆਂ ਹਨ, ਤਾਂ ਅੰਗਰੇਜ਼ ਬਸਤੀਆਂ ਲਈ ਆਪਸੀ ਏਕਾ ਕਾਇਮ ਕਰਨਾ ਅਸੰਭਵ ਕਿਉਂ ਹੈ?

**1754 ਦੀ ਐਲਬਨੀ ਯੋਜਨਾ (Albany Plan of Union):** ਫਰੈਂਕਲਿਨ ਨੇ ਬਸਤੀਆਂ ਲਈ ਇੱਕ ਸਾਂਝੀ ਸਰਕਾਰ ਅਤੇ ਗ੍ਰੈਂਡ ਕੌਂਸਲ ਦੀ ਤਜਵੀਜ਼ ਰੱਖੀ, ਜੋ ਸਥਾਨਕ ਸਰਕਾਰਾਂ ਨੂੰ ਬਰਕਰਾਰ ਰੱਖਦੇ ਹੋਏ ਸਾਂਝੇ ਮਾਮਲਿਆਂ ਦੀ ਦੇਖਭਾਲ ਕਰੇ। ਇਹ ਫਾਰਮੂਲਾ ਹੀ ਅੱਗੇ ਚੱਲ ਕੇ ਅਮਰੀਕੀ ਸੰਘਵਾਦ ਦਾ ਆਧਾਰ ਬਣਿਆ।

**1787 ਦਾ ਸੰਵਿਧਾਨਕ ਸੰਮੇਲਨ:** 81 ਸਾਲਾ ਫਰੈਂਕਲਿਨ ਨੇ ਆਪਣੇ 30 ਸਾਲਾਂ ਤੋਂ ਵੱਧ ਸਮੇਂ ਦੇ ਸੰਘੀ ਚਿੰਤਨ ਨੂੰ ਸੰਵਿਧਾਨਕ ਸਮਝੌਤੇ ਕਰਵਾਉਣ ਵਿੱਚ ਵਰਤਿਆ।

ਹਾਲਾਂਕਿ ਸੰਵਿਧਾਨ ਨੂੰ ਇਸਦੀ ਹੂਬਹੂ ਨਕਲ ਨਹੀਂ ਕਿਹਾ ਜਾ ਸਕਦਾ (ਕਿਉਂਕਿ ਸੰਵਿਧਾਨ 'ਤੇ ਯੂਰਪੀ ਕਾਨੂੰਨ, ਬਸਤੀਵਾਦੀ ਅਸੈਂਬਲੀਆਂ ਅਤੇ 'ਕਨਫੈਡਰੇਸ਼ਨ ਦੀਆਂ ਧਾਰਾਵਾਂ' ਦੀਆਂ ਕਮਜ਼ੋਰੀਆਂ ਦਾ ਵੀ ਅਸਰ ਸੀ), ਪਰ ਹੌਡੇਨੋਸੋਨੀ ਸੰਘ ਨੇ ਅਮਰੀਕੀ ਬਾਨੀਆਂ ਸਾਹਮਣੇ ਇੱਕ ਜਿਊਂਦਾ-ਜਾਗਦਾ ਸਫ਼ਲ ਨਮੂਨਾ ਪੇਸ਼ ਕੀਤਾ ਸੀ। 1980ਵਿਆਂ ਦੇ ਅਖ਼ੀਰ ਵਿੱਚ ਅਮਰੀਕੀ ਕਾਂਗਰਸ ਨੇ ਵੀ ਇਸ ਯੋਗਦਾਨ ਨੂੰ ਰਸਮੀ ਮਾਨਤਾ ਦਿੱਤੀ।




| ਹੌਡੇਨੋਸੋਨੀ ਕਨਫੈਡਰੇਸੀ | ਸੰਯੁਕਤ ਰਾਜ ਅਮਰੀਕਾ |
|---|---|
| ਕਈ ਵੱਖਰੀਆਂ ਖ਼ੁਦਮੁਖ਼ਤਿਆਰ ਕੌਮਾਂ | ਕਈ ਵੱਖਰੇ ਰਾਜ (States) |
| ਹਰੇਕ ਕੌਮ ਆਪਣੇ ਅੰਦਰੂਨੀ ਮਾਮਲੇ ਆਪ ਚਲਾਉਂਦੀ ਹੈ | ਰਾਜ ਆਪਣੇ ਕਾਨੂੰਨ ਅਤੇ ਅਦਾਲਤਾਂ ਬਰਕਰਾਰ ਰੱਖਦੇ ਹਨ |
| ਗ੍ਰੈਂਡ ਕੌਂਸਲ ਸਾਂਝੇ ਮਸਲੇ ਸੰਭਾਲਦੀ ਹੈ | ਸੰਘੀ (ਕੇਂਦਰੀ) ਸਰਕਾਰ ਰਾਸ਼ਟਰੀ ਮਾਮਲੇ ਸੰਭਾਲਦੀ ਹੈ |
| ਸੰਘ ਕਿਸੇ ਕੌਮ ਦੀ ਹੋਂਦ ਨੂੰ ਖ਼ਤਮ ਨਹੀਂ ਕਰਦਾ | ਸੰਵਿਧਾਨ ਰਾਜਾਂ ਦੀ ਹੋਂਦ ਨੂੰ ਖ਼ਤਮ ਨਹੀਂ ਕਰਦਾ |

**3. ਬਸਤੀਵਾਦੀ ਤਬਾਹੀ ਦਾ ਕੌੜਾ ਸੱਚ**

ਜਿਸ ਧਰਤੀ ਤੋਂ ਯੂਰਪੀਅਨਾਂ ਨੇ ਸੰਘੀ ਸ਼ਾਸਨ ਦੀ ਪ੍ਰੇਰਨਾ ਲਈ, ਉਸੇ ਧਰਤੀ ਦੇ ਮੂਲ ਵਾਸੀਆਂ ਨਾਲ ਬਸਤੀਵਾਦੀ ਤਾਕਤਾਂ ਨੇ ਮਨੁੱਖੀ ਇਤਿਹਾਸ ਦੀ ਸਭ ਤੋਂ ਵੱਡੀ ਨਸਲਕੁਸ਼ੀ ਕੀਤੀ:

ਸਪੇਨ: ਕੈਰੇਬੀਅਨ, ਮੈਕਸੀਕੋ ਅਤੇ ਦੱਖਣੀ ਅਮਰੀਕਾ ਵਿੱਚ ਤਾਈਨੋ, ਐਜ਼ਟੈਕ ਅਤੇ ਇੰਕਾ ਸਭਿਅਤਾਵਾਂ ਨੂੰ ਤਬਾਹ ਕੀਤਾ; ਬੰਧੂਆ ਮਜ਼ਦੂਰੀ ਅਤੇ ਖਾਣਾਂ ਵਿੱਚ ਲੱਖਾਂ ਲੋਕ ਮਾਰੇ।

**ਪੁਰਤਗਾਲ:** ਬ੍ਰਾਜ਼ੀਲ ਵਿੱਚ ਜ਼ਮੀਨਾਂ ਖੋਹੀਆਂ, ਗ਼ੁਲਾਮ ਬਣਾਉਣ ਲਈ ਹਮਲੇ ਕੀਤੇ ਅਤੇ ਬਾਗ਼ਾਂ ਵਿੱਚ ਜਬਰੀ ਮਜ਼ਦੂਰੀ ਕਰਵਾਈ।

**ਬਰਤਾਨੀਆ:** ਅਟਲਾਂਟਿਕ ਤੱਟ 'ਤੇ ਪਿੰਡਾਂ ਅਤੇ ਅਨਾਜ ਦੇ ਭੰਡਾਰਾਂ ਨੂੰ ਤਬਾਹ ਕੀਤਾ, ਲਗਾਤਾਰ ਯੁੱਧ ਥੋਪੇ ਅਤੇ ਬਾਅਦ ਵਿੱਚ ਰਿਜ਼ਰਵੇਸ਼ਨਾਂ ਵਿੱਚ ਕੈਦ ਕਰ ਦਿੱਤਾ।

**ਫ਼ਰਾਂਸ ਅਤੇ ਡੱਚ (ਨੀਦਰਲੈਂਡਜ਼):** ਵਪਾਰਕ ਏਕਾਧਿਕਾਰ, ਧਾਰਮਿਕ ਮਿਸ਼ਨਾਂ ਅਤੇ ਬਸਤੀਵਾਦੀ ਸ਼ੋਸ਼ਣ ਰਾਹੀਂ ਮੂਲ ਕੌਮਾਂ ਨੂੰ ਬੇਜ਼ਮੀਨੇ ਅਤੇ ਨਿਰਭਰ ਕੀਤਾ।

ਚੇਚਕ, ਖ਼ਸਰਾ ਵਰਗੀਆਂ ਮਹਾਂਮਾਰੀਆਂ, ਭੁੱਖਮਰੀ ਅਤੇ ਜੰਗਾਂ ਰਾਹੀਂ ਮੂਲ ਆਬਾਦੀ ਦਾ 75 ਤੋਂ 95 ਫ਼ੀਸਦੀ ਹਿੱਸਾ ਮੌਤ ਦੇ ਮੂੰਹ ਪੈ ਗਿਆ। ਸਾਮਰਾਜੀ ਤਾਕਤਾਂ ਸਾਹਮਣੇ ਨੈਤਿਕਤਾ, ਇਨਸਾਨੀਅਤ ਜਾਂ ਪੁਰਾਣੇ ਸਮਝੌਤਿਆਂ ਦਾ ਕੋਈ ਮੁੱਲ ਨਹੀਂ ਰਿਹਾ।

**4. ਸਿੱਖਾਂ ਲਈ ਇਤਿਹਾਸਕ ਸਬਕ:** ਹੋਂਦ ਲਈ ਸੰਸਥਾਵਾਂ ਦੀ ਲੋੜ, ਅਹਿਸਾਨਮੰਦੀ ਦੀ ਨਹੀਂ

ਇਸ ਇਤਿਹਾਸ ਵਿੱਚੋਂ ਘੱਟ ਗਿਣਤੀਆਂ, ਖ਼ਾਸ ਕਰਕੇ ਸਿੱਖ ਕੌਮ ਲਈ, ਬੇਹੱਦ ਗੰਭੀਰ ਅਤੇ ਤਿੱਖਾ ਸਬਕ ਨਿਕਲਦਾ ਹੈ।

ਸਿੱਖਾਂ ਨੇ ਦੇਸ਼ ਦੀ ਆਜ਼ਾਦੀ, ਰੱਖਿਆ ਅਤੇ ਲੋਕ-ਭਲਾਈ ਲਈ ਆਪਣੀ ਆਬਾਦੀ ਦੇ ਅਨੁਪਾਤ ਨਾਲੋਂ ਕਿਤੇ ਵੱਧ ਕੁਰਬਾਨੀਆਂ ਦਿੱਤੀਆਂ। ਪਰ ਇਤਿਹਾਸ ਗਵਾਹ ਹੈ ਕਿ ਕਿਸੇ ਵੀ ਬਹੁਗਿਣਤੀਵਾਦੀ ਸਿਆਸੀ ਨਿਜ਼ਾਮ ਅੰਦਰ ਬੀਤੇ ਸਮੇਂ ਦੀਆਂ ਕੁਰਬਾਨੀਆਂ ਭਵਿੱਖ ਦੀ ਸੁਰੱਖਿਆ ਜਾਂ ਬਰਾਬਰੀ ਦੀ ਕੋਈ ਗਰੰਟੀ ਨਹੀਂ ਹੁੰਦੀਆਂ। ਸਿਰਫ਼ ਪੁਰਾਣੀਆਂ ਯਾਦਾਂ ਦੇ ਸਹਾਰੇ ਜਿਊਣਾ ਜਾਂ ਬਹੁਗਿਣਤੀ ਤੋਂ ਸਥਾਈ ਸ਼ੁਕਰਗੁਜ਼ਾਰੀ ਦੀ ਆਸ ਰੱਖਣਾ ਸਿਆਸੀ ਨਾਦਾਨੀ ਹੈ।

**ਭਵਿੱਖੀ ਸੁਰੱਖਿਆ ਅਤੇ ਹੋਂਦ ਲਈ ਲਾਜ਼ਮੀ ਕਦਮ:**

**ਵਿਲੱਖਣ ਪਛਾਣ ਅਤੇ ਸੁਤੰਤਰ ਸੰਸਥਾਵਾਂ:** ਸਿੱਖ ਪਛਾਣ, ਇਤਿਹਾਸ, ਮਾਂ-ਬੋਲੀ ਅਤੇ ਆਪਣੀਆਂ ਆਜ਼ਾਦ ਸੰਸਥਾਵਾਂ ਨੂੰ ਕਿਸੇ ਵੀ ਕੀਮਤ 'ਤੇ ਖ਼ੋਰੇ ਤੋਂ ਬਚਾਓ।

**ਸੰਵਿਧਾਨਕ ਤੇ ਕਾਨੂੰਨੀ ਸਿੱਖਿਆ:** ਨੌਜਵਾਨ ਪੀੜ੍ਹੀ ਨੂੰ ਆਪਣੇ ਸੰਵਿਧਾਨਕ, ਕਾਨੂੰਨੀ ਅਤੇ ਬੁਨਿਆਦੀ ਮਨੁੱਖੀ ਹੱਕਾਂ ਪ੍ਰਤੀ ਸੁਚੇਤ ਅਤੇ ਤਿੱਖਣ ਬਣਾਓ।

**ਜ਼ੁਲਮਾਂ ਦਾ ਪੁਖ਼ਤਾ ਦਸਤਾਵੇਜ਼ੀਕਰਨ:** ਕੌਮ ਵਿਰੁੱਧ ਹੁੰਦੇ ਵਿਤਕਰੇ, ਸਿਆਸੀ ਹਿੰਸਾ ਅਤੇ ਇਤਿਹਾਸਕ ਬੇਇਨਸਾਫ਼ੀਆਂ ਦੇ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਮਾਣਿਤ ਦਸਤਾਵੇਜ਼ ਤਿਆਰ ਕਰੋ।

ਆਰਥਿਕ ਸੁਤੰਤਰਤਾ ਅਤੇ ਸੁਤੰਤਰ ਮੀਡੀਆ: ਕੌਮੀ ਪੱਧਰ 'ਤੇ ਮਜ਼ਬੂਤ ਆਰਥਿਕ ਪੈਰਵਾਈ, ਉੱਚ ਪੇਸ਼ੇਵਰ ਲੀਡਰਸ਼ਿਪ ਅਤੇ ਆਪਣਾ ਸੁਤੰਤਰ ਵਿਸ਼ਵ-ਪੱਧਰੀ ਮੀਡੀਆ ਨੈੱਟਵਰਕ ਉਸਾਰੋ।

**ਅੰਤਰਰਾਸ਼ਟਰੀ ਪੈਰਵੀ ਅਤੇ ਗਠਜੋੜ:** ਘਰੇਲੂ ਅਤੇ ਕੌਮਾਂਤਰੀ ਅਦਾਲਤਾਂ ਤੇ ਫੋਰਮਾਂ ਵਿੱਚ ਜਮਹੂਰੀ ਪੈਰਵੀ ਕਰੋ; ਹੋਰ ਦੱਬੀਆਂ-ਕੁਚਲੀਆਂ ਘੱਟ ਗਿਣਤੀਆਂ ਅਤੇ ਮਨੁੱਖੀ ਅਧਿਕਾਰਾਂ ਦੇ ਰਾਖਿਆਂ ਨਾਲ ਸਾਂਝ ਬਣਾਓ।

**ਪੁਰਅਮਨ ਸੰਘਰਸ਼:** ਹਰ ਤਰ੍ਹਾਂ ਦੇ ਬੇਇਨਸਾਫ਼ੀ ਅਤੇ ਦਾਬੇ ਦਾ ਵਿਰੋਧ ਪੁਰਅਮਨ, ਕਾਨੂੰਨੀ ਅਤੇ ਲੋਕਤੰਤਰੀ ਢੰਗ ਨਾਲ ਦ੍ਰਿੜ੍ਹਤਾ ਨਾਲ ਕਰੋ।

(ਨੋਟ: ਹਿੰਦੂਤਵ ਇੱਕ ਬਹੁਗਿਣਤੀਵਾਦੀ ਸਿਆਸੀ ਵਿਚਾਰਧਾਰਾ ਹੈ ਜਿਸਨੂੰ ਸਮੁੱਚੇ ਹਿੰਦੂ ਸਮਾਜ ਨਾਲ ਰਲਗੱਡ ਨਹੀਂ ਕੀਤਾ ਜਾਣਾ ਚਾਹੀਦਾ। ਅਸਲ ਚਿੰਤਾ ਉਸ ਬਹੁਗਿਣਤੀਵਾਦੀ ਰਾਸ਼ਟਰਵਾਦ ਤੋਂ ਹੈ ਜੋ ਧਾਰਮਿਕ ਘੱਟ ਗਿਣਤੀਆਂ ਨੂੰ ਆਪਣੇ ਅਧੀਨ ਕਰਕੇ ਉਨ੍ਹਾਂ ਦੀ ਵਿਲੱਖਣ ਹੋਂਦ ਨੂੰ ਨਿਗਲਣਾ ਚਾਹੁੰਦਾ ਹੈ।)

**ਸਮਾਪਤੀ ਹੋਕਾ :** "ਸਿੱਖ ਕੁਰਬਾਨੀਆਂ ਦਾ ਸਤਿਕਾਰ ਕਰੋ—ਪਰ ਕਿਸੇ ਦੀ ਅਹਿਸਾਨਮੰਦੀ 'ਤੇ ਨਿਰਭਰ ਨਾ ਰਹੋ। ਆਪਣੀ ਪਛਾਣ ਦੀ ਰਾਖੀ ਕਰੋ, ਆਪਣੀਆਂ ਸੰਸਥਾਵਾਂ ਨੂੰ ਅਜਿੱਤ ਬਣਾਓ, ਆਪਣੇ ਹੱਕਾਂ 'ਤੇ ਪਹਿਰਾ ਦਿਓ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਹਰ ਤਰ੍ਹਾਂ ਦੇ ਬਹੁਗਿਣਤੀਵਾਦੀ ਦਬਦਬੇ ਸਾਹਮਣੇ ਸਵੈ-ਮਾਣ ਨਾਲ ਜਿਊਣ ਦੇ ਯੋਗ ਬਣਾਓ।

# ਸਜ਼ਾ ਤੋਂ ਪਹਿਲਾਂ ਬਚਾਅ

ਜਦੋਂ ਕੋਈ ਬੱਚਾ ਅਪਰਾਧ ਦੀ ਦੁਨੀਆ ਵਿੱਚ ਪੈਰ ਧਰਦਾ ਹੈ ਤਾਂ ਇਹ ਇਸ ਗੱਲ ਦਾ ਸਬੂਤ ਹੁੰਦਾ ਹੈ ਕਿ ਸਿਸਟਮ ਕਾਫ਼ੀ ਸਮਾਂ ਪਹਿਲਾਂ ਫੇਲ੍ਹ ਹੋ ਚੁੱਕਾ ਹੈ। ਸੁਪਰੀਮ ਕੋਰਟ ਨੇ ਹਾਲ ਹੀ ਵਿੱਚ ਟਿੱਪਣੀ ਕੀਤੀ ਹੈ ਕਿ ਗ਼ਰੀਬੀ, ਨਾਬਰਾਬਰੀ, ਅਨਪੜ੍ਹਤਾ ਅਤੇ ਵਿਤਕਰਾ ਬੱਚਿਆਂ ਨੂੰ ਅਪਰਾਧ ਵੱਲ ਧੱਕ ਸਕਦੇ ਹਨ। ਇਹ ਟਿੱਪਣੀ ਸਾਨੂੰ ਇਹ ਸੋਚਣ ਲਈ ਮਜਬੂਰ ਕਰਦੀ ਹੈ ਕਿ ਸਾਨੂੰ ਸਿਰਫ਼ ਅਪਰਾਧ ਵੱਲ ਨਹੀਂ ਸਗੋਂ ਉਨ੍ਹਾਂ ਹਾਲਾਤ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ ਜਿਨ੍ਹਾਂ ਕਾਰਨ ਇਹ ਵਾਪਰਦਾ ਹੈ। ਇਸ ਦਾ ਮਤਲਬ ਇਹ ਬਿਲਕੁਲ ਨਹੀਂ ਹੈ ਕਿ ਗ਼ਰੀਬ ਬੱਚੇ ਲਾਜ਼ਮੀ ਤੌਰ 'ਤੇ ਅਪਰਾਧੀ ਬਣ ਜਾਂਦੇ ਹਨ। ਤੰਗੀ ਵਿੱਚ ਪਲਣ ਵਾਲੇ ਬਹੁਤੇ ਬੱਚੇ ਅਜਿਹੇ ਰਸਤੇ ਨਹੀਂ ਅਪਣਾਉਂਦੇ, ਪਰ ਜਦੋਂ ਗ਼ਰੀਬੀ ਕਾਰਨ ਪੜ੍ਹਾਈ ਛੁੱਟ ਜਾਵੇ, ਬਾਲ ਮਜ਼ਦੂਰੀ, ਘਰੇਲੂ ਕਲੇਸ਼, ਨਸ਼ੇ, ਮਾੜੀ ਸੰਗਤ ਅਤੇ ਸਮਾਜਿਕ ਵਿਤਕਰੇ ਵਰਗੀਆਂ ਸਮੱਸਿਆਵਾਂ ਵੀ ਇਸ ਨਾਲ ਜੁੜ ਜਾਂਦੀਆਂ ਹਨ ਤਾਂ ਬੱਚੇ ਕਮਜ਼ੋਰ ਪੈ ਕੇ ਗ਼ਲਤ ਰਾਹ ਪੈ ਜਾਂਦੇ ਹਨ। ਸਰਕਾਰ ਜਾਂ ਪ੍ਰਸ਼ਾਸਨ ਆਪਣੀ ਜ਼ਿੰਮੇਵਾਰੀ ਤੋਂ ਨਹੀਂ ਬਚ ਸਕਦਾ। ਇਸ ਨੂੰ ਬੱਚੇ ਵੱਲੋਂ ਪੁਲੀਸ ਸਟੇਸ਼ਨ ਜਾਂ ਜੁਵੇਨਾਈਲ ਬੋਰਡ (ਬਾਲ ਅਦਾਲਤ) ਤੱਕ ਪਹੁੰਚਣ ਤੋਂ ਪਹਿਲਾਂ ਹੀ ਸਿਸਟਮ ਦੀਆਂ ਖ਼ਾਮੀਆਂ ਦੂਰ ਕਰਨੀਆਂ ਚਾਹੀਦੀਆਂ ਹਨ।

ਸੁਪਰੀਮ ਕੋਰਟ ਦੀ ਇਹ ਚਿੰਤਾ ਕਿ ਜੁਵੇਨਾਈਲ ਜਸਟਿਸ ਐਕਟ (ਬਾਲ ਨਿਆਂ ਐਕਟ) ਦੇ ਸੁਰੱਖਿਆ ਉਪਬੰਧ ਹਰ ਲੋੜਵੰਦ ਬੱਚੇ ਤੱਕ ਨਹੀਂ ਪਹੁੰਚ ਸਕੇ, ਜੋ ਸਰਕਾਰੀ ਤੰਤਰ ਦੀ ਵੱਡੀ ਅਸਫ਼ਲਤਾ ਨੂੰ ਉਜਾਗਰ ਕਰਦੀ ਹੈ। ਇਹ ਕਾਨੂੰਨ ਸਜ਼ਾ ਦੇਣ 'ਤੇ ਨਹੀਂ ਸਗੋਂ ਬੱਚਿਆਂ ਦੀ ਦੇਖਭਾਲ, ਸੁਰੱਖਿਆ, ਸੁਧਾਰ ਅਤੇ ਉਨ੍ਹਾਂ ਨੂੰ ਮੁੱਖ ਧਾਰਾ ਵਿੱਚ ਵਾਪਸ ਲਿਆਉਣ 'ਤੇ ਆਧਾਰਿਤ ਹੈ। ਇਸ ਦੇ ਬਾਵਜੂਦ ਕਈ ਵਾਰ ਬੱਚੇ ਅਜਿਹੇ ਸਿਸਟਮ ਵਿੱਚ ਫਸ ਜਾਂਦੇ ਹਨ ਜਿੱਥੇ ਅਧਿਕਾਰੀ ਅਤੇ ਸਬੰਧਿਤ ਲੋਕ ਨਾ ਤਾਂ ਉਨ੍ਹਾਂ ਦੀ ਉਮਰ (ਨਾਬਾਲਗ ਹੋਣ) ਨੂੰ ਪਛਾਣ ਪਾਉਂਦੇ ਹਨ ਅਤੇ ਨਾ ਹੀ ਉਨ੍ਹਾਂ ਨੂੰ ਮਿਲਣ ਵਾਲੇ ਕਾਨੂੰਨੀ ਹੱਕਾਂ ਨੂੰ ਪੂਰੀ ਤਰ੍ਹਾਂ ਸਮਝਦੇ ਹਨ।

ਇਸ ਦਾ ਅਸਲ ਹੱਲ ਇਹੀ ਹੈ ਕਿ ਬਾਲ ਨਿਆਂ ਪ੍ਰਣਾਲੀ ਨੂੰ ਸਜ਼ਾ ਦੇਣ ਦੀ ਬਜਾਏ ਅਪਰਾਧ ਨੂੰ ਪਹਿਲਾਂ ਹੀ ਰੋਕਣ (ਪ੍ਰੀਵੈਂਟਿਵ) ਵਾਲਾ ਬਣਾਇਆ ਜਾਵੇ। ਸਕੂਲੋਂ ਹਟਣ ਵਾਲੇ ਬੱਚਿਆਂ, ਬਾਲ ਮਜ਼ਦੂਰਾਂ, ਬੇਘਰ ਬੱਚਿਆਂ, ਨਸ਼ੇ ਦੇ ਆਦੀ ਅਤੇ ਵੈੱਲਫੇਅਰ ਏਜੰਸੀਆਂ ਦੇ ਸੰਪਰਕ ਵਿੱਚ ਵਾਰ-ਵਾਰ ਆਉਣ ਵਾਲੇ ਬੱਚਿਆਂ ਦੀ ਮਦਦ ਲਈ ਸਿਖਲਾਈ ਪ੍ਰਾਪਤ ਸੋਸ਼ਲ ਵਰਕਰਾਂ, ਕਾਊਂਸਲਰਾਂ ਅਤੇ ਬਾਲ ਸੁਰੱਖਿਆ ਅਧਿਕਾਰੀਆਂ ਵੱਲੋਂ ਸਮੇਂ ਸਿਰ ਕਦਮ ਚੁੱਕੇ ਜਾਣੇ ਚਾਹੀਦੇ ਹਨ। ਜੁਵੇਨਾਈਲ ਜਸਟਿਸ ਬੋਰਡਾਂ (ਬਾਲ ਨਿਆਂ ਬੋਰਡਾਂ) ਨੂੰ ਪੂਰੀ ਪੇਸ਼ੇਵਰ ਮਦਦ ਦੀ ਲੋੜ ਹੈ ਅਤੇ ਬਾਲ ਸੁਧਾਰ ਘਰਾਂ ਤੋਂ ਛੁੱਟਣ ਤੋਂ ਬਾਅਦ ਵੀ ਬੱਚਿਆਂ ਦੀ ਦੇਖਭਾਲ ਅਤੇ ਮੁੜ-ਵਸੇਬਾ ਜਾਰੀ ਰਹਿਣਾ ਚਾਹੀਦਾ ਹੈ। ਇਹ ਚੁਣੌਤੀ ਹੁਣ ਹੋਰ ਵੀ ਗੁੰਝਲਦਾਰ ਹੋ ਗਈ ਹੈ। ਜਿਵੇਂ ਕਿ ਸੁਪਰੀਮ ਕੋਰਟ ਨੇ ਹਾਲ ਹੀ ਵਿੱਚ ਨੋਟ ਕੀਤਾ ਹੈ ਕਿ ਅੱਜ ਦੇ ਬੱਚੇ ਤਕਨਾਲੋਜੀ ਅਤੇ ਸੋਸ਼ਲ ਮੀਡੀਆ ਰਾਹੀਂ ਬਹੁਤ ਛੋਟੀ ਉਮਰ ਵਿੱਚ ਹੀ ਗੁੰਝਲਦਾਰ ਜਾਣਕਾਰੀ, ਹਿੰਸਕ ਜਾਂ ਅਸ਼ਲੀਲ ਸਮੱਗਰੀ (ਗ੍ਰਾਫਿਕ ਕੰਟੈਂਟ) ਅਤੇ ਉਨ੍ਹਾਂ ਤਜਰਬਿਆਂ ਦੇ ਸੰਪਰਕ ਵਿੱਚ ਆ ਰਹੇ ਹਨ, ਜੋ ਅਜੇ ਉਨ੍ਹਾਂ ਦੀ ਉਮਰ ਦੇ ਨਹੀਂ ਹੁੰਦੇ। ਅਸਲ ਪ੍ਰੀਖਿਆ ਇਹੀ ਹੈ ਕਿ ਕੀ ਸਮਾਜ ਕਿਸੇ ਕਮਜ਼ੋਰ ਬੱਚੇ ਦੇ ਅਪਰਾਧੀ ਬਣਨ ਤੋਂ ਪਹਿਲਾਂ ਉਸ ਦੀ ਮਦਦ ਲਈ ਅੱਗੇ ਆ ਸਕਦਾ ਹੈ ਜਾਂ ਨਹੀਂ।

# ਪਹਿਲੇ ਪ੍ਰਕਾਸ਼ ਪੁਰਬ ਮੌਕੇ ਗੁ. ਸ੍ਰੀ ਰਾਮਸਰ ਸਾਹਿਬ ਤੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੱਕ ਸਜਾਇਆ ਨਗਰ ਕੀਰਤਨ

## ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿਚ ਦੀਪਮਾਲਾ ਕੀਤੀ; ਵੱਡੀ ਗਿਣਤੀ ਸੰਗਤ ਨਤਮਸਤਕ
















ਅੰਮ੍ਰਿਤਸਰ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਵੱਡੀ ਗਿਣਤੀ ਸੰਗਤਾਂ ਨੇ ਨਤਮਸਤਕ ਹੋ ਕੇ ਗੁਰਬਾਣੀ ਕੀਰਤਨ ਅਤੇ ਗੁਰਮਤਿ ਸਮਾਗਮਾਂ ਵਿਚ ਹਾਜ਼ਰੀ ਭਰਦਿਆਂ ਗੁਰੂ ਸਾਹਿਬ ਪ੍ਰਤੀ ਸ਼ਰਧਾ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆ ਦੀ ਅਗਵਾਈ ਪੁਰਾਤਨ ਸਿੱਖ ਪਰੰਪਰਾ ਅਨੁਸਾਰ ਨਗਰ ਕੀਰਤਨ ਸਜਾਇਆ ਗਿਆ, ਜੋ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੁੱਜ ਕੇ ਸੰਪੰਨ ਹੋਇਆ।

ਨਗਰ ਕੀਰਤਨ ਦੀ ਰਵਾਨਗੀ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਟੇਕ ਸਿੰਘ ਨੇ ਪੰਜ ਪਿਆਰੇ, ਨਿਸ਼ਾਨਚੀ ਤੇ ਨਗਾਰਚੀ ਸਿੰਘਾਂ ਨੂੰ ਸਿਰੋਪਾਓ ਦੇ ਕੇ ਸਤਿਕਾਰ ਦਿੱਤਾ। ਇਸ ਮੌਕੇ ਵੱਡੀ ਗਿਣਤੀ ਵਿਚ ਪੰਥਕ ਸ਼ਖ਼ਸੀਅਤਾਂ ਅਤੇ ਸੰਗਤਾਂ ਪੁੱਜੀਆਂ। ਇਸ ਮੌਕੇ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਨੇ ਸੰਗਤਾਂ ਨਾਲ ਕਥਾ-ਵਿਚਾਰਾਂ ਦੀ ਸਾਂਝ ਪਾਈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬਾਣੀ ਸਿੱਖ ਦੇ ਜੀਵਨ ਦਾ ਅਧਾਰ ਹੈ ਅਤੇ ਹਰ ਸਿੱਖ ਦਾ ਫ਼ਰਜ਼ ਹੈ ਕਿ ਉਹ ਗੁਰਬਾਣੀ ’ਚ ਦਰਸਾਏ ਮਾਰਗ ’ਤੇ ਚੱਲ ਕੇ ਜੀਵਨ ਬਤੀਤ ਕਰੇ। ਗਿਆਨੀ ਅਮਰਜੀਤ ਸਿੰਘ ਨੇ ਸੰਗਤਾਂ ਨੂੰ ਪਹਿਲੇ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਪਾਵਨ ਗੁਰਬਾਣੀ ਅਤੇ ਗੁਰਮਤਿ ਰਹਿਣੀ ਅਨੁਸਾਰ ਜੀਵਨ ਬਤੀਤ ਕਰਨ ਦੀ ਪ੍ਰੇਰਣਾ ਕੀਤੀ।

ਨਗਰ ਕੀਰਤਨ ’ਚ ਸ਼ਾਮਲ ਹੋਏ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਗੁਰਮਤਿ ਰਹਿਣੀ ਨੂੰ ਜੀਵਨ ਦਾ ਹਿੱਸਾ ਬਣਾਉਣ ਦੀ ਅਪੀਲ ਕੀਤੀ। ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਵਾ ਕੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਉਨ੍ਹਾਂ ਕਿਹਾ ਕਿ ਗੁਰਬਾਣੀ ਮਨੁੱਖਤਾ ਨੂੰ ਜੀਵਨ ਦਾ ਰਾਹ ਦਰਸਾਉਂਦੀ ਹੈ। ਮਨੁੱਖੀ ਜੀਵਨ ਨੂੰ ਸੁਖਦਾਈ ਬਣਾਉਣ ਲਈ ਗੁਰਬਾਣੀ ਇਕ ਅਹਿਮ ਮਾਰਗ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸੰਗਤਾਂ ਨੂੰ ਗੁਰਬਾਣੀ ਨਿਤਨੇਮ ਨਾਲ ਜੁੜਨ ਅਤੇ ਅੰਮ੍ਰਿਤਧਾਰੀ ਹੋਣ ਦੀ ਪ੍ਰੇਰਣਾ ਵੀ ਕੀਤੀ। ਨਗਰ ਕੀਰਤਨ ਸਮੇਂ ਸਿੱਖ ਨੌਜੁਆਨਾਂ ਵੱਲੋਂ ਗਤਕਾ ਪ੍ਰਦਰਸ਼ਨ ਦੇ ਨਾਲ-ਨਾਲ ਸ਼ਬਦੀ ਜਥਿਆਂ ਨੇ ਸ਼ਬਦ ਗਾਇਨ ਕਰਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ। ਇਸੇ ਦੌਰਾਨ ਰਸਤੇ ਵਿਚ ਸ਼ਰਧਾਲੂਆਂ ਵੱਲੋਂ ਵੱਖ-ਵੱਖ ਪਕਵਾਨਾਂ ਦੇ ਲੰਗਰ ਵੀ ਲਗਾਏ ਗਏ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਸੁਰਜੀਤ ਸਿੰਘ ਭਿੱਟੇਵੱਡ, ਬਾਵਾ ਸਿੰਘ ਗੁਮਾਨਪੁਰਾ, ਭਾਈ ਅਜੈਬ ਸਿੰਘ ਅਭਿਆਸੀ, ਗੁਰਮੀਤ ਸਿੰਘ ਬੂਹ, ਅਮਰਜੀਤ ਸਿੰਘ ਭਲਾਈਪੁਰ, ਭਾਈ ਮਨਜੀਤ ਸਿੰਘ, ਅਮਰਜੀਤ ਸਿੰਘ ਬੰਡਾਲਾ, ਬਲਵਿੰਦਰ ਸਿੰਘ ਵੇਈਂਪੂਈਂ, ਬਾਬਾ ਗੁਰਮੀਤ ਸਿੰਘ ਤ੍ਰਿਲੋਕੇਵਾਲਾ, ਓਐਸਡੀ ਸਤਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ਼ਾਹਬਾਜ਼ ਸਿੰਘ, ਵਧੀਕ ਸਕੱਤਰ ਬਿਜੈ ਸਿੰਘ, ਪ੍ਰੀਤਪਾਲ ਸਿੰਘ, ਤੇਜਿੰਦਰ ਸਿੰਘ ਪੱਡਾ, ਜਸਵਿੰਦਰ ਸਿੰਘ ਜੱਸੀ, ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਗੁਰਦਿਆਲ ਸਿੰਘ, ਗੁਰਨਾਮ ਸਿੰਘ, ਮਨਜੀਤ ਸਿੰਘ, ਹਰਭਜਨ ਸਿੰਘ ਵਕਤਾ, ਸੁਖਬੀਰ ਸਿੰਘ, ਅਜ਼ਾਦ ਦੀਪ ਸਿੰਘ, ਗੁਰਮੀਤ ਸਿੰਘ ਮੁਕਤਸਰੀ, ਸਤਨਾਮ ਸਿੰਘ ਰਿਆੜ, ਮੈਨੇਜਰ ਮੇਜਰ ਸਿੰਘ, ਅਰਦਾਸੀਆ ਭਾਈ ਪ੍ਰੇਮ ਸਿੰਘ, ਸੁਪ੍ਰਿੰਟੈਂਡੈਂਟ ਨਿਸ਼ਾਨ ਸਿੰਘ, ਮਲਕੀਤ ਸਿੰਘ ਬਹਿੜਵਾਲ, ਮੈਨੇਜਰ ਜਤਿੰਦਰਪਾਲ ਸਿੰਘ, ਨਰਿੰਦਰ ਸਿੰਘ, ਰਾਜਿੰਦਰ ਸਿੰਘ ਸਮੇਤ ਵੱਖ-ਵੱਖ ਸਭਾ ਸੁਸਾਇਟੀਆਂ ਦੇ ਨੁਮਾਇੰਦੇ ਅਤੇ ਸੰਗਤਾਂ ਨੇ ਹਾਜ਼ਰੀ ਭਰੀ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਵਿਖੇ ਸਜਾਏ ਜਲੌਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਵਿਖੇ ਜਲੌਂ ਸਜਾਏ ਗਏ। ਇਸ ਦੇ ਨਾਲ ਹੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਰੰਗ-ਬਿਰੰਗੇ ਫੁੱਲਾਂ ਦੀ ਸਜਾਵਟ ਵੀ ਸੰਗਤਾਂ ਲਈ ਖਿੱਚ ਦਾ ਕੇਂਦਰ ਰਹੀ। ਇਸ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਸਮੇਤ ਵੱਖ-ਵੱਖ ਧਾਰਮਿਕ ਅਸਥਾਨਾਂ ਨੂੰ ਦੀਪਮਾਲਾ ਨਾਲ ਸਜਾਇਆ ਗਿਆ। ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸਜਾਏ ਗੁਰਮਤਿ ਸਮਾਗਮ ’ਚ ਰਾਗੀ, ਢਾਡੀ ਅਤੇ ਕਵੀਸ਼ਰ ਜਥਿਆਂ ਨੇ ਸੰਗਤ ਨੂੰ ਗੁਰੂ ਜਸ ਨਾਲ ਜੋੜਿਆ।

# ਸਿੱਖ ਕਾਕਸ ਕਮੇਟੀ, AGPC ਅਤੇ SCOPE ਦੇ ਸੱਦੇ 'ਤੇ ਅਮਰੀਕਾ ਪੁੱਜੇ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਸ. ਬਰਜਿੰਦਰ ਸਿੰਘ ਸੋਢੀ ਦਾ ਕੈਲੀਫੋਰਨੀਆ ਅਸੈਂਬਲੀ ਸਮੇਤ ਸਮੂਹ ਪੰਥ ਵੱਲੋਂ ਵਿਸ਼ੇਸ਼ ਸਨਮਾਨ




ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਐਡਵੋਕੇਟ ਬਰਜਿੰਦਰ ਸਿੰਘ ਸੋਢੀ



ਕੈਲੀਫੋਰਨੀਆਂ ਦੀ ਅਸੈਂਬਲੀ ਵਿਚ ਡਾ. ਜਸਮੀਤ ਕੌਰ ਬੈਂਸ ਐਡਵੋਕੇਟ ਬਰਜਿੰਦਰ ਸਿੰਘ ਸੋਢੀ ਨੂੰ ਯਾਦਗਾਰੀ ਮਾਣ ਪੱਤਰ ਨਾਲ ਸਨਮਾਨਿਤ ਕਰਦੇ ਹੋਏ।



ਸਿੱਖ ਕਾਕਸ ਕਮੇਟੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਐਡਵੋਕੇਟ ਬਰਜਿੰਦਰ ਸਿੰਘ ਸੋਢੀ ਨਾਲ

**ਜਦੋਂ ਹਕੂਮਤੀ ਨਸ਼ੇ ਵਿੱਚ ਅੰਨ੍ਹੀਆਂ ਹੋਈਆਂ ਤਾਕਤਾਂ ਵੱਲੋਂ ਕਾਨੂੰਨ ਦੀਆਂ ਸ਼ਰੇਆਮ ਧੱਜੀਆਂ ਉਡਾਈਆਂ ਜਾ ਰਹੀਆਂ ਹੋਣ, ਅਦਾਲਤਾਂ ਖ਼ੌਫ਼ ਦੇ ਸਾਏ ਹੇਠ ਚੁੱਪ ਧਾਰਨ ਕਰ ਚੁੱਕੀਆਂ ਹੋਣ ਅਤੇ ਨਿਰਦੋਸ਼ ਨੌਜਵਾਨਾਂ ਦੀਆਂ ਲਾਸ਼ਾਂ ਦਰਿਆਵਾਂ ਦੇ ਪਾਣੀਆਂ ਤੇ ਸ਼ਮਸ਼ਾਨਘਾਟਾਂ ਵਿੱਚ ਬੇਨਾਮ ਰਾਖ ਬਣਾ ਦਿੱਤੀਆਂ ਗਈਆਂ ਹੋਣ—ਉਸ ਕਹਿਰਵਾਨ ਦੌਰ ਵਿੱਚ ਸੱਚ ਦੇ ਹੱਕ ਵਿੱਚ ਹਿੱਕ ਡਾਹ ਕੇ ਖੜ੍ਹਨਾ ਮਹਿਜ਼ ਵਕਾਲਤ ਨਹੀਂ, ਸਗੋਂ ਜਾਨ ਤਲੀ 'ਤੇ ਰੱਖ ਕੇ ਲੜਿਆ ਜਾਣ ਵਾਲਾ ਇੱਕ ਪਵਿੱਤਰ ਧਰਮ-ਯੁੱਧ ਸੀ। ਭਾਰਤੀ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਐਡਵੋਕੇਟ ਸਰਦਾਰ ਬਰਜਿੰਦਰ ਸਿੰਘ ਸੋਢੀ ਉਹ ਨਿਡਰ, ਬੇਬਾਕ ਤੇ ਸਿਦਕੀ ਯੋਧੇ ਹਨ, ਜਿਨ੍ਹਾਂ ਨੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੇ ਖ਼ੂਨ ਨਾਲ ਸਿੰਜੇ ਹੋਏ ਸੱਚ ਨੂੰ ਹਕੂਮਤੀ ਅਦਾਲਤਾਂ ਦੇ ਕਟਹਿਰੇ ਵਿੱਚ ਲਾਵਾਰਿਸ ਨਹੀਂ ਹੋਣ ਦਿੱਤਾ। ਜਿਸ ਵੇਲੇ ਹੱਕ-ਸੱਚ ਲਈ ਲੜਨ ਵਾਲੇ ਸਾਥੀ ਵਕੀਲਾਂ ਨੂੰ ਸ਼ਹੀਦ ਕੀਤਾ ਜਾ ਰਿਹਾ ਸੀ, ਕੋਰਟਾਂ ਦੇ ਬਾਹਰ ਗੱਡੀਆਂ ਦੇ ਟਾਇਰ ਪਾੜੇ ਜਾਂਦੇ ਸਨ, ਸਰਕਾਰੀ ਸ਼ਹਿ ਪ੍ਰਾਪਤ ਵਰਦੀਧਾਰੀ ਦਹਿਸ਼ਤਗਰਦ ਰਾਤਾਂ ਨੂੰ ਘਰਾਂ 'ਚ ਪਰਿਵਾਰਾਂ ਤੇ ਮਾਸੂਮ ਬੱਚਿਆਂ ਨੂੰ ਖ਼ਤਮ ਕਰਨ ਦੀਆਂ ਧਮਕੀਆਂ ਦਿੰਦੇ ਸਨ ਅਤੇ ਖ਼ੁਦ ਜੱਜ ਇਨਸਾਫ਼ ਦੀ ਕੁਰਸੀ ਛੱਡ ਕੇ ਚੈਂਬਰਾਂ ਵਿੱਚ ਭੱਜਣ ਲਈ ਮਜਬੂਰ ਸਨ; ਉਸ ਭਿਆਨਕ ਦੌਰ ਅੰਦਰ ਬਿਨਾਂ ਕਿਸੇ ਲਾਲਚ ਜਾਂ ਡਰ ਤੋਂ ਮਜ਼ਲੂਮਾਂ ਦੀ ਬਾਂਹ ਫੜਨਾ ਇੱਕ ਲਾਮਿਸਾਲ ਸਿਦਕ ਤੇ ਸ਼ਹਾਦਤ ਵਰਗੀ ਘਾਲਣਾ ਦੀ ਦਾਸਤਾਨ ਹੈ। ਅੱਜ ਕੈਲੀਫੋਰਨੀਆ ਅਸੈਂਬਲੀ ਅਤੇ ਦੁਨੀਆ ਭਰ ਦੀਆਂ ਪੰਥਕ ਸਫ਼ਾਂ ਵੱਲੋਂ ਐਡਵੋਕੇਟ ਸੋਢੀ ਸਾਹਿਬ ਨੂੰ ਦਿੱਤਾ ਗਿਆ ਮਾਣ-ਸਨਮਾਨ ਦਰਅਸਲ ਉਸੇ ਅਣਥੱਕ ਤਪੱਸਿਆ, ਇਨਸਾਫ਼ ਦੀ ਅਣਬੁੱਝ ਮਸ਼ਾਲ ਅਤੇ ਮਨੁੱਖੀ ਹੱਕਾਂ ਦੀ ਰਾਖੀ ਕਰਨ ਵਾਲੀ ਦਲੇਰੀ ਨੂੰ ਸਮੁੱਚੀ ਕੌਮ ਦਾ ਸਨਿਮਰ ਸਿਜਦਾ ਹੈ। ਸਿੱਖ ਕੌਮ 'ਤੇ ਢਾਹੇ ਗਏ ਉਸ ਖ਼ੂਨੀ ਦੌਰ ਦੇ ਦਰਦ, ਪਰਦੇ ਪਿੱਛੇ ਘੜੀਆਂ ਗਈਆਂ ਸਾਜ਼ਿਸ਼ਾਂ ਅਤੇ ਅਦਾਲਤੀ ਸੰਘਰਸ਼ ਦੀ ਰੌਂਗਟੇ ਖੜ੍ਹੇ ਕਰ ਦੇਣ ਵਾਲੀ ਅਸਲ ਦਾਸਤਾਨ, ਪੰਥ ਦੇ ਇਸ ਨਿਸ਼ਕਾਮ ਸੇਵਾਦਾਰ ਐਡਵੋਕੇਟ ਸ. ਬਰਜਿੰਦਰ ਸਿੰਘ ਸੋਢੀ ਦੀ ਹੀ ਜ਼ੁਬਾਨੀ ਪਾਠਕਾਂ ਦੇ ਰੂਬਰੂ ਕਰਦਿਆਂ ਅਸੀਂ ਫ਼ਖ਼ਰ ਮਹਿਸੂਸ ਕਰ ਰਹੇ ਹਾਂ। - ਸਤਨਾਮ ਸਿੰਘ ਖਾਲਸਾ**



ਸ. ਸੋਢੀ ਨਾਲ ਲੈਥਰੋਪ ਸਿਟੀ ਦੇ ਸੁਪਰਵਾਈਜ਼ਰ ਸ. ਸਨੀ ਧਾਲੀਵਾਲ, ਡਾ. ਪ੍ਰਿਤਪਾਲ ਸਿੰਘ, ਸ. ਰਾਜਿੰਦਰ ਸਿੰਘ ਟਾਂਡਾ ਅਤੇ ਸ. ਗੁਰਅੰਮ੍ਰਿਤ ਸਿੰਘ।




ਲੈਥਰੋਪ ਸਿਟੀ ਦੇ ਸੁਪਰਵਾਈਜ਼ਰ ਸ. ਸਨੀ ਧਾਲੀਵਾਲ ਸ. ਸੋਢੀ ਨੂੰ ਸਨਮਾਨਿਤ ਕਰਦੇ ਹੋਏ।



ਐਡਵੋਕੇਟ ਬਰਜਿੰਦਰ ਸਿੰਘ ਸੋਢੀ ਨਾਲ ਗੱਲਬਾਤ ਕਰਦੀ ਹੋਈ ਗੁਰਦੁਆਰਾ ਸਾਹਿਬ ਫਰੀਮਾਂਟ ਦੀ ਲੀਡਰਸ਼ਿਪ ਜਿਨ੍ਹਾਂ ਵਿਚ ਸ. ਨਿਰਪਾਲ ਸਿੰਘ ਮਸਿਆਣੀ, ਅੰਮ੍ਰਿਤਸਰ ਟਾਈਮਜ਼ ਤੋਂ ਸ. ਜਸਜੀਤ ਸਿੰਘ, ਯੂਨਾਈਟਿਡ ਸਿੱਖ ਤੋਂ ਸ. ਗੁਰਅੰਮ੍ਰਿਤ ਸਿੰਘ, ਡਾ. ਜਸਮੀਤ ਕੌਰ ਅਤੇ ਡਾ. ਪ੍ਰਿਤਪਾਲ ਸਿੰਘ।

ਸਿੱਖ ਕਾਰਜ ਕਮੇਟੀ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (AGPC) ਅਤੇ 'ਸਕੋਪ' (SCOPE) ਦੇ ਸਾਂਝੇ ਸੱਦੇ 'ਤੇ ਅਮਰੀਕਾ ਪਹੁੰਚੇ ਭਾਰਤੀ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਸ. ਬਰਜਿੰਦਰ ਸਿੰਘ ਸੋਢੀ ਦਾ ਅਮਰੀਕਨ ਅਸੈਂਬਲੀ ਸਮੇਤ ਵੱਖ-ਵੱਖ ਪੰਥਕ ਜਥੇਬੰਦੀਆਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਵੱਲੋਂ ਯਾਦਗਾਰੀ ਚਿੰਨ੍ਹ, ਦਸਤਾਰ, ਸਿਰੋਪਾਓ ਅਤੇ ਮਾਣ-ਪੱਤਰ ਦੇ ਕੇ ਵਿਸ਼ੇਸ਼ ਸਨਮਾਨ ਕੀਤਾ ਗਿਆ।

ਮਨੁੱਖੀ ਅਧਿਕਾਰਾਂ ਦੇ ਅਲੰਬਰਦਾਰ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ 30ਵੀਂ ਬਰਸੀ ਦੇ ਸੰਦਰਭ ਵਿੱਚ ਬੇ ਏਰੀਆ (ਸੈਨਹੋਜ਼ੇ, ਫਰੀਮਾਂਟ ਅਤੇ ਮਿਲਪੀਟਸ) ਵਿਖੇ ਕਰਵਾਏ ਗਏ ਵੱਖ-ਵੱਖ



ਸਮਾਗਮਾਂ ਦੌਰਾਨ ਸੰਗਤਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਐਡਵੋਕੇਟ ਸੋਢੀ ਨੇ 1980ਵਿਆਂ ਅਤੇ 1990ਵਿਆਂ ਦੌਰਾਨ ਪੰਜਾਬ ਅੰਦਰ ਕਾਨੂੰਨ ਦੇ ਰਾਜ ਦੀਆਂ ਉੱਡੀਆਂ ਧੱਜੀਆਂ, ਝੂਠੇ ਪੁਲਿਸ ਮੁਕਾਬਲਿਆਂ ਅਤੇ ਅਦਾਲਤੀ ਲੜਾਈਆਂ ਦੇ ਅਣਗੌਲੇ ਪੱਖ ਬੜੀ ਬੇਬਾਕੀ ਨਾਲ ਸੰਗਤਾਂ ਸਾਹਮਣੇ ਰੱਖੇ।

**ਜਾਨ ਤਲੀ 'ਤੇ ਧਰ ਕੇ ਲੜੀ ਗਈ ਕਾਨੂੰਨੀ ਲੜਾਈ ਅਤੇ ਵਕੀਲਾਂ ਦੀਆਂ ਸ਼ਹਾਦਤਾਂ :** ਐਡਵੋਕੇਟ ਸੋਢੀ ਨੇ ਕਿਹਾ ਕਿ ਜਦੋਂ ਪੰਜਾਬ ਅੰਦਰ ਸਿੱਖ ਨੌਜਵਾਨਾਂ ਨੂੰ ਘਰਾਂ ਅਤੇ ਬਾਜ਼ਾਰਾਂ ਵਿੱਚੋਂ ਚੁੱਕ ਕੇ ਗ਼ੈਰ-ਕਾਨੂੰਨੀ ਢੰਗ ਨਾਲ ਲਾਪਤਾ ਕਰ ਦਿੱਤਾ ਜਾਂਦਾ ਸੀ, ਉਸ ਵੇਲੇ ਬੇਖ਼ੌਫ਼ ਹੋ ਕੇ ਅਦਾਲਤਾਂ ਦਾ ਬੂਹਾ ਖੜਕਾਉਣ ਵਾਲੇ ਵਕੀਲਾਂ ਨੂੰ ਵੀ ਆਪਣੀਆਂ ਜਾਨਾਂ ਗਵਾਉਣੀਆਂ ਪਈਆਂ। ਉਨ੍ਹਾਂ ਸੰਗਰੂਰ ਦੇ ਐਡਵੋਕੇਟ ਸੁਖਵਿੰਦਰ ਸਿੰਘ ਭੱਟੀ, ਕਪੂਰਥਲਾ ਦੇ ਐਡਵੋਕੇਟ ਜਗਵਿੰਦਰ ਸਿੰਘ ਅਤੇ ਬਠਿੰਡਾ ਦੇ ਐਡਵੋਕੇਟ ਮਾਨਸਾਹੀਆ ਦੀਆਂ ਸ਼ਹਾਦਤਾਂ ਨੂੰ ਨਮਨ ਕਰਦਿਆਂ ਕਿਹਾ:

'ਮੈਂ ਇਕੱਲਾ ਨਹੀਂ ਸੀ। ਟਾਡਾ (TADA) ਦੇ ਕਾਲੇ ਦੌਰ ਵਿੱਚ ਵੱਖ-ਵੱਖ ਜ਼ਿਲ੍ਹਿਆਂ ਦੇ ਵਕੀਲਾਂ ਨੇ ਬਿਨਾਂ ਕਿਸੇ ਨਿੱਜੀ ਸਵਾਰਥ ਤੋਂ ਇੱਕ ਲੜੀ ਬਣਾਈ। ਗੁਰੂ ਸਾਹਿਬ ਨੇ ਸੋਝੀ ਬਖ਼ਸ਼ੀ ਕਿ ਜੇ ਸਿੱਖ ਘਰ ਜਨਮ ਲਿਆ ਹੈ ਤਾਂ ਨੇਕ ਕਮਾਈ ਦੇ ਨਾਲ-ਨਾਲ ਆਪਣੀ ਵਕਾਲਤ ਦਾ ਵੀ ਦਸਵੰਧ ਕੌਮ ਦੇ ਲੇਖੇ ਲਾਈਏ।'

ਉਨ੍ਹਾਂ ਦੱਸਿਆ ਕਿ ਜਦੋਂ ਚਾਰ ਵਕੀਲਾਂ ਨੂੰ ਸ਼ਹੀਦ ਕਰ ਦਿੱਤਾ ਗਿਆ ਤਾਂ ਸੁਪਰੀਮ ਕੋਰਟ ਨੇ 15 ਵਕੀਲਾਂ ਨੂੰ ਸੁਰੱਖਿਆ ਮੁਹੱਈਆ ਕਰਵਾਉਣ ਦੇ ਆਦੇਸ਼ ਦਿੱਤੇ ਸਨ। ਪਰ ਬਾਅਦ ਵਿੱਚ ਜਦੋਂ ਪੰਜਾਬ ਅੰਦਰ ਸੁਮੇਧ ਸੈਣੀ ਡੀ.ਜੀ.ਪੀ. ਬਣਿਆ ਤਾਂ ਇਹ ਕਹਿ ਕੇ ਸੁਰੱਖਿਆ ਵਾਪਸ ਲੈ ਲਈ ਗਈ ਕਿ 'ਇਹ ਪੁਲਿਸ ਵਿਰੁੱਧ ਕੇਸ ਲੜਦੇ ਹਨ, ਇਨ੍ਹਾਂ ਨੂੰ ਸੁਰੱਖਿਆ ਕਿਉਂ ਦੇਈਏ?' ਇੱਕ ਡੀ.ਐੱਸ.ਪੀ. ਨੇ ਸੈਣੀ ਕੋਲ ਪੇਸ਼ ਹੋ ਕੇ ਤਰਲੇ ਕਰਨ ਦੀ ਸਲਾਹ ਦਿੱਤੀ, ਪਰ ਸ. ਸੋਢੀ ਨੇ ਸਾਫ਼ ਕਹਿ ਦਿੱਤਾ ਕਿ ਮਰਨਾ ਕਬੂਲ ਹੈ ਪਰ ਅਜਿਹੇ ਜ਼ਾਲਮ ਅੱਗੇ ਹੱਥ ਨਹੀਂ ਅੱਡੇ ਜਾਣਗੇ; ਸਾਡੀ ਅਸਲ ਰਾਖੀ ਗੁਰੂ ਅਤੇ ਸੰਗਤ ਦੀਆਂ ਅਸੀਸਾਂ ਕਰਦੀਆਂ ਹਨ।

**ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦਾ ਇਤਿਹਾਸਕ ਯੋਗਦਾਨ ਅਤੇ ਕੇਸ ਦੇ ਤੱਥ :** ਭਾਈ ਜਸਵੰਤ ਸਿੰਘ ਖਾਲੜਾ ਨਾਲ 1990 ਤੋਂ ਮਨੁੱਖੀ ਅਧਿਕਾਰਾਂ ਦੇ ਖੇਤਰ ਵਿੱਚ ਕੀਤੇ ਕੰਮਾਂ ਨੂੰ ਯਾਦ ਕਰਦਿਆਂ ਉਨ੍ਹਾਂ ਕਿਹਾ ਕਿ ਭਾਈ ਖਾਲੜਾ ਨੇ ਸ਼ਮਸ਼ਾਨਘਾਟਾਂ ਦੇ ਸਰਕਾਰੀ ਰਿਕਾਰਡਾਂ ਵਿੱਚੋਂ ਉਹ ਪੁਖ਼ਤਾ ਸਬੂਤ ਜੁਟਾਏ, ਜਿਨ੍ਹਾਂ ਨੇ ਸੰਸਾਰ ਸਾਹਮਣੇ ਹਜ਼ਾਰਾਂ ਨੌਜਵਾਨਾਂ ਦੇ ਝੂਠੇ ਮੁਕਾਬਲਿਆਂ ਅਤੇ 'ਲਾਵਾਰਿਸ' ਕਹਿ ਕੇ ਗੁਪਤ ਰੂਪ ਵਿੱਚ ਸਾੜੀਆਂ ਗਈਆਂ ਲਾਸ਼ਾਂ ਦਾ ਸੱਚ ਬੇਨਕਾਬ ਕੀਤਾ।

ਉਨ੍ਹਾਂ ਦੱਸਿਆ ਕਿ 6 ਸਤੰਬਰ 1995 ਨੂੰ ਭਾਈ ਖਾਲੜਾ ਦੇ ਅਗਵਾ ਹੋਣ ਤੋਂ ਬਾਅਦ ਉਨ੍ਹਾਂ ਦੇ ਕੇਸ ਦੀ ਪੈਰਵੀ ਕਰਨਾ ਉਨ੍ਹਾਂ ਲਈ ਬਹੁਤ ਵੱਡੀ ਜ਼ਿੰਮੇਵਾਰੀ ਸੀ। ਇਸ ਕੇਸ ਦੇ ਗਵਾਹਾਂ—ਬੀਬੀ ਪਰਮਜੀਤ ਕੌਰ ਖਾਲੜਾ, ਰਾਜੀਵ ਸਿੰਘ ਅਤੇ ਕਿਰਪਾਲ ਸਿੰਘ ਰੰਧਾਵਾ—ਉੱਪਰ ਤਸ਼ੱਦਦ ਢਾਹਿਆ ਗਿਆ ਅਤੇ ਝੂਠੇ ਬਲਾਤਕਾਰ ਵਰਗੇ ਸੰਗੀਨ ਮੁਕੱਦਮੇ ਦਰਜ ਕੀਤੇ ਗਏ। ਅੰਮ੍ਰਿਤਸਰ, ਪਟਿਆਲਾ ਅਤੇ ਨਾਭੇ ਅੰਦਰ ਗਵਾਹਾਂ ਅਤੇ ਵਕੀਲਾਂ (ਜਿਨ੍ਹਾਂ ਵਿੱਚ ਜਸਟਿਸ ਅਜੀਤ ਸਿੰਘ ਬੈਂਸ ਅਤੇ ਖ਼ੁਦ ਸੋਢੀ ਸ਼ਾਮਲ ਸਨ) ਉੱਪਰ ਝੂਠੀਆਂ ਡੀ.ਡੀ.ਆਰ. (DDR) ਦਰਜ ਕਰਵਾਉਣ ਦਾ ਦਬਾਅ ਪਾਇਆ ਗਿਆ। ਹਾਲਾਂਕਿ, ਉਸ ਵੇਲੇ ਦੇ ਪਟਿਆਲਾ ਦੇ ਇੱਕ ਨਿਰਪੱਖ ਐੱਸ.ਪੀ. ਨੇ ਇਨ੍ਹਾਂ ਝੂਠੀਆਂ ਰਿਪੋਰਟਾਂ ਨੂੰ ਖ਼ਾਰਜ ਕਰਦਿਆਂ ਅਦਾਲਤ ਵਿੱਚ ਬਤੌਰ ਡਿਫੈਂਸ ਗਵਾਹ ਪੇਸ਼ ਹੋ ਕੇ ਸੱਚ ਦਾ ਸਾਥ ਦਿੱਤਾ।

ਅਦਾਲਤ ਵਿੱਚ ਚਸ਼ਮਦੀਦ ਗਵਾਹ ਕੁਲਦੀਪ ਸਿੰਘ ਬਛੜਾ (ਗਵਾਹ ਨੰ: 22) ਵੱਲੋਂ ਦਿੱਤੇ 22 ਪੰਨਿਆਂ ਦੇ ਦਰਦਨਾਕ

# ਸਿੱਖ ਕਾਕਸ ਕਮੇਟੀ, AGPC ਅਤੇ SCOPE ਦੇ ਸੱਦੇ 'ਤੇ ਅਮਰੀਕਾ ਪੁੱਜੇ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਸ. ਬਰਜਿੰਦਰ ਸਿੰਘ ਸੋਢੀ ਦਾ ਕੈਲੀਫੋਰਨੀਆ ਅਸੈਂਬਲੀ ਸਮੇਤ ਸਮੂਹ ਪੰਥ ਵੱਲੋਂ ਵਿਸ਼ੇਸ਼ ਸਨਮਾਨ



ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸਾਹਿਬ ਸਟਾਕਟਨ ਵਿਖੇ ਸ. ਬਰਜਿੰਦਰ ਸਿੰਘ ਸੋਢੀ ਅਤੇ ਹੋਰ ਸਿੱਖ ਆਗੂਆਂ ਨੂੰ ਸਨਮਾਨਿਤ ਕਰਦੇ ਹੋਏ ਗੁਰੂ ਘਰ ਦੇ ਹੈਡ ਗ੍ਰੰਥੀ ਸ. ਗੁਰਸੇਵਕ ਸਿੰਘ ਅਤੇ ਗੁਰਦੁਆਰਾ ਸਾਹਿਬ ਦੇ ਸਾਬਕਾ ਪ੍ਰਧਾਨ ਸ. ਕੁਲਜੀਤ ਸਿੰਘ ਨਿੱਜਰ, ਗੁਰੂਘਰ ਦੇ ਸਟੇਟ ਸੈਕਟਰੀ ਭਾਈ ਜਸਵਿੰਦਰ ਸਿੰਘ ਨਿੱਜਰ, ਡਾ. ਪ੍ਰਿਤਪਾਲ ਸਿੰਘ ਅਤੇ ਹੋਰ ਸਿੱਖ ਆਗੂ



ਸੁਪਰਵਾਈਜਰ ਸ੍ਰ. ਮਨਮੀਤ ਸਿੰਘ ਗਰੇਵਾਲ ਸ. ਸੋਢੀ ਨੂੰ ਸਨਮਾਨਿਤ ਕਰਦੇ ਹੋਏ।



ਗਦਰੀ ਬਾਬਿਆਂ ਦੀ ਪ੍ਰਿੰਟਿੰਗ ਪ੍ਰੈਸ ਜਿਥੇ ਕਦੇ ਸ਼ਹੀਦ ਊਧਮ ਸਿੰਘ 'ਗ਼ਦਰ' ਅਖ਼ਬਾਰ ਛਾਪ ਕੇ ਵੰਡਦਾ ਹੁੰਦਾ ਸੀ ਉਥੇ ਇਕ ਯਾਦਗਾਰੀ ਤਸਵੀਰ ਨਾਲ ਸ. ਬਰਜਿੰਦਰ ਸਿੰਘ ਸੋਢੀ ਅਤੇ ਉਨ੍ਹਾਂ ਦੀ ਬੇਟੀ ਰਤਿੰਦਰ ਕੌਰ।





ਕਾਂਗਰਸਮੈਨ Edam Gray ਐਡਵੋਕੇਟ ਬਰਜਿੰਦਰ ਸਿੰਘ ਸੋਢੀ ਦਾ ਸਨਮਾਨਿਤ ਕਰਦੇ ਹੋਏ। ਨਾਲ ਹਨ ਸੁਪਰਵਾਈਜਰ ਸ੍ਰ. ਮਨਮੀਤ ਸਿੰਘ ਗਰੇਵਾਲ, ਡਾ. ਪ੍ਰਿਤਪਾਲ ਸਿੰਘ ਅਤੇ ਸ. ਗੁਰਅੰਮ੍ਰਿਤ ਸਿੰਘ



ਲੈਥਰੋਪ ਸਿਟੀ ਵਲੋਂ ਸਨੀ ਧਾਲੀਵਾਲ ਸਨਮਾਨਿਤ ਕਰਦੇ ਹੋਏ ਡਾ. ਪ੍ਰਿਤਪਾਲ ਸਿੰਘ, ਸ. ਰਾਜਿੰਦਰ ਸਿੰਘ ਟਾਂਡਾ, ਸ. ਗੁਰਅੰਮ੍ਰਿਤ ਸਿੰਘ, ਉਘੇ ਸਿੱਖ ਆਗੂ ਸ. ਕਸ਼ਮੀਰ ਸਿੰਘ ਸਾਹੀ।



ਗੁਰਦੁਆਰਾ ਸਾਹਿਬ ਫਰੀਮਾਂਟ ਦੀ ਲੀਡਰਸ਼ਿਪ ਸ. ਸੋਢੀ ਨੂੰ ਗੁਰੂ ਵਲੋਂ ਸਿਰੋਪਾਓ ਦੀ ਬਖਸ਼ਿਸ਼ ਕਰਦੇ ਹੋਏ। ਜਿਨ੍ਹਾਂ ਵਿਚ ਗੁਰੂਘਰ ਦੇ ਹੈਡ ਗ੍ਰੰਥੀ, ਭਾਈ ਦਰਸ਼ਨ ਸਿੰਘ ਢਿਲੋਂ ਦਮਦਮੀ ਟਕਸਾਲ, ਗੁਰਦੁਆਰਾ ਸਾਹਿਬ ਫਰੀਮਾਂਟ ਦੇ ਪ੍ਰਧਾਨ ਜਸਵਿੰਦਰ ਸਿੰਘ ਜੰਡੀ, ਉਘੇ ਸਿੱਖ ਆਗੂ ਸ. ਕਸ਼ਮੀਰ ਸਿੰਘ ਸਾਹੀ, ਗੁਰਦੁਆਰਾ ਸਾਹਿਬ ਫਰੀਮਾਂਟ ਦੀ ਸੁਪਰੀਮ ਕੌਂਸਲ ਦੇ ਮੈਂਬਰ ਸ. ਰਾਜਿੰਦਰ ਸਿੰਘ ਰਾਜਾ।



ਬਿਆਨ ਦਾ ਜ਼ਿਕਰ ਕਰਦਿਆਂ ਸੋਢੀ ਸਾਹਿਬ ਭਾਵੁਕ ਹੋ ਗਏ। ਉਨ੍ਹਾਂ ਦੱਸਿਆ ਕਿ ਭਾਈ ਖਾਲੜਾ 'ਤੇ ਅੰਨਾ ਤਸ਼ੱਦਦ ਢਾਹਿਆ ਗਿਆ ਸੀ, ਉਹ ਤੁਰਨ ਅਤੇ ਖਾਣਾ ਖਾਣ ਤੋਂ ਵੀ ਅਸਮਰੱਥ ਸਨ। ਸ਼ਹੀਦ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਸਾਬਕਾ ਐੱਸ.ਐੱਸ.ਪੀ. ਅਜੀਤ ਸਿੰਘ ਸੰਧੂ ਦੀ ਕੋਠੀ ਲਿਜਾਇਆ ਗਿਆ, ਜਿੱਥੇ ਤਤਕਾਲੀ ਡੀ.ਜੀ.ਪੀ. ਮੌਜੂਦ ਸੀ। ਗੰਨਮੈਨਾਂ ਵੱਲੋਂ ਦਬਾਅ ਪਾਏ ਜਾਣ ਦੇ ਬਾਵਜੂਦ ਭਾਈ ਖਾਲੜਾ ਨੇ ਸੱਚ ਦਾ ਰਾਹ ਨਾ ਛੱਡਿਆ। ਆਖ਼ਰਕਾਰ ਹਵਾਲਾਤ ਵਿੱਚ ਗੋਲੀਆਂ ਮਾਰ ਕੇ ਉਨ੍ਹਾਂ ਦਾ ਪਾਵਨ ਸਰੀਰ ਹਰੀ ਕੇ ਪੱਤਣ ਦਰਿਆ ਵਿੱਚ ਰੋੜ੍ਹ ਦਿੱਤਾ ਗਿਆ।

**ਕੋਰਟਾਂ ਦਾ ਹਾਲ: ਜੱਜ ਕਮਰੇ 'ਚ ਭੱਜੇ, ਗੱਡੀ ਦੇ ਟਾਇਰ ਪਾੜੇ ਅਤੇ ਰਾਤਾਂ ਨੂੰ ਧਮਕੀਆਂ :** ਐਡਵੋਕੇਟ ਸੋਢੀ ਨੇ ਹੱਡ-ਬੀਤੀ ਸੁਣਾਉਂਦਿਆਂ ਦੱਸਿਆ ਕਿ 1998 ਵਿੱਚ ਜਦੋਂ ਪਟਿਆਲਾ ਦੀ ਸੀ.ਬੀ.ਆਈ. ਕੈਂਪ ਕੋਰਟ ਵਿੱਚ ਦੋਸ਼ੀ ਪੁਲਿਸ ਵਾਲਿਆਂ ਦੀ ਜ਼ਮਾਨਤ ਦਾ ਵਿਰੋਧ ਕੀਤਾ ਗਿਆ ਤਾਂ ਉਨ੍ਹਾਂ ਨੂੰ ਭਰੇ ਅਦਾਲਤੀ ਕਮਰੇ ਵਿੱਚ ਧਮਕੀ ਦਿੱਤੀ ਗਈ ਕਿ 'ਤੇਰਾ ਹਾਲ ਵੀ ਖਾਲੜੇ ਵਰਗਾ ਕਰਾਂਗੇ।' ਹਾਲਾਤ ਇਹ ਸਨ ਕਿ ਜੱਜ ਉੱਠ ਕੇ ਆਪਣੇ ਚੈਂਬਰ ਵਿੱਚ ਚਲੇ ਗਏ। ਬਾਹਰ ਆ ਕੇ ਦੇਖਿਆ ਤਾਂ ਗੱਡੀ ਦੇ ਚਾਰੇ ਟਾਇਰ ਪਾੜੇ ਹੋਏ ਸਨ। ਜਦੋਂ ਸੈਸ਼ਨ ਜੱਜ ਨੂੰ ਲਿਖਤੀ ਸ਼ਿਕਾਇਤ ਦਿੱਤੀ ਤਾਂ ਅੱਗੋਂ ਜਵਾਬ ਮਿਲਿਆ: 'ਕੇਸ ਹਾਈ-ਪ੍ਰੋਫਾਈਲ ਹੈ, ਤੁਸੀਂ ਲੋਅ-ਪ੍ਰੋਫਾਈਲ ਰਿਹਾ ਕਰੋ।' ਉਨ੍ਹਾਂ ਦੱਸਿਆ ਕਿ ਰਾਤ ਵੇਲੇ ਲੈਂਡਲਾਈਨ ਫ਼ੋਨਾਂ 'ਤੇ ਸ਼ਰਾਬੀ ਪੁਲਿਸ ਮੁਲਾਜ਼ਮਾਂ ਵੱਲੋਂ ਪਰਿਵਾਰ ਅਤੇ ਬੱਚਿਆਂ ਨੂੰ ਜਾਨੋਂ ਮਾਰਨ ਦੀਆਂ ਗੰਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਸਨ। ਇਨ੍ਹਾਂ ਸਾਰੇ ਹਾਲਾਤਾਂ ਨੂੰ ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾ ਐਮਨੈਸਟੀ ਇੰਟਰਨੈਸ਼ਨਲ ਨੇ ਆਪਣੀ ਇਤਿਹਾਸਕ ਰਿਪੋਰਟ 'ਦ ਮੌਕਰੀ ਆਫ਼ ਜਸਟਿਸ' (The Mockery of Justice) ਵਿੱਚ ਵਿਸਥਾਰ ਨਾਲ ਦਰਜ ਕੀਤਾ ਹੈ।

ਇਸੇ ਤਰ੍ਹਾਂ ਉਨ੍ਹਾਂ ਫ਼ਤਹਿਗੜ੍ਹ ਸਾਹਿਬ ਦੇ ਇੱਕ ਕੇਸ ਦਾ ਜ਼ਿਕਰ ਕੀਤਾ, ਜਿੱਥੇ ਪੁਲਿਸ ਕੈਟ ਪਿੰਕੀ (ਜੋ ਉਸ ਸਮੇਂ ਸਰਹਿੰਦ ਦਾ ਕੋਤਵਾਲ ਬਣਿਆ ਹੋਇਆ ਸੀ) ਵੱਲੋਂ ਰਿਮਾਂਡ ਲੈਣ ਸਮੇਂ ਜੱਜ ਖ਼ੁਦ ਪਿੰਕੀ ਨੂੰ ਪੁੱਛ ਰਹੇ ਸਨ ਕਿ ਕਿੰਨੇ ਦਿਨਾਂ ਦਾ ਰਿਮਾਂਡ ਚਾਹੀਦਾ ਹੈ। ਜਦੋਂ ਸੋਢੀ ਸਾਹਿਬ ਨੇ ਦਲੇਰੀ ਨਾਲ ਅਦਾਲਤ ਨੂੰ ਵੰਗਾਰਿਆ ਕਿ 'ਜੇ ਪਿੰਕੀ ਨੂੰ ਪੁੱਛ ਕੇ ਹੀ ਫ਼ੈਸਲਾ ਕਰਨਾ ਹੈ ਤਾਂ ਵਕੀਲ ਦੀ ਬਹਿਸ ਦੀ ਕੀ ਲੋੜ ਹੈ?' ਤਾਂ ਅਦਾਲਤ ਨੂੰ ਮਜਬੂਰਨ ਨੌਜਵਾਨ ਨੂੰ ਜੇਲ੍ਹ ਭੇਜਣਾ ਪਿਆ।

**ਪੰਥਕ ਏਕਤਾ ਅਤੇ ਦਸਤਾਵੇਜ਼ੀਕਰਨ ਦਾ ਦਿੱਤਾ ਸੁਨੇਹਾ :** ਆਪਣੇ ਸੰਬੋਧਨ ਦੇ ਅਖ਼ੀਰ ਵਿੱਚ ਐਡਵੋਕੇਟ ਬਰਜਿੰਦਰ ਸਿੰਘ ਸੋਢੀ ਨੇ ਸਮੂਹ ਸਿੱਖ ਸੰਗਤ ਅਤੇ ਇਨਸਾਫ਼-ਪਸੰਦ ਭਾਈਚਾਰੇ ਨੂੰ ਅਪੀਲ ਕੀਤੀ ਕਿ:

**ਦਸਤਾਵੇਜ਼ੀਕਰਨ (Documentation):** 80ਵਿਆਂ-90ਵਿਆਂ ਦੌਰਾਨ ਹੋਏ ਜਬਰ ਦੇ ਸਮੂਹ ਕਾਨੂੰਨੀ ਦਸਤਾਵੇਜ਼ ਅਤੇ ਤੱਥ ਆਉਣ ਵਾਲੀਆਂ ਪੀੜ੍ਹੀਆਂ ਲਈ ਸਾਂਭ ਕੇ ਰੱਖੇ ਜਾਣ ਤਾਂ ਜੋ ਕੋਈ ਸਾਡੇ ਸ਼ਹੀਦਾਂ ਦੇ ਇਤਿਹਾਸ ਨੂੰ ਤੋੜ-ਮਰੋੜ ਨਾ ਸਕੇ।

**ਪੰਥਕ ਏਕਤਾ:** ਵਿਚਾਰਧਾਰਕ ਵਖਰੇਵਿਆਂ ਤੋਂ ਉੱਪਰ ਉੱਠ ਕੇ ਮਨੁੱਖੀ ਹੱਕਾਂ ਅਤੇ ਪੰਥਕ ਹਿੱਤਾਂ ਲਈ ਪੰਜਾਬ ਅਤੇ ਵਿਦੇਸ਼ਾਂ ਵਿੱਚ ਇੱਕਜੁੱਟ ਹੋਇਆ ਜਾਵੇ।

**ਕਾਨੂੰਨ ਦਾ ਰਾਜ (Rule of Law):** ਮਨੁੱਖੀ ਅਧਿਕਾਰਾਂ ਦੀ ਲੜਾਈ ਨਿਰਪੱਖ ਹੈ। ਜੇਕਰ ਭਵਿੱਖ ਵਿੱਚ ਆਪਣਿਆਂ ਵੱਲੋਂ ਵੀ ਕਿਸੇ ਮਨੁੱਖੀ ਹੱਕ ਦਾ ਘਾਣ ਹੋਇਆ ਤਾਂ ਇਨਸਾਫ਼-ਪਸੰਦ ਵਕੀਲ ਉਸ ਵਿਰੁੱਧ ਵੀ ਆਵਾਜ਼ ਬੁਲੰਦ ਕਰਨਗੇ।







ਸਮੂਹ ਸਿੱਖ ਸੰਗਤ ਨੇ ਜੈਕਾਰਿਆਂ ਦੀ ਗੂੰਜ ਵਿੱਚ ਐਡਵੋਕੇਟ ਸੋਢੀ ਦੀ ਨਿਸ਼ਕਾਮ ਸੇਵਾ ਅਤੇ ਦਲੇਰੀ ਦੀ ਸ਼ਲਾਘਾ ਕੀਤੀ। ਇਸ ਸਮੁੱਚੇ ਦੌਰੇ ਅਤੇ ਇਤਿਹਾਸਕ ਪ੍ਰੋਗਰਾਮਾਂ ਦੀ ਵਿਸਤ੍ਰਿਤ ਰਿਕਾਰਡਿੰਗ ਮੀਡੀਆ ਚੈਨਲਾਂ ਰਾਹੀਂ ਸੰਸਾਰ ਭਰ ਦੀਆਂ ਸੰਗਤਾਂ ਨਾਲ ਜਲਦ ਸਾਂਝੀ ਕੀਤੀ ਜਾਵੇਗੀ।

# ਸੈਕਰਾਮੈਂਟੋ ਵਿਖੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਤੇ ਸਾਥੀ ਸ਼ਹੀਦਾਂ ਦੀ ਯਾਦ 'ਚ ਵਿਸ਼ਾਲ ਸ਼ਹੀਦੀ ਸਮਾਗਮ

## ਸ਼ਹੀਦ ਭਾਈ ਦਿਲਾਵਰ ਸਿੰਘ ਦੇ ਮਾਤਾ ਜੀ ਬੀਬੀ ਸੁਰਜੀਤ ਕੌਰ 'ਗੋਲਡ ਮੈਡਲ' ਨਾਲ ਸਨਮਾਨਿਤ; ਕੈਲੀਫੋਰਨੀਆ ਭਰ ਵਿੱਚੋਂ ਸੰਗਤਾਂ ਅਤੇ ਪੰਥਕ ਆਗੂਆਂ ਨੇ ਭਰੀ ਭਰਵੀਂ ਹਾਜ਼ਰੀ













ਸੈਕਰਾਮੈਂਟੋ (ਕੈਲੀਫੋਰਨੀਆ) : ਮਨੁੱਖੀ ਅਧਿਕਾਰਾਂ ਦੀ ਰਾਖੀ ਖ਼ਾਤਰ ਆਪਣੀਆਂ ਜਾਨਾਂ ਨਿਛਾਵਰ ਕਰਨ ਵਾਲੇ ਅਮਰ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ, ਕੌਮੀ ਸ਼ਹੀਦ ਭਾਈ ਦਿਲਾਵਰ ਸਿੰਘ ਬੱਬਰ, ਸ਼ਹੀਦ ਭਾਈ ਬਲਵਿੰਦਰ ਸਿੰਘ ਜਟਾਣਾ, ਸ਼ਹੀਦ ਭਾਈ ਹਰਮੀਤ ਸਿੰਘ (ਪੀ.ਐੱਚ.ਡੀ.) ਅਤੇ ਸ਼ਹੀਦ ਭਾਈ ਚਰਨਜੀਤ ਸਿੰਘ ਚੰਨਾ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਇੱਕ ਵਿਸ਼ਾਲ ਸ਼ਹੀਦੀ ਸਮਾਗਮ ਗੁਰਦੁਆਰਾ ਸੱਚਖੰਡ ਈਸ਼ਰ ਦਰਬਾਰ, ਸੈਕਰਾਮੈਂਟੋ ਵਿਖੇ ਬੜੀ ਸ਼ਰਧਾ, ਸਤਿਕਾਰ ਅਤੇ ਜਾਹੋ-ਜਲਾਲ ਨਾਲ ਕਰਵਾਇਆ ਗਿਆ। ਇਹ ਧਾਰਮਿਕ ਇਕੱਠ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਕੈਲੀਫੋਰਨੀਆ ਇਕਾਈ) ਅਤੇ ਸੈਕਰਾਮੈਂਟੋ ਦੀ ਸਮੂਹ ਸਾਧ ਸੰਗਤ ਦੇ ਸਾਂਝੇ ਉੱਦਮ ਸਦਕਾ ਨੇਪਰੇ ਚੜ੍ਹਿਆ।

ਸਮਾਗਮ ਦੀ ਆਰੰਭਤਾ 11 ਸਤੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਪ੍ਰਕਾਸ਼ ਨਾਲ ਹੋਈ ਸੀ, ਜਿਨ੍ਹਾਂ ਦੇ ਭੋਗ 13 ਸਤੰਬਰ ਦਿਨ ਐਤਵਾਰ ਨੂੰ ਪਾਏ ਗਏ। ਭੋਗ ਉਪਰੰਤ ਹਜ਼ੂਰੀ ਰਾਗੀ ਜਥੇ ਵੱਲੋਂ ਰਸ-ਭਿੰਨਾ ਗੁਰਬਾਣੀ ਕੀਰਤਨ ਕੀਤਾ ਗਿਆ। ਇਸ ਉਪਰੰਤ ਪ੍ਰਸਿੱਧ ਕਵੀਸ਼ਰੀ ਜਥਾ ਭਾਈ ਸਰਵਣ ਸਿੰਘ ਮਨਟੀਕਾ ਅਤੇ ਸਾਥੀ ਭਾਈ ਹਰਦੀਪ ਸਿੰਘ ਚੀਮਾ ਨੇ ਸ਼ਹੀਦ ਸਿੰਘਾਂ ਦੇ ਜੀਵਨ, ਕੁਰਬਾਨੀਆਂ ਅਤੇ ਸਿੱਖੀ ਸਿਦਕ ਨੂੰ ਬਿਆਨ ਕਰਦੀਆਂ ਜੋਸ਼ੀਲੀਆਂ ਵਾਰਾਂ ਰਾਹੀਂ ਸੰਗਤਾਂ ਵਿੱਚ ਬੀਰ-ਰਸ ਭਰਿਆ।

**ਸ਼ਹੀਦ ਭਾਈ ਦਿਲਾਵਰ ਸਿੰਘ ਦੇ ਮਾਤਾ ਜੀ ਦਾ ਵਿਸ਼ੇਸ਼ ਸਨਮਾਨ**

ਸਮਾਗਮ ਦੌਰਾਨ ਸ਼ਹੀਦ ਭਾਈ ਦਿਲਾਵਰ ਸਿੰਘ ਦੇ ਮਾਤਾ ਜੀ ਬੀਬੀ ਸੁਰਜੀਤ ਕੌਰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਕੌਮ ਪ੍ਰਤੀ ਉਨ੍ਹਾਂ ਦੇ ਪਰਿਵਾਰ ਦੀ ਲਾਸਾਨੀ ਘਾਲਣਾ ਅਤੇ ਤਿਆਗ ਦਾ ਸਤਿਕਾਰ ਕਰਦਿਆਂ ਪ੍ਰਬੰਧਕਾਂ ਵੱਲੋਂ ਉਨ੍ਹਾਂ ਨੂੰ ਵਿਸ਼ੇਸ਼ 'ਗੋਲਡ ਮੈਡਲ' ਭੇਟ ਕਰਕੇ ਨਿਵਾਜਿਆ ਗਿਆ।

ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਜਥੇਦਾਰ ਬਾਬਾ ਤਰਸੇਮ ਸਿੰਘ ਟੂਲੇਟੀ, ਸਰਵਣ ਸਿੰਘ ਮਨਟੀਕਾ, ਭਾਈ ਤਰਲੋਚਨ ਸਿੰਘ ਖ਼ਾਲਸਾ (ਸਪੁੱਤਰ ਸ਼ਹੀਦ ਭਾਈ ਅਮਰੀਕ ਸਿੰਘ) ਅਤੇ ਭਾਈ ਇੰਦਰਜੀਤ ਸਿੰਘ ਵੱਲੋਂ ਮਾਤਾ ਜੀ ਨੂੰ ਜੀ ਆਇਆਂ ਆਖਦਿਆਂ ਸਮੂਹ ਸੰਗਤ ਦੀ ਤਰਫ਼ੋਂ ਇਹ ਸਨਮਾਨ ਸੌਂਪਿਆ ਗਿਆ।

ਪੰਥਕ ਬੁਲਾਰਿਆਂ ਵੱਲੋਂ ਵਿਚਾਰਾਂ ਦੀ ਸਾਂਝ ਅਤੇ ਸੱਦਾ

ਸਮਾਗਮ ਵਿੱਚ ਕੈਲੀਫੋਰਨੀਆ ਦੇ ਵੱਖ-ਵੱਖ ਸ਼ਹਿਰਾਂ ਤੋਂ ਪੁੱਜੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਨੁਮਾਇੰਦਿਆਂ ਅਤੇ ਪੰਥਕ ਵਿਦਵਾਨਾਂ ਨੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ:

**ਸੰਬੋਧਨ ਕਰਨ ਵਾਲੀਆਂ ਸ਼ਖ਼ਸੀਅਤਾਂ:** ਬੀਬੀ ਮਨਦੀਪ ਕੌਰ, ਬਾਬਾ ਅਮਰੀਕ ਸਿੰਘ ਖ਼ਾਲਿਸਤਾਨੀ, ਜਸਦੇਵ ਸਿੰਘ ਫਰੀਮਾਂਟ, ਭਾਈ ਤਰਲੋਚਨ ਸਿੰਘ ਜੀ ਖ਼ਾਲਸਾ, ਜਰਨੈਲ ਸਿੰਘ ਸਟਾਕਟਨ ਅਤੇ ਜਗਜੀਤ ਸਿੰਘ ਸਮੇਤ ਹੋਰਨਾਂ ਬੁਲਾਰਿਆਂ ਨੇ ਸੰਗਤ ਨਾਲ ਗੁਰਮਤਿ ਤੇ ਪੰਥਕ ਵਿਚਾਰ ਸਾਂਝੇ ਕੀਤੇ।

**ਮੁੱਖ ਸੁਨੇਹਾ:** ਬੁਲਾਰਿਆਂ ਨੇ ਸ਼ਹੀਦਾਂ ਦੇ ਦਰਸਾਏ ਮਾਰਗ 'ਤੇ ਚੱਲਣ, ਮਨੁੱਖੀ ਹੱਕਾਂ ਦੀ ਰਾਖੀ ਲਈ ਡਟਣ ਅਤੇ ਕੌਮੀ ਟੀਚਿਆਂ ਦੀ ਪ੍ਰਾਪਤੀ ਲਈ ਸ਼ਾਂਤਮਈ ਤੇ ਸੰਵਿਧਾਨਕ ਦਾਇਰੇ ਵਿੱਚ ਰਹਿ ਕੇ ਸੰਘਰਸ਼ ਨੂੰ ਅੱਗੇ ਤੋਰਨ 'ਤੇ ਜ਼ੋਰ ਦਿੱਤਾ।

**ਏਕਤਾ ਦਾ ਹੋਕਾ:** ਕੈਲੀਫੋਰਨੀਆ ਇਕਾਈ ਦੇ ਪ੍ਰਧਾਨ ਜਥੇਦਾਰ ਬਾਬਾ ਤਰਸੇਮ ਸਿੰਘ ਟੂਲੇਟੀ ਨੇ ਆਈਆਂ ਸੰਗਤਾਂ ਅਤੇ ਪ੍ਰਬੰਧਕਾਂ ਦਾ ਧੰਨਵਾਦ ਕਰਦਿਆਂ ਗੁਰੂ ਘਰ ਦੀ ਬਖ਼ਸ਼ਿਸ਼ ਸਿਰੋਪਾਓ ਭੇਟ ਕੀਤੇ। ਉਨ੍ਹਾਂ ਸਮੂਹ ਸੰਗਤ ਨੂੰ ਨਿੱਜੀ ਵਖਰੇਵੇਂ ਭੁਲਾ ਕੇ ਖ਼ਾਲਸਾਈ ਨਿਸ਼ਾਨਿਆਂ ਦੀ ਪ੍ਰਾਪਤੀ ਲਈ ਇਕਜੁੱਟ ਰਹਿਣ ਦੀ ਅਪੀਲ ਕੀਤੀ।

**ਸੰਗਤਾਂ ਦੀ ਭਰਵੀਂ ਸ਼ਮੂਲੀਅਤ**

ਇਸ ਸਮਾਗਮ ਵਿੱਚ ਸੈਕਰਾਮੈਂਟੋ, ਟਰੇਸੀ, ਫਰੀਮਾਂਟ, ਸਟਾਕਟਨ ਅਤੇ ਨੇੜਲੇ ਸ਼ਹਿਰਾਂ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ





# ਸੈਕਰਾਮੈਂਟੋ ਵਿਖੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਤੇ ਸਾਥੀ ਸ਼ਹੀਦਾਂ ਦੀ ਯਾਦ 'ਚ ਵਿਸ਼ਾਲ ਸ਼ਹੀਦੀ ਸਮਾਗਮ

## ਸ਼ਹੀਦ ਭਾਈ ਦਿਲਾਵਰ ਸਿੰਘ ਦੇ ਮਾਤਾ ਜੀ ਬੀਬੀ ਸੁਰਜੀਤ ਕੌਰ 'ਗੋਲਡ ਮੈਡਲ' ਨਾਲ ਸਨਮਾਨਿਤ; ਕੈਲੀਫੋਰਨੀਆ ਭਰ ਵਿੱਚੋਂ ਸੰਗਤਾਂ ਅਤੇ ਪੰਥਕ ਆਗੂਆਂ ਨੇ ਭਰੀ ਭਰਵੀਂ ਹਾਜ਼ਰੀ










ਭਰੀ। ਪ੍ਰਮੁੱਖ ਹਾਜ਼ਰੀਨ ਵਿੱਚ ਭਾਈ ਸਰਬਜੀਤ ਸਿੰਘ, ਭਾਈ ਤੀਰਥ ਸਿੰਘ, ਗੁਰਵਿੰਦਰ ਸਿੰਘ ਸੰਧੂ (ਟਰੇਸੀ), ਜਸਬੀਰ ਸਿੰਘ (ਟਰੇਸੀ), ਕਸ਼ਮੀਰ ਸਿੰਘ (ਫਰੀਮਾਂਟ), ਬਲਵਿੰਦਰ ਸਿੰਘ (ਫਰੀਮਾਂਟ), ਸਰਪਾਲ ਸਿੰਘ (ਫਰੀਮਾਂਟ), ਰਜਿੰਦਰ ਸਿੰਘ, ਜਗਜੀਤ ਸਿੰਘ, ਜਗਮੋਹਨ ਸਿੰਘ, ਕੁਲਦੀਪ ਸਿੰਘ ਅਤੇ ਸੰਦੀਪ ਸਿੰਘ ਸ਼ਾਮਲ ਸਨ। ਸਮਾਪਤੀ ਮਗਰੋਂ ਗੁਰੂ ਕਾ ਲੰਗਰ ਅਤੁੱਟ ਵਰਤਿਆ।

ਪੱਤਰਕਾਰੀ ਅਤੇ ਕਾਨੂੰਨੀ ਬੇਦਾਅਵਾ (Journalistic & Legal Disclaimer)

**ਸਮਾਗਮ ਦੀ ਰਿਪੋਰਟਿੰਗ:** ਇਹ ਸਮੱਗਰੀ ਗੁਰਦੁਆਰਾ ਸੱਚਖੰਡ ਈਸ਼ਰ ਦਰਬਾਰ, ਸੈਕਰਾਮੈਂਟੋ ਵਿਖੇ ਆਯੋਜਿਤ ਧਾਰਮਿਕ ਸ਼ਹੀਦੀ ਸਮਾਗਮ, ਪ੍ਰਬੰਧਕਾਂ ਵੱਲੋਂ ਜਾਰੀ ਪ੍ਰੈੱਸ ਨੋਟ ਅਤੇ ਬੁਲਾਰਿਆਂ ਵੱਲੋਂ ਪ੍ਰਗਟਾਏ ਗਏ ਵਿਚਾਰਾਂ ਦੀ ਪੱਤਰਕਾਰੀ ਰਿਪੋਰਟਿੰਗ 'ਤੇ ਆਧਾਰਿਤ ਹੈ।

**ਵਿਚਾਰਾਂ ਦੀ ਸੁਤੰਤਰਤਾ:** ਸਮਾਗਮ ਦੌਰਾਨ ਵੱਖ-ਵੱਖ ਬੁਲਾਰਿਆਂ ਵੱਲੋਂ ਪ੍ਰਗਟ ਕੀਤੇ ਗਏ ਸਿਆਸੀ ਜਾਂ ਪੰਥਕ ਵਿਚਾਰ ਉਨ੍ਹਾਂ ਦੇ ਨਿੱਜੀ ਅਤੇ ਸਬੰਧਤ ਜਥੇਬੰਦੀਆਂ ਦੇ ਅਧਿਕਾਰਤ ਪੱਖ ਨੂੰ ਦਰਸਾਉਂਦੇ ਹਨ।

**ਸਮਾਗਮ ਦੇ ਮੁੱਖ ਵੇਰਵੇ ਅਤੇ ਅਹਿਮ ਪਹਿਲੂ**

| ਵੇਰਵਾ | ਜਾਣਕਾਰੀ |
|---|---|
| ਸਥਾਨ | ਗੁਰਦੁਆਰਾ ਸੱਚਖੰਡ ਈਸ਼ਰ ਦਰਬਾਰ, ਸੈਕਰਾਮੈਂਟੋ (ਕੈਲੀਫੋਰਨੀਆ) |
| ਪ੍ਰਬੰਧਕ | ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਕੈਲੀਫੋਰਨੀਆ) ਅਤੇ ਸੈਕਰਾਮੈਂਟੋ ਦੀ ਸਮੂਹ ਸੰਗਤ |
| ਸਮਰਪਿਤ | ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ, ਸ਼ਹੀਦ ਭਾਈ ਦਿਲਾਵਰ ਸਿੰਘ ਬੱਬਰ, ਸ਼ਹੀਦ ਭਾਈ ਬਲਵਿੰਦਰ ਸਿੰਘ ਜਟਾਣਾ, ਸ਼ਹੀਦ ਭਾਈ ਹਰਮੀਤ ਸਿੰਘ (ਪੀ.ਐੱਚ.ਡੀ.), ਸ਼ਹੀਦ ਭਾਈ ਚਰਨਜੀਤ ਸਿੰਘ ਚੰਨਾ |
| ਵਿਸ਼ੇਸ਼ ਸਨਮਾਨ | ਸ਼ਹੀਦ ਭਾਈ ਦਿਲਾਵਰ ਸਿੰਘ ਦੇ ਮਾਤਾ ਜੀ ਬੀਬੀ ਸੁਰਜੀਤ ਕੌਰ ਨੂੰ 'ਗੋਲਡ ਮੈਡਲ' |
| ਸਮਾਗਮ ਲੜੀ | 11 ਸਤੰਬਰ (ਪ੍ਰਕਾਸ਼) ਤੋਂ 13 ਸਤੰਬਰ (ਭੋਗ ਸ੍ਰੀ ਅਖੰਡ ਪਾਠ ਸਾਹਿਬ) |

















# ਮਨੁੱਖੀ ਅਧਿਕਾਰਾਂ ਦੇ ਉੱਘੇ ਵਕੀਲ ਸਰਦਾਰ ਬਰਜਿੰਦਰ ਸਿੰਘ ਸੋਢੀ ਦਾ 'ਡਾ. ਗੁਰਮੀਤ ਸਿੰਘ ਔਲਖ ਤੇ ਸ਼ਹੀਦ ਭਾਈ ਹਰਮਿੰਦਰ ਸਿੰਘ ਸੰਧੂ ਯਾਦਗਾਰੀ ਐਵਾਰਡ' ਦੇ ਵੱਕਾਰੀ ਮਾਣ ਨਾਲ ਸਨਮਾਨਿਤ

## ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਅਤੇ ਉਨ੍ਹਾਂ ਸਿੱਖਾਂ ਦੇ ਬੱਚਿਆਂ ਨੂੰ ਯਾਦ ਕੀਤਾ ਗਿਆ ਜਿਨ੍ਹਾਂ ਨੂੰ ਜਰਵਾਣਿਆਂ ਨੇ ਅਣਪਛਾਤੀਆਂ ਲਾਸ਼ਾਂ ਜਿਨ੍ਹਾਂ ਨੂੰ ਜਰਵਾਣਿਆਂ ਨੇ ਕਹਿਕੇ ਸਾੜ ਦਿੱਤਾ













ਕੈਲੀਫੋਰਨੀਆ (ਅਮਰੀਕਾ): (ਸਾਡੇ ਲੋਕ) ਪੰਜਾਬ ਦੇ ਖ਼ੂਨੀ ਅਤੇ ਕਾਲੇ ਦੌਰ ਦੌਰਾਨ ਲਾਵਾਰਿਸ ਲਾਸ਼ਾਂ ਦੇ ਰੂਪ ਵਿੱਚ ਖ਼ੁਰਦ-ਬੁਰਦ ਕੀਤੇ ਗਏ ਹਜ਼ਾਰਾਂ ਬੇਦੋਸ਼ੇ ਸਿੱਖ ਨੌਜਵਾਨਾਂ ਦੇ ਮਾਮਲੇ ਨੂੰ ਦੁਨੀਆ ਸਾਹਮਣੇ ਨੰਗਾ ਕਰਨ ਵਾਲੇ ਅਮਰ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਕੇਸ ਦੀ ਅਦਾਲਤਾਂ ਵਿੱਚ ਬੇਖ਼ੌਫ਼ ਹੋ ਕੇ ਕਾਨੂੰਨੀ ਪੈਰਵੀ ਕਰਨ ਵਾਲੇ ਉੱਘੇ ਮਨੁੱਖੀ ਅਧਿਕਾਰ ਕਾਰਕੁਨ ਅਤੇ ਵਕੀਲ ਐਡਵੋਕੇਟ ਬਰਜਿੰਦਰ ਸਿੰਘ ਸੋਢੀ (Human Rights Attorney Brijinder Singh Sodhi) ਨੂੰ ਇੱਕ ਵਿਸ਼ੇਸ਼ ਯਾਦਗਾਰੀ ਸਮਾਗਮ ਦੌਰਾਨ 'ਡਾ. ਗੁਰਮੀਤ ਸਿੰਘ ਔਲਖ ਅਤੇ ਸ਼ਹੀਦ ਭਾਈ ਹਰਮਿੰਦਰ ਸਿੰਘ ਸੰਧੂ ਯਾਦਗਾਰੀ ਐਵਾਰਡ' ਨਾਲ ਨਿਵਾਜਿਆ ਗਿਆ।

ਇਹ ਸਨਮਾਨ ਉਨ੍ਹਾਂ ਵੱਲੋਂ ਦਹਿਸ਼ਤ ਦੇ ਸਾਏ ਹੇਠ ਵੀ ਮਨੁੱਖੀ ਅਧਿਕਾਰਾਂ, ਸੱਚ ਅਤੇ ਇਨਸਾਫ਼ ਦੀ ਰਾਖੀ ਲਈ ਨਿਭਾਈਆਂ ਦਲੇਰਾਨਾ ਤੇ ਇਤਿਹਾਸਕ ਸੇਵਾਵਾਂ ਦੇ ਮੱਦੇਨਜ਼ਰ ਸਮੂਹ ਸਿੱਖ ਸੰਗਤ ਅਤੇ ਮਨੁੱਖੀ ਹੱਕਾਂ ਦੇ ਕਾਰਕੁਨਾਂ ਵੱਲੋਂ ਸਾਂਝੇ ਤੌਰ 'ਤੇ ਭੇਟ ਕੀਤਾ ਗਿਆ।

**ਸਨਮਾਨ ਸ਼ੀਲਡ: ਇਤਿਹਾਸਕ ਪ੍ਰਤੀਕ ਅਤੇ ਦਰਜ ਅੰਸ਼**

ਸਮਾਗਮ ਦੌਰਾਨ ਐਡਵੋਕੇਟ ਬਰਜਿੰਦਰ ਸਿੰਘ ਸੋਢੀ ਨੂੰ ਭੇਟ ਕੀਤੀ ਗਈ ਯਾਦਗਾਰੀ ਸ਼ੀਲਡ ਵਿਸ਼ੇਸ਼ ਇਤਿਹਾਸਕ ਚਿੰਨ੍ਹਾਂ ਨਾਲ ਸੁਸ਼ੋਭਿਤ ਸੀ:

**ਇਤਿਹਾਸਕ ਸ਼ਖ਼ਸੀਅਤਾਂ ਦੇ ਚਿੱਤਰ:** ਸ਼ੀਲਡ 'ਤੇ ਵੀਹਵੀਂ ਸਦੀ ਦੇ ਮਹਾਨ ਸਿੱਖ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ, ਕੌਂਸਲ ਆਫ਼ ਖਾਲਿਸਤਾਨ ਦੇ ਸਾਬਕਾ ਪ੍ਰਧਾਨ ਡਾ. ਗੁਰਮੀਤ ਸਿੰਘ ਔਲਖ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਸਾਬਕਾ ਜਨਰਲ ਸਕੱਤਰ ਸ਼ਹੀਦ ਭਾਈ ਹਰਮਿੰਦਰ ਸਿੰਘ ਸੰਧੂ ਦੀਆਂ ਤਸਵੀਰਾਂ ਉੱਕਰੀਆਂ ਗਈਆਂ ਸਨ।

**1986 ਦਾ ਸਰਬੱਤ ਖ਼ਾਲਸਾ:** ਇਸ ਸ਼ੀਲਡ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਏ 1986 ਦੇ ਇਤਿਹਾਸਕ 'ਸਰਬੱਤ ਖ਼ਾਲਸਾ' ਦੀ ਯਾਦਗਾਰੀ ਝਲਕ ਵੀ ਸੁਨਹਿਰੀ ਅੱਖਰਾਂ ਵਿੱਚ ਉੱਕਰੀ ਗਈ ਸੀ।

**ਸੰਘਰਸ਼ ਦਾ ਸਦੀਵੀ ਮੂਲ ਮੰਤਰ:** ਸ਼ੀਲਡ ਉੱਤੇ ਕੌਮੀ ਚੇਤਨਾ ਨੂੰ ਸਮਰਪਿਤ ਮੂਲ ਸੰਦੇਸ਼ ਦਰਜ ਕੀਤਾ ਗਿਆ:

"ਯਾਦ ਰੱਖੋ, ਵਿਰੋਧ ਕਰੋ, ਇਨਸਾਫ਼ ਮੰਗੋ ਅਤੇ ਇੱਕ ਬਿਹਤਰ ਕੱਲ੍ਹ ਦੀ ਸਿਰਜਣਾ ਕਰੋ (Remember, Resist, Seek Justice, Build a Fairer Tomorrow)

ਪੰਥਕ ਬੁਲਾਰਿਆਂ ਵੱਲੋਂ ਸੰਬੋਧਨ ਅਤੇ ਐਡਵੋਕੇਟ ਸੋਢੀ ਦੀ ਦਲੇਰੀ ਦੀ ਪ੍ਰਸ਼ੰਸਾ




# ਮਨੁੱਖੀ ਅਧਿਕਾਰਾਂ ਦੇ ਉੱਘੇ ਵਕੀਲ ਸਰਦਾਰ ਬਰਜਿੰਦਰ ਸਿੰਘ ਸੋਢੀ ਦਾ 'ਡਾ. ਗੁਰਮੀਤ ਸਿੰਘ ਔਲਖ ਤੇ ਸ਼ਹੀਦ ਭਾਈ ਹਰਮਿੰਦਰ ਸਿੰਘ ਸੰਧੂ ਯਾਦਗਾਰੀ ਐਵਾਰਡ' ਦੇ ਵੱਕਾਰੀ ਮਾਣ ਨਾਲ ਸਨਮਾਨਿਤ

## ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਅਤੇ ਉਨ੍ਹਾਂ ਸਿੱਖਾਂ ਦੇ ਬੱਚਿਆਂ ਨੂੰ ਯਾਦ ਕੀਤਾ ਗਿਆ ਜਿਨ੍ਹਾਂ ਨੂੰ ਜਰਵਾਣਿਆਂ ਨੇ ਅਣਪਛਾਤੀਆਂ ਲਾਸ਼ਾਂ ਜਿਨ੍ਹਾਂ ਨੂੰ ਜਰਵਾਣਿਆਂ ਨੇ ਕਹਿਕੇ ਸਾੜ ਦਿੱਤਾ










**'ਖਾਲੜਾ'ਜ਼ ਲਿਸਟ': ਹਜ਼ਾਰਾਂ ਬੇਦੋਸ਼ਿਆਂ ਦੇ ਬਲਿਦਾਨ ਦੀ ਮੂਕ ਗਵਾਹੀ**

| ਵਿਸ਼ੇਸ਼ ਪਹਿਲੂ | ਵੇਰਵਾ |
|---|---|
| ਮੁੱਖ ਪਿਛੋਕੜ (Backdrop) | 'ਖਾਲੜਾ'ਜ਼ ਲਿਸਟ: ਦੋਜ਼ ਹੂ ਵਰ ਰਿਡਿਊਸਡ ਟੂ ਏਸ਼ੇਜ਼' (KhalraÓs List: Those Who Were Reduced to Ashes) |
| ਇਤਿਹਾਸਕ ਸੰਦਰਭ | ਪੰਜਾਬ ਵਿੱਚ ਪੁਲਿਸ ਵੱਲੋਂ ਗ਼ੈਰ-ਕਾਨੂੰਨੀ ਢੰਗ ਨਾਲ ਚੁੱਕ ਕੇ ਲਾਵਾਰਿਸ ਕਰਾਰ ਦੇ ਕੇ ਸਾੜੀਆਂ ਗਈਆਂ ਹਜ਼ਾਰਾਂ ਅਣਪਛਾਤੀਆਂ ਲਾਸ਼ਾਂ ਦਾ ਰਿਕਾਰਡ। |
| ਭਾਵੁਕ ਮਾਹੌਲ | ਬੈਨਰ 'ਤੇ ਉੱਕਰੇ ਹਜ਼ਾਰਾਂ ਸ਼ਹੀਦਾਂ ਦੇ ਨਾਮ ਦੇਖ ਕੇ ਸਮਾਗਮ ਵਿੱਚ ਹਾਜ਼ਰ ਸੰਗਤਾਂ ਅਤੇ ਪਰਿਵਾਰਕ ਮੈਂਬਰ ਭਾਵੁਕ ਹੋ ਗਏ। |

ਸਮਾਗਮ ਦੌਰਾਨ ਪੰਥਕ ਆਗੂਆਂ, ਮਨੁੱਖੀ ਅਧਿਕਾਰ ਕਾਰਕੁਨਾਂ ਅਤੇ ਕਾਨੂੰਨੀ ਮਾਹਿਰਾਂ ਨੇ ਵਿਚਾਰ ਸਾਂਝੇ ਕਰਦਿਆਂ ਕਿਹਾ:

1. **ਅਦਾਲਤੀ ਜੰਗ ਵਿੱਚ ਬੇਖ਼ੌਫ਼ ਪੈਰਵੀ:** ਬੁਲਾਰਿਆਂ ਨੇ ਕਿਹਾ ਕਿ ਜਿਸ ਦੌਰ ਵਿੱਚ ਮਨੁੱਖੀ ਹੱਕਾਂ ਦੇ ਵਕੀਲਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਸੀ, ਅਗਵਾ ਕੀਤਾ ਜਾ ਰਿਹਾ ਸੀ ਅਤੇ ਅਦਾਲਤਾਂ ਅੰਦਰ ਖੁੱਲ੍ਹੀਆਂ ਧਮਕੀਆਂ ਮਿਲਦੀਆਂ ਸਨ, ਉਸ ਸਮੇਂ ਐਡਵੋਕੇਟ ਬਰਜਿੰਦਰ ਸਿੰਘ ਸੋਢੀ ਨੇ ਕਿਸੇ ਵੀ ਦਬਾਅ ਅੱਗੇ ਝੁਕਣ ਦੀ ਬਜਾਏ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੇ ਕੇਸ ਦੀ ਦਲੇਰੀ ਨਾਲ ਅੰਤ ਤੱਕ ਪੈਰਵੀ ਕੀਤੀ।
2. **ਖਾਲੜਾ ਪਰਿਵਾਰ ਦੀ ਲਾਸਾਨੀ ਘਾਲਣਾ:** ਬੁਲਾਰਿਆਂ ਨੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਅਤੇ ਬੀਬੀ ਪਰਮਜੀਤ ਕੌਰ ਖਾਲੜਾ ਵੱਲੋਂ ਔਖੇ ਹਾਲਾਤਾਂ ਵਿੱਚ ਸੱਚ ਅਤੇ ਮਨੁੱਖੀ ਹੱਕਾਂ ਦਾ ਪਰਚਮ ਬੁਲੰਦ ਰੱਖਣ ਲਈ ਦਿੱਤੇ ਬੇਮਿਸਾਲ ਯੋਗਦਾਨ ਨੂੰ ਸਿਜਦਾ ਕੀਤਾ।
3. **ਸਾਂਝੇ ਪਲੇਟਫਾਰਮ ਅਤੇ ਪੰਥਕ ਏਕਤਾ ਦਾ ਸੱਦਾ:** ਸਮਾਗਮ ਦੇ ਅੰਤ ਵਿੱਚ ਮੌਜੂਦਾ ਸੰਕਟਾਂ, ਸਿਆਸੀ ਚੁਣੌਤੀਆਂ ਅਤੇ ਕੌਮਾਂਤਰੀ ਪੱਧਰ 'ਤੇ ਮਨੁੱਖੀ ਅਧਿਕਾਰਾਂ ਦੀ ਆਵਾਜ਼ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਉਠਾਉਣ ਲਈ ਆਪਸੀ ਵਖਰੇਵੇਂ ਭੁਲਾ ਕੇ ਇੱਕਮੁੱਠ ਹੋਣ ਦੀ ਜ਼ੋਰਦਾਰ ਅਪੀਲ ਕੀਤੀ ਗਈ।

ਹਾਜ਼ਰ ਸੰਗਤ ਨੇ ਸ਼ਹੀਦਾਂ ਦੇ ਦਰਸਾਏ ਮਾਰਗ 'ਤੇ ਪਹਿਰਾ ਦੇਣ ਅਤੇ ਅੰਤਰਰਾਸ਼ਟਰੀ ਮੰਚਾਂ 'ਤੇ ਇਨਸਾਫ਼ ਦੀ ਲੜਾਈ ਨੂੰ ਹੋਰ ਤੇਜ਼ ਕਰਨ ਦਾ ਸਾਂਝਾ ਪ੍ਰਣ ਲਿਆ।

ਪੱਤਰਕਾਰੀ ਅਤੇ ਕਾਨੂੰਨੀ ਬੇਦਾਅਵਾ (Journalistic & Legal Disclaimer)

**ਸਮਾਗਮ ਦੀ ਰਿਪੋਰਟਿੰਗ:** ਇਹ ਸਮੱਗਰੀ ਕੈਲੀਫੋਰਨੀਆ ਵਿਖੇ ਆਯੋਜਿਤ ਯਾਦਗਾਰੀ ਸਮਾਗਮ, ਪ੍ਰਬੰਧਕਾਂ ਵੱਲੋਂ ਜਾਰੀ ਪ੍ਰੈੱਸ ਬਿਆਨ, ਸਨਮਾਨ ਪੱਤਰ ਦੇ ਦਸਤਾਵੇਜ਼ਾਂ ਅਤੇ ਬੁਲਾਰਿਆਂ ਵੱਲੋਂ ਪ੍ਰਗਟਾਏ ਗਏ ਵਿਚਾਰਾਂ ਦੀ ਪੱਤਰਕਾਰੀ ਰਿਪੋਰਟਿੰਗ 'ਤੇ ਆਧਾਰਿਤ ਹੈ।

**ਕਾਨੂੰਨੀ ਤੇ ਇਤਿਹਾਸਕ ਸੰਦਰਭ:** ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਕੇਸ ਨਾਲ ਸਬੰਧਤ ਤੱਥ ਭਾਰਤ ਦੀ ਸੁਪਰੀਮ ਕੋਰਟ, ਮਨੁੱਖੀ ਅਧਿਕਾਰ ਕਮਿਸ਼ਨ (NHRC) ਅਤੇ ਕੇਂਦਰੀ ਜਾਂਚ ਬਿਊਰੋ (CBI) ਵੱਲੋਂ ਪਹਿਲਾਂ ਹੀ ਅਦਾਲਤੀ ਰਿਕਾਰਡਾਂ ਵਿੱਚ ਦਰਜ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚ ਕਈ ਪੁਲਿਸ ਅਧਿਕਾਰੀਆਂ ਨੂੰ ਸਮਰੱਥ ਅਦਾਲਤਾਂ ਵੱਲੋਂ ਦੋਸ਼ੀ ਠਹਿਰਾਇਆ ਗਿਆ ਸੀ।

**ਵਿਚਾਰਾਂ ਦੀ ਸੁਤੰਤਰਤਾ:** ਸਮਾਗਮ ਦੌਰਾਨ ਬੁਲਾਰਿਆਂ ਵੱਲੋਂ ਦਿੱਤੇ ਗਏ ਬਿਆਨ ਉਨ੍ਹਾਂ ਦੇ ਨਿੱਜੀ ਅਤੇ ਸਬੰਧਤ ਮਨੁੱਖੀ ਅਧਿਕਾਰ ਜਥੇਬੰਦੀਆਂ ਦੇ ਅਧਿਕਾਰਤ ਪੱਖ ਨੂੰ ਦਰਸਾਉਂਦੇ ਹਨ।





# ਤੀਜਾ 'ਯੂ.ਐਸ.ਏ. ਗੋਲਡ ਕੱਪ ਫੀਲਡ ਹਾਕੀ ਟੂਰਨਾਮੈਂਟ-2026' ਸ਼ਾਨੋ-ਸ਼ੌਕਤ ਨਾਲ ਸੰਪੰਨ

## ਰੋਮਾਂਚਕ ਫਾਈਨਲ 'ਚ ਟਰੇਸੀ ਨੂੰ 5-4 ਨਾਲ ਹਰਾ ਕੇ ਈਗਲਜ਼ ਐਫ.ਐਚ.ਸੀ. ਬਣੀ ਓਪਨ ਚੈਂਪੀਅਨ; ਯੂਬਾ ਬ੍ਰਦਰਜ਼ ਨੇ ਮਾਸਟਰਜ਼ ਖ਼ਿਤਾਬ ਜਿੱਤਿਆ; ਗਗਨਦੀਪ ਸਿੰਘ ਦੀ ਹੈਟ੍ਰਿਕ ਰਹੀ ਖਿੱਚ ਦਾ ਕੇਂਦਰ














ਟਰੇਸੀ, ਕੈਲੀਫੋਰਨੀਆ, (ਸਾਡੇ ਲੋਕ) : ਉੱਤਰੀ ਅਮਰੀਕਾ ਦੇ ਖੇਡ ਜਗਤ ਵਿੱਚ ਵਿਸ਼ੇਸ਼ ਖਿੱਚ ਦਾ ਕੇਂਦਰ ਬਣਿਆ ਦੋ-ਰੋਜ਼ਾ ਤੀਜਾ 'ਯੂ.ਐਸ.ਏ. ਗੋਲਡ ਕੱਪ ਫੀਲਡ ਹਾਕੀ ਟੂਰਨਾਮੈਂਟ-2026' ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼, ਟਰੇਸੀ ਦੇ ਖੇਡ ਮੈਦਾਨ ਵਿਖੇ ਇਤਿਹਾਸਕ ਯਾਦਾਂ ਛੱਡਦਾ ਹੋਇਆ ਸ਼ਾਨਦਾਰ ਤਰੀਕੇ ਨਾਲ ਸੰਪੰਨ ਹੋ ਗਿਆ। ਟਰੇਸੀ ਫੀਲਡ ਹਾਕੀ ਕਲੱਬ ਵੱਲੋਂ ਕਰਵਾਏ ਗਏ ਇਸ ਵੱਕਾਰੀ ਖੇਡ ਮਹਾਂਕੁੰਭ ਵਿੱਚ ਉੱਤਰੀ ਅਮਰੀਕਾ ਭਰ ਤੋਂ ਚੋਟੀ ਦੀਆਂ ਟੀਮਾਂ, ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀਆਂ, ਖੇਡ ਪ੍ਰੇਮੀ ਪਰਿਵਾਰਾਂ ਅਤੇ ਪਤਵੰਤੇ ਸੱਜਣਾਂ ਨੇ ਭਰਵੀਂ ਸ਼ਮੂਲੀਅਤ ਕੀਤੀ।

ਓਪਨ ਡਿਵੀਜ਼ਨ ਦਾ ਸਨਸਨੀਖੇਜ਼ ਫਾਈਨਲ: ਈਗਲਜ਼ 5 — 4 ਟਰੇਸੀ

ਟੂਰਨਾਮੈਂਟ ਦਾ ਸਭ ਤੋਂ ਦਿਲਚਸਪ ਤੇ ਸਾਹ ਰੋਕੂ ਮੁਕਾਬਲਾ ਓਪਨ ਵਰਗ ਦੇ ਫਾਈਨਲ ਵਿੱਚ ਈਗਲਜ਼ ਐਫ.ਐਚ.ਸੀ. ਫੇਅਰਫੀਲਡ ਅਤੇ ਮੇਜ਼ਬਾਨ ਟਰੇਸੀ ਐਫ.ਐਚ.ਸੀ. ਵਿਚਕਾਰ ਖੇਡਿਆ ਗਿਆ:

**ਟਰੇਸੀ ਦੀ ਸ਼ਾਨਦਾਰ ਸ਼ੁਰੂਆਤ:** ਮੈਚ ਦੇ ਪਹਿਲੇ ਹੀ ਮਿੰਟ ਵਿੱਚ ਟਰੇਸੀ ਦੇ ਸਟਾਰ ਖਿਡਾਰੀ ਗਗਨਦੀਪ ਸਿੰਘ ਨੇ ਸ਼ਾਨਦਾਰ ਰਿਵਰਸ ਹਿੱਟ ਰਾਹੀਂ ਗੋਲ ਕਰਕੇ ਟੀਮ ਨੂੰ 1-0 ਦੀ ਲੀਡ ਦਿਵਾਈ ਅਤੇ 5ਵੇਂ ਮਿੰਟ ਵਿੱਚ ਦੂਜਾ ਮੈਦਾਨੀ ਗੋਲ ਦਾਗ਼ ਕੇ ਸਕੋਰ 2-0 ਕਰ ਦਿੱਤਾ।

**ਈਗਲਜ਼ ਦਾ ਪਲਟਵਾਰ:** ਈਗਲਜ਼ ਦੇ ਨਵਦੀਪ ਸਿੰਘ ਨੇ ਲਗਾਤਾਰ ਦੋ ਸ਼ਾਨਦਾਰ ਮੈਦਾਨੀ ਗੋਲ ਕਰਕੇ ਮੁਕਾਬਲਾ 2-2 ਦੀ ਬਰਾਬਰੀ 'ਤੇ ਲਿਆਂਦਾ। ਹਾਫ਼-ਟਾਈਮ ਤੋਂ ਠੀਕ ਪਹਿਲਾਂ ਟਰੇਸੀ ਦੇ ਖਿਡਾਰੀ ਹੈਰੀ ਨੇ ਗੋਲ ਕਰਕੇ ਟੀਮ ਨੂੰ ਮੁੜ 3-2 ਦੀ ਬੜ੍ਹਤ ਦਿਵਾਈ।

**ਦੂਜੇ ਹਾਫ਼ ਵਿੱਚ ਗਗਨਦੀਪ ਦੀ ਹੈਟ੍ਰਿਕ:** ਦੂਜੇ ਅੱਧ ਵਿੱਚ ਈਗਲਜ਼ ਨੇ ਲਗਾਤਾਰ ਦੋ ਗੋਲ ਕਰਕੇ ਸਕੋਰ 4-3 ਕਰ ਦਿੱਤਾ। ਖੇਡ ਦੇ 35ਵੇਂ ਮਿੰਟ ਵਿੱਚ ਟਰੇਸੀ ਦੇ ਗਗਨਦੀਪ ਸਿੰਘ ਨੇ ਬੇਮਿਸਾਲ ਤਕਨੀਕੀ ਖੇਡ ਦਿਖਾਉਂਦਿਆਂ ਆਪਣੀ ਹੈਟ੍ਰਿਕ ਪੂਰੀ ਕੀਤੀ ਅਤੇ ਮੈਚ ਨੂੰ 4-4 ਦੀ ਰੋਮਾਂਚਕ ਬਰਾਬਰੀ 'ਤੇ ਲਿਆ ਖੜ੍ਹਾ ਕੀਤਾ।

**ਆਖ਼ਰੀ ਮਿੰਟ ਵਿੱਚ ਫ਼ੈਸਲਾਕੁੰਨ ਗੋਲ:** ਮੈਚ ਦੇ ਆਖ਼ਰੀ ਮਿੰਟ ਵਿੱਚ ਈਗਲਜ਼ ਐਫ.ਐਚ.ਸੀ. ਨੇ ਪੈਨਲਟੀ ਕਾਰਨਰ ਨੂੰ ਗੋਲ ਵਿੱਚ ਤਬਦੀਲ ਕਰਦਿਆਂ 5-4 ਨਾਲ ਜਿੱਤ ਦਰਜ ਕਰਕੇ 'ਯੂ.ਐਸ.ਏ. ਗੋਲਡ ਕੱਪ-2026' ਦੀ ਟਰਾਫ਼ੀ ਆਪਣੇ ਨਾਂ






















# ਤੀਜਾ 'ਯੂ.ਐਸ.ਏ. ਗੋਲਡ ਕੱਪ ਫੀਲਡ ਹਾਕੀ ਟੂਰਨਾਮੈਂਟ-2026' ਸ਼ਾਨੋ-ਸ਼ੌਕਤ ਨਾਲ ਸੰਪੰਨ

## ਰੋਮਾਂਚਕ ਫਾਈਨਲ 'ਚ ਟਰੇਸੀ ਨੂੰ 5-4 ਨਾਲ ਹਰਾ ਕੇ ਈਗਲਜ਼ ਐਫ.ਐਚ.ਸੀ. ਬਣੀ ਓਪਨ ਚੈਂਪੀਅਨ; ਯੂਬਾ ਬ੍ਰਦਰਜ਼ ਨੇ ਮਾਸਟਰਜ਼ ਖ਼ਿਤਾਬ ਜਿੱਤਿਆ; ਗਗਨਦੀਪ ਸਿੰਘ ਦੀ ਹੈਟ੍ਰਿਕ ਰਹੀ ਖਿੱਚ ਦਾ ਕੇਂਦਰ













ਕੀਤੀ।

**ਮਾਸਟਰਜ਼ ਡਿਵੀਜ਼ਨ ਅਤੇ ਨਕਦ ਇਨਾਮ**

**ਮਾਸਟਰਜ਼ ਚੈਂਪੀਅਨ:** ਮਾਸਟਰਜ਼ ਡਿਵੀਜ਼ਨ ਦੇ ਫਾਈਨਲ ਵਿੱਚ ਯੂਬਾ ਬ੍ਰਦਰਜ਼ ਐਫ.ਐਚ.ਸੀ. ਨੇ ਸ਼ਾਨਦਾਰ ਤਾਲਮੇਲ ਦਾ ਮੁਜ਼ਾਹਰਾ ਕਰਦਿਆਂ ਫੇਅਰਫੀਲਡ ਐਫ.ਐਚ.ਸੀ. ਨੂੰ 3-1 ਨਾਲ ਹਰਾ ਕੇ ਖ਼ਿਤਾਬ ਜਿੱਤਿਆ।

**ਪ੍ਰਤੀ ਗੋਲ ਨਕਦ ਪੁਰਸਕਾਰ:** ਸੀ.ਪੀ.ਐਕਸ ਕੈਰੀਅਰ ਇੰਕ. (ਓਕਲੈਂਡ) ਦੇ ਸ. ਪ੍ਰਤਾਪ ਸਿੰਘ ਵੱਲੋਂ ਫਾਈਨਲ ਵਿੱਚ ਹਰੇਕ ਗੋਲ 'ਤੇ $100 ਦਾ ਵਿਸ਼ੇਸ਼ ਨਕਦ ਇਨਾਮ ਰੱਖਿਆ ਗਿਆ ਸੀ। ਫਾਈਨਲ ਦੇ ਕੁੱਲ 9 ਗੋਲਾਂ ਬਦਲੇ ਖਿਡਾਰੀਆਂ ਨੂੰ ਮੌਕੇ 'ਤੇ ਹੀ $900 ਦੇ ਨਕਦ ਪੁਰਸਕਾਰ ਤਕਸੀਮ ਕੀਤੇ ਗਏ।

**ਸਨਮਾਨ ਸਮਾਰੋਹ ਅਤੇ ਸ਼ਖ਼ਸੀਅਤਾਂ ਵੱਲੋਂ ਸੰਬੋਧਨ**

ਸਮਾਪਤੀ ਸਮਾਰੋਹ ਦੌਰਾਨ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਟਰੇਸੀ ਦੇ ਮੁੱਖ ਸੇਵਾਦਾਰ ਬਾਬਾ ਧਰਮ ਸਿੰਘ ਜੀ ਅਤੇ ਸੈਨ ਵਾਕਿਨ ਕਾਊਂਟੀ ਦੇ ਸੁਪਰਵਾਈਜ਼ਰ ਸੋਨੀ ਧਾਲੀਵਾਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਜੇਤੂਆਂ ਨੂੰ ਟਰਾਫ਼ੀਆਂ ਤੇ ਸਨਮਾਨ ਚਿੰਨ੍ਹ ਭੇਟ ਕੀਤੇ।

ਸੁਪਰਵਾਈਜ਼ਰ ਸੋਨੀ ਧਾਲੀਵਾਲ ਨੇ ਨੌਜਵਾਨ ਪੀੜ੍ਹੀ ਨੂੰ ਖੇਡਾਂ ਨਾਲ ਜੋੜਨ ਅਤੇ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨ ਲਈ ਕਲੱਬ ਪ੍ਰਬੰਧਕਾਂ ਦੇ ਉੱਦਮ ਦੀ ਸ਼ਲਾਘਾ ਕੀਤੀ। ਸਮਾਗਮ ਦੇ ਅੰਤ ਵਿੱਚ ਗੁਰਦੁਆਰਾ ਸਾਹਿਬ ਦੇ ਸਕੱਤਰ ਸ. ਦੀਪ ਸਿੰਘ ਨੇ ਸਮੂਹ ਟੀਮਾਂ, ਵਲੰਟੀਅਰਾਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ। ਦੋਵੇਂ ਦਿਨ ਗੁਰੂ ਕਾ ਲੰਗਰ ਅਤੇ ਰਿਫਰੈਸ਼ਮੈਂਟ ਅਤੁੱਟ ਵਰਤਾਈ ਗਈ।

**ਖੇਡ ਰਿਪੋਰਟਿੰਗ ਬੇਦਾਅਵਾ**

**ਸਰੋਤ:** ਇਹ ਖੇਡ ਰਿਪੋਰਟ ਟਰੇਸੀ ਫੀਲਡ ਹਾਕੀ ਕਲੱਬ, ਟੂਰਨਾਮੈਂਟ ਪ੍ਰਬੰਧਕ ਕਮੇਟੀ ਵੱਲੋਂ ਜਾਰੀ ਅਧਿਕਾਰਤ ਸਕੋਰਬੋਰਡ ਅਤੇ ਮੈਚ ਰੈਫ਼ਰੀਆਂ ਦੇ ਅੰਕੜਿਆਂ 'ਤੇ ਆਧਾਰਿਤ ਹੈ।

**ਨਤੀਜਿਆਂ ਦੀ ਪ੍ਰਮਾਣਿਕਤਾ:** ਸਾਰੇ ਮੈਚ ਨਤੀਜੇ, ਵਿਅਕਤੀਗਤ ਐਵਾਰਡ ਅਤੇ ਨਕਦ ਇਨਾਮਾਂ ਦੇ ਵੇਰਵੇ ਪ੍ਰਬੰਧਕੀ ਕਮੇਟੀ ਦੇ ਅਧਿਕਾਰਤ ਫ਼ੈਸਲੇ ਅਨੁਸਾਰ ਦਰਜ ਕੀਤੇ ਗਏ ਹਨ।




**ਟੂਰਨਾਮੈਂਟ ਨਤੀਜੇ ਅਤੇ ਵਿਅਕਤੀਗਤ ਸਨਮਾਨ**

| ਸ਼੍ਰੇਣੀ / ਸਨਮਾਨ | ਜੇਤੂ ਟੀਮ / ਖਿਡਾਰੀ ਦਾ ਨਾਮ |
|---|---|
| ਓਪਨ ਡਿਵੀਜ਼ਨ ਚੈਂਪੀਅਨ | ਈਗਲਜ਼ ਐਫ.ਐਚ.ਸੀ., ਫੇਅਰਫੀਲਡ |
| ਓਪਨ ਡਿਵੀਜ਼ਨ ਰਨਰ-ਅੱਪ | ਟਰੇਸੀ ਐਫ.ਐਚ.ਸੀ. |
| ਮਾਸਟਰਜ਼ ਡਿਵੀਜ਼ਨ ਚੈਂਪੀਅਨ | ਯੂਬਾ ਬ੍ਰਦਰਜ਼ ਐਫ.ਐਚ.ਸੀ. |
| ਮਾਸਟਰਜ਼ ਡਿਵੀਜ਼ਨ ਰਨਰ-ਅੱਪ | ਫੇਅਰਫੀਲਡ ਐਫ.ਐਚ.ਸੀ. |
| ਫੇਅਰ ਪਲੇ ਟੀਮ ਐਵਾਰਡ | ਐਸ.ਬੀ.ਡੀ.ਐਸ. ਸੈਕਰਾਮੈਂਟੋ |
| ਬੈਸਟ ਗੋਲਕੀਪਰ | ਗੁਰਪ੍ਰੀਤ ਸਿੰਘ 'ਗੱਗੂ' |
| ਬੈਸਟ ਡਿਫੈਂਡਰ | ਮਨਪ੍ਰੀਤ ਸਿੰਘ |
| ਟਾਪ ਸਕੋਰਰ | ਗਗਨਦੀਪ ਸਿੰਘ |
| ਪਲੇਅਰ ਆਫ਼ ਦਾ ਟੂਰਨਾਮੈਂਟ | ਨਵਦੀਪ ਸਿੰਘ |
| ਐਮ.ਵੀ.ਪੀ. (Most Valuable Player) | ਗਗਨਦੀਪ ਸਿੰਘ |









### FIIDS ਵੱਲੋਂ ਬੇਅ ਏਰੀਆ 'ਚ ਵਿਸ਼ੇਸ਼ 'ਮੀਟ ਐਂਡ ਗ੍ਰੀਟ' ਸਮਾਗਮ

# ਨਵੇਂ ਕੌਂਸਲ ਜਨਰਲ ਸਤੀਸ਼ ਸਿਵਨ ਦਾ ਭਰਵਾਂ ਸਵਾਗਤ, ਡਿਪਟੀ ਕੌਂਸਲ ਜਨਰਲ ਰਾਕੇਸ਼ ਅਦਲੱਖਾ ਨੂੰ ਭਾਵਭਿੰਨੀ ਵਿਦਾਇਗੀ

## ਭਾਰਤੀ-ਅਮਰੀਕੀ ਭਾਈਚਾਰੇ ਦੇ ਮੋਹਰੀ ਆਗੂਆਂ ਨੇ ਭਰੀ ਭਰਵੀਂ ਹਾਜ਼ਰੀ; ਭਾਰਤ-ਅਮਰੀਕਾ ਦੁਵੱਲੇ ਸੰਬੰਧਾਂ, ਕੌਂਸਲਰ ਸੇਵਾਵਾਂ ਅਤੇ ਡਾਇਸਪੋਰਾ ਹਿੱਤਾਂ ਨੂੰ ਹੋਰ ਮਜ਼ਬੂਤ ਕਰਨ ਦਾ ਲਿਆ ਗਿਆ ਅਹਿਦ





ਸੈਨ ਫ਼ਰਾਂਸਿਸਕੋ/ਬੇਅ ਏਰੀਆ (ਕੈਲੀਫ਼ੋਰਨੀਆ): (ਸਾਡੇ ਲੋਕ) : ਫਾਊਂਡੇਸ਼ਨ ਫਾਰ ਇੰਡੀਆ ਐਂਡ ਇੰਡੀਅਨ ਡਾਇਸਪੋਰਾ ਸਟੱਡੀਜ਼ (FIIDS) ਦੇ ਬੇਅ ਏਰੀਆ ਚੈਪਟਰ ਵੱਲੋਂ ਭਾਰਤੀ ਕੌਂਸਲੇਟ ਦੇ ਸੀਨੀਅਰ ਕੂਟਨੀਤਕਾਂ ਦੇ ਸਨਮਾਨ ਵਿੱਚ ਇੱਕ ਪ੍ਰਭਾਵਸ਼ਾਲੀ ਅਤੇ ਯਾਦਗਾਰੀ 'ਮੀਟ ਐਂਡ ਗ੍ਰੀਟ' (Meet & Greet) ਸਮਾਗਮ ਕਰਵਾਇਆ ਗਿਆ। ਇਹ ਵਿਸ਼ੇਸ਼ ਪ੍ਰੋਗਰਾਮ ਭਾਰਤੀ ਕੌਂਸਲੇਟ ਜਨਰਲ (ਸੈਨ ਫ਼ਰਾਂਸਿਸਕੋ) ਦੇ ਨਵੇਂ ਨਿਯੁਕਤ ਕੌਂਸਲ ਜਨਰਲ ਸ੍ਰੀ ਸਤੀਸ਼ ਸਿਵਨ (Satish Sivan) ਦੇ ਰਸਮੀ ਸੁਆਗਤ ਅਤੇ ਆਪਣਾ ਸਫ਼ਲ ਕਾਰਜਕਾਲ ਮੁਕੰਮਲ ਕਰ ਚੁੱਕੇ ਡਿਪਟੀ ਕੌਂਸਲ ਜਨਰਲ ਸ੍ਰੀ ਰਾਕੇਸ਼ ਅਦਲੱਖਾ (Rakesh Adlakha) ਨੂੰ ਸਤਿਕਾਰਪੂਰਵਕ ਵਿਦਾਇਗੀ ਦੇਣ ਲਈ ਉਲੀਕਿਆ ਗਿਆ ਸੀ।

ਸ਼ਨੀਵਾਰ ਸ਼ਾਮ 4:00 ਤੋਂ 6:00 ਵਜੇ ਤੱਕ ਚੱਲੇ ਇਸ ਇਕੱਠ ਵਿੱਚ ਉੱਤਰੀ ਕੈਲੀਫ਼ੋਰਨੀਆ ਦੇ ਭਾਰਤੀ-ਅਮਰੀਕੀ ਭਾਈਚਾਰੇ ਦੇ ਪ੍ਰਮੁੱਖ ਨੁਮਾਇੰਦਿਆਂ, ਤਕਨਾਲੋਜੀ ਤੇ ਵਪਾਰਕ ਖੇਤਰ ਦੇ ਉੱਦਮੀਆਂ, ਸਮਾਜਿਕ ਆਗੂਆਂ ਅਤੇ ਪਤਵੰਤੇ ਸੱਜਣਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਦੋਵਾਂ ਕੂਟਨੀਤਕਾਂ ਪ੍ਰਤੀ ਸਤਿਕਾਰ ਪ੍ਰਗਟਾਇਆ।

**ਸਮਾਗਮ ਦੇ ਮੁੱਖ ਵੇਰਵੇ**

**ਆਯੋਜਕ** : ਫਾਊਂਡੇਸ਼ਨ ਫਾਰ ਇੰਡੀਆ ਐਂਡ ਇੰਡੀਅਨ ਡਾਇਸਪੋਰਾ ਸਟੱਡੀਜ਼ (FIIDS – ਬੇਅ ਏਰੀਆ)

**ਸਥਾਨ** : ਸੈਨ ਫ਼ਰਾਂਸਿਸਕੋ ਬੇਅ ਏਰੀਆ, ਉੱਤਰੀ ਕੈਲੀਫ਼ੋਰਨੀਆ

**ਮੁੱਖ ਸ਼ਖ਼ਸੀਅਤਾਂ** : ਸ੍ਰੀ ਸਤੀਸ਼ ਸਿਵਨ (ਨਵੇਂ ਕੌਂਸਲ ਜਨਰਲ) ਅਤੇ ਸ੍ਰੀ ਰਾਕੇਸ਼ ਅਦਲੱਖਾ (ਨਿਵਰਤਮਾਨ ਡਿਪਟੀ ਕੌਂਸਲ ਜਨਰਲ)

**ਮੁੱਖ ਉਦੇਸ਼** : ਕੂਟਨੀਤਕ ਤਬਦੀਲੀ ਮੌਕੇ ਭਾਈਚਾਰਕ ਸਵਾਗਤ, ਵਿਦਾਇਗੀ ਅਤੇ ਕੌਂਸਲਰ-ਡਾਇਸਪੋਰਾ ਤਾਲਮੇਲ ਮਜ਼ਬੂਤ ਕਰਨਾ

ਨਵੇਂ ਕੌਂਸਲ ਜਨਰਲ ਸਤੀਸ਼ ਸਿਵਨ ਦਾ ਭਰਵਾਂ ਸਵਾਗਤ

ਸਮਾਗਮ ਦੌਰਾਨ ਡਾਇਸਪੋਰਾ ਆਗੂਆਂ ਨੇ ਨਵੇਂ ਕੌਂਸਲ ਜਨਰਲ ਸ੍ਰੀ ਸਤੀਸ਼ ਸਿਵਨ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ। ਬੁਲਾਰਿਆਂ ਨੇ ਕਿਹਾ:

**ਦੁਵੱਲੇ ਸੰਬੰਧਾਂ ਵਿੱਚ ਨਵੀਂ ਊਰਜਾ:** ਸਿਲੀਕੌਨ ਵੈਲੀ ਅਤੇ ਪੱਛਮੀ ਤੱਟ ਦੇ ਰਣਨੀਤਕ ਮਹੱਤਵ ਨੂੰ ਦੇਖਦਿਆਂ ਆਸ ਪ੍ਰਗਟਾਈ ਗਈ ਕਿ ਸ੍ਰੀ ਸਿਵਨ ਦੀ ਤਜਰਬੇਕਾਰ ਅਗਵਾਈ ਹੇਠ ਭਾਰਤ ਅਤੇ ਅਮਰੀਕਾ ਦਰਮਿਆਨ ਤਕਨਾਲੋਜੀ, ਵਪਾਰ ਅਤੇ ਨਿਵੇਸ਼ ਦੇ ਖੇਤਰਾਂ ਵਿੱਚ ਦੁਵੱਲੀ ਸਾਂਝ ਨਵੀਆਂ ਉਚਾਈਆਂ ਛੂਹੇਗੀ।

**ਕੌਂਸਲਰ ਸੇਵਾਵਾਂ ਦਾ ਸਰਲੀਕਰਨ:** ਪੱਛਮੀ ਤੱਟ (West Coast) ਦੇ ਵੱਖ-ਵੱਖ ਸੂਬਿਆਂ ਵਿੱਚ ਵਸਦੇ ਭਾਰਤੀਆਂ ਦੇ ਪਾਸਪੋਰਟ, ਵੀਜ਼ਾ, OCI ਅਤੇ ਹੋਰ ਕੌਂਸਲਰ ਮਸਲਿਆਂ ਨੂੰ ਹੋਰ ਸੁਚਾਰੂ ਤੇ ਸੁਖਾਲਾ ਬਣਾਉਣ ਲਈ ਭਾਈਚਾਰੇ ਨੇ ਕੌਂਸਲੇਟ ਨਾਲ ਮਿਲ ਕੇ ਕੰਮ ਕਰਨ ਦੀ ਉਮੀਦ ਜਤਾਈ।

ਰਾਕੇਸ਼ ਅਦਲੱਖਾ ਦੇ ਲੋਕ-ਪੱਖੀ ਕਾਰਜਕਾਲ ਦੀ ਸ਼ਲਾਘਾ ਅਤੇ ਭਾਵਪੂਰਤ ਵਿਦਾਇਗੀ

ਹਾਜ਼ਰੀਨ ਨੇ ਡਿਪਟੀ ਕੌਂਸਲ ਜਨਰਲ ਸ੍ਰੀ ਰਾਕੇਸ਼ ਅਦਲੱਖਾ ਵੱਲੋਂ ਬੇਅ ਏਰੀਆ ਵਿੱਚ ਆਪਣੀ ਤਾਇਨਾਤੀ ਦੌਰਾਨ ਨਿਭਾਈਆਂ ਸ਼ਾਨਦਾਰ ਸੇਵਾਵਾਂ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਨੇ ਆਪਣੇ ਕਾਰਜਕਾਲ ਦੌਰਾਨ ਸਥਾਨਕ ਸੰਸਥਾਵਾਂ, ਵਿਦਿਆਰਥੀਆਂ ਅਤੇ ਆਮ ਨਾਗਰਿਕਾਂ ਨਾਲ ਨਿਰੰਤਰ ਜੀਵੰਤ ਸੰਪਰਕ ਬਣਾਈ ਰੱਖ ਕੇ ਕੌਂਸਲੇਟ ਦੇ ਦਰਵਾਜ਼ੇ ਹਮੇਸ਼ਾ ਖੁੱਲ੍ਹੇ ਰੱਖੇ।

**ਸ਼ਾਇਰ ਪੰਕਜ ਆਂਸਲ ਵੱਲੋਂ ਭਾਵੁਕ ਸ਼ਬਦਾਂ ਰਾਹੀਂ ਵਿਦਾਇਗੀ:** ਅਮਰੀਕਾ ਦੇ ਉੱਘੇ ਸ਼ਾਇਰ ਅਤੇ 'ਯੂਨਾਈਟਿਡ ਪੰਜਾਬ ਫ਼ਰੰਟ' ਦੇ ਪ੍ਰਧਾਨ ਸ੍ਰੀ ਪੰਕਜ ਆਂਸਲ ਨੇ ਸ੍ਰੀ ਰਾਕੇਸ਼ ਅਦਲੱਖਾ ਦੀ ਨਿਹਾਇਤ ਇਮਾਨਦਾਰੀ ਅਤੇ ਆਪਣੇ ਕੰਮ ਨੂੰ ਨਿਰਸਵਾਰਥ ਸੇਵਾ ਸਮਝ ਕੇ ਕਰਨ ਵਾਲੀ ਸ਼ੈਲੀ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਭਾਵੁਕ ਹੁੰਦਿਆਂ ਕਿਹਾ: "ਕਭੀ ਅਲਵਿਦਾ ਨਾ ਕਹਿਣਾ... ਭਾਵੇਂ ਤੁਸੀਂ ਆਪਣੇ ਪਿਆਰੇ ਵਤਨ ਅਤੇ ਆਪਣੀ ਮਿੱਟੀ ਵੱਲ ਪਰਤ ਰਹੇ ਹੋ, ਪਰ ਜਿਨ੍ਹਾਂ ਨੂੰ ਤੁਸੀਂ ਇੱਥੇ ਛੱਡ ਕੇ ਜਾ ਰਹੇ ਹੋ, ਉਨ੍ਹਾਂ ਲਈ ਇਹ ਵਿਛੋੜਾ ਬੇਹੱਦ ਉਦਾਸੀ ਭਰਿਆ ਅਤੇ ਤੁਹਾਡਾ ਸਾਥ ਹਮੇਸ਼ਾ ਯਾਦਗਾਰੀ ਰਹੇਗਾ। ਸੱਜਣਾਂ ਦਾ ਵਿਛੋੜਾ ਅਸਿਹ ਤੇ ਅਕਹਿ ਹੁੰਦਾ ਹੈ, ਪਰ ਸਾਡੀ ਦਿਲੋਂ ਦੁਆ ਹੈ ਕਿ ਤੁਸੀਂ ਜਿੱਥੇ ਵੀ ਰਹੋ ਖ਼ੁਸ਼ ਰਹੋ ਅਤੇ ਆਪਣੇ ਦੇਸ਼ ਤੇ ਲੋਕਾਂ ਦੀ ਇਸੇ ਤਰ੍ਹਾਂ ਸਮਰਪਣ ਭਾਵਨਾ ਨਾਲ ਸੇਵਾ ਕਰਦੇ ਰਹੋ।

ਡਾਇਸਪੋਰਾ ਹਿੱਤਾਂ ਅਤੇ ਨੀਤੀਗਤ ਸੁਧਾਰਾਂ ਦਾ ਸੰਕਲਪ

FIIDS ਦੇ ਨੁਮਾਇੰਦਿਆਂ ਨੇ ਸੰਸਥਾ ਦੇ ਉਦੇਸ਼ਾਂ ਨੂੰ ਦੁਹਰਾਉਂਦਿਆਂ ਸਪੱਸ਼ਟ ਕੀਤਾ ਕਿ:

**ਡਾਇਸਪੋਰਾ ਦੇ ਹੱਕਾਂ ਦੀ ਪਹਿਰੇਦਾਰੀ:** ਸੰਸਥਾ ਭਾਰਤੀ ਮੂਲ ਦੇ ਭਾਈਚਾਰੇ ਦੇ ਸੰਵਿਧਾਨਕ ਤੇ ਸਮਾਜਿਕ ਹੱਕਾਂ ਦੀ ਰਾਖੀ, ਨੀਤੀਗਤ ਸੁਧਾਰਾਂ ਅਤੇ ਅਮਰੀਕੀ ਪ੍ਰਸ਼ਾਸਨ ਸਾਹਮਣੇ ਭਾਈਚਾਰੇ ਦੀਆਂ ਚਿੰਤਾਵਾਂ ਰੱਖਣ ਲਈ ਸਰਗਰਮ ਭੂਮਿਕਾ ਨਿਭਾਉਂਦੀ ਰਹੇਗੀ।

**ਸੱਭਿਆਚਾਰਕ ਤੇ ਆਰਥਿਕ ਪੁਲ:** ਭਾਰਤ ਅਤੇ ਅਮਰੀਕਾ ਦਰਮਿਆਨ ਲੋਕਾਂ-ਤੋਂ-ਲੋਕਾਂ (People-to-People) ਦੇ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਕੌਂਸਲੇਟ ਨਾਲ ਮਿਲ ਕੇ ਭਵਿੱਖ ਵਿੱਚ ਵੀ ਸਾਂਝੇ ਉਪਰਾਲੇ ਜਾਰੀ ਰੱਖੇ ਜਾਣਗੇ।

ਸਮਾਪਤੀ ਮੌਕੇ ਭਾਈਚਾਰੇ ਨੇ ਨਵੇਂ ਕੌਂਸਲ ਜਨਰਲ ਨੂੰ ਹਰ ਲੋਕ-ਹਿੱਤੂ ਕਾਰਜ ਵਿੱਚ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

ਪੱਤਰਕਾਰੀ ਅਤੇ ਕੂਟਨੀਤਕ ਬੇਦਾਅਵਾ (Journalistic & Diplomatic Disclaimer)

**ਸਮਾਗਮ ਦੀ ਰਿਪੋਰਟਿੰਗ:** ਇਹ ਸਮੱਗਰੀ ਫਾਊਂਡੇਸ਼ਨ ਫਾਰ ਇੰਡੀਆ ਐਂਡ ਇੰਡੀਅਨ ਡਾਇਸਪੋਰਾ ਸਟੱਡੀਜ਼ (FIIDS) ਵੱਲੋਂ ਜਾਰੀ ਪ੍ਰੈੱਸ ਬਿਆਨ, ਸਮਾਗਮ ਦੇ ਅਧਿਕਾਰਤ ਵੇਰਵਿਆਂ ਅਤੇ ਹਾਜ਼ਰ ਨੁਮਾਇੰਦਿਆਂ ਵੱਲੋਂ ਪ੍ਰਗਟਾਏ ਗਏ ਵਿਚਾਰਾਂ ਦੀ ਪੱਤਰਕਾਰੀ ਰਿਪੋਰਟਿੰਗ 'ਤੇ ਆਧਾਰਿਤ ਹੈ।

**ਅਧਿਕਾਰਤ ਕੂਟਨੀਤਕ ਪੁਜ਼ੀਸ਼ਨ:** ਸਮਾਗਮ ਦੌਰਾਨ ਪ੍ਰਗਟਾਏ ਗਏ ਭਾਈਚਾਰਕ ਵਿਚਾਰ ਭਾਰਤੀ-ਅਮਰੀਕੀ ਸੰਸਥਾਵਾਂ ਦੇ ਪ੍ਰਤੀਕਰਮ ਨੂੰ ਦਰਸਾਉਂਦੇ ਹਨ; ਕੌਂਸਲਰ ਨੀਤੀਆਂ ਅਤੇ ਦੁਵੱਲੇ ਫ਼ੈਸਲੇ ਸਬੰਧਤ ਦੇਸ਼ਾਂ ਦੇ ਵਿਦੇਸ਼ ਮੰਤਰਾਲਿਆਂ ਦੇ ਅਧਿਕਾਰਤ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹੀ ਲਾਗੂ ਹੁੰਦੇ ਹਨ।

## ਮਦੁਰਾਈ ਦੇ ਇਤਿਹਾਸਕ ਮੀਨਾਕਸ਼ੀ ਅੰਮਨ ਮੰਦਰ ਵਿਖੇ ਭਲਕੇ ਹੋਵੇਗਾ ਮਹਾ ਕੁੰਭਾਭਿਸ਼ੇਕਮ

# 17 ਸਾਲਾਂ ਬਾਅਦ ਰਚਿਆ ਜਾਵੇਗਾ ਇਤਿਹਾਸ; ਲੱਖਾਂ ਸ਼ਰਧਾਲੂਆਂ ਦੇ ਇਕੱਠ ਦੇ ਮੱਦੇਨਜ਼ਰ ਪ੍ਰਸ਼ਾਸਨ ਵੱਲੋਂ ਪੁਖ਼ਤਾ ਪ੍ਰਬੰਧ





ਮਦੁਰਾਈ (ਤਾਮਿਲਨਾਡੂ) : ਦੱਖਣੀ ਭਾਰਤ ਦੇ ਪ੍ਰਸਿੱਧ ਅਤੇ ਵਿਸ਼ਵ ਵਿਖਿਆਤ ਅਰੁਲਮਿਗੂ ਮੀਨਾਕਸ਼ੀ ਸੁੰਦਰੇਸ਼ਵਰਰ ਮੰਦਰ (ਮਦੁਰਾਈ) ਵਿਖੇ ਵੀਰਵਾਰ, 17 ਸਤੰਬਰ ਨੂੰ ਪਵਿੱਤਰ ਮਹਾ ਕੁੰਭਾਭਿਸ਼ੇਕਮ (ਪੁਨਰ-ਪ੍ਰਤਿਸ਼ਠਾ ਸਮਾਰੋਹ) ਪੂਰੀ ਸ਼ਰਧਾ ਅਤੇ ਵੈਦਿਕ ਮਰਿਆਦਾ ਅਨੁਸਾਰ ਆਯੋਜਿਤ ਕੀਤਾ ਜਾ ਰਿਹਾ ਹੈ। ਸਾਲ 2009 ਤੋਂ ਬਾਅਦ ਲਗਭਗ 17 ਵਰ੍ਹਿਆਂ ਦੇ ਲੰਮੇ ਵਕਫ਼ੇ ਮਗਰੋਂ ਹੋ ਰਹੇ ਇਸ ਅਧਿਆਤਮਿਕ ਮਹਾਂ-ਉਤਸਵ ਵਿੱਚ ਸ਼ਾਮਲ ਹੋਣ ਲਈ ਦੇਸ਼-ਵਿਦੇਸ਼ ਤੋਂ ਲੱਖਾਂ ਸ਼ਰਧਾਲੂਆਂ ਦੇ ਮਦੁਰਾਈ ਪਹੁੰਚਣ ਦੀ ਸੰਭਾਵਨਾ ਹੈ।

**ਕੁੰਭਾਭਿਸ਼ੇਕਮ ਸਮਾਰੋਹ ਦਾ ਮੁੱਖ ਸ਼ਡਿਊਲ**

ਹਿੰਦੂ ਰਿਲੀਜੀਅਸ ਐਂਡ ਚੈਰੀਟੇਬਲ ਐਂਡੋਮੈਂਟਸ (HR&CE) ਵਿਭਾਗ ਅਤੇ ਮੰਦਰ ਪ੍ਰਸ਼ਾਸਨ ਅਨੁਸਾਰ ਮੁੱਖ ਸਮਾਰੋਹ ਭਲਕੇ ਸਵੇਰੇ 7:40 ਵਜੇ ਤੋਂ 8:10 ਵਜੇ ਦਰਮਿਆਨ ਸੰਪੰਨ ਹੋਵੇਗਾ:

ਸਵੇਰੇ 7:40 ਵਜੇ: ਸੁਨਹਿਰੀ ਵਿਮਾਨਾਂ (Golden Vimanas) ਅਤੇ ਮੁੱਖ ਰਾਜਗੋਪੁਰਮਾਂ ਉੱਤੇ ਪਵਿੱਤਰ ਜਲ ਦਾ ਛਿੜਕਾਅ (ਅਭਿਸ਼ੇਕ)।

ਸਵੇਰੇ 7:55 ਵਜੇ: ਮਾਤਾ ਮੀਨਾਕਸ਼ੀ ਦੇ ਮੂਲਸਥਾਨਮ ਦਾ ਕੁੰਭਾਭਿਸ਼ੇਕਮ।

ਸਵੇਰੇ 8:10 ਵਜੇ: ਭਗਵਾਨ ਸੁੰਦਰੇਸ਼ਵਰਰ (ਸ਼ਿਵ ਜੀ) ਦੇ ਪਵਿੱਤਰ ਗਰਭ-ਗ੍ਰਹਿ ਦਾ ਕੁੰਭਾਭਿਸ਼ੇਕਮ।

ਸ਼ਾਮ ਦਾ ਪ੍ਰੋਗਰਾਮ: ਸ਼ਾਮ ਨੂੰ ਮਾਸੀ ਵੀਧੀ (Masi Veedhi) ਮਾਰਗਾਂ 'ਤੇ ਪੰਚ ਮੂਰਤੀਆਂ ਦਾ ਸ਼ਾਨਦਾਰ ਨਗਰ ਭ੍ਰਮਣ ਅਤੇ ਧਾਰਮਿਕ ਜਲੂਸ ਕੱਢਿਆ ਜਾਵੇਗਾ।

**12 ਦਿਨਾਂ ਦੀਆਂ ਪੂਜਾ ਰਸਮਾਂ ਅਤੇ ਵਿਸ਼ਾਲ ਪੁਨਰ-ਨਿਰਮਾਣ**

ਕੁੰਭਾਭਿਸ਼ੇਕਮ ਦੀਆਂ ਤਿਆਰੀਆਂ 6 ਸਤੰਬਰ ਤੋਂ ਹੀ ਸ਼ੁਰੂ ਹੋ ਚੁੱਕੀਆਂ ਸਨ, ਜਿਸ ਦੌਰਾਨ ਵਾਸਤੂ ਸ਼ਾਂਤੀ, ਵੈਗਈ ਨਦੀ ਤੋਂ ਪਵਿੱਤਰ ਜਲ ਲਿਆਉਣ ਅਤੇ 56 ਯਾਗਾਸ਼ਾਲਾਵਾਂ ਵਿੱਚ 184 ਹਵਨ ਕੁੰਡਾਂ ਰਾਹੀਂ 12 ਵਿਸ਼ੇਸ਼ ਯੱਗ ਸੈਸ਼ਨ ਆਯੋਜਿਤ ਕੀਤੇ ਗਏ। 16 ਸਤੰਬਰ ਨੂੰ ਪਰਿਵਾਰ ਮੂਰਤੀਆਂ ਦਾ ਅਭਿਸ਼ੇਕ ਸੰਪੰਨ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਫਰਵਰੀ 2018 ਵਿੱਚ ਵੀਰ ਵਸੰਤ ਰਾਇਰ ਮੰਡਪਮ ਵਿਖੇ ਵਾਪਰੇ ਭਿਆਨਕ ਅਗਨੀ ਕਾਂਡ ਕਾਰਨ ਮੰਦਰ ਦੇ ਕਈ ਪ੍ਰਾਚੀਨ ਹਿੱਸਿਆਂ ਨੂੰ ਨੁਕਸਾਨ ਪਹੁੰਚਿਆ ਸੀ। ਤਾਮਿਲਨਾਡੂ ਸਰਕਾਰ ਵੱਲੋਂ ਲਗਭਗ 67 ਕਰੋੜ ਰੁਪਏ ਤੋਂ ਵੱਧ ਦੇ ਬਜਟ ਨਾਲ 186 ਪੁਨਰ-ਨਿਰਮਾਣ ਅਤੇ ਸੁੰਦਰੀਕਰਨ ਦੇ ਕਾਰਜ ਮੁਕੰਮਲ ਕੀਤੇ ਗਏ ਹਨ, ਜਿਸ ਕਾਰਨ ਮੰਦਰ ਆਪਣੇ ਅਸਲ ਸ਼ਾਨਾਮੱਤੇ ਰੂਪ ਵਿੱਚ ਮੁੜ ਸਥਾਪਿਤ ਹੋਇਆ ਹੈ।

**ਸੁਰੱਖਿਆ ਅਤੇ ਸੰਗਤਾਂ ਦੀ ਸਹੂਲਤ ਲਈ ਵਿਸ਼ੇਸ਼ ਇੰਤਜ਼ਾਮ** : ਵੱਡੇ ਇਕੱਠ ਨੂੰ ਮੁੱਖ ਰੱਖਦਿਆਂ ਪ੍ਰਸ਼ਾਸਨ ਨੇ ਪੂਰੇ ਸ਼ਹਿਰ ਵਿੱਚ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਹਨ:

ਸ਼ਹਿਰ ਵਿੱਚ ਆਵਾਜਾਈ ਨੂੰ ਸੁਚਾਰੂ ਰੱਖਣ ਲਈ 8,000 ਤੋਂ ਵੱਧ ਵਾਹਨਾਂ ਦੀ ਪਾਰਕਿੰਗ ਦਾ ਪ੍ਰਬੰਧ ਅਤੇ ਵਿਸ਼ੇਸ਼ ਟਰੈਫਿਕ ਰੂਟ ਤੈਅ ਕੀਤੇ ਗਏ ਹਨ।

ਸ਼ਰਧਾਲੂਆਂ ਦੀ ਨਿਗਰਾਨੀ ਲਈ ਮੰਦਰ ਅਤੇ ਆਸ-ਪਾਸ ਦੇ ਖੇਤਰ ਵਿੱਚ 200 ਤੋਂ ਵੱਧ ਸੀ.ਸੀ.ਟੀ.ਵੀ. ਅਤੇ ਫੇਸ਼ੀਅਲ ਰਿਕੋਗਨੀਸ਼ਨ (ਚਿਹਰਾ ਪਛਾਣਨ ਵਾਲੇ) ਕੈਮਰੇ ਲਗਾਏ ਗਏ ਹਨ।

ਆਮ ਸੰਗਤਾਂ ਦੀ ਸਹੂਲਤ ਲਈ ਸ਼ਹਿਰ ਦੇ ਵੱਖ-ਵੱਖ ਚੌਕਾਂ ਅਤੇ ਮੁੱਖ ਥਾਵਾਂ 'ਤੇ ਵੱਡੀਆਂ LED ਸਕ੍ਰੀਨਾਂ ਲਗਾਈਆਂ ਗਈਆਂ ਹਨ ਤਾਂ ਜੋ ਹਰ ਕੋਈ ਇਸ ਪਵਿੱਤਰ ਘੜੀ ਦੇ ਲਾਈਵ ਦਰਸ਼ਨ ਕਰ ਸਕੇ।

# ਹਿੰਦੂ ਟੈਂਪਲ ਅਤੇ ਕਮਿਊਨਿਟੀ ਸੈਂਟਰ ਸੰਨੀਵੇਲ ਵਿਖੇ ਨਵੇਂ ਭਾਰਤੀ ਕੌਂਸਲ ਜਨਰਲ ਸਤੀਸ਼ ਸਿਵਨ ਦਾ ਭਰਵਾਂ ਸਨਮਾਨ

## ‘ਅਸੀਂ ਇੱਥੇ ਭਾਰਤੀ ਭਾਈਚਾਰੇ ਦੀ ਸੇਵਾ ਲਈ ਹੀ ਤਾਇਨਾਤ ਹਾਂ’ : ਕੌਂਸਲ ਜਨਰਲ

## ਅਮਰੀਕਾ ਦੇ ਵਿਕਾਸ ਤੇ ਸਿਲੀਕਾਨ ਵੈਲੀ ਦੀ ਤਰੱਕੀ ’ਚ ਭਾਰਤੀਆਂ ਦੀ ਕਾਬਲੀਅਤ ਦਾ ਲੋਹਾ ਮੰਨਿਆ













ਸੰਨੀਵੇਲ (ਕੈਲੀਫ਼ੋਰਨੀਆ): (ਸਾਡੇ ਲੋਕ) ਉੱਤਰੀ ਕੈਲੀਫ਼ੋਰਨੀਆ ਦੇ ਪ੍ਰਮੁੱਖ ਧਾਰਮਿਕ ਤੇ ਸੱਭਿਆਚਾਰਕ ਕੇਂਦਰ ‘ਹਿੰਦੂ ਟੈਂਪਲ ਅਤੇ ਕਮਿਊਨਿਟੀ ਸੈਂਟਰ’ ਸੰਨੀਵੇਲ ਵਿਖੇ ਭਾਰਤੀ ਕੌਂਸਲੇਟ ਜਨਰਲ (ਸੈਨ ਫ਼ਰਾਂਸਿਸਕੋ) ਦੇ ਨਵ-ਨਿਯੁਕਤ ਕੌਂਸਲ ਜਨਰਲ (CGI) ਸ੍ਰੀ ਸਤੀਸ਼ ਸਿਵਨ (Satish Sivan) ਦੇ ਸਨਮਾਨ ਵਿੱਚ ਇੱਕ ਵਿਸ਼ੇਸ਼ ਅਤੇ ਪ੍ਰਭਾਵਸ਼ਾਲੀ ਸਵਾਗਤੀ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਸਿਲੀਕਾਨ ਵੈਲੀ ਦੇ ਭਾਰਤੀ-ਅਮਰੀਕੀ ਭਾਈਚਾਰੇ ਦੇ ਮੋਹਰੀ ਆਗੂਆਂ, ਮੰਦਰ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਅਤੇ ਵੱਖ-ਵੱਖ ਸਮਾਜਿਕ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਸ਼ਿਰਕਤ ਕਰਕੇ ਨਵੇਂ ਕੌਂਸਲ ਜਨਰਲ ਦਾ ਨਿੱਘਾ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਯਾਦਗਾਰੀ ਸਨਮਾਨ ਚਿੰਨ੍ਹ ਭੇਟ ਕਰਕੇ ਨਿਵਾਜਿਆ।

ਸਮਾਗਮ ਦੌਰਾਨ ਮੰਦਰ ਦੇ ਸਾਬਕਾ ਪ੍ਰਧਾਨ ਸ੍ਰੀ ਰਾਜ ਭਨੋਟ ਸਮੇਤ ਮੰਦਰ ਟਰੱਸਟ ਦੇ ਪ੍ਰਮੁੱਖ ਅਹੁਦੇਦਾਰਾਂ, ਕਾਰੋਬਾਰੀਆਂ ਅਤੇ ਧਾਰਮਿਕ ਸ਼ਖ਼ਸੀਅਤਾਂ ਨੇ ਵਿਸ਼ੇਸ਼ ਤੌਰ ’ਤੇ ਹਾਜ਼ਰੀ ਲਵਾਈ ਅਤੇ ਸ੍ਰੀ ਸਤੀਸ਼ ਸਿਵਨ ਨੂੰ ਅਹੁਦਾ ਸੰਭਾਲਣ ’ਤੇ ਵਧਾਈ ਦਿੰਦਿਆਂ ਸ਼ੁਭਕਾਮਨਾਵਾਂ ਭੇਟ ਕੀਤੀਆਂ।

ਸਮਾਗਮ ਦੇ ਮੁੱਖ ਪਹਿਲੂ

ਸਥਾਨ : ਹਿੰਦੂ ਟੈਂਪਲ ਅਤੇ ਕਮਿਊਨਿਟੀ ਸੈਂਟਰ, ਸੰਨੀਵੇਲ (ਸਿਲੀਕਾਨ ਵੈਲੀ, ਕੈਲੀਫ਼ੋਰਨੀਆ)

ਮੁੱਖ ਸ਼ਖ਼ਸੀਅਤ : ਸ੍ਰੀ ਸਤੀਸ਼ ਸਿਵਨ, ਭਾਰਤੀ ਕੌਂਸਲ ਜਨਰਲ (ਸੈਨ ਫ਼ਰਾਂਸਿਸਕੋ)

ਪ੍ਰਮੁੱਖ ਹਾਜ਼ਰੀਨ : ਸਾਬਕਾ ਪ੍ਰਧਾਨ ਰਾਜ ਭਨੋਟ, ਮੰਦਰ ਪ੍ਰਬੰਧਕ ਕਮੇਟੀ ਦੇ ਅਹੁਦੇਦਾਰ ਤੇ ਭਾਈਚਾਰਕ ਆਗੂ

ਮੁੱਖ ਏਜੰਡਾ : ਕੌਂਸਲ ਜਨਰਲ ਦਾ ਰਸਮੀ ਸਵਾਗਤ, ਕੌਂਸਲਰ ਸੇਵਾਵਾਂ ਦਾ ਸੁਧਾਰ ਅਤੇ ਭਾਈਚਾਰਕ ਸਾਂਝ

**‘ਅਸੀਂ ਇੱਥੇ ਭਾਰਤੀ ਲੋਕਾਂ ਦੀ ਸੇਵਾ ਲਈ ਤਾਇਨਾਤ ਹਾਂ’: ਕੌਂਸਲ ਜਨਰਲ**

ਸਮਾਗਮ ਨੂੰ ਸੰਬੋਧਨ ਕਰਦਿਆਂ ਕੌਂਸਲ ਜਨਰਲ ਸ੍ਰੀ ਸਤੀਸ਼ ਸਿਵਨ ਨੇ ਭਾਈਚਾਰੇ ਵੱਲੋਂ ਮਿਲੇ ਨਿੱਘੇ ਪਿਆਰ ਅਤੇ ਸਤਿਕਾਰ ਲਈ ਧੰਨਵਾਦ ਪ੍ਰਗਟਾਇਆ। ਉਨ੍ਹਾਂ ਨੇ ਕੌਂਸਲੇਟ ਪ੍ਰਸ਼ਾਸਨ ਦਾ ਮੂਲ ਮਕਸਦ ਸਪੱਸ਼ਟ ਕਰਦਿਆਂ ਕਿਹਾ:

**ਜਵਾਬਦੇਹ ਤੇ ਲੋਕ-ਪੱਖੀ ਪ੍ਰਸ਼ਾਸਨ:** ਕੌਂਸਲੇਟ ਦਫ਼ਤਰ ਦਾ ਸਭ ਤੋਂ ਪਹਿਲਾ ਫ਼ਰਜ਼ ਪ੍ਰਵਾਸੀ ਭਾਰਤੀਆਂ ਦੇ ਮਸਲਿਆਂ ਦਾ ਸਮਾਂਬੱਧ ਨਿਪਟਾਰਾ ਕਰਨਾ ਅਤੇ ਹਰ ਲੋੜਵੰਦ ਨਾਗਰਿਕ ਤੱਕ ਸਹਾਇਤਾ ਪਹੁੰਚਾਉਣਾ ਹੈ।

**ਸੇਵਾਵਾਂ ਦਾ ਸਰਲੀਕਰਨ:** ਉਨ੍ਹਾਂ ਭਰੋਸਾ ਦਿਵਾਇਆ ਕਿ ਪਾਸਪੋਰਟ ਨਵਿਆਉਣ, ਵੀਜ਼ਾ ਜਾਰੀ ਕਰਨ, OCI ਕਾਰਡਾਂ ਅਤੇ ਐਮਰਜੈਂਸੀ ਕੌਂਸਲਰ ਸੇਵਾਵਾਂ ਨੂੰ ਹੋਰ ਵਧੇਰੇ ਪਾਰਦਰਸ਼ੀ, ਤਕਨੀਕੀ ਤੌਰ ’ਤੇ ਆਸਾਨ ਅਤੇ ਆਮ ਲੋਕਾਂ ਦੀ ਪਹੁੰਚਯੋਗ ਬਣਾਇਆ ਜਾਵੇਗਾ।

**ਅਮਰੀਕਾ ਦੀ ਆਰਥਿਕ ਤੇ ਤਕਨੀਕੀ ਤਰੱਕੀ ਵਿੱਚ ਭਾਰਤੀਆਂ ਦਾ ਬੇਮਿਸਾਲ ਯੋਗਦਾਨ**

ਕੌਂਸਲ ਜਨਰਲ ਅਤੇ ਹੋਰਨਾਂ ਬੁਲਾਰਿਆਂ ਨੇ ਅਮਰੀਕਾ, ਖ਼ਾਸ ਕਰਕੇ ਕੈਲੀਫ਼ੋਰਨੀਆ ਦੀ ਸਿਲੀਕਾਨ ਵੈਲੀ ਵਿੱਚ ਵੱਸਦੇ ਭਾਰਤੀ ਭਾਈਚਾਰੇ ਦੀ ਸਖ਼ਤ ਮਿਹਨਤ, ਲਿਆਕਤ ਅਤੇ ਸਮਰਪਣ ਦੀ ਸ਼ਲਾਘਾ ਕੀਤੀ:

1. **ਗਲੋਬਲ ਪਛਾਣ:** ਆਈ.ਟੀ. (IT), ਸਾਫ਼ਟਵੇਅਰ ਇਨੋਵੇਸ਼ਨ, ਸਿਹਤ ਖੇਤਰ, ਉੱਚ ਸਿੱਖਿਆ ਅਤੇ ਕਾਰੋਬਾਰ ਵਿੱਚ ਭਾਰਤੀ ਮੂਲ ਦੇ ਪੇਸ਼ੇਵਰਾਂ ਨੇ ਵਿਸ਼ਵ ਪੱਧਰ ’ਤੇ ਆਪਣੀ ਕਾਬਲੀਅਤ ਦਾ ਸਿੱਕਾ ਜਮਾਇਆ ਹੈ।
2. **ਆਰਥਿਕ ਉੱਨਤੀ ਵਿੱਚ ਹਿੱਸੇਦਾਰੀ:** ਬੁਲਾਰਿਆਂ ਨੇ ਕਿਹਾ ਕਿ ਅਮਰੀਕਾ ਦੀ ਸਮੁੱਚੀ ਆਰਥਿਕਤਾ, ਨਵੀਨ ਖੋਜਾਂ ਅਤੇ ਰੋਜ਼ਗਾਰ ਸਿਰਜਣ ਵਿੱਚ ਇੱਥੋਂ ਦੇ ਭਾਰਤੀ ਭਾਈਚਾਰੇ ਦਾ ਰੋਲ ਬੇਹੱਦ ਮਹੱਤਵਪੂਰਨ ਅਤੇ ਮਾਣਮੱਤਾ ਹੈ।

**ਮੰਦਰ ਪ੍ਰਬੰਧਕਾਂ ਵੱਲੋਂ ਪੂਰਨ ਸਹਿਯੋਗ ਦਾ ਭਰੋਸਾ**

ਮੰਦਰ ਕਮੇਟੀ ਦੇ ਅਹੁਦੇਦਾਰਾਂ ਅਤੇ ਸੀਨੀਅਰ ਆਗੂ ਸ੍ਰੀ ਰਾਜ ਭਨੋਟ ਨੇ ਕੌਂਸਲ ਜਨਰਲ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਸੰਨੀਵੇਲ ਅਤੇ ਆਸ-ਪਾਸ ਦੇ ਇਲਾਕਿਆਂ ਦਾ ਭਾਰਤੀ ਭਾਈਚਾਰਾ ਕੌਂਸਲੇਟ ਨਾਲ ਨਜ਼ਦੀਕੀ ਰਾਬਤਾ ਬਣਾ ਕੇ ਹਰ ਸਮਾਜ ਸੇਵੀ, ਸੱਭਿਆਚਾਰਕ ਅਤੇ ਲੋਕ-ਭਲਾਈ ਪ੍ਰੋਜੈਕਟ ਵਿੱਚ ਪੂਰਾ ਸਹਿਯੋਗ ਦੇਵੇਗਾ।

ਸਮਾਗਮ ਦੀ ਸਮਾਪਤੀ ਮੌਕੇ ਸਮੂਹਿਕ ਯਾਦਗਾਰੀ ਤਸਵੀਰਾਂ ਲਈਆਂ ਗਈਆਂ ਅਤੇ ਹਾਜ਼ਰ ਸ਼ਖ਼ਸੀਅਤਾਂ ਨੇ ਕੌਂਸਲ ਜਨਰਲ ਨਾਲ ਭਾਈਚਾਰਕ ਮੁੱਦਿਆਂ ’ਤੇ ਸਾਰਥਕ ਵਿਚਾਰ-ਵਟਾਂਦਰਾ ਕੀਤਾ। ਪ੍ਰੋਗਰਾਮ ਦੌਰਾਨ ਹਾਜ਼ਰ ਸੰਗਤ ਲਈ ਪ੍ਰੀਤੀ ਭੋਜਨ ਅਤੇ ਰਿਫਰੈਸ਼ਮੈਂਟ ਦਾ ਸੁਚੱਜਾ ਪ੍ਰਬੰਧ ਕੀਤਾ ਗਿਆ ਸੀ।

**ਪੱਤਰਕਾਰੀ ਅਤੇ ਕੂਟਨੀਤਕ ਬੇਦਾਅਵਾ**

**ਸਮਾਗਮ ਦੀ ਰਿਪੋਰਟਿੰਗ:** ਇਹ ਰਿਪੋਰਟ ਹਿੰਦੂ ਟੈਂਪਲ ਅਤੇ ਕਮਿਊਨਿਟੀ ਸੈਂਟਰ, ਸੰਨੀਵੇਲ ਵਿਖੇ ਆਯੋਜਿਤ ਸਵਾਗਤੀ ਸਮਾਗਮ, ਪ੍ਰਬੰਧਕਾਂ ਵੱਲੋਂ ਜਾਰੀ ਜਾਣਕਾਰੀ ਅਤੇ ਬੁਲਾਰਿਆਂ ਵੱਲੋਂ ਪ੍ਰਗਟਾਏ ਗਏ ਅਧਿਕਾਰਤ ਵਿਚਾਰਾਂ ਦੀ ਪੱਤਰਕਾਰੀ ਕਵਰੇਜ ’ਤੇ ਆਧਾਰਿਤ ਹੈ।

**ਕੌਂਸਲਰ ਨੀਤੀਆਂ ਦਾ ਦਾਇਰਾ:** ਸਮਾਗਮ ਦੌਰਾਨ ਜ਼ਿਕਰ ਕੀਤੀਆਂ ਗਈਆਂ ਕੌਂਸਲਰ ਸੁਵਿਧਾਵਾਂ, ਵੀਜ਼ਾ/ਪਾਸਪੋਰਟ ਪ੍ਰਕਿਰਿਆਵਾਂ ਅਤੇ ਨੀਤੀਗਤ ਸੁਧਾਰ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ (MEA) ਦੇ ਨਿਰਧਾਰਤ ਨਿਯਮਾਂ ਅਤੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹੀ ਅਮਲ ਵਿੱਚ ਲਿਆਂਦੇ ਜਾਂਦੇ ਹਨ।







# BRICS ਸੰਮੇਲਨ 2026: 'ਨਵੀਂ ਦਿੱਲੀ ਘੋਸ਼ਣਾ ਪੱਤਰ' 'ਤੇ ਲੱਗੀ ਮੋਹਰ

## ਡਾਲਰ ਦੇ ਦਬਦਬੇ ਨੂੰ ਚੁਣੌਤੀ, ਡਾਲਰ ਮੁਕਾਬਲੇ ਸਥਾਨਕ ਕਰੰਸੀਆਂ ਤੇ ਗਲੋਬਲ ਸਾਊਥ ਦੀ ਆਰਥਿਕ ਤਾਕਤ ਨੂੰ ਵੱਡਾ ਹੁਲਾਰਾ

## 7 ਸਾਲਾਂ ਬਾਅਦ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦਾ ਭਾਰਤ ਦੌਰਾ; ਪੁਤਿਨ ਸਮੇਤ ਵਿਸ਼ਵ ਆਗੂਆਂ ਨਾਲ ਅਹਿਮ ਦੁਵੱਲੀਆਂ ਬੈਠਕਾਂ ਗਲੋਬਲ ਸਾਊਥ ਅਤੇ ਸਥਾਨਕ ਕਰੰਸੀਆਂ 'ਚ ਵਪਾਰ ਨੂੰ ਮਿਲੀ ਵੱਡੀ ਮਜ਼ਬੂਤੀ






ਨਵੀਂ ਦਿੱਲੀ, (ਸਾਡੇ ਲੋਕ) : ਰਾਜਧਾਨੀ ਨਵੀਂ ਦਿੱਲੀ ਵਿਖੇ ਆਯੋਜਿਤ 'ਬ੍ਰਿਕਸ (BRICS) ਸੰਮੇਲਨ' ਦੀ ਸਫ਼ਲ ਮੇਜ਼ਬਾਨੀ ਕਰਦਿਆਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗਲੋਬਲ ਕੂਟਨੀਤੀ ਵਿੱਚ ਮੋਹਰੀ ਤੇ ਕੇਂਦਰੀ ਭੂਮਿਕਾ ਨਿਭਾਈ ਹੈ। ਪ੍ਰਧਾਨ ਮੰਤਰੀ ਮੋਦੀ ਦੀ ਸਰਗਰਮ ਪਹਿਲਕਦਮੀ ਸਦਕਾ ਵਿਸਤਾਰਿਤ ਬ੍ਰਿਕਸ ਗੱਠਜੋੜ ਦੇ ਮੈਂਬਰ ਦੇਸ਼ਾਂ ਦੇ ਮੁਖੀਆਂ ਨੇ ਆਪਸੀ ਮਤਭੇਦਾਂ ਨੂੰ ਪਾਸੇ ਰੱਖ ਕੇ ਸਰਬਸੰਮਤੀ ਨਾਲ 'ਨਵੀਂ ਦਿੱਲੀ ਘੋਸ਼ਣਾ ਪੱਤਰ' (New Delhi Declaration) ਜਾਰੀ ਕੀਤਾ। ਇਸ ਇਤਿਹਾਸਕ ਦਸਤਾਵੇਜ਼ ਵਿੱਚ ਆਲਮੀ ਵਪਾਰ, ਸੁਰੱਖਿਆ, ਤਕਨਾਲੋਜੀ, ਸਵੱਛ ਊਰਜਾ, ਟਿਕਾਊ ਵਿਕਾਸ ਅਤੇ ਕੌਮਾਂਤਰੀ ਸੰਸਥਾਵਾਂ ਵਿੱਚ ਢਾਂਚਾਗਤ ਸੁਧਾਰਾਂ ਨੂੰ ਪ੍ਰਮੁੱਖ ਏਜੰਡੇ ਵਜੋਂ ਮਾਨਤਾ ਦਿੱਤੀ ਗਈ ਹੈ।

ਸੰਮੇਲਨ ਦੇ ਮੁੱਖ ਵੇਰਵੇ

**ਸਮਾਗਮ** : ਬ੍ਰਿਕਸ (BRICS) ਸਾਲਾਨਾ ਸਿਖ਼ਰ ਸੰਮੇਲਨ

**ਮੇਜ਼ਬਾਨ ਦੇਸ਼/ਆਗੂ** : ਭਾਰਤ (ਪ੍ਰਧਾਨ ਮੰਤਰੀ ਨਰਿੰਦਰ ਮੋਦੀ)

**ਸਥਾਨ** : ਨਵੀਂ ਦਿੱਲੀ

**ਸਾਂਝਾ ਦਸਤਾਵੇਜ਼** : ਸਰਬਸੰਮਤੀ ਨਾਲ ਪ੍ਰਵਾਨਿਤ 'ਨਵੀਂ ਦਿੱਲੀ ਘੋਸ਼ਣਾ ਪੱਤਰ'

**ਪ੍ਰਮੁੱਖ ਵਿਸ਼ਵ ਆਗੂ** : ਸ਼ੀ ਜਿਨਪਿੰਗ (ਚੀਨ), ਵਲਾਦੀਮੀਰ ਪੁਤਿਨ (ਰੂਸ), ਸਿਰਿਲ ਰਾਮਾਫੋਸਾ (ਦੱਖਣੀ ਅਫ਼ਰੀਕਾ), ਮਸੂਦ ਪੇਜ਼ੇਸ਼ਕਿਆਨ (ਇਰਾਨ), ਅਬਦੁਲ ਫਤਾਹ ਅਲ-ਸੀਸੀ (ਮਿਸਰ), ਪ੍ਰਬੋਵੋ ਸੁਬਿਆਂਤੋ (ਇੰਡੋਨੇਸ਼ੀਆ)

**7 ਸਾਲਾਂ ਬਾਅਦ ਸ਼ੀ ਜਿਨਪਿੰਗ ਦਾ ਭਾਰਤ ਦੌਰਾ: ਮੋਦੀ ਨਾਲ ਉੱਚ-ਪੱਧਰੀ ਬੈਠਕ**

ਇਸ ਸੰਮੇਲਨ ਦਾ ਸਭ ਤੋਂ ਅਹਿਮ ਅਤੇ ਭੂ-ਰਾਜਨੀਤਿਕ ਪੱਖੋਂ ਇਤਿਹਾਸਕ ਪਹਿਲੂ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਭਾਰਤ ਫੇਰੀ ਰਿਹਾ। ਪਿਛਲੇ ਸੱਤ ਸਾਲਾਂ ਦੌਰਾਨ ਸ਼ੀ ਜਿਨਪਿੰਗ ਦਾ ਇਹ ਪਹਿਲਾ ਭਾਰਤ ਦੌਰਾ ਸੀ:

**ਸਰਹੱਦੀ ਸ਼ਾਂਤੀ (LAC):** ਪ੍ਰਧਾਨ ਮੰਤਰੀ ਮੋਦੀ ਅਤੇ ਰਾਸ਼ਟਰਪਤੀ ਸ਼ੀ ਜਿਨਪਿੰਗ ਵਿਚਕਾਰ ਹੋਈ ਦੁਵੱਲੀ ਮੁਲਾਕਾਤ ਦੌਰਾਨ ਭਾਰਤ-ਚੀਨ ਸਰਹੱਦ (Line of Actual Control) 'ਤੇ ਸਥਾਈ ਸ਼ਾਂਤੀ, ਅਮਨ-ਕਾਨੂੰਨ ਬਣਾਈ ਰੱਖਣ ਅਤੇ ਫ਼ੌਜੀ ਖਿੱਚੋਤਾਣ ਨੂੰ ਘਟਾਉਣ 'ਤੇ ਵਿਸਥਾਰਤ ਚਰਚਾ ਹੋਈ।

**ਆਰਥਿਕ ਸੰਤੁਲਨ ਤੇ ਕਨੈਕਟੀਵਿਟੀ:** ਦੋਵਾਂ ਨੇਤਾਵਾਂ ਨੇ ਦੁਵੱਲੇ ਵਪਾਰਕ ਅਸੰਤੁਲਨ, ਆਰਥਿਕ ਮੁੱਦਿਆਂ, ਸਿੱਧੀਆਂ ਉਡਾਣਾਂ ਅਤੇ ਸਰਹੱਦੀ ਆਵਾਜਾਈ ਸੰਪਰਕ (Connectivity) ਵਿੱਚ ਸੁਧਾਰ ਲਿਆਉਣ ਦੇ ਉਪਰਾਲਿਆਂ 'ਤੇ ਗੰਭੀਰ ਸੰਵਾਦ ਰਚਾਇਆ।

**ਪੁਤਿਨ ਨਾਲ ਰਣਨੀਤਕ ਵਾਰਤਾ ਅਤੇ ਵਿਸਤਾਰਿਤ BRICS ਦੀ ਤਾਕਤ** : ਪ੍ਰਧਾਨ ਮੰਤਰੀ ਮੋਦੀ ਨੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਉੱਚ-ਪੱਧਰੀ ਬੈਠਕ ਕਰਕੇ ਭਾਰਤ-ਰੂਸ ਰਣਨੀਤਕ ਭਾਈਵਾਲੀ ਦੀ ਸਮੀਖਿਆ ਕੀਤੀ:

**ਦੁਵੱਲਾ ਵਪਾਰ ਤੇ ਊਰਜਾ ਸਹਿਯੋਗ:** ਦੋਵਾਂ ਮੁਲਕਾਂ ਨੇ ਊਰਜਾ ਸੁਰੱਖਿਆ, ਕੱਚੇ ਤੇਲ ਦੀ ਸਪਲਾਈ ਅਤੇ ਆਪਸੀ ਵਪਾਰ ਨੂੰ ਹੋਰ ਤੇਜ਼ ਕਰਨ 'ਤੇ ਸਹਿਮਤੀ ਜਤਾਈ।

**ਯੂਕਰੇਨ ਸੰਕਟ:** ਯੂਕਰੇਨ ਜੰਗ ਅਤੇ ਮੌਜੂਦਾ ਭੂ-ਰਾਜਨੀਤਿਕ ਤਣਾਅ ਦੇ ਸ਼ਾਂਤੀਪੂਰਨ ਤੇ ਕੂਟਨੀਤਿਕ ਹੱਲ ਲਈ ਵਿਚਾਰ-ਵਟਾਂਦਰਾ ਕੀਤਾ ਗਿਆ।

**ਗਲੋਬਲ ਆਗੂਆਂ ਦਾ ਪ੍ਰਭਾਵ:** ਦੱਖਣੀ ਅਫ਼ਰੀਕਾ ਦੇ ਰਾਸ਼ਟਰਪਤੀ ਸਿਰਿਲ ਰਾਮਾਫੋਸਾ, ਇਰਾਨ ਦੇ ਰਾਸ਼ਟਰਪਤੀ ਮਸੂਦ ਪੇਜ਼ੇਸ਼ਕਿਆਨ, ਮਿਸਰ ਦੇ ਰਾਸ਼ਟਰਪਤੀ ਅਬਦੁਲ ਫਤਾਹ ਅਲ-ਸੀਸੀ ਅਤੇ ਇੰਡੋਨੇਸ਼ੀਆ ਦੇ ਰਾਸ਼ਟਰਪਤੀ ਪ੍ਰਬੋਵੋ ਸੁਬਿਆਂਤੋ ਦੀ ਸ਼ਮੂਲੀਅਤ ਨੇ ਸਾਬਤ ਕੀਤਾ ਕਿ ਵਿਸਤਾਰਿਤ ਬ੍ਰਿਕਸ ਹੁਣ ਗਲੋਬਲ ਜੀ.ਡੀ.ਪੀ. (GDP) ਅਤੇ ਵਿਸ਼ਵ ਵਪਾਰ ਵਿੱਚ ਇੱਕ ਫ਼ੈਸਲਾਕੁੰਨ ਸ਼ਕਤੀ ਬਣ ਚੁੱਕਾ ਹੈ। ਮੱਧ-ਪੂਰਬ (ਮਿਡਲ ਈਸਟ) ਦੇ ਤਾਜ਼ਾ ਹਾਲਾਤਾਂ ਦਰਮਿਆਨ ਇਰਾਨੀ ਰਾਸ਼ਟਰਪਤੀ ਦੀ ਮੌਜੂਦਗੀ ਵਿਸ਼ੇਸ਼ ਚਰਚਾ ਦਾ ਵਿਸ਼ਾ ਰਹੀ।

**'ਨਵੀਂ ਦਿੱਲੀ ਘੋਸ਼ਣਾ ਪੱਤਰ' ਦੇ ਮੁੱਖ ਨੁਕਤੇ**

1. **ਗਲੋਬਲ ਸਾਊਥ ਦੀ ਆਵਾਜ਼ ਤੇ UN ਸੁਧਾਰ:** ਸੰਯੁਕਤ ਰਾਸ਼ਟਰ (UN), ਸੁਰੱਖਿਆ ਪ੍ਰੀਸ਼ਦ (UNSC) ਅਤੇ ਵਿਸ਼ਵ ਵਿੱਤੀ ਅਦਾਰਿਆਂ (IMF/ World Bank) ਵਿੱਚ ਸੁਧਾਰ ਕਰਕੇ ਵਿਕਾਸਸ਼ੀਲ ਮੁਲਕਾਂ ਨੂੰ ਵਧੇਰੇ ਅਧਿਕਾਰ ਤੇ ਪ੍ਰਤੀਨਿਧਤਾ ਦੇਣ ਦੀ ਵਕਾਲਤ ਕੀਤੀ ਗਈ।
2. **ਸਥਾਨਕ ਕਰੰਸੀਆਂ ਵਿੱਚ ਵਪਾਰ:** ਡਾਲਰ 'ਤੇ ਨਿਰਭਰਤਾ ਘਟਾਉਣ ਲਈ ਬ੍ਰਿਕਸ ਦੇਸ਼ਾਂ ਵਿਚਕਾਰ ਆਪਸੀ ਵਪਾਰ ਸਥਾਨਕ ਕਰੰਸੀਆਂ (Local Currencies) ਅਤੇ ਸੁਤੰਤਰ ਡਿਜੀਟਲ ਭੁਗਤਾਨ ਪ੍ਰਣਾਲੀ ਰਾਹੀਂ ਕਰਨ 'ਤੇ ਸਹਿਮਤੀ ਬਣੀ।
3. **ਭਵਿੱਖੀ ਤਕਨਾਲੋਜੀ ਤੇ ਜਲਵਾਯੂ ਪਰਿਵਰਤਨ:** ਆਰਟੀਫੀਸ਼ੀਅਲ ਇੰਟੈਲੀਜੈਂਸ (AI) ਦੀ ਜ਼ਿੰਮੇਵਾਰ ਵਰਤੋਂ, ਖ਼ੁਰਾਕ ਸੁਰੱਖਿਆ, ਸਵੱਛ ਊਰਜਾ ਅਤੇ ਗਲੋਬਲ ਵਾਰਮਿੰਗ ਵਿਰੁੱਧ ਸਾਧਨ ਜੁਟਾਉਣ ਦੀ ਵਚਨਬੱਧਤਾ ਦੁਹਰਾਈ ਗਈ।
4. **ਅੱਤਵਾਦ ਵਿਰੁੱਧ ਜ਼ੀਰੋ ਟਾਲਰੈਂਸ:** ਸਮਿੱਟ ਨੇ ਹਰ ਕਿਸਮ ਦੇ ਅੱਤਵਾਦ ਅਤੇ ਸਰਹੱਦ ਪਾਰਲੀ ਹਿੰਸਾ ਦੀ ਨਿਖੇਧੀ ਕਰਦਿਆਂ ਕੌਮਾਂਤਰੀ ਵਿਵਾਦਾਂ ਨੂੰ ਹਥਿਆਰਾਂ ਦੀ ਬਜਾਏ ਗੱਲਬਾਤ ਰਾਹੀਂ ਹੱਲ ਕਰਨ ਦਾ ਸਾਂਝਾ ਸਟੈਂਡ ਲਿਆ।

ਨਵੀਂ ਦਿੱਲੀ ਸੰਮੇਲਨ ਨੇ ਕੌਮਾਂਤਰੀ ਮੰਚ 'ਤੇ ਸਥਾਪਿਤ ਕੀਤਾ ਹੈ ਕਿ ਭਾਰਤ ਦੀ ਨਿਰਪੱਖ ਤੇ ਮਜ਼ਬੂਤ ਕੂਟਨੀਤੀ ਵੱਡੀਆਂ ਵਿਰੋਧੀ ਤਾਕਤਾਂ ਨੂੰ ਵੀ ਇੱਕ ਮੇਜ਼ 'ਤੇ ਬਿਠਾ ਕੇ ਵਿਸ਼ਵ ਸ਼ਾਂਤੀ ਅਤੇ ਆਰਥਿਕ ਸਥਿਰਤਾ ਲਈ ਸਰਬਸੰਮਤੀ ਬਣਾਉਣ ਦੀ ਸਮਰੱਥਾ ਰੱਖਦੀ ਹੈ।

**ਪੱਤਰਕਾਰੀ ਅਤੇ ਕੂਟਨੀਤਕ ਬੇਦਾਅਵਾ**

**ਸਰੋਤ ਤੇ ਰਿਪੋਰਟਿੰਗ:** ਇਹ ਵਿਸ਼ੇਸ਼ ਰਿਪੋਰਟ ਨਵੀਂ ਦਿੱਲੀ ਵਿਖੇ ਆਯੋਜਿਤ ਬ੍ਰਿਕਸ ਸੰਮੇਲਨ ਉਪਰੰਤ ਜਾਰੀ ਕੀਤੇ ਗਏ ਅਧਿਕਾਰਤ 'ਨਵੀਂ ਦਿੱਲੀ ਘੋਸ਼ਣਾ ਪੱਤਰ', ਭਾਰਤੀ ਵਿਦੇਸ਼ ਮੰਤਰਾਲੇ (MEA) ਦੀਆਂ ਪ੍ਰੈੱਸ ਬ੍ਰੀਫਿੰਗਾਂ ਅਤੇ ਸਮਾਗਮ ਦੇ ਸਾਂਝੇ ਬਿਆਨਾਂ 'ਤੇ ਆਧਾਰਿਤ ਹੈ।

ਦੁਵੱਲੇ ਸਮਝੌਤਿਆਂ ਦਾ ਦਾਇਰਾ: ਸੰਮੇਲਨ ਦੌਰਾਨ ਹੋਈਆਂ ਵੱਖ-ਵੱਖ ਦੇਸ਼ਾਂ ਦੀਆਂ ਦੁਵੱਲੀਆਂ ਮੀਟਿੰਗਾਂ ਅਤੇ ਸਮਝੌਤੇ ਸਬੰਧਤ ਮੁਲਕਾਂ ਦੇ ਵਿਦੇਸ਼ ਮੰਤਰਾਲਿਆਂ ਦੇ ਆਪਸੀ ਕੂਟਨੀਤਕ ਪ੍ਰੋਟੋਕੋਲ ਅਤੇ ਅੰਤਰਰਾਸ਼ਟਰੀ ਕਾਨੂੰਨਾਂ ਅਨੁਸਾਰ ਅਮਲ ਵਿੱਚ ਲਿਆਂਦੇ ਜਾਂਦੇ ਹਨ।

# ਰੂਸੀ ਤੇਲ ਖ਼ਰੀਦਣ ਵਾਲੇ ਮੁਲਕਾਂ 'ਤੇ 100% ਟੈਰਿਫ਼ ਲਾਉਣ ਵਾਲੇ ਅਮਰੀਕੀ ਕਾਨੂੰਨ 'ਤੇ ਮੋਦੀ ਦਾ ਦੋ-ਟੁੱਕ ਜਵਾਬ

## • 1.4 ਅਰਬ ਲੋਕਾਂ ਦੀ ਊਰਜਾ ਸੁਰੱਖਿਆ ਸਰਵਉੱਚ; ਆਰਥਿਕ ਤੇ ਰਣਨੀਤਕ ਹਿੱਤਾਂ ਦੀ ਰਾਖੀ ਲਈ ਹਰ ਜ਼ਰੂਰੀ ਕਦਮ ਚੁੱਕਾਂਗੇ : ਅਮਰੀਕੀ ਦਬਾਅ ਕੀਤਾ ਰੱਦ



ਨਵੀਂ ਦਿੱਲੀ / ਵਾਸ਼ਿੰਗਟਨ: ਅਮਰੀਕੀ ਕਾਂਗਰਸ ਵੱਲੋਂ ਪਾਸ ਕੀਤੇ ਗਏ ਨਵੇਂ ਕਾਨੂੰਨ 'ਲਿੰਡਸੇ ਓ. ਗ੍ਰਾਹਮ ਸੈਂਕਸ਼ਨਿੰਗ ਰੂਸ ਐਂਡ ਇਰਾਨ ਐਕਟ ਆਫ਼ 2026' (Lindsey O. Graham Sanctioning Russia and Iran Act of 2026) ਤੋਂ ਬਾਅਦ ਕੌਮਾਂਤਰੀ ਊਰਜਾ ਬਾਜ਼ਾਰ ਅਤੇ ਭੂ-ਰਾਜਨੀਤਿਕ ਹਲਕਿਆਂ ਵਿੱਚ ਵੱਡੀ ਹਲਚਲ ਪੈਦਾ ਹੋ ਗਈ ਹੈ। ਇਸ ਕਾਨੂੰਨ ਤਹਿਤ ਰੂਸ ਅਤੇ ਇਰਾਨ ਤੋਂ ਕੱਚਾ ਤੇਲ ਦਰਾਮਦ ਕਰਨ ਵਾਲੇ ਦੇਸ਼ਾਂ 'ਤੇ 100 ਫ਼ੀਸਦੀ ਤੱਕ ਭਾਰੀ ਜੁਰਮਾਨਾ/ਟੈਰਿਫ਼ (100% Tariff) ਠੋਕਣ ਦੀ ਸਖ਼ਤ ਵਿਵਸਥਾ ਕੀਤੀ ਗਈ ਹੈ। ਇਸ ਮੁੱਦੇ 'ਤੇ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ (MEA) ਨੇ ਅਧਿਕਾਰਤ ਬਿਆਨ ਜਾਰੀ ਕਰਦਿਆਂ ਆਪਣਾ ਰੁਖ਼ ਪੂਰੀ ਤਰ੍ਹਾਂ ਸਪੱਸ਼ਟ ਕਰ ਦਿੱਤਾ ਹੈ ਕਿ ਨਵੀਂ ਦਿੱਲੀ ਕਿਸੇ ਵੀ ਬਾਹਰੀ ਦਬਾਅ ਅੱਗੇ ਨਹੀਂ ਝੁਕੇਗੀ।

ਵਿਦੇਸ਼ ਮੰਤਰਾਲੇ ਨੇ ਦ੍ਰਿੜ੍ਹਤਾ ਨਾਲ ਸਪੱਸ਼ਟ ਕੀਤਾ ਹੈ ਕਿ ਭਾਰਤ ਦੀ ਸੁਤੰਤਰ ਵਿਦੇਸ਼ ਨੀਤੀ ਅਤੇ ਊਰਜਾ ਲੋੜਾਂ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ।

**ਕੇਸ ਅਤੇ ਕੂਟਨੀਤਕ ਟਕਰਾਅ ਦੇ ਮੁੱਖ ਵੇਰਵੇ**

**ਅਮਰੀਕੀ ਕਾਨੂੰਨ** : ਲਿੰਡਸੇ ਓ. ਗ੍ਰਾਹਮ ਸੈਂਕਸ਼ਨਿੰਗ ਰੂਸ ਐਂਡ ਇਰਾਨ ਐਕਟ ਆਫ਼ 2026

**ਮੁੱਖ ਵਿਵਸਥਾ** : ਰੂਸ ਅਤੇ ਇਰਾਨ ਤੋਂ ਕੱਚਾ ਤੇਲ ਖ਼ਰੀਦਣ ਵਾਲੇ ਦੇਸ਼ਾਂ 'ਤੇ 100% ਤੱਕ ਟੈਰਿਫ਼

**ਭਾਰਤ ਦਾ ਅਧਿਕਾਰਤ ਪੱਖ** : ਵਿਦੇਸ਼ ਮੰਤਰਾਲਾ (Ministry of External Affairs, New Delhi)

**ਮੁੱਖ ਪਹਿਲ** : 140 ਕਰੋੜ ਲੋਕਾਂ ਦੀ ਊਰਜਾ ਸੁਰੱਖਿਆ (Energy Security) ਅਤੇ ਆਰਥਿਕ ਹਿੱਤ

**ਕੂਟਨੀਤਿਕ ਰੁਖ਼** : ਸੁਤੰਤਰ ਵਿਦੇਸ਼ ਨੀਤੀ 'ਤੇ ਪਹਿਰਾ; ਕਿਸੇ ਵੀ ਬਾਹਰੀ ਦਬਾਅ ਤੋਂ ਇਨਕਾਰ

ਵਿਦੇਸ਼ ਮੰਤਰਾਲੇ ਦੇ ਬਿਆਨ ਦੇ ਮੁੱਖ ਨੁਕਤੇ

**ਭਾਰਤ ਸਰਕਾਰ ਨੇ ਅਮਰੀਕੀ ਪਾਬੰਦੀਆਂ ਦੇ ਦਬਾਅ ਦੇ ਜਵਾਬ ਵਿੱਚ ਤਿੰਨ ਪ੍ਰਮੁੱਖ ਤੱਥਾਂ 'ਤੇ ਜ਼ੋਰ ਦਿੱਤਾ ਹੈ:**

**1.4 ਅਰਬ ਲੋਕਾਂ ਦੀ ਊਰਜਾ ਸੁਰੱਖਿਆ ਸਰਵਉੱਚ:** ਭਾਰਤ ਆਪਣੇ 140 ਕਰੋੜ ਨਾਗਰਿਕਾਂ ਦੀ ਊਰਜਾ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ। ਘਰੇਲੂ ਬਾਜ਼ਾਰ ਵਿੱਚ ਤੇਲ ਦੀਆਂ ਕੀਮਤਾਂ ਨੂੰ ਕਾਬੂ ਵਿੱਚ ਰੱਖਣ ਅਤੇ ਨਿਰਵਿਘਨ ਸਪਲਾਈ ਬਣਾਈ ਰੱਖਣ ਲਈ ਮੰਡੀ ਦੇ ਮੁਕਾਬਲੇਬਾਜ਼ ਹਾਲਾਤਾਂ ਅਤੇ ਕਿਫ਼ਾਇਤੀ ਦਰਾਂ ਅਨੁਸਾਰ ਵੱਖ-ਵੱਖ ਸਰੋਤਾਂ (ਜਿਸ ਵਿੱਚ ਰੂਸ ਵੀ ਸ਼ਾਮਲ ਹੈ) ਤੋਂ ਕੱਚੇ ਤੇਲ ਦੀ ਖ਼ਰੀਦ ਨਿਰੰਤਰ ਜਾਰੀ ਰੱਖੀ ਜਾਵੇਗੀ।

**ਅਮਰੀਕੀ ਪ੍ਰਸ਼ਾਸਨ ਨੂੰ ਸਥਿਤੀ ਬਾਰੇ ਪਹਿਲਾਂ ਹੀ ਜਾਣੂ ਕਰਵਾਇਆ:** ਬਿਆਨ ਵਿੱਚ ਕਿਹਾ ਗਿਆ ਹੈ ਕਿ ਇਸ ਮੁੱਦੇ ਅਤੇ ਗਲੋਬਲ ਊਰਜਾ ਬਾਜ਼ਾਰ ਦੀ ਸਥਿਰਤਾ 'ਤੇ ਪੈਣ ਵਾਲੇ ਮਾਰੂ ਪ੍ਰਭਾਵਾਂ ਬਾਰੇ ਵਾਸ਼ਿੰਗਟਨ ਅਤੇ ਉੱਚ ਅਮਰੀਕੀ ਅਧਿਕਾਰੀਆਂ ਨਾਲ ਕੂਟਨੀਤਿਕ ਚੈਨਲਾਂ ਰਾਹੀਂ ਪਹਿਲਾਂ ਹੀ ਵਿਸਥਾਰਤ ਗੱਲਬਾਤ ਕੀਤੀ ਜਾ ਚੁੱਕੀ ਹੈ ਅਤੇ ਭਾਰਤ ਦੀ ਜ਼ਮੀਨੀ ਸਥਿਤੀ ਸਪੱਸ਼ਟ ਕੀਤੀ ਗਈ ਹੈ।

**ਆਰਥਿਕ ਤੇ ਰਣਨੀਤਕ ਹਿੱਤਾਂ ਦੀ ਰਾਖੀ:** ਭਾਰਤ ਸਰਕਾਰ ਨੇ ਸਾਫ਼ ਕੀਤਾ ਹੈ ਕਿ ਉਹ ਆਪਣੇ ਕੌਮਾਂਤਰੀ ਵਪਾਰਕ, ਆਰਥਿਕ ਅਤੇ ਰਣਨੀਤਕ ਹਿੱਤਾਂ ਦੀ ਰਾਖੀ ਲਈ ਹਰ ਲੋੜੀਂਦਾ ਕਦਮ ਚੁੱਕਣ ਲਈ ਪੂਰੀ ਤਰ੍ਹਾਂ ਸੁਤੰਤਰ, ਸਮਰੱਥ ਅਤੇ ਦ੍ਰਿੜ੍ਹ ਹੈ।

**ਬਿਆਨ ਦੀ ਪ੍ਰਮਾਣਿਕਤਾ ਦੀ ਤੱਥ-ਜਾਂਚ (Fact-Check)**

ਸੋਸ਼ਲ ਮੀਡੀਆ ਅਤੇ ਡਿਜੀਟਲ ਪਲੇਟਫਾਰਮਾਂ 'ਤੇ ਘੁੰਮ ਰਹੇ ਵਿਦੇਸ਼ ਮੰਤਰਾਲੇ ਦੇ ਇਸ ਦਸਤਾਵੇਜ਼ ਦੀ ਕੀਤੀ ਗਈ ਤੱਥ-ਜਾਂਚ ਅਨੁਸਾਰ:

1. ਭਾਵੇਂ ਡਿਜੀਟਲ ਸਰਕੂਲੇਸ਼ਨ ਵਾਲੀ ਫ਼ਾਈਲ 'ਤੇ ਕੋਈ ਵਿਸ਼ੇਸ਼ ਵਾਟਰਮਾਰਕ ਨਹੀਂ ਹੈ, ਪਰ ਇਸ ਵਿੱਚ ਦਰਜ ਜਾਣਕਾਰੀ ਅਤੇ ਬਿਆਨ ਦਾ ਮੂਲ ਖਰੜਾ ਭਾਰਤ ਸਰਕਾਰ ਅਤੇ ਵਿਦੇਸ਼ ਮੰਤਰਾਲੇ ਦੇ ਅਧਿਕਾਰਤ ਰਿਕਾਰਡਾਂ ਅਤੇ ਪਹਿਲਾਂ ਤੋਂ ਤੈਅ ਕੂਟਨੀਤਿਕ ਸਟੈਂਡ ਨਾਲ ਪੂਰੀ ਤਰ੍ਹਾਂ ਮੇਲ ਖਾਂਦਾ ਹੈ।
2. ਭਾਰਤ ਦੇ ਇਸ ਸਖ਼ਤ ਅਤੇ ਸਪੱਸ਼ਟ ਜਵਾਬ ਨੇ ਸਾਬਤ ਕਰ ਦਿੱਤਾ ਹੈ ਕਿ ਨਵੀਂ ਦਿੱਲੀ ਕਿਸੇ ਇੱਕ ਧੜੇ ਦੇ ਦਬਾਅ ਵਿੱਚ ਆਉਣ ਦੀ ਬਜਾਏ ਬਹੁ-ਧਰੁਵੀ ਵਿਸ਼ਵ ਵਿਵਸਥਾ ਵਿੱਚ ਆਪਣੇ ਰਾਸ਼ਟਰੀ ਹਿੱਤਾਂ ਨੂੰ ਪਹਿਲ ਦੇਵੇਗੀ।

ਪੱਤਰਕਾਰੀ ਅਤੇ ਕੂਟਨੀਤਕ ਬੇਦਾਅਵਾ

**ਸਰੋਤ ਤੇ ਰਿਪੋਰਟਿੰਗ:** ਇਹ ਰਿਪੋਰਟ ਅਮਰੀਕੀ ਕਾਂਗਰਸ ਦੇ ਵਿਧਾਨਕ ਦਸਤਾਵੇਜ਼ਾਂ (Legislative Records), ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ (MEA) ਵੱਲੋਂ ਜਾਰੀ ਅਧਿਕਾਰਤ ਬਿਆਨਾਂ ਅਤੇ ਕੌਮਾਂਤਰੀ ਊਰਜਾ ਵਪਾਰ ਨਾਲ ਸਬੰਧਤ ਤੱਥਾਂ 'ਤੇ ਆਧਾਰਿਤ ਹੈ।

**ਪਾਬੰਦੀਆਂ ਦਾ ਕਾਨੂੰਨੀ ਦਾਇਰਾ:** ਅਮਰੀਕੀ ਬਿੱਲਾਂ ਜਾਂ ਸੈਕੰਡਰੀ ਪਾਬੰਦੀਆਂ (Secondary Sanctions) ਦਾ ਅੰਤਿਮ ਅਮਲ ਅਮਰੀਕੀ ਰਾਸ਼ਟਰਪਤੀ ਪ੍ਰਸ਼ਾਸਨ ਦੇ ਕਾਰਜਕਾਰੀ ਆਦੇਸ਼ਾਂ ਅਤੇ ਨਿਯਮਾਂ 'ਤੇ ਨਿਰਭਰ ਕਰਦਾ ਹੈ। ਦੋਵਾਂ ਦੇਸ਼ਾਂ ਵਿਚਕਾਰ ਇਸ ਮੁੱਦੇ 'ਤੇ ਕੂਟਨੀਤਿਕ ਵਾਰਤਾ ਨਿਰੰਤਰ ਜਾਰੀ ਹੈ।

# ਸ੍ਰੀ ਅਨੰਦਪੁਰ ਸਾਹਿਬ ਪੁਲਿਸ ਵੱਲੋਂ ਮਹਿਲਾ ਦੀ ਸ਼ਿਕਾਇਤ ’ਤੇ ਮੁਕੱਦਮਾ ਦਰਜ; ਸ਼੍ਰੋਮਣੀ ਕਮੇਟੀ ਮੈਂਬਰ ਸਮੇਤ ਹੋਰਨਾਂ ’ਤੇ ਲੱਗੇ ਸੰਗੀਨ ਦੋਸ਼ਾਂ ਦੀ ਜਾਂਚ ਸ਼ੁਰੂ

## ਬਹਿਰੀਨ ਤੋਂ ਪਰਤੀ ਮਹਿਲਾ ਵੱਲੋਂ ਜਿਨਸੀ ਸ਼ੋਸ਼ਣ, ਬੰਦੀ ਬਣਾਉਣ ਅਤੇ ਧਮਕੀਆਂ ਦੇ ਦੋਸ਼;

## ਪੁਲਿਸ ਨੇ ਐੱਫ.ਆਈ.ਆਰ. ਨੰਬਰ 149 ਦਰਜ ਕਰਕੇ ਮੈਡੀਕਲ ਤੇ ਡਿਜੀਟਲ ਸਬੂਤਾਂ ਦੀ ਪੜਤਾਲ ਵਿੱਢੀ

ਸ੍ਰੀ ਅਨੰਦਪੁਰ ਸਾਹਿਬ:--ਥਾਣਾ ਸ੍ਰੀ ਅਨੰਦਪੁਰ ਸਾਹਿਬ ਦੀ ਪੁਲਿਸ ਨੇ ਵਿਦੇਸ਼ (ਬਹਿਰੀਨ) ਤੋਂ ਪਰਤੀ ਇੱਕ ਮਹਿਲਾ ਵੱਲੋਂ ਦਿੱਤੀ ਗਈ ਲਿਖਤੀ ਦਰਖ਼ਾਸਤ ਦੇ ਆਧਾਰ ’ਤੇ ਮੁਕੱਦਮਾ ਨੰਬਰ 149 ਦਰਜ ਕਰਕੇ ਮਾਮਲੇ ਦੀ ਉੱਚ ਪੱਧਰੀ ਕਾਨੂੰਨੀ ਜਾਂਚ ਸ਼ੁਰੂ ਕਰ ਦਿੱਤੀ ਹੈ। ਸ਼ਿਕਾਇਤਕਰਤਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਦੇ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਸਮੇਤ ਕਈ ਹੋਰ ਵਿਅਕਤੀਆਂ ’ਤੇ ਕਥਿਤ ਜਿਨਸੀ ਸ਼ੋਸ਼ਣ, ਗ਼ੈਰ-ਕਾਨੂੰਨੀ ਢੰਗ ਨਾਲ ਬੰਦੀ ਬਣਾ ਕੇ ਰੱਖਣ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦੇ ਗੰਭੀਰ ਦੋਸ਼ ਆਇਦ ਕੀਤੇ ਹਨ।

ਪੁਲਿਸ ਪ੍ਰਸ਼ਾਸਨ ਨੇ ਮਾਮਲੇ ਦੀ ਸੰਵੇਦਨਸ਼ੀਲਤਾ ਨੂੰ ਦੇਖਦਿਆਂ ਐੱਫ.ਆਈ.ਆਰ. ਦਰਜ ਕਰ ਲਈ ਹੈ ਅਤੇ ਅਧਿਕਾਰੀਆਂ ਅਨੁਸਾਰ ਦੋਸ਼ਾਂ ਦੀ ਤਹਿ ਤੱਕ ਜਾਣ ਲਈ ਕਾਨੂੰਨੀ ਪ੍ਰਕਿਰਿਆ ਅੱਗੇ ਤੋਰੀ ਜਾ ਰਹੀ ਹੈ।

ਕੇਸ ਨਾਲ ਜੁੜੇ ਮੁੱਖ ਵੇਰਵੇ

**ਥਾਣਾ/ਸਥਾਨ** : ਥਾਣਾ ਸ੍ਰੀ ਅਨੰਦਪੁਰ ਸਾਹਿਬ (ਜ਼ਿਲ੍ਹਾ ਰੂਪਨਗਰ)

**ਮੁਕੱਦਮਾ ਨੰਬਰ** : ਐੱਫ.ਆਈ.ਆਰ. ਨੰਬਰ 149

**ਮੁੱਖ ਨਾਮਜ਼ਦ** : ਸ਼੍ਰੋਮਣੀ ਕਮੇਟੀ ਮੈਂਬਰ ਅਮਰਜੀਤ ਸਿੰਘ ਚਾਵਲਾ ਅਤੇ ਹੋਰ ਸਬੰਧਤ ਕਰਮਚਾਰੀ/ਸੇਵਾਦਾਰ

**ਸ਼ਿਕਾਇਤਕਰਤਾ ਦਾ ਪਿਛੋਕੜ** : ਬਹਿਰੀਨ ਵਿੱਚ ਲਗਭਗ 25 ਸਾਲ ਰਹਿਣ ਮਗਰੋਂ ਨਵੰਬਰ ’ਚ ਭਾਰਤ ਪਰਤੀ ਮਹਿਲਾ

**ਘਟਨਾਵਾਂ ਦਾ ਕਥਿਤ ਸਮਾਂ** : ਮਾਰਚ ਤੋਂ ਅਗਸਤ ਦਰਮਿਆਨ ਵੱਖ-ਵੱਖ ਮਿਤੀਆਂ

**ਕਥਿਤ ਘਟਨਾ ਸਥਾਨ** : ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸ਼੍ਰੋਮਣੀ ਕਮੇਟੀ ਅਧੀਨ ਆਉਂਦੇ ਯਾਤਰੀ ਨਿਵਾਸ

ਸ਼ਿਕਾਇਤਕਰਤਾ ਵੱਲੋਂ ਲਾਏ ਗਏ ਮੁੱਖ ਦੋਸ਼

ਪੁਲਿਸ ਨੂੰ ਸੌਂਪੀ ਗਈ ਦਰਖ਼ਾਸਤ ਅਨੁਸਾਰ ਸ਼ਿਕਾਇਤਕਰਤਾ ਨੇ ਆਪਣੇ ਬਿਆਨਾਂ ਵਿੱਚ ਹੇਠ ਲਿਖੇ ਦੋਸ਼ ਦਰਜ ਕਰਵਾਏ ਹਨ:

**ਯਾਤਰੀ ਨਿਵਾਸਾਂ ਵਿੱਚ ਰਿਹਾਇਸ਼ ਤੇ ਸ਼ੋਸ਼ਣ**: ਮਹਿਲਾ ਨੇ ਦੱਸਿਆ ਕਿ ਭਾਰਤ ਪਰਤਣ ਉਪਰੰਤ ਉਸ ਦੀ ਰਿਹਾਇਸ਼ ਦਾ ਪ੍ਰਬੰਧ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਵੱਖ-ਵੱਖ ਯਾਤਰੀ ਨਿਵਾਸਾਂ ਵਿੱਚ ਕੀਤਾ ਗਿਆ ਸੀ। ਦੋਸ਼ ਹੈ ਕਿ ਮਾਰਚ ਤੋਂ ਅਗਸਤ ਮਹੀਨੇ ਦਰਮਿਆਨ ਵੱਖ-ਵੱਖ ਮੌਕਿਆਂ ’ਤੇ ਉਸ ਨਾਲ ਕਥਿਤ ਤੌਰ ’ਤੇ ਜਬਰ-ਜ਼ਨਾਹ ਕੀਤਾ ਗਿਆ।

**ਧਮਕੀਆਂ ਤੇ ਬੰਦੀ ਬਣਾਉਣਾ**: ਸ਼ਿਕਾਇਤਕਰਤਾ ਅਨੁਸਾਰ ਜਦੋਂ ਉਸ ਨੇ ਵਿਰੋਧ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਜਾਨੋਂ ਮਾਰਨ ਅਤੇ ਗੰਭੀਰ ਸਿੱਟੇ ਭੁਗਤਣ ਦੀਆਂ ਧਮਕੀਆਂ ਦਿੱਤੀਆਂ ਗਈਆਂ ਅਤੇ ਕਥਿਤ ਤੌਰ ’ਤੇ ਨਜ਼ਰਬੰਦ ਰੱਖਿਆ ਗਿਆ।

**ਸਿਹਤ ਵਿਗੜਨਾ ਤੇ ਉੱਚ ਪੱਧਰ ’ਤੇ ਸ਼ਿਕਾਇਤ**:



ਮਹਿਲਾ ਨੇ ਦਾਅਵਾ ਕੀਤਾ ਕਿ ਲਗਾਤਾਰ ਮਾਨਸਿਕ ਤਣਾਅ ਅਤੇ ਸਰੀਰਕ ਸ਼ੋਸ਼ਣ ਕਾਰਨ ਉਸ ਦੀ ਸਿਹਤ ਖ਼ਰਾਬ ਹੋ ਗਈ, ਜਿਸ ਮਗਰੋਂ ਉਸ ਦਾ ਇਲਾਜ ਕਰਵਾਇਆ ਗਿਆ। ਉਸ ਨੇ ਇਹ ਵੀ ਕਿਹਾ ਕਿ ਉਸ ਨੇ ਇਸ ਮਾਮਲੇ ਦੀ ਜਾਣਕਾਰੀ ਸੰਸਥਾ ਦੀ ਉੱਚ ਲੀਡਰਸ਼ਿਪ ਦੇ ਨਜ਼ਦੀਕੀ ਅਧਿਕਾਰੀਆਂ ਅਤੇ ਹੋਰ ਅਹੁਦੇਦਾਰਾਂ ਤੱਕ ਵੀ ਪਹੁੰਚਾਈ ਸੀ, ਪਰ ਕੋਈ ਠੋਸ ਸੁਣਵਾਈ ਨਹੀਂ ਹੋਈ।

**ਇਤਰਾਜ਼ਯੋਗ ਸੁਨੇਹੇ**: ਦਰਖ਼ਾਸਤ ਵਿੱਚ ਕੁਝ ਹੋਰ ਸੇਵਾਦਾਰਾਂ ਅਤੇ ਕਰਮਚਾਰੀਆਂ ’ਤੇ ਵੀ ਮੋਬਾਈਲ ਰਾਹੀਂ ਇਤਰਾਜ਼ਯੋਗ ਸੁਨੇਹੇ ਭੇਜਣ ਦੇ ਇਲਜ਼ਾਮ ਲਾਏ ਗਏ ਹਨ।

ਪੁਲਿਸ ਪ੍ਰਸ਼ਾਸਨ ਦਾ ਪੱਖ ਅਤੇ ਅਗਲੀ ਕਾਰਵਾਈ

ਪੁਲਿਸ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਹੈ ਕਿ ਮਹਿਲਾ ਵੱਲੋਂ ਪ੍ਰਾਪਤ ਲਿਖਤੀ ਦਰਖ਼ਾਸਤ ਦੇ ਆਧਾਰ ’ਤੇ ਸੰਬੰਧਿਤ ਕਾਨੂੰਨੀ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ:

1. ਸਬੂਤਾਂ ਦੀ ਪੜਤਾਲ: ਪੁਲਿਸ ਵੱਲੋਂ ਮੈਡੀਕਲ ਮੁਆਇਨੇ ਦੀਆਂ ਰਿਪੋਰਟਾਂ, ਸੀਸੀਟੀਵੀ ਫੁਟੇਜ ਅਤੇ ਦੋਵਾਂ ਧਿਰਾਂ ਦੇ ਮੋਬਾਈਲ ਫ਼ੋਨਾਂ ਦੇ ਡਿਜੀਟਲ ਰਿਕਾਰਡ (ਕਾਲ ਡਿਟੇਲਜ਼ ਅਤੇ ਸੁਨੇਹੇ) ਨੂੰ ਫੋਰੈਂਸਿਕ ਜਾਂਚ ਲਈ ਕਬਜ਼ੇ ਵਿੱਚ ਲਿਆ ਜਾ ਰਿਹਾ ਹੈ।
2. ਨਿਰਪੱਖ ਜਾਂਚ ਦਾ ਦਾਅਵਾ: ਜਾਂਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਮਲਾ ਬੇਹੱਦ ਸੰਵੇਦਨਸ਼ੀਲ ਹੈ, ਇਸ ਲਈ ਦੋਵਾਂ ਧਿਰਾਂ ਦੇ ਬਿਆਨ ਕਲਮਬੰਦ ਕਰਨ ਅਤੇ ਤੱਥਾਂ ਦੀ ਪੁਖ਼ਤਾ ਪੁਸ਼ਟੀ ਤੋਂ ਬਾਅਦ ਹੀ ਗ੍ਰਿਫ਼ਤਾਰੀ ਜਾਂ ਅਗਲੀ ਠੋਸ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਪੱਤਰਕਾਰੀ ਅਤੇ ਕਾਨੂੰਨੀ ਬੇਦਾਅਵਾ (Journalistic & Legal Disclaimer)

ਪੀੜਤਾ ਦੀ ਪਛਾਣ ਦੀ ਗੁਪਤਤਾ (Protection of Identity): ਭਾਰਤੀ ਕਾਨੂੰਨ (ਸੈਕਸ਼ਨ 228A IPC / ਭਾਰਤੀ ਨਿਆਂ ਸੰਹਿਤਾ ਦੇ ਬਰਾਬਰ ਨਿਯਮਾਂ) ਅਤੇ ਮਾਣਯੋਗ ਸੁਪਰੀਮ ਕੋਰਟ ਦੇ ਸਖ਼ਤ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜਿਨਸੀ ਸ਼ੋਸ਼ਣ ਜਾਂ ਬਲਾਤਕਾਰ ਵਰਗੇ ਸੰਗੀਨ ਮਾਮਲਿਆਂ ਵਿੱਚ ਸ਼ਿਕਾਇਤਕਰਤਾ/ਪੀੜਤਾ ਦਾ ਨਾਮ, ਪਤਾ ਜਾਂ ਉਸ ਦੀ ਪਛਾਣ ਜ਼ਾਹਰ ਕਰਨ ਵਾਲੀ ਕੋਈ ਵੀ ਜਾਣਕਾਰੀ ਜਨਤਕ ਨਹੀਂ ਕੀਤੀ ਜਾ ਸਕਦੀ।

**ਅਦਾਲਤੀ ਨਿਰਦੋਸ਼ਤਾ ਦਾ ਅਧਿਕਾਰ (Presumption of Innocence)**: ਇਸ ਖ਼ਬਰ ਵਿੱਚ ਦਰਜ ਸਾਰੇ ਤੱਥ ਪੁਲਿਸ ਕੋਲ ਦਰਜ ਹੋਈ ਐੱਫ.ਆਈ.ਆਰ. ਅਤੇ ਸ਼ਿਕਾਇਤਕਰਤਾ ਦੇ ਬਿਆਨਾਂ ’ਤੇ ਆਧਾਰਿਤ ਹਨ। ਕਾਨੂੰਨੀ ਪ੍ਰਣਾਲੀ ਅਧੀਨ ਕਿਸੇ ਵੀ ਨਾਮਜ਼ਦ ਵਿਅਕਤੀ ਨੂੰ ਉਦੋਂ ਤੱਕ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ ਜਦੋਂ ਤੱਕ ਸਮਰੱਥ ਅਦਾਲਤ ਵਿੱਚ ਨਿਰਪੱਖ ਸੁਣਵਾਈ ਦੌਰਾਨ ਦੋਸ਼ ਪੂਰੀ ਤਰ੍ਹਾਂ ਸਾਬਤ ਨਾ ਹੋ ਜਾਣ।

**ਸੰਤੁਲਿਤ ਪੱਖ ਦਾ ਅਧਿਕਾਰ**: ਨਿਰਪੱਖ ਅਤੇ ਪੇਸ਼ੇਵਰ ਪੱਤਰਕਾਰੀ ਦੇ ਨਿਯਮਾਂ ਅਨੁਸਾਰ ਜੇਕਰ ਦੂਜੀ ਧਿਰ (ਨਾਮਜ਼ਦ ਧਿਰ ਜਾਂ ਸ਼੍ਰੋਮਣੀ ਕਮੇਟੀ) ਵੱਲੋਂ ਆਪਣਾ ਅਧਿਕਾਰਤ ਪੱਖ ਜਾਂ ਸਪੱਸ਼ਟੀਕਰਨ ਜਾਰੀ ਕੀਤਾ ਜਾਂਦਾ ਹੈ, ਤਾਂ ਉਸ ਨੂੰ ਵੀ ਖ਼ਬਰਾਂ ਵਿੱਚ ਬਰਾਬਰ ਪ੍ਰਮੁੱਖਤਾ ਨਾਲ ਪ੍ਰਕਾਸ਼ਿਤ ਕੀਤਾ ਜਾਵੇਗਾ।

# ਅਨੰਦਪੁਰ ਸਾਹਿਬ ਜਬਰ-ਜ਼ਨਾਹ ਮਾਮਲਾ: ਗ੍ਰਿਫ਼ਤਾਰੀ ਦੇ ਖ਼ਦਸ਼ੇ ਦਰਮਿਆਨ SGPC ਮੈਂਬਰ ਅਮਰਜੀਤ ਸਿੰਘ ਚਾਵਲਾ ਕੈਨੇਡਾ ਪੁੱਜੇ

## ਸੰਗੀਨ ਧਾਰਾਵਾਂ ਹੇਠ FIR ਦੇ ਬਾਵਜੂਦ ਲੁੱਕ-ਆਊਟ ਨੋਟਿਸ ਨਾ ਹੋਣ ਕਾਰਨ ਪੁਲਿਸ ਕਾਰਜਪ੍ਰਣਾਲੀ ’ਤੇ ਉੱਠੇ ਸਵਾਲ; ਰੈੱਡ ਕਾਰਨਰ ਨੋਟਿਸ ਤੇ ਹਵਾਲਗੀ (Extradition) ਦੀਆਂ ਤਿਆਰੀਆਂ ਤੇਜ਼; ਸਿਆਸੀ ਤੇ ਪੰਥਕ ਹਲਕਿਆਂ ’ਚ ਭੂਚਾਲ

ਸ੍ਰੀ ਅਨੰਦਪੁਰ ਸਾਹਿਬ/ਚੰਡੀਗੜ੍ਹ : ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਯਾਤਰੀ ਨਿਵਾਸ ਅੰਦਰ ਇੱਕ ਐੱਨ.ਆਰ.ਆਈ. ਮਹਿਲਾ ਨਾਲ ਲੰਮਾ ਸਮਾਂ ਕਥਿਤ ਜਿਨਸੀ ਸ਼ੋਸ਼ਣ ਕਰਨ, ਗ਼ੈਰ-ਕਾਨੂੰਨੀ ਢੰਗ ਨਾਲ ਬੰਦੀ ਬਣਾ ਕੇ ਰੱਖਣ ਅਤੇ ਧਮਕਾਉਣ ਦੇ ਸੰਗੀਨ ਦੋਸ਼ਾਂ ਵਿੱਚ ਘਿਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਦੇ ਸੀਨੀਅਰ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਅਮਰਜੀਤ ਸਿੰਘ ਚਾਵਲਾ ਗ੍ਰਿਫ਼ਤਾਰੀ ਦੇ ਖ਼ਦਸ਼ੇ ਦਰਮਿਆਨ ਦੇਸ਼ ਛੱਡ ਕੇ ਕੈਨੇਡਾ ਪਹੁੰਚ ਗਏ ਹਨ। ਸੰਗੀਨ ਅਪਰਾਧਿਕ ਧਾਰਾਵਾਂ ਤਹਿਤ ਮੁਕੱਦਮਾ ਦਰਜ ਹੋਣ ਦੇ ਬਾਵਜੂਦ ਮੁਲਜ਼ਮ ਦੇ ਵਿਦੇਸ਼ ਨਿਕਲ ਜਾਣ ਦੀ ਖ਼ਬਰ ਸਾਹਮਣੇ ਆਉਣ ਮਗਰੋਂ ਪੁਲਿਸ ਪ੍ਰਸ਼ਾਸਨ ਦੀ ਕਾਰਜਪ੍ਰਣਾਲੀ ਕਟਹਿਰੇ ਵਿੱਚ ਖੜ੍ਹੀ ਹੋ ਗਈ ਹੈ ਅਤੇ ਪੰਥਕ ਹਲਕਿਆਂ ਸਮੇਤ ਅਕਾਲੀ ਸਿਆਸਤ ਵਿੱਚ ਭਾਰੀ ਤਰਥੱਲੀ ਮਚ ਗਈ ਹੈ।

**ਮੁਕੱਦਮਾ ਨੰਬਰ 149 ਅਤੇ ਸੰਗੀਨ ਇਲਜ਼ਾਮਾਂ ਦੇ ਵੇਰਵੇ**

**ਥਾਣਾ / ਅਧਿਕਾਰ ਖੇਤਰ** : ਥਾਣਾ ਸ੍ਰੀ ਅਨੰਦਪੁਰ ਸਾਹਿਬ (ਜ਼ਿਲ੍ਹਾ ਰੂਪਨਗਰ)

**ਐੱਫ.ਆਈ.ਆਰ. ਨੰਬਰ** : ਮੁਕੱਦਮਾ ਨੰਬਰ 149

**ਨਾਮਜ਼ਦ ਮੁੱਖ ਮੁਲਜ਼ਮ** : ਅਮਰਜੀਤ ਸਿੰਘ ਚਾਵਲਾ (ਮੈਂਬਰ ਐੱਸ.ਜੀ.ਪੀ.ਸੀ. ਤੇ ਸੀਨੀਅਰ ਅਕਾਲੀ ਆਗੂ)

**ਸ਼ਿਕਾਇਤਕਰਤਾ** : ਬਹਿਰੀਨ ਤੋਂ ਪਰਤੀ ਐੱਨ.ਆਰ.ਆਈ. ਮਹਿਲਾ (ਮੈਜਿਸਟ੍ਰੇਟ ਸਾਹਮਣੇ ਬਿਆਨ ਦਰਜ)

**ਕਥਿਤ ਘਟਨਾ ਸਥਾਨ** : ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸ਼੍ਰੋਮਣੀ ਕਮੇਟੀ ਦੇ ਯਾਤਰੀ ਨਿਵਾਸ

**ਲਾਏ ਗਏ ਮੁੱਖ ਦੋਸ਼** : ਵਾਰ-ਵਾਰ ਜਬਰ-ਜ਼ਨਾਹ, ਕਮਰੇ ਅੰਦਰ ਬੰਦੀ ਬਣਾਉਣਾ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ

ਬਹਿਰੀਨ ਤੋਂ ਪਰਤੀ ਪੀੜਤ ਮਹਿਲਾ ਵੱਲੋਂ ਪੁਲਿਸ ਕੋਲ ਦਿੱਤੀ ਗਈ ਵਿਸਥਾਰਤ ਲਿਖਤੀ ਸ਼ਿਕਾਇਤ ਅਤੇ ਅਦਾਲਤ ਵਿੱਚ ਜੁਡੀਸ਼ੀਅਲ ਮੈਜਿਸਟ ?ਰੇਟ ਸਾਹਮਣੇ ਧਾਰਾ 164 ਅਧੀਨ ਕਲਮਬੰਦ ਕਰਵਾਏ ਗਏ ਬਿਆਨਾਂ ਦੇ ਆਧਾਰ ’ਤੇ ਇਹ ਮਾਮਲਾ ਦਰਜ ਕੀਤਾ ਗਿਆ ਸੀ। ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਕਿ ਯਾਤਰੀ ਨਿਵਾਸ ਦੇ ਕਮਰਿਆਂ ਵਿੱਚ ਉਸ ਨੂੰ ਗ਼ੈਰ-ਕਾਨੂੰਨੀ ਢੰਗ ਨਾਲ ਨਜ਼ਰਬੰਦ ਰੱਖ ਕੇ ਉਸ ਦਾ ਸ਼ੋਸ਼ਣ ਕੀਤਾ ਗਿਆ ਅਤੇ ਵਿਰੋਧ ਕਰਨ ’ਤੇ ਗੰਭੀਰ ਸਿੱਟੇ ਭੁਗਤਣ ਦੀਆਂ ਧਮਕੀਆਂ ਦਿੱਤੀਆਂ ਗਈਆਂ।

ਲੁੱਕ-ਆਊਟ ਸਰਕੂਲਰ (LOC) ਦੀ ਅਣਹੋਂਦ ਅਤੇ ਪੁਲਿਸ ਦੀ ਢਿੱਲਮੱਠ ’ਤੇ ਉੱਠੇ ਸਵਾਲ

ਐੱਫ.ਆਈ.ਆਰ. ਦਰਜ ਹੋਣ ਦੇ ਬਾਵਜੂਦ ਮੁਲਜ਼ਮ ਦੀ ਤੁਰੰਤ ਹਿਰਾਸਤ ਨਾ ਲੈਣ ਅਤੇ ਦੇਸ਼ ਦੇ ਸਾਰੇ ਕੌਮਾਂਤਰੀ ਹਵਾਈ ਅੱਡਿਆਂ ’ਤੇ ਸਮੇਂ ਸਿਰ ਲੁੱਕ-ਆਊਟ ਸਰਕੂਲਰ (LOC) ਜਾਰੀ ਨਾ ਕੀਤੇ ਜਾਣ ਕਾਰਨ ਪੰਜਾਬ ਪੁਲਿਸ ਦੀ ਭੂਮਿਕਾ ’ਤੇ ਗੰਭੀਰ ਪ੍ਰਸ਼ਨ ਚਿੰਨ੍ਹ ਲੱਗ ਰਹੇ ਹਨ:

1. **ਸਿਆਸੀ ਰਸੂਖ਼ ਦੀ ਵਰਤੋਂ ਦੇ ਦੋਸ਼**: ਸਿੱਖ ਸੰਗਤਾਂ, ਸਮਾਜਿਕ ਜਥੇਬੰਦੀਆਂ ਅਤੇ ਮਨੁੱਖੀ ਅਧਿਕਾਰ ਕਾਰਕੁਨਾਂ ਨੇ ਦੋਸ਼ ਲਾਇਆ ਹੈ ਕਿ ਚਾਵਲਾ ਦੇ ਉੱਚ ਸਿਆਸੀ ਤੇ ਪ੍ਰਸ਼ਾਸਕੀ ਪ੍ਰਭਾਵ ਕਾਰਨ ਪੁਲਿਸ ਵੱਲੋਂ ਸ਼ੁਰੂਆਤੀ ਪੜਾਅ ’ਤੇ ਜਾਣਬੁੱਝ ਕੇ ਢਿੱਲ ਵਰਤੀ ਗਈ, ਜਿਸ ਦੀ ਆੜ ਲੈ ਕੇ ਉਹ ਬੜੀ ਆਸਾਨੀ ਨਾਲ ਹਵਾਈ ਅੱਡੇ ਰਾਹੀਂ ਭਾਰਤ ਵਿੱਚੋਂ ਉਡਾਣ ਭਰ ਕੇ ਕੈਨੇਡਾ ਜਾ ਪੁੱਜੇ।
2. **ਜਨਤਕ ਰੋਸ**: ਲੋਕਾਂ ਦਾ ਕਹਿਣਾ ਹੈ ਕਿ ਜੇਕਰ ਪੁਲਿਸ ਨੇ ਸੰਗੀਨ ਅਪਰਾਧ ਦਾ ਮਾਮਲਾ ਦਰਜ ਹੁੰਦਿਆਂ ਹੀ ਉਸ ਦਾ ਪਾਸਪੋਰਟ ਜ਼ਬਤ ਕਰਨ ਜਾਂ ਯਾਤਰਾ ਪਾਬੰਦੀਆਂ ਲਾਉਣ ਲਈ ਹਵਾਈ ਅੱਡਿਆਂ ਦੇ ਇਮੀਗ੍ਰੇਸ਼ਨ ਵਿਭਾਗ ਨੂੰ ਅਲਰਟ ਭੇਜਿਆ ਹੁੰਦਾ, ਤਾਂ ਮੁਲਜ਼ਮ ਦੇਸ਼ ਛੱਡ ਕੇ ਭੱਜਣ ਵਿੱਚ ਸਫ਼ਲ ਨਾ ਹੁੰਦਾ।

ਪੁਲਿਸ ਦਾ ਪੱਖ ਅਤੇ ਹਵਾਲਗੀ (Extradition) ਦੀਆਂ ਕਾਨੂੰਨੀ ਤਿਆਰੀਆਂ

ਮੁਲਜ਼ਮ ਦੇ ਕੈਨੇਡਾ ਪਹੁੰਚ ਜਾਣ ਦੀਆਂ ਰਿਪੋਰਟਾਂ ਮਗਰੋਂ ਪੁਲਿਸ ਪ੍ਰਸ਼ਾਸਨ ਨੇ ਸਥਿਤੀ ਸਪੱਸ਼ਟ ਕਰਦਿਆਂ ਕਿਹਾ ਹੈ ਕਿ ਮਾਮਲੇ ਦੀ ਜਾਂਚ ਕਾਨੂੰਨੀ ਮਰਿਆਦਾ ਅਨੁਸਾਰ ਜਾਰੀ ਹੈ ਅਤੇ ਮੁਲਜ਼ਮ ਨੂੰ ਵਾਪਸ ਲਿਆਉਣ ਲਈ ਕਾਨੂੰਨੀ ਚਾਰਾਜੋਈ ਸ਼ੁਰੂ ਕੀਤੀ ਜਾ ਰਹੀ ਹੈ:

**ਗ਼ੈਰ-ਜ਼ਮਾਨਤੀ ਵਾਰੰਟ**: ਸਮਰੱਥ ਅਦਾਲਤ ਤੋਂ ਮੁਲਜ਼ਮ ਖ਼ਿਲਾਫ਼ ਗ਼ੈਰ-ਜ਼ਮਾਨਤੀ ਗ੍ਰਿਫ਼ਤਾਰੀ ਵਾਰੰਟ (Non-Bailable Warrants) ਹਾਸਲ ਕਰਨ ਦੀ ਪ੍ਰਕਿਰਿਆ ਵਿੱਢੀ ਗਈ ਹੈ।

**ਰੈੱਡ ਕਾਰਨਰ ਨੋਟਿਸ**: ਕੇਂਦਰੀ ਜਾਂਚ ਏਜੰਸੀਆਂ (CBI/ਇੰਟਰਪੋਲ) ਅਤੇ ਕੇਂਦਰੀ ਵਿਦੇਸ਼ ਮੰਤਰਾਲੇ (MEA) ਰਾਹੀਂ ਇੰਟਰਪੋਲ ਦਾ ਰੈੱਡ ਕਾਰਨਰ ਨੋਟਿਸ ਜਾਰੀ ਕਰਵਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ।

**ਹਵਾਲਗੀ ਸੰਧੀ ਅਧੀਨ ਕਾਰਵਾਈ**: ਕੈਨੇਡੀਅਨ ਅਧਿਕਾਰੀਆਂ ਅਤੇ ਉੱਥੋਂ ਦੀ ਪੁਲਿਸ ਨਾਲ ਸੰਪਰਕ ਸਾਧ ਕੇ ਭਾਰਤ-ਕੈਨੇਡਾ ਹਵਾਲਗੀ ਸੰਧੀ (Extradition Treaty) ਤਹਿਤ ਚਾਵਲਾ ਨੂੰ ਭਾਰਤ ਲਿਆਉਣ ਦੇ ਕਾਨੂੰਨੀ ਰਸਤੇ ਤਲਾਸ਼ੇ ਜਾ ਰਹੇ ਹਨ।

**ਸ਼੍ਰੋਮਣੀ ਕਮੇਟੀ ਅਤੇ ਅਕਾਲੀ ਸਿਆਸਤ ਵਿੱਚ ਭੂਚਾਲ**

ਇਸ ਘਟਨਾਕ੍ਰਮ ਦੌਰਾਨ ਅਮਰਜੀਤ ਸਿੰਘ ਚਾਵਲਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਦੀ ਮੈਂਬਰਸ਼ਿਪ ਤੋਂ ਆਪਣੇ ਅਸਤੀਫ਼ੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਭੇਜ ਦਿੱਤੇ ਹਨ। ਚਾਵਲਾ ਨੇ ਸੋਸ਼ਲ ਮੀਡੀਆ ’ਤੇ ਵੀਡੀਓ ਜਾਰੀ ਕਰਕੇ ਆਪਣੇ ਆਪ ਨੂੰ ਨਿਰਦੋਸ਼ ਦੱਸਦਿਆਂ ਇਸ ਨੂੰ ਆਪਣੇ ਅਕਸ ਨੂੰ ਢਾਹ ਲਾਉਣ ਦੀ ਸਾਜ਼ਿਸ਼ ਕਰਾਰ ਦਿੱਤਾ ਹੈ।

ਹਾਲਾਂਕਿ, ਅਸਤੀਫ਼ੇ ਦੇਣ ਦੇ ਬਾਵਜੂਦ ਮੁਲਜ਼ਮ ਦੇ ਵਿਦੇਸ਼ ਚਲੇ ਜਾਣ ਨਾਲ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕੀ ਢਾਂਚੇ, ਗੁਰਦੁਆਰਾ ਯਾਤਰੀ ਨਿਵਾਸਾਂ ਦੀ ਸੁਰੱਖਿਆ ਪ੍ਰਣਾਲੀ ਅਤੇ ਨਿਗਰਾਨੀ ਵਿਵਸਥਾ ’ਤੇ ਗੰਭੀਰ ਸਵਾਲ ਖੜ੍ਹੇ ਹੋ ਗਏ ਹਨ। ਇਤਿਹਾਸਕ ਤੇ ਪਵਿੱਤਰ ਧਾਰਮਿਕ ਅਦਾਰੇ ਦੇ ਅੰਦਰ ਅਜਿਹੇ ਗੰਭੀਰ ਅਪਰਾਧਾਂ ਦੇ ਦੋਸ਼ ਲੱਗਣ ਅਤੇ ਮੁਲਜ਼ਮ ਦੇ ਕਾਨੂੰਨ ਦੇ ਸਾਹਮਣੇ ਪੇਸ਼ ਹੋਣ ਦੀ ਬਜਾਏ ਵਿਦੇਸ਼ ਨਿਕਲ ਜਾਣ ਕਾਰਨ ਦੇਸ਼-ਵਿਦੇਸ਼ ਦੇ ਸਿੱਖ ਜਗਤ ਵਿੱਚ ਭਾਰੀ ਰੋਸ ਅਤੇ ਚਿੰਤਾ ਪਾਈ ਜਾ ਰਹੀ ਹੈ।

ਕਾਨੂੰਨੀ ਅਤੇ ਪੱਤਰਕਾਰੀ ਬੇਦਾਅਵਾ (Legal & Journalistic Disclaimers)

ਪੀੜਤਾ ਦੀ ਪਛਾਣ ਦੀ ਕਾਨੂੰਨੀ ਗੁਪਤਤਾ (Protection of Victim’s Identity): ਭਾਰਤੀ ਕਾਨੂੰਨ (ਸੈਕਸ਼ਨ 228A IPC/ ਭਾਰਤੀ ਨਿਆਂ ਸੰਹਿਤਾ) ਅਤੇ ਮਾਣਯੋਗ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਜਿਨਸੀ ਸ਼ੋਸ਼ਣ ਨਾਲ ਸਬੰਧਤ ਮਾਮਲਿਆਂ ਵਿੱਚ ਸ਼ਿਕਾਇਤਕਰਤਾ/ਪੀੜਤਾ ਦਾ ਨਾਮ, ਪਤਾ ਜਾਂ ਉਸ ਦੀ ਨਿੱਜੀ ਪਛਾਣ ਜ਼ਾਹਰ ਕਰਨ ਵਾਲਾ ਕੋਈ ਵੀ ਤੱਥ ਜਨਤਕ ਨਹੀਂ ਕੀਤਾ ਜਾ ਸਕਦਾ।

**ਅਦਾਲਤੀ ਨਿਰਦੋਸ਼ਤਾ ਦਾ ਸੰਵਿਧਾਨਕ ਅਧਿਕਾਰ (Presumption of Innocence)**: ਇਸ ਖ਼ਬਰ ਵਿੱਚ ਜ਼ਿਕਰ ਕੀਤੇ ਗਏ ਅਮਰਜੀਤ ਸਿੰਘ ਚਾਵਲਾ ਫ਼ਿਲਹਾਲ ਪੁਲਿਸ ਐੱਫ.ਆਈ.ਆਰ. ਅਨੁਸਾਰ ‘ਮੁਲਜ਼ਮ’ (Accused) ਹਨ। ਨਿਆਂਇਕ ਪ੍ਰਣਾਲੀ ਦੇ ਬੁਨਿਆਦੀ ਅਸੂਲਾਂ ਮੁਤਾਬਕ, ਜਦੋਂ ਤੱਕ ਸਮਰੱਥ ਅਦਾਲਤ ਵਿੱਚ ਦੋਸ਼ ਪੂਰੀ ਤਰ੍ਹਾਂ ਸਾਬਤ ਨਹੀਂ ਹੋ ਜਾਂਦੇ, ਉਦੋਂ ਤੱਕ ਹਰ ਵਿਅਕਤੀ ਨੂੰ ਕਾਨੂੰਨੀ ਤੌਰ ’ਤੇ ਨਿਰਦੋਸ਼ (Innocent until proven guilty) ਮੰਨਿਆ ਜਾਂਦਾ ਹੈ।

**ਦੋਵਾਂ ਧਿਰਾਂ ਦਾ ਪੱਖ (Right of Reply)**: ਇਹ ਰਿਪੋਰਟ ਪੁਲਿਸ ਕੋਲ ਦਰਜ ਹੋਏ ਮੁਕੱਦਮੇ, ਜਨਤਕ ਬਿਆਨਾਂ ਅਤੇ ਜਾਂਚ ਰਿਕਾਰਡ ’ਤੇ ਆਧਾਰਿਤ ਹੈ। ਨਾਮਜ਼ਦ ਵਿਅਕਤੀ ਵੱਲੋਂ ਜਾਰੀ ਵੀਡੀਓ ਸੁਨੇਹੇ ਵਿੱਚ ਦੋਸ਼ਾਂ ਨੂੰ ਨਕਾਰਦਿਆਂ ਸਾਜ਼ਿਸ਼ ਕਰਾਰ ਦਿੱਤਾ ਗਿਆ ਹੈ, ਜਿਸ ਨੂੰ ਨਿਰਪੱਖ ਪੱਤਰਕਾਰੀ ਦੇ ਮਾਪਦੰਡਾਂ ਅਨੁਸਾਰ ਬਰਾਬਰ ਥਾਂ ਦਿੱਤੀ ਗਈ ਹੈ।

## ਹੁਸ਼ਿਆਰਪੁਰ 'ਚ ਡਾ. ਅੰਬੇਡਕਰ ਦੇ ਬੁੱਤ ਦੀ ਬੇਅਦਬੀ ਮਗਰੋਂ ਭਾਰੀ ਤਣਾਅ

# ਪੁਲਿਸ ਵੱਲੋਂ ਕੇਸ ਦਰਜ; ਭਾਜਪਾ ਆਗੂ ਵਿਜੇ ਸਾਂਪਲਾ ਅਤੇ ਬਸਪਾ ਵਰਕਰਾਂ ਵਿਚਾਲੇ ਤਿੱਖੀ ਤਕਰਾਰ, CCTV ਕੈਮਰਿਆਂ ਰਾਹੀਂ ਸ਼ਰਾਰਤੀ ਅਨਸਰਾਂ ਦੀ ਭਾਲ ਤੇਜ਼









ਹੁਸ਼ਿਆਰਪੁਰ/ਚੱਬੇਵਾਲ, : ਜ਼ਿਲ੍ਹਾ ਹੁਸ਼ਿਆਰਪੁਰ ਦੇ ਵਿਧਾਨ ਸਭਾ ਹਲਕਾ ਚੱਬੇਵਾਲ ਅਧੀਨ ਪੈਂਦੇ ਪਿੰਡ ਬਾਰੀਆਂ ਕਲਾਂ ਵਿਖੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮਰਾਓ ਅੰਬੇਡਕਰ ਦੇ ਬੁੱਤ ਨਾਲ ਸ਼ਰਾਰਤੀ ਅਨਸਰਾਂ ਵੱਲੋਂ ਛੇੜਛਾੜ ਅਤੇ ਬੇਅਦਬੀ ਕਰਨ ਦਾ ਅਤਿ-ਨਿੰਦਣਯੋਗ ਮਾਮਲਾ ਸਾਹਮਣੇ ਆਇਆ ਹੈ। ਘਟਨਾ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੁੰਦਿਆਂ ਹੀ ਦਲਿਤ ਭਾਈਚਾਰੇ ਅਤੇ ਇਲਾਕਾ ਨਿਵਾਸੀਆਂ ਵਿੱਚ ਭਾਰੀ ਰੋਸ ਫੈਲ ਗਿਆ ਅਤੇ ਪਿੰਡ ਵਿੱਚ ਤਣਾਅਪੂਰਨ ਸਥਿਤੀ ਪੈਦਾ ਹੋ ਗਈ। ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਪੰਜਾਬ ਪੁਲਿਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਅਣਪਛਾਤੇ ਸ਼ਰਾਰਤੀ ਅਨਸਰਾਂ ਖ਼?ਲਾਫ਼ ਸੰਗੀਨ ਧਾਰਾਵਾਂ ਤਹਿਤ ਅਪਰਾਧਿਕ ਕੇਸ ਦਰਜ ਕਰ ਲਿਆ ਹੈ।

ਸਥਾਨ : ਪਿੰਡ ਬਾਰੀਆਂ ਕਲਾਂ, ਹਲਕਾ ਚੱਬੇਵਾਲ (ਜ਼ਿਲ੍ਹਾ ਹੁਸ਼ਿਆਰਪੁਰ)

ਘਟਨਾ ਦੀ ਕਿਸਮ : ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਦੇ ਬੁੱਤ ਦੀ ਕਥਿਤ ਬੇਅਦਬੀ ਤੇ ਛੇੜਛਾੜ

ਪੁਲਿਸ ਕਾਰਵਾਈ : ਅਣਪਛਾਤੇ ਦੋਸ਼ੀਆਂ ਖ਼ਿਲਾਫ਼ ਐੱਫ.ਆਈ.ਆਰ. (FIR) ਦਰਜ; CCTV ਫੁਟੇਜ ਦੀ ਜਾਂਚ ਜਾਰੀ

**ਸਿਆਸੀ ਹਲਚਲ** : ਬਸਪਾ ਵੱਲੋਂ ਧਰਨਾ; ਭਾਜਪਾ ਆਗੂ ਵਿਜੇ ਸਾਂਪਲਾ ਦੇ ਪੁੱਜਣ 'ਤੇ ਤਿੱਖੀ ਬਹਿਸਬਾਜ਼ੀ

ਸੁਰੱਖਿਆ ਵਿਵਸਥਾ : ਅਮਨ-ਕਾਨੂੰਨ ਬਣਾਈ ਰੱਖਣ ਲਈ ਪਿੰਡ ਵਿੱਚ ਭਾਰੀ ਪੁਲਿਸ ਫੋਰਸ ਤਾਇਨਾਤ

**ਬਸਪਾ ਵੱਲੋਂ ਰੋਸ ਧਰਨਾ; ਵਿਜੇ ਸਾਂਪਲਾ ਦੀ ਆਮਦ ਮੌਕੇ ਤਿੱਖੀ ਤਕਰਾਰ**

ਘਟਨਾ ਦੇ ਵਿਰੋਧ ਵਿੱਚ ਬਹੁਜਨ ਸਮਾਜ ਪਾਰਟੀ (BSP) ਦੇ ਆਗੂਆਂ ਅਤੇ ਸਥਾਨਕ ਵਰਕਰਾਂ ਨੇ ਮੌਕੇ 'ਤੇ ਟੈਂਟ ਲਗਾ ਕੇ ਪੱਕਾ ਰੋਸ ਧਰਨਾ ਸ਼ੁਰੂ ਕਰ ਦਿੱਤਾ। ਇਸੇ ਦੌਰਾਨ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਤੇ ਸਾਬਕਾ ਕੇਂਦਰੀ ਰਾਜ ਮੰਤਰੀ ਵਿਜੇ ਸਾਂਪਲਾ ਆਪਣੇ ਸਾਥੀਆਂ ਸਮੇਤ ਬਾਬਾ ਸਾਹਿਬ ਦੇ ਬੁੱਤ 'ਤੇ ਨਤਮਸਤਕ ਹੋਣ ਅਤੇ ਘਟਨਾ ਦਾ ਜਾਇਜ਼ਾ ਲੈਣ ਪਹੁੰਚੇ:

**ਕੇਂਦਰ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ:** ਧਰਨੇ 'ਤੇ ਮੌਜੂਦ ਬਸਪਾ ਕਾਰਕੁੰਨਾਂ ਨੇ ਭਾਜਪਾ ਆਗੂਆਂ ਦਾ ਜ਼ੋਰਦਾਰ ਵਿਰੋਧ ਕੀਤਾ। ਬਸਪਾ ਆਗੂਆਂ ਨੇ ਦੋਸ਼ ਲਾਇਆ ਕਿ ਅਜਿਹੀਆਂ ਸਮਾਜ-ਵਿਰੋਧੀ ਸਾਜ਼ਿਸ਼ਾਂ ਨੂੰ ਨੱਥ ਪਾਉਣ ਵਿੱਚ ਕੇਂਦਰ ਸਰਕਾਰ ਨਾਕਾਮ ਸਾਬਤ ਹੋ ਰਹੀ ਹੈ।

**ਹਵਾਲਗੀ ਦਾ ਮੁੱਦਾ:** ਪ੍ਰਦਰਸ਼ਨਕਾਰੀਆਂ ਨੇ ਸਵਾਲ ਚੁੱਕਿਆ ਕਿ ਵਿਦੇਸ਼ਾਂ ਵਿੱਚ ਬੈਠ ਕੇ ਮਾਹੌਲ ਖ਼ਰਾਬ ਕਰਨ ਵਾਲੇ ਗੁਰਪਤਵੰਤ ਸਿੰਘ ਪੰਨੂ ਵਰਗੇ ਅਨਸਰਾਂ ਦੀ ਹਵਾਲਗੀ (Extradition) ਅਤੇ ਗ੍ਰਿਫ਼ਤਾਰੀ ਲਈ ਕੇਂਦਰ ਵੱਲੋਂ ਠੋਸ ਕਾਰਵਾਈ ਕਿਉਂ ਨਹੀਂ ਕੀਤੀ ਜਾ ਰਹੀ?

ਮਾਹੌਲ ਤਲਖ਼: ਦੋਵਾਂ ਧਿਰਾਂ ਵਿਚਕਾਰ ਕਾਫ਼ੀ ਦੇਰ ਤਿੱਖੀ ਬਹਿਸਬਾਜ਼ੀ ਹੁੰਦੀ ਰਹੀ ਅਤੇ ਮਾਹੌਲ ਤਣਾਅਪੂਰਨ ਹੋ ਗਿਆ। ਹਾਲਾਂਕਿ, ਭਾਜਪਾ ਆਗੂ ਬਾਬਾ ਸਾਹਿਬ ਦੇ ਬੁੱਤ ਅੱਗੇ ਨਤਮਸਤਕ ਹੋਣ ਉਪਰੰਤ ਉੱਥੋਂ ਰਵਾਨਾ ਹੋ ਗਏ।

ਪੁਲਿਸ ਪ੍ਰਸ਼ਾਸਨ ਦਾ ਪੱਖ: ਡੀ.ਐੱਸ.ਪੀ. ਭਾਰਤ ਸੈਣੀ ਦਾ ਬਿਆਨ

ਡੀ.ਐੱਸ.ਪੀ. ਚੱਬੇਵਾਲ ਭਾਰਤ ਸੈਣੀ ਨੇ ਸਥਿਤੀ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ: ਤੁਰੰਤ ਮੁਕੱਦਮਾ ਦਰਜ: ਸੋਸ਼ਲ ਮੀਡੀਆ ਰਾਹੀਂ ਵੀਡੀਓ ਸਾਹਮਣੇ ਆਉਂਦੇ ਹੀ ਪੁਲਿਸ ਟੀਮਾਂ ਹਰਕਤ ਵਿੱਚ ਆ ਗਈਆਂ ਸਨ ਅਤੇ ਅਣਪਛਾਤੇ ਦੋਸ਼ੀਆਂ ਵਿਰੁੱਧ ਕਾਨੂੰਨੀ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰ ਲਿਆ ਗਿਆ।

ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ: ਦੋਵਾਂ ਸਿਆਸੀ ਧਿਰਾਂ ਦਰਮਿਆਨ ਹੋਈ ਤਕਰਾਰ ਤੋਂ ਬਾਅਦ ਭਾਜਪਾ ਆਗੂ ਉੱਥੋਂ ਚਲੇ ਗਏ ਸਨ। ਇਸ ਵੇਲੇ ਪਿੰਡ ਵਿੱਚ ਸਥਿਤੀ ਪੂਰੀ ਤਰ੍ਹਾਂ ਸ਼ਾਂਤਮਈ ਹੈ।

ਸੁਰੱਖਿਆ ਬਲ ਤਾਇਨਾਤ: ਅਮਨ-ਕਾਨੂੰਨ ਕਾਇਮ ਰੱਖਣ ਲਈ ਪਿੰਡ ਅਤੇ ਆਸ-ਪਾਸ ਦੇ ਇਲਾਕੇ ਵਿੱਚ ਵਾਧੂ ਪੁਲਿਸ ਫੋਰਸ ਤਾਇਨਾਤ ਕੀਤੀ ਗਈ ਹੈ ਤਾਂ ਜੋ ਕੋਈ ਵੀ ਸ਼ਰਾਰਤੀ ਅਨਸਰ ਮਾਹੌਲ ਨਾ ਵਿਗਾੜ ਸਕੇ।

ਤਕਨੀਕੀ ਤੇ CCTV ਜਾਂਚ: ਡੀ.ਐੱਸ.ਪੀ. ਨੇ ਭਰੋਸਾ ਦਿਵਾਇਆ ਕਿ ਪੁਲਿਸ ਟੀਮਾਂ ਪਿੰਡ ਅਤੇ ਨੇੜਲੇ ਮਾਰਗਾਂ 'ਤੇ ਲੱਗੇ ਸੀ.ਸੀ.ਟੀ.ਵੀ. (CCTV) ਕੈਮਰਿਆਂ ਦੀ ਫੁਟੇਜ ਖੰਗਾਲ ਰਹੀਆਂ ਹਨ। ਤਕਨੀਕੀ ਅਤੇ ਡਿਜੀਟਲ ਸਬੂਤਾਂ ਦੇ ਆਧਾਰ 'ਤੇ ਜਲਦ ਹੀ ਦੋਸ਼ੀਆਂ ਦੀ ਸ਼ਨਾਖ਼ਤ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

ਪੱਤਰਕਾਰੀ ਅਤੇ ਕਾਨੂੰਨੀ ਬੇਦਾਅਵਾ (Journalistic & Legal Disclaimer) ਸਰੋਤ ਤੇ ਰਿਪੋਰਟਿੰਗ: ਇਹ ਰਿਪੋਰਟ ਪਿੰਡ ਬਾਰੀਆਂ ਕਲਾਂ ਵਿਖੇ ਵਾਪਰੀ ਘਟਨਾ ਦੇ ਮੌਕੇ ਦੇ ਹਾਲਾਤਾਂ, ਪੁਲਿਸ ਪ੍ਰਸ਼ਾਸਨ (ਡੀ.ਐੱਸ.ਪੀ. ਚੱਬੇਵਾਲ) ਵੱਲੋਂ ਦਿੱਤੇ ਗਏ ਅਧਿਕਾਰਤ ਬਿਆਨ ਅਤੇ ਸਥਾਨਕ ਰਾਜਨੀਤਿਕ ਧਿਰਾਂ ਦੇ ਰੋਸ ਪ੍ਰਦਰਸ਼ਨਾਂ 'ਤੇ ਆਧਾਰਿਤ ਹੈ।

**ਸਿਆਸੀ ਬਿਆਨਬਾਜ਼ੀ ਦਾ ਦਾਇਰਾ:** ਸਮਾਗਮ ਜਾਂ ਪ੍ਰਦਰਸ਼ਨ ਦੌਰਾਨ ਵੱਖ-ਵੱਖ ਪਾਰਟੀਆਂ (ਬਸਪਾ ਤੇ ਭਾਜਪਾ) ਦੇ ਆਗੂਆਂ ਵੱਲੋਂ ਇੱਕ-ਦੂਜੇ ਵਿਰੁੱਧ ਕੀਤੀ ਗਈ ਬਿਆਨਬਾਜ਼ੀ ਉਨ੍ਹਾਂ ਦੇ ਨਿੱਜੀ ਤੇ ਪਾਰਟੀ ਪੱਧਰ ਦੇ ਵਿਚਾਰ ਹਨ।

ਸਮਾਜਿਕ ਸਦਭਾਵਨਾ ਦੀ ਅਪੀਲ: ਇਹ ਖ਼ਬਰ ਸਿਰਫ਼ ਜਨਤਕ ਸੂਚਨਾ ਅਤੇ ਨਿਰਪੱਖ ਪੱਤਰਕਾਰੀ ਹਿੱਤ ਪ੍ਰਕਾਸ਼ਿਤ ਕੀਤੀ ਗਈ ਹੈ; ਇਸ ਦਾ ਮਕਸਦ ਕਿਸੇ ਵੀ ਵਰਗ ਜਾਂ ਭਾਈਚਾਰੇ ਦੀਆਂ ਧਾਰਮਿਕ ਜਾਂ ਸਮਾਜਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਨਹੀਂ ਹੈ। ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਵੱਲੋਂ ਮਾਮਲੇ ਦੀ ਜਾਂਚ ਜਾਰੀ ਹੈ।

# ਨਸ਼ੇ ਬਾਰੇ ਨੀਤੀ ਬਦਲੇ

ਪੰਜਾਬ ਪੁਲੀਸ ਦੀ ਤਾਜ਼ਾ ਰਿਪੋਰਟ ਇੱਕ ਰਲੀ-ਮਿਲੀ ਤਸਵੀਰ ਪੇਸ਼ ਕਰਦੀ ਹੈ। ਸਰਹੱਦ ਪਾਰੋਂ ਡਰੋਨਾਂ ਦੀ ਆਵਾਜਾਈ ਨੂੰ ਰੋਕਣ ਲਈ ਸਖ਼ਤ ਕਦਮ ਚੁੱਕਣ ਕਾਰਨ ਸੂਬੇ ਵਿੱਚ ਹੈਰੋਇਨ ਦੀ ਸਪਲਾਈ ਵਿੱਚ ਭਾਰੀ ਗਿਰਾਵਟ ਆਈ ਹੈ। ਸਰਹੱਦੀ ਨਿਗਰਾਨੀ ਨੂੰ ਸਖ਼ਤ ਕਰਨ ਲਈ ਪੰਜਾਬ ਸਰਕਾਰ ਅਤੇ ਪੁਲੀਸ ਦੀ ਤਾਰੀਫ਼ ਹੋਣੀ ਚਾਹੀਦੀ ਹੈ, ਪਰ ਇਸ ਖ਼ਲਾਅ ਨੂੰ ਹੁਣ ਦੂਜੇ ਸੂਬਿਆਂ ਤੋਂ ਆਉਂਦੇ ਫਾਰਮਾਸਿਊਟੀਕਲ (ਮੈਡੀਕਲ) ਨਸ਼ਿਆਂ ਨੇ ਭਰ ਦਿੱਤਾ ਹੈ। ਪੁਲੀਸ ਮੁਤਾਬਿਕ ਪੰਜਾਬ ਵਿੱਚ ਪਹੁੰਚ ਰਹੀਆਂ ਨਸ਼ੀਲੀਆਂ ਦਵਾਈਆਂ ਵਿੱਚੋਂ ਲਗਪਗ 80 ਫ਼ੀਸਦੀ ਗੁਜਰਾਤ, ਉੱਤਰ ਪ੍ਰਦੇਸ਼, ਰਾਜਸਥਾਨ, ਹਰਿਆਣਾ ਅਤੇ ਦਿੱਲੀ ਤੋਂ ਆ ਰਹੀਆਂ ਹਨ। ਸਾਲ 2025 ਤੋਂ ਲੈ ਕੇ ਹੁਣ ਤੱਕ 11.54 ਲੱਖ ਗੋਲੀਆਂ ਅਤੇ ਕੈਪਸੂਲ ਫੜੇ ਜਾ ਚੁੱਕੇ ਹਨ। ਇਹ ਇਸ ਗੱਲ ਦਾ ਸਬੂਤ ਹੈ ਕਿ ਨਸ਼ਾ ਤਸਕਰੀ ਦਾ ਧੰਦਾ ਸਖ਼ਤੀ ਅੱਗੇ ਕਿੰਨੀ ਜਲਦੀ ਆਪਣੇ ਰਸਤੇ ਬਦਲ ਲੈਂਦਾ ਹੈ। ਡਰੋਨਾਂ ਅਤੇ ਪਾਕਿਸਤਾਨੀ ਸਰਹੱਦ 'ਤੇ ਧਿਆਨ ਕੇਂਦਰਿਤ ਕਰਨ ਨਾਲ ਭਾਵੇਂ ਸਪਲਾਈ ਦਾ ਇੱਕ ਰਸਤਾ ਰੁਕ ਗਿਆ ਹੋਵੇ, ਪਰ ਹੁਣ ਕਾਨੂੰਨੀ ਮੈਡੀਕਲ ਚੈਨਲਾਂ ਰਾਹੀਂ ਇੱਕ ਹੋਰ ਖ਼ਤਰਨਾਕ ਨੈੱਟਵਰਕ ਖੜ੍ਹਾ ਹੋ ਰਿਹਾ ਹੈ। ਇਲਾਜ ਲਈ ਤਿਆਰ ਕੀਤੀਆਂ ਜਾਣ ਵਾਲੀਆਂ ਦਵਾਈਆਂ ਨੂੰ ਗ਼ੈਰ-ਕਾਨੂੰਨੀ ਬਾਜ਼ਾਰ ਵਿੱਚ ਧੱਕਿਆ ਜਾ ਰਿਹਾ ਹੈ, ਜਿਸ ਨਾਲ ਇਹ ਸਮੱਸਿਆ ਜਿੰਨੀ ਅਪਰਾਧਿਕ ਹੈ, ਓਨੀ ਹੀ ਸਰਕਾਰੀ ਕਾਨੂੰਨ-ਵਿਵਸਥਾ ਅਤੇ ਸਖ਼ਤ ਨਿਗਰਾਨੀ ਦੀ ਵੀ ਬਣ ਚੁੱਕੀ ਹੈ।



ਬਾਕੀ ਥਾਵਾਂ 'ਤੇ ਹੋਈਆਂ ਤਾਜ਼ਾ ਬਰਾਮਦਗੀਆਂ ਇਸ ਖ਼ਤਰੇ ਨੂੰ ਹੋਰ ਉਜਾਗਰ ਕਰਦੀਆਂ ਹਨ। ਸਾਲ 2025 ਵਿੱਚ ਨਾਰਕੋਟਿਕਸ ਕੰਟਰੋਲ ਬਿਊਰੋ (ਐੱਨ ਸੀ ਬੀ) ਨੇ ਦਵਾਈਆਂ ਬਣਾਉਣ ਵਾਲਿਆਂ, ਹੋਲਸੇਲ ਸਟਾਕਿਸਟਾਂ ਅਤੇ ਫ਼ਰਜ਼ੀ ਅਦਾਰਿਆਂ ਨਾਲ ਜੁੜੇ ਕਈ ਸੂਬਿਆਂ ਵਿੱਚ ਫੈਲੇ ਮੈਡੀਕਲ ਨਸ਼ਾ ਤਸਕਰੀ ਦੇ ਨੈੱਟਵਰਕ ਦਾ ਪਰਦਾਫਾਸ਼ ਕੀਤਾ ਸੀ। ਇਸ ਸਾਲ ਅਗਸਤ ਵਿੱਚ ਸੈਂਟਰਲ ਬਿਊਰੋ ਔਫ ਨਾਰਕੋਟਿਕਸ ਨੇ ਪੰਜਾਬ-ਹਿਮਾਚਲ ਪ੍ਰਦੇਸ਼ ਲਾਂਘੇ ਤੋਂ ਕਰੀਬ 67 ਲੱਖ ਨਸ਼ੀਲੀਆਂ ਗੋਲੀਆਂ ਜ਼ਬਤ ਕੀਤੀਆਂ ਹਨ। ਸਾਫ਼ ਹੈ ਕਿ ਇਹ ਸਿਰਫ਼ ਗਲੀਆਂ-ਮੁਹੱਲਿਆਂ ਵਿੱਚ ਨਸ਼ਾ ਵੇਚਣ ਵਾਲਿਆਂ ਤੱਕ ਸੀਮਿਤ ਮਾਮਲਾ ਨਹੀਂ ਹੈ।

ਪੰਜਾਬ ਨੂੰ ਉਨ੍ਹਾਂ ਸੂਬਿਆਂ ਨਾਲ ਮਿਲ ਕੇ ਸਾਂਝੀ ਰਣਨੀਤੀ ਬਣਾਉਣ ਦੀ ਲੋੜ ਹੈ, ਜਿੱਥੋਂ ਇਹ ਨਸ਼ੇ ਆ ਰਹੇ ਹਨ। ਡਰੱਗ ਕੰਟਰੋਲ ਅਥਾਰਟੀਆਂ ਨੂੰ ਦਵਾਈਆਂ ਬਣਾਉਣ ਵਾਲਿਆਂ, ਥੋਕ ਵਿਕਰੇਤਾਵਾਂ (ਹੋਲਸੇਲਰਾਂ), ਡਿਸਟ ?ਰੀਬਿਊਟਰਾਂ ਅਤੇ ਢੋਆ-ਢੁਆਈ ਕਰਨ ਵਾਲਿਆਂ ਦੀ ਡੂੰਘੀ ਪੜਤਾਲ ਕਰਨੀ ਚਾਹੀਦੀ ਹੈ ਜਦੋਂਕਿ ਪੁਲੀਸ ਅਤੇ ਜਾਂਚ ਏਜੰਸੀਆਂ ਨੂੰ ਖ਼ੁਫ਼ੀਆ ਜਾਣਕਾਰੀ ਆਪਸ ਵਿੱਚ ਸਾਂਝੀ ਕਰਨੀ ਪਵੇਗੀ। ਜ਼ਰੂਰੀ ਦਵਾਈਆਂ ਦੀ ਜਾਇਜ਼ ਮਾਰਕੀਟ ਨੂੰ ਪ੍ਰਭਾਵਿਤ ਕੀਤੇ ਬਿਨਾਂ ਡਾਕਟਰੀ ਪਰਚੀਆਂ (ਪ੍ਰਿਸਕ੍ਰਿਪਸ਼ਨ) ਅਤੇ ਸਟਾਕ ਦੀ ਸਖ਼ਤ ਨਿਗਰਾਨੀ ਕੀਤੀ ਜਾਣੀ ਚਾਹੀਦੀ ਹੈ। ਨਸ਼ਾ ਛੁਡਾਊ ਕੇਂਦਰਾਂ ਵਿੱਚ ਮਰੀਜ਼ਾਂ ਦੀ ਗਿਣਤੀ ਦਾ ਤੇਜ਼ੀ ਨਾਲ ਵਧਣਾ ਇਹ ਦਰਸਾਉਂਦਾ ਹੈ ਕਿ ਇਲਾਜ ਦੀ ਲੋੜ ਲਗਾਤਾਰ ਬਣੀ ਹੋਈ ਹੈ। ਜੇਕਰ ਨਸ਼ੇੜੀ ਹੈਰੋਇਨ ਛੱਡ ਕੇ ਮੈਡੀਕਲ ਨਸ਼ਿਆਂ ਵੱਲ ਮੁੜ ਰਹੇ ਹਨ ਤਾਂ ਸਮੱਸਿਆ ਦਾ ਰੂਪ ਜ਼ਰੂਰ ਬਦਲ ਜਾਂਦਾ ਹੈ, ਪਰ ਇਸ ਦਾ ਇਨਸਾਨੀ ਨੁਕਸਾਨ ਉਵੇਂ ਹੀ ਬਣਿਆ ਰਹਿੰਦਾ ਹੈ। ਨਸ਼ਾ ਤਸਕਰੀ ਨੇ ਆਪਣਾ ਰਾਹ ਬਦਲ ਲਿਆ ਹੈ, ਇਸ ਲਈ ਪੰਜਾਬ ਦੀ ਨੀਤੀ ਨੂੰ ਵੀ ਆਪਣਾ ਤਰੀਕਾ ਬਦਲਣਾ ਪਵੇਗਾ।

# ਚਾਹੇ ਫਾਂਸੀ ਬਰਕਰਾਰ ਰੱਖੋ, ਪਰ ਅੰਤਿਮ ਫ਼ੈਸਲਾ ਜਲਦ ਸੁਣਾਓ : ਕੇਂਦਰ ਨੂੰ ਭਾਈ ਰਾਜੋਆਣਾ ਨੇ ਲਿਖੀ ਚਿੱਠੀ

## 15 ਸਾਲਾਂ ਤੋਂ ਲਟਕ ਰਹੀ ਅਰਜ਼ੀ 'ਤੇ ਜਲਦ ਫ਼ੈਸਲੇ ਦੀ ਮੰਗ; 550ਵੇਂ ਪ੍ਰਕਾਸ਼ ਪੁਰਬ ਸਮੇਂ ਕੀਤੇ ਐਲਾਨ ਦਾ ਦਿੱਤਾ ਹਵਾਲਾ

ਪਟਿਆਲਾ : ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਹੱਤਿਆ ਕਾਂਡ ਵਿੱਚ ਪਟਿਆਲਾ ਕੇਂਦਰੀ ਜੇਲ੍ਹ ਵਿੱਚ ਬੰਦ ਅਤੇ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਭਾਈ ਬਲਵੰਤ ਸਿੰਘ ਰਾਜੋਆਣਾ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਿੱਠੀ ਲਿਖੀ ਹੈ। ਚਿੱਠੀ ਰਾਹੀਂ ਰਾਜੋਆਣਾ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਲੰਮੇ ਸਮੇਂ ਤੋਂ ਲਟਕ ਰਹੀ ਉਨ੍ਹਾਂ ਦੀ ਰਹਿਮ ਦੀ ਅਪੀਲ 'ਤੇ ਜਲਦ ਅਤੇ ਅੰਤਿਮ ਫ਼ੈਸਲਾ ਲਿਆ ਜਾਵੇ। ਆਪਣੀ ਰਹਿਮ ਦੀ ਅਪੀਲ 'ਤੇ ਅੰਤਿਮ ਫ਼ੈਸਲਾ ਪ੍ਰਾਪਤ ਕਰਨ ਲਈ ਰਾਜੋਆਣਾ ਵੱਲੋਂ ਕੇਂਦਰ ਸਰਕਾਰ ਨੂੰ ਲਿਖੀਆਂ ਚਿੱਠੀਆਂ ਦੀ ਲੜੀ ਵਿੱਚ ਇਹ ਇੱਕ ਹੋਰ ਚਿੱਠੀ ਹੈ।

ਪ੍ਰਧਾਨ ਮੰਤਰੀ ਨੂੰ ਅਪੀਲ ਕਰਦਿਆਂ ਰਾਜੋਆਣਾ ਨੇ ਸਪੱਸ਼ਟ ਕੀਤਾ ਹੈ ਕਿ ਸਰਕਾਰ ਬਿਨਾਂ ਕਿਸੇ ਦੇਰੀ ਦੇ ਉਨ੍ਹਾਂ ਦੀ ਰਹਿਮ ਦੀ ਅਪੀਲ 'ਤੇ ਫ਼ੈਸਲਾ ਕਰੇ, ਭਾਵੇਂ 'ਫ਼ੈਸਲਾ ਉਨ੍ਹਾਂ ਦੀ ਫਾਂਸੀ ਦੀ ਸਜ਼ਾ ਨੂੰ ਬਰਕਰਾਰ ਰੱਖਣ ਦਾ ਹੀ ਕਿਉਂ ਨਾ ਹੋਵੇ।' ਉਨ੍ਹਾਂ ਜ਼ਿਕਰ ਕੀਤਾ ਕਿ ਉਹ ਪਿਛਲੇ 31 ਸਾਲਾਂ ਤੋਂ ਆਪਣੇ ਭਵਿੱਖ ਤੋਂ ਅਣਜਾਣ ਜੇਲ੍ਹ ਵਿੱਚ ਬੰਦ ਹਨ, ਇਸ ਲਈ ਉਨ੍ਹਾਂ ਦੀ ਲੰਮੇ ਸਮੇਂ ਤੋਂ ਲਟਕਦੀ ਅਪੀਲ ਦਾ ਨਿਪਟਾਰਾ ਕੀਤਾ ਜਾਵੇ।

ਪਟਿਆਲਾ ਕੇਂਦਰੀ ਜੇਲ੍ਹ ਦੀ ਬੈਰਕ ਤੋਂ 16 ਸਤੰਬਰ ਨੂੰ ਲਿਖੀ ਚਿੱਠੀ ਵਿੱਚ ਰਾਜੋਆਣਾ ਨੇ ਕਿਹਾ ਕਿ ਉਹ ਤਿੰਨ ਦਹਾਕਿਆਂ ਤੋਂ ਵੱਧ ਸਮਾਂ ਜੇਲ੍ਹ ਵਿੱਚ ਬਿਤਾ ਚੁੱਕੇ ਹਨ ਅਤੇ ਲਗਪਗ ਦੋ ਦਹਾਕਿਆਂ ਤੋਂ ਫਾਂਸੀ ਦੀ ਸਜ਼ਾ ਦੇ ਸਾਏ ਹੇਠ ਜੀ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਜ਼ਾ ਨਾਲ ਸਬੰਧਤ ਅਪੀਲ 'ਤੇ ਸਰਕਾਰੀ ਫ਼ੈਸਲੇ ਦਾ ਪਿਛਲੇ 15 ਸਾਲਾਂ ਤੋਂ ਇੰਤਜ਼ਾਰ ਕੀਤਾ ਜਾ ਰਿਹਾ ਹੈ।

ਪੰਜਾਬ ਪੁਲੀਸ ਦੇ ਸਾਬਕਾ ਕਾਂਸਟੇਬਲ ਰਾਜੋਆਣਾ ਨੂੰ 31 ਅਗਸਤ 1995 ਨੂੰ ਚੰਡੀਗੜ੍ਹ ਸਥਿਤ ਪੰਜਾਬ ਸਿਵਲ ਸਕੱਤਰੇਤ ਬਾਹਰ ਹੋਏ ਬੰਬ ਧਮਾਕੇ ਵਿੱਚ ਸ਼ਾਮਲ ਹੋਣ ਦਾ ਦੋਸ਼ੀ ਠਹਿਰਾਇਆ ਗਿਆ ਸੀ, ਜਿਸ ਵਿੱਚ ਬੇਅੰਤ ਸਿੰਘ ਅਤੇ 16 ਹੋਰ ਵਿਅਕਤੀ ਮਾਰੇ ਗਏ ਸਨ। ਇੱਕ ਵਿਸ਼ੇਸ਼ ਅਦਾਲਤ ਨੇ 2007 ਵਿੱਚ



ਉਨ੍ਹਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਸੀ ਅਤੇ ਉਨ੍ਹਾਂ ਦੀ ਫਾਂਸੀ 31 ਮਾਰਚ 2012 ਲਈ ਤੈਅ ਕੀਤੀ ਗਈ ਸੀ। ਹਾਲਾਂਕਿ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਵੱਲੋਂ ਭਾਰਤ ਦੇ ਰਾਸ਼ਟਰਪਤੀ ਕੋਲ ਰਹਿਮ ਦੀ ਅਪੀਲ ਦਾਖ਼ਲ ਕਰਨ ਤੋਂ ਬਾਅਦ ਫਾਂਸੀ 'ਤੇ ਰੋਕ ਲਗਾ ਦਿੱਤੀ ਗਈ ਸੀ।

ਰਾਜੋਆਣਾ ਨੇ ਆਪਣੀ ਚਿੱਠੀ ਵਿੱਚ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਮੇਂ 2019 ਵਿੱਚ ਸਰਕਾਰ ਵੱਲੋਂ ਐਲਾਨੇ ਗਏ ਫ਼ੈਸਲੇ ਦਾ ਹਵਾਲਾ ਵੀ ਦਿੱਤਾ। ਉਸ ਸਮੇਂ ਸਰਕਾਰ ਨੇ ਕਈ ਸਿੱਖ ਕੈਦੀਆਂ ਲਈ ਵਿਸ਼ੇਸ਼ ਛੋਟ ਦਾ ਐਲਾਨ ਕੀਤਾ ਸੀ। ਰਾਜੋਆਣਾ ਨੇ ਸਵਾਲ ਉਠਾਇਆ ਕਿ ਉਸ ਐਲਾਨ ਦੇ ਬਾਵਜੂਦ ਇਹ ਮਾਮਲਾ ਅਜੇ ਤੱਕ ਅਣਸੁਲਝਿਆ ਕਿਉਂ ਹੈ।

ਉਨ੍ਹਾਂ ਨੇ ਰਹਿਮ ਦੀ ਅਪੀਲ 'ਤੇ ਫ਼ੈਸਲੇ ਵਿੱਚ ਦੇਰੀ ਸਬੰਧੀ ਸੁਪਰੀਮ ਕੋਰਟ ਵਿੱਚ ਕੇਂਦਰ ਸਰਕਾਰ ਵੱਲੋਂ ਪਹਿਲਾਂ ਲਏ ਗਏ ਸਟੈਂਡ ਦਾ ਵੀ ਹਵਾਲਾ ਦਿੱਤਾ। ਗ੍ਰਹਿ ਮੰਤਰਾਲੇ ਨੇ 2022 ਵਿੱਚ ਸੁਪਰੀਮ ਕੋਰਟ ਨੂੰ ਦੱਸਿਆ ਸੀ ਕਿ ਉਸ ਨੇ ਸਰਹੱਦੀ ਰਾਜ ਪੰਜਾਬ ਵਿੱਚ ਰਾਸ਼ਟਰੀ ਸੁਰੱਖਿਆ ਅਤੇ ਅਮਨ-ਕਾਨੂੰਨ ਦੀ ਸਥਿਤੀ 'ਤੇ ਪੈਣ ਵਾਲੇ ਸੰਭਾਵੀ ਅਸਰ ਦੇ ਮੱਦੇਨਜ਼ਰ ਫ਼ੈਸਲਾ ਟਾਲ ਦਿੱਤਾ ਸੀ।

# ਕੇਂਦਰੀ ਮੰਤਰੀ ਰਾਮਦਾਸ ਅਠਾਵਲੇ ਪੰਜਾਬ ਪਹੁੰਚੇ ਡੇਰਾ ਸੱਚਖੰਡ ਬੱਲਾਂ ਨਤਮਸਤਕ ਹੋਏ

## ਸੰਤ ਨਿਰੰਜਨ ਦਾਸ ਜੀ ਨੂੰ ਪਦਮ ਸ਼੍ਰੀ ਮਿਲਣ ਤੇ ਦਿੱਤੀ ਵਧਾਈ

ਜਲੰਧਰ, ਟਾਂਡਾ ਉੜਮੁੜ, (ਆਰ ਸਿੰਘ ਸਿੱਧੂ) : ਕੇਂਦਰੀ ਰਾਜ ਮੰਤਰੀ, ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰਾਲਾ, ਭਾਰਤ ਸਰਕਾਰ ਅਤੇ ਵਰਲਡ ਬੁੱਧਿਸਟ ਫੈਡਰੇਸ਼ਨ ਦੇ ਚੀਫ਼ ਪੈਟਰਨ ਸ਼੍ਰੀ ਰਾਮਦਾਸ ਅਠਾਵਲੇ ਅੱਜ ਪੰਜਾਬ ਦੌਰੇ 'ਤੇ ਪਹੁੰਚੇ। ਇਸ ਦੌਰਾਨ ਉਨ੍ਹਾਂ ਨੇ ਡੇਰਾ ਸੱਚਖੰਡ ਬੱਲਾਂ ਵਿਖੇ ਨਤਮਸਤਕ ਹੋ ਕੇ ਡੇਰਾ ਮੁਖੀ ਸੰਤ ਬਾਬਾ ਨਰੰਜਨ ਦਾਸ ਜੀ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਪਦਮ ਸ਼੍ਰੀ ਸਨਮਾਨ ਪ੍ਰਾਪਤ ਹੋਣ 'ਤੇ ਵਿਸ਼ੇਸ਼ ਤੌਰ 'ਤੇ ਵਧਾਈ ਦਿੱਤੀ।

ਇਸ ਮੌਕੇ ਵਰਲਡ ਬੁੱਧਿਸਟ ਫੈਡਰੇਸ਼ਨ ਦੇ ਮੁਖੀ ਡਾ. ਪਰਵਿੰਦਰ ਸਿੰਘ, ਪੰਜਾਬ ਸਟੇਟ ਯੂਨਿਟ ਦੇ ਪ੍ਰਧਾਨ ਸਤੀਸ਼ ਜੌੜਾ ਅਤੇ ਹੋਰ ਆਗੂਆਂ ਤੇ ਅਹੁਦੇਦਾਰਾਂ ਨਾਲ ਵਿਸ਼ੇਸ਼ ਮੀਟਿੰਗ ਵੀ ਕੀਤੀ ਗਈ। ਮੀਟਿੰਗ ਦੌਰਾਨ ਡਾ. ਬੀ.ਆਰ. ਅੰਬੇਦਕਰ ਸਾਹਿਬ ਦੀ ਵਿਚਾਰਧਾਰਾ, ਸਮਾਜਿਕ ਬਰਾਬਰੀ, ਸਿੱਖਿਆ, ਮਨੁੱਖੀ ਅਧਿਕਾਰਾਂ ਅਤੇ ਸਮਾਜ ਦੇ ਪੱਛੜੇ ਵਰਗਾਂ ਦੀ ਭਲਾਈ ਲਈ ਮਿਲਜੁਲ ਕੇ ਕੰਮ ਕਰਨ 'ਤੇ ਜ਼ੋਰ ਦਿੱਤਾ ਗਿਆ।

ਸ਼੍ਰੀ ਰਾਮਦਾਸ ਅਠਾਵਲੇ ਨੇ ਕਿਹਾ ਕਿ ਡਾ. ਬੀ.ਆਰ. ਅੰਬੇਦਕਰ ਸਾਹਿਬ ਦੇ ਸਮਾਜਿਕ ਨਿਆਂ ਅਤੇ ਸਮਾਨਤਾ ਦੇ ਸੰਦੇਸ਼ ਨੂੰ ਘਰ-ਘਰ ਪਹੁੰਚਾਉਣ ਲਈ ਸਮਾਜਿਕ ਅਤੇ ਬੁੱਧਿਸਟ ਸੰਸਥਾਵਾਂ ਨੂੰ ਸਰਗਰਮ ਭੂਮਿਕਾ ਨਿਭਾਉਣੀ ਚਾਹੀਦੀ ਹੈ। ਇਸ ਮੌਕੇ ਵਰਲਡ ਬੁੱਧਿਸਟ ਫੈਡਰੇਸ਼ਨ ਪੰਜਾਬ ਵੱਲੋਂ ਸ਼੍ਰੀ ਰਾਮਦਾਸ ਅਠਾਵਲੇ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਸਨਮਾਨ ਸਮਾਰੋਹ ਵਿੱਚ ਵਰਲਡ ਬੁੱਧਿਸਟ ਫੈਡਰੇਸ਼ਨ ਦੀ ਗਵਰਨਿੰਗ ਬਾਡੀ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਪੰਜਾਬ ਸਟੇਟ ਯੂਨਿਟ ਦੇ ਪ੍ਰਧਾਨ ਸਤੀਸ਼ ਜੌੜਾ ਸਮੇਤ ਫੈਡਰੇਸ਼ਨ ਦੇ ਆਗੂਆਂ ਨੇ ਸ਼੍ਰੀ ਰਾਮਦਾਸ ਅਠਾਵਲੇ ਦਾ ਪੰਜਾਬ ਪਹੁੰਚਣ 'ਤੇ ਧੰਨਵਾਦ ਕੀਤਾ ਅਤੇ




ਵਰਲਡ ਬੁੱਧੀਸਟ ਫੈਡਰੇਸ਼ਨ ਦੀ ਪੰਜਾਬ ਇਕਾਈ ਦੇ ਆਗੂਆਂ ਨਾਲ ਕੀਤੀ ਅਹਿਮ ਮੁੱਦਿਆਂ ਤੇ ਗੱਲਬਾਤ, ਡਾ. ਪਰਵਿੰਦਰ ਸਿੰਘ ਦੀ ਅਗਵਾਈ ਹੇਠ ਵਰਲਡ ਬੁੱਧੀਸਟ ਫੈਡਰੇਸ਼ਨ ਵਲੋਂ ਸ਼੍ਰੀ ਰਾਮ ਦਾਸ ਅਠਾਵਲੇ ਨੂੰ ਕੀਤਾ ਸਨਮਾਨਿਤ

ਸਮਾਜਿਕ ਨਿਆਂ, ਸਿੱਖਿਆ, ਨੌਜਵਾਨਾਂ ਦੇ ਸਸ਼ਕਤੀਕਰਨ ਅਤੇ ਡਾ. ਅੰਬੇਦਕਰ ਸਾਹਿਬ ਦੀ ਵਿਚਾਰਧਾਰਾ ਨੂੰ ਅੱਗੇ ਵਧਾਉਣ ਲਈ ਭਵਿੱਖ ਵਿੱਚ ਹੋਰ ਸਰਗਰਮੀਆਂ ਕਰਨ ਦਾ ਭਰੋਸਾ ਦਿੱਤਾ।

ਇਸ ਮੌਕੇ ਤੇ ਵਰਲਡ ਬੁੱਧੀਸਟ ਫੈਡਰੇਸ਼ਨ ਦੀ ਗਵਰਨਿਗ ਬਾਡੀ ਦੇ ਆਗੂਆਂ ਨਾਲ ਮੀਟਿੰਗ ਕੀਤੀ ਗਈ ਜਿਨ੍ਹਾਂ ਚ ਸਟੇਟ ਦੇ ਪ੍ਰਧਾਨ ਸਤੀਸ਼ ਜੌੜਾ, ਨੌਰਥ ਇੰਡੀਆ ਦੇ ਪ੍ਰਧਾਨ ਸੁਖਵਿੰਦਰ ਸਿੰਘ ਰਾਜਾ, ਡਾ. ਜਤਿਨ ਜਲੰਧਰ ਸੀਨੀਅਰ ਮੀਤ ਪ੍ਰਧਾਨ, ਦਿਨੇਸ਼ ਕੁਮਾਰ ਦਸੂਹਾ ਪ੍ਰਧਾਨ ਸਕਿਲਡ ਡਿਵੇਲਪਮੈਂਟ, ਅਮਨਜੋਤ ਸਿੰਘ ਹੁਸ਼ਿਆਰਪੁਰ ਪ੍ਰਧਾਨ ਯੂਥ ਵਿੰਗ ਪੰਜਾਬ, ਜਸਵਿੰਦਰ ਸਿੰਘ ਬਾਘਾ, ਹਰਦੀਪ ਸਿੰਘ ਮਾਨ ਭੋਗਪੁਰ ਮੀਡੀਆ ਸਲਾਹਕਾਰ, ਕਰਮ ਸਿੰਘ ਗੜ੍ਹਦੀਵਾਲ ਸਟੇਟ ਜਨਰਲ ਸੈਕਟਰੀ ਹਾਜਰ ਸਨ।

# ਕੈਲੀਫ਼ੋਰਨੀਆ ਦੇ ਸੈਲਮਾ 'ਚ ਖ਼ੁਦ ਨੂੰ 'ਹੀਲਰ' ਦੱਸਣ ਵਾਲੇ 73 ਸਾਲਾ ਪਾਲ ਸਿੰਘ 'ਤੇ ਜਿਨਸੀ ਸ਼ੋਸ਼ਣ ਦੇ ਸੰਗੀਨ ਦੋਸ਼: ਪੁਲਿਸ ਵੱਲੋਂ ਗ੍ਰਿਫ਼ਤਾਰ

## ਬਿਨਾਂ ਲਾਇਸੰਸ ਤੋਂ ਘਰ 'ਚ ਚਲਾ ਰਿਹਾ ਸੀ ਕਾਇਰੋਪ੍ਰੈਕਟਿਕ ਕਲੀਨਿਕ; 4 ਮਹਿਲਾ ਮਰੀਜ਼ਾਂ ਵੱਲੋਂ ਸਾਹਮਣੇ ਆਉਣ ਮਗਰੋਂ 4 ਸੰਗੀਨ ਫ਼ੈਲਨੀ ਧਾਰਾਵਾਂ ਆਇਦ; ਪੁਲਿਸ ਵੱਲੋਂ ਹੋਰ ਪੀੜਤਾਂ ਨੂੰ ਸਾਹਮਣੇ ਆਉਣ ਦੀ ਅਪੀਲ

ਸੈਲਮਾ (ਫ਼ਰੈਜ਼ਨੋ ਕਾਊਂਟੀ, ਕੈਲੀਫ਼ੋਰਨੀਆ) : ਕੈਲੀਫ਼ੋਰਨੀਆ ਦੇ ਸ਼ਹਿਰ ਸੈਲਮਾ ਵਿਖੇ ਭਾਈਚਾਰੇ ਵਿੱਚ ਇੱਕ 'ਹੀਲਰ' (ਰਵਾਇਤੀ ਵੈਦ/ਇਲਾਜ ਕਰਨ ਵਾਲਾ) ਵਜੋਂ ਜਾਣੇ ਜਾਂਦੇ 73 ਸਾਲਾ ਬਜ਼ੁਰਗ ਪਾਲ ਸਿੰਘ (Pal Singh) ਨੂੰ ਮਰੀਜ਼ਾਂ ਨਾਲ ਕਥਿਤ ਜਿਨਸੀ ਸ਼ੋਸ਼ਣ (Sexual Assault) ਕਰਨ ਦੇ ਦੋਸ਼ ਹੇਠ ਸੈਲਮਾ ਪੁਲਿਸ ਵਿਭਾਗ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਿਸ ਅਨੁਸਾਰ ਮੁਲਜ਼ਮ ਖ਼ ?ਲਾਫ਼ ਜਿਨਸੀ ਸ਼ੋਸ਼ਣ ਦੀਆਂ ਚਾਰ ਸੰਗੀਨ ਅਪਰਾਧਿਕ ਧਾਰਾਵਾਂ (Felony Counts) ਆਇਦ ਕੀਤੀਆਂ ਗਈਆਂ ਹਨ। ਜਾਂਚ ਏਜੰਸੀਆਂ ਦਾ ਖ਼ਦਸ਼ਾ ਹੈ ਕਿ ਇਸ ਮਾਮਲੇ ਵਿੱਚ ਹੋਰ ਵੀ ਪੀੜਤ ਹੋ ਸਕਦੇ ਹਨ, ਜੋ ਸਮਾਜਿਕ ਝਿਜਕ ਜਾਂ ਡਰ ਕਾਰਨ ਹਾਲੇ ਤੱਕ ਪੁਲਿਸ ਸਾਹਮਣੇ ਨਹੀਂ ਆਏ।

ਕੇਸ ਨਾਲ ਜੁੜੇ ਮੁੱਖ ਵੇਰਵੇ

ਮੁਲਜ਼ਮ ਦਾ ਨਾਮ ਤੇ ਉਮਰ : ਪਾਲ ਸਿੰਘ (Pal Singh), 73 ਸਾਲ

ਸਥਾਨ : ਸੈਲਮਾ, ਫ਼ਰੈਜ਼ਨੋ ਕਾਊਂਟੀ (ਕੈਲੀਫ਼ੋਰਨੀਆ)

ਗ੍ਰਿਫ਼ਤਾਰੀ ਦੀ ਮਿਤੀ : 8 ਸਤੰਬਰ 2026 (ਪੁਲਿਸ ਵੱਲੋਂ ਅਧਿਕਾਰਤ ਤੌਰ 'ਤੇ ਖ਼ੁਲਾਸਾ)

ਲੱਗੇ ਮੁੱਖ ਦੋਸ਼ : ਜਿਨਸੀ ਸ਼ੋਸ਼ਣ (Sexual Assault - 4 Felony Counts) ਅਤੇ ਬਿਨਾਂ ਲਾਇਸੰਸ ਕਾਇਰੋਪ੍ਰੈਕਟਿਕ ਕਲੀਨਿਕ ਚਲਾਉਣਾ

ਘਟਨਾਵਾਂ ਦਾ ਸਮਾਂ : ਜੂਨ 2023 ਤੋਂ ਜੁਲਾਈ 2025 ਦਰਮਿਆਨ ਇਲਾਜ ਦੇ ਬਹਾਨੇ ਕਥਿਤ ਸ਼ੋਸ਼ਣ

ਜਾਂਚ ਅਧਿਕਾਰੀ : ਕਮਾਂਡਰ ਟਿਮ ਕੈਨਨ, ਸੈਲਮਾ ਪੁਲਿਸ ਵਿਭਾਗ

ਪੁਲਿਸ ਹੈਲਪਲਾਈਨ ਸੰਪਰਕ:(559) 896-2525

**ਅਦਾਲਤੀ ਰਿਕਾਰਡ ਅਤੇ ਸ਼ਿਕਾਇਤਾਂ ਦੇ ਵੇਰਵੇ**

ਮੀਡੀਆ ਰਿਪੋਰਟਾਂ ਅਤੇ ਅਦਾਲਤੀ ਦਸਤਾਵੇਜ਼ਾਂ ਅਨੁਸਾਰ, ਚਾਰ ਵੱਖ-ਵੱਖ ਮਹਿਲਾ ਪੀੜਤਾਂ ਨੇ ਪੁਲਿਸ ਕੋਲ ਪਹੁੰਚ ਕਰਕੇ ਪਾਲ ਸਿੰਘ ਖ਼ਿਲਾਫ਼ ਗੰਭੀਰ ਬਿਆਨ ਦਰਜ ਕਰਵਾਏ ਹਨ। ਸ਼ਿਕਾਇਤਾਂ ਮੁਤਾਬਕ ਇਹ ਘਟਨਾਵਾਂ ਜੂਨ 2023 ਤੋਂ ਜੁਲਾਈ 2025 ਦਰਮਿਆਨ ਵਾਪਰੀਆਂ, ਜਦੋਂ ਪੀੜਤ ਔਰਤਾਂ ਦਰਦ ਜਾਂ ਸਰੀਰਕ ਤਕਲੀਫ਼ ਦੇ ਇਲਾਜ ਲਈ ਉਸ ਕੋਲ ਗਈਆਂ ਸਨ।

ਸੈਲਮਾ ਪੁਲਿਸ ਕਮਾਂਡਰ ਟਿਮ ਕੈਨਨ ਨੇ ਦੱਸਿਆ ਕਿ ਪੁਲਿਸ ਨੂੰ ਪਿਛਲੇ ਸਮੇਂ ਦੌਰਾਨ ਕਈ ਸ਼ਿਕਾਇਤਾਂ ਮਿਲੀਆਂ ਸਨ ਕਿ ਇਲਾਜ ਦੇ ਬਹਾਨੇ ਗ਼ੈਰ-ਵਾਜਬ ਤਰੀਕੇ ਨਾਲ ਗ਼ਲਤ ਅੰਗਾਂ ਨੂੰ ਛੂਹਿਆ ਅਤੇ ਸਰੀਰਕ ਛੇੜਛਾੜ ਕੀਤੀ ਜਾ ਰਹੀ ਹੈ। ਪੁਲਿਸ ਨੇ ਡੂੰਘਾਈ ਨਾਲ ਜਾਂਚ ਕਰਨ ਅਤੇ ਪੁਖ਼ਤਾ ਸਬੂਤ ਇਕੱਠੇ ਕਰਨ ਉਪਰੰਤ ਪਾਲ ਸਿੰਘ ਨੂੰ ਹਿਰਾਸਤ ਵਿੱਚ ਲਿਆ।

**ਬਿਨਾਂ ਲਾਇਸੰਸ ਘਰੋਂ ਚੱਲਦਾ ਸੀ ਕਲੀਨਿਕ; ਸੋਸ਼ਲ ਮੀਡੀਆ ਰਾਹੀਂ ਬਣਾਈ ਸੀ ਪਛਾਣ**

ਜਾਂਚਕਰਤਾਵਾਂ ਨੇ ਪਾਇਆ ਕਿ ਪਾਲ ਸਿੰਘ ਸੈਲਮਾ ਵਿੱਚ ਸਥਿਤ ਆਪਣੇ ਨਿੱਜੀ ਘਰ ਤੋਂ ਹੀ ਗ਼ੈਰ-ਕਾਨੂੰਨੀ ਢੰਗ ਨਾਲ ਬਿਨਾਂ ਕਿਸੇ ਪ੍ਰਮਾਣਿਤ ਮੈਡੀਕਲ



ਜਾਂ ਕਾਇਰੋਪ੍ਰੈਕਟਿਕ ਲਾਇਸੰਸ (Unlicensed Chiropractic Practice) ਦੇ ਕਲੀਨਿਕ ਚਲਾ ਰਿਹਾ ਸੀ:

**ਸਿੱਖ ਭਾਈਚਾਰੇ ਵਿੱਚ ਪ੍ਰਭਾਵ:** ਪੁਲਿਸ ਮੁਤਾਬਕ ਉਸ ਨੇ ਸਿੱਖ ਭਾਈਚਾਰੇ ਵਿੱਚ ਖ਼ੁਦ ਨੂੰ ਇੱਕ 'ਚਮਤਕਾਰੀ ਹੀਲਰ' ਵਜੋਂ ਪੇਸ਼ ਕੀਤਾ ਹੋਇਆ ਸੀ।

**ਦੂਰ-ਦੁਰਾਡੇ ਤੋਂ ਆਉਂਦੇ ਸਨ ਮਰੀਜ਼:** ਉਸ ਨੇ ਇਲਾਜ ਕਰਵਾਉਣ ਵਾਲੇ ਮਰੀਜ਼ਾਂ ਦੇ ਪ੍ਰਚਾਰ ਲਈ ਸੋਸ਼ਲ ਮੀਡੀਆ ਦੀ ਵਰਤੋਂ ਕੀਤੀ, ਜਿੱਥੇ ਫ਼ਾਇਦਾ ਹੋਣ ਦੇ ਦਾਅਵੇ ਵਾਲੀਆਂ ਵੀਡੀਓਜ਼ ਸਾਂਝੀਆਂ ਕੀਤੀਆਂ ਜਾਂਦੀਆਂ ਸਨ। ਇਸੇ ਭਰੋਸੇ ਹੇਠ ਪੂਰੇ ਕੈਲੀਫ਼ੋਰਨੀਆ, ਹੋਰਨਾਂ ਸੂਬਿਆਂ ਅਤੇ ਕੈਨੇਡਾ ਤੋਂ ਵੀ ਲੋਕ ਉਸ ਕੋਲ ਇਲਾਜ ਲਈ ਪਹੁੰਚਦੇ ਸਨ।

**ਬੰਦ ਕਮਰੇ ਵਿੱਚ ਸ਼ੋਸ਼ਣ ਦਾ ਤਰੀਕਾ:** ਪੀੜਤਾਂ ਨੇ ਦੋਸ਼ ਲਾਇਆ ਕਿ ਮੁਲਾਕਾਤ (ਅਪਾਇੰਟਮੈਂਟ) ਦੌਰਾਨ ਸਿੰਘ ਨੇ ਬੰਦ ਕਮਰੇ ਵਿੱਚ ਕਾਇਰੋਪ੍ਰੈਕਟਿਕ ਅਡਜਸਟਮੈਂਟ ਅਤੇ ਥੈਰੇਪੀ ਦੀ ਆੜ ਹੇਠ ਅਣਉਚਿਤ ਸਰੀਰਕ ਛੇੜਛਾੜ ਅਤੇ ਜਿਨਸੀ ਸ਼ੋਸ਼ਣ ਨੂੰ ਅੰਜਾਮ ਦਿੱਤਾ।

**ਸੈਲਮਾ ਪੁਲਿਸ ਵੱਲੋਂ ਹੋਰ ਪੀੜਤਾਂ ਨੂੰ ਸਾਹਮਣੇ ਆਉਣ ਦੀ ਅਪੀਲ** : ਸੈਲਮਾ ਪੁਲਿਸ ਵਿਭਾਗ ਨੇ ਖ਼ਦਸ਼ਾ ਪ੍ਰਗਟਾਇਆ ਹੈ ਕਿ ਮੁਲਜ਼ਮ ਦੇ ਪ੍ਰਭਾਵ, ਸਮਾਜਿਕ ਲੋਕ-ਲਾਜ ਜਾਂ ਡਰ ਕਾਰਨ ਕਈ ਹੋਰ ਪੀੜਤ ਸਾਹਮਣੇ ਆਉਣ ਤੋਂ ਝਿਜਕ ਰਹੇ ਹੋ ਸਕਦੇ ਹਨ।

ਪੁਲਿਸ ਨੇ ਸਮੂਹ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ:

1. ਜੇਕਰ ਕੋਈ ਵੀ ਵਿਅਕਤੀ ਇਸ ਕਥਿਤ ਇਲਾਜ ਦੌਰਾਨ ਅਣਉਚਿਤ ਵਿਵਹਾਰ ਦਾ ਸ਼ਿਕਾਰ ਹੋਇਆ ਹੈ, ਤਾਂ ਉਹ ਬਿਨਾਂ ਕਿਸੇ ਡਰ ਜਾਂ ਸੰਕੋਚ ਤੋਂ ਪੁਲਿਸ ਨਾਲ ਸੰਪਰਕ ਕਰੇ।
2. ਸੂਚਨਾ ਦੇਣ ਵਾਲੇ ਸੈਲਮਾ ਪੁਲਿਸ ਵਿਭਾਗ ਦੇ ਫ਼ੋਨ ਨੰਬਰ (559) 896-2525 'ਤੇ ਜਾਂਚ ਅਧਿਕਾਰੀਆਂ ਨਾਲ ਸੰਪਰਕ ਕਰ ਸਕਦੇ ਹਨ।

ਪੁਲਿਸ ਵੱਲੋਂ ਪੀੜਤਾਂ ਦੀ ਪਛਾਣ ਪੂਰੀ ਤਰ੍ਹਾਂ ਗੁਪਤ ਰੱਖਣ ਦਾ ਭਰੋਸਾ ਦਿੱਤਾ ਗਿਆ ਹੈ।

ਕਾਨੂੰਨੀ ਅਤੇ ਪੱਤਰਕਾਰੀ ਬੇਦਾਅਵਾ (Legal & Journalistic Disclaimer)

ਅਦਾਲਤੀ ਨਿਰਦੋਸ਼ਤਾ ਦਾ ਸੰਵਿਧਾਨਕ ਅਧਿਕਾਰ (Presumption of Innocence):

ਇਸ ਖ਼ਬਰ ਵਿੱਚ ਜ਼ਿਕਰ ਕੀਤਾ ਗਿਆ ਵਿਅਕਤੀ (ਪਾਲ ਸਿੰਘ) ਅਮਰੀਕੀ ਕਾਨੂੰਨ ਅਤੇ ਪੁਲਿਸ ਰਿਕਾਰਡ ਅਨੁਸਾਰ ਫ਼ਿਲਹਾਲ 'ਮੁਲਜ਼ਮ' (Accused) ਹੈ। ਅਮਰੀਕੀ ਸੰਵਿਧਾਨ ਅਤੇ ਨਿਆਂ ਪ੍ਰਣਾਲੀ ਦੇ ਬੁਨਿਆਦੀ ਨਿਯਮਾਂ ਅਨੁਸਾਰ, ਜਦੋਂ ਤੱਕ ਕਿਸੇ ਵੀ ਵਿਅਕਤੀ ਵਿਰੁੱਧ ਸਮਰੱਥ ਅਦਾਲਤ ਵਿੱਚ ਦੋਸ਼ ਪੂਰੇ ਸਬੂਤਾਂ ਨਾਲ ਸਾਬਤ ਨਹੀਂ ਹੋ ਜਾਂਦੇ, ਉਦੋਂ ਤੱਕ ਉਸ ਨੂੰ ਕਾਨੂੰਨ ਦੀ ਨਜ਼ਰ ਵਿੱਚ ਨਿਰਦੋਸ਼ (Innocent until proven guilty) ਮੰਨਿਆ ਜਾਂਦਾ ਹੈ।

**ਜਾਣਕਾਰੀ ਦਾ ਸਰੋਤ:**

ਇਹ ਰਿਪੋਰਟ ਸੈਲਮਾ ਪੁਲਿਸ ਡਿਪਾਰਟਮੈਂਟ (SPD) ਵੱਲੋਂ ਜਾਰੀ ਕੀਤੀ ਗਈ ਅਧਿਕਾਰਤ ਜਾਣਕਾਰੀ, ਅਦਾਲਤੀ ਦਸਤਾਵੇਜ਼ਾਂ ਅਤੇ ਪ੍ਰਮੁੱਖ ਖ਼ਬਰ ਏਜੰਸੀਆਂ (KFSN/Fresno Bee/Mid Valley Times) ਦੇ ਰਿਕਾਰਡ 'ਤੇ ਆਧਾਰਿਤ ਹੈ।

**ਭਾਈਚਾਰਕ ਸਪਸ਼ਟੀਕਰਨ:**

ਕਿਸੇ ਇੱਕ ਵਿਅਕਤੀ ਵਿਰੁੱਧ ਲੱਗੇ ਕਥਿਤ ਦੋਸ਼ਾਂ ਦਾ ਸਮੁੱਚੇ ਭਾਈਚਾਰੇ, ਰਵਾਇਤੀ ਇਲਾਜ ਪ੍ਰਣਾਲੀਆਂ ਜਾਂ ਕਿਸੇ ਵਿਸ਼ੇਸ਼ ਧਰਮ ਨਾਲ ਕੋਈ ਸਬੰਧ ਨਹੀਂ ਹੈ।

## ਸਾਈਂ ਦਰਸ਼ਨ ਸ਼ਾਹ ਜੀ ਦੀ ਯਾਦ ਨੂੰ ਸਮਰਪਿਤ 14ਵਾਂ ਵਿਸ਼ਾਲ ਭਗਵਤੀ ਜਾਗਰਨ ਅੱਜ : ਗੁਲ ਮੁਹੰਮਦ ਕਾਦਰੀ

ਟਾਂਡਾ ਉੜਮੁੜ, (ਆਰ ਸਿੰਘ ਸਿੱਧੂ) : ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਈਂ ਦਰਸ਼ਨ ਸ਼ਾਹ ਜੀ ਦੀ ਯਾਦ ਨੂੰ ਸਮਰਪਿਤ 14ਵਾਂ ਸਲਾਨਾ ਵਿਸ਼ਾਲ ਭਗਵਤੀ ਜਾਗਰਨ 18 ਸਤੰਬਰ ਨੂੰ ਦਰਬਾਰ ਦੇ ਮੁੱਖ ਸੇਵਾਦਾਰ ਗੁਰਨਾਮ ਸਿੰਘ ਗੋਨੀ ਦੀ ਦੇਖਰੇਖ ਅਤੇ ਸਾਈ ਗੁਲ ਮੁਹੰਮਦ ਕਾਦਰੀ ਦੀ ਅਗਵਾਈ ਵਿੱਚ ਬੜੀ ਸ਼ਰਧਾ ਪੂਰਵਕ ਅਤੇ ਭਗਤੀ ਭਾਵਨਾ ਨਾਲ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹਰਸੀ ਪਿੰਡ ਵਿਖੇ ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਦੂਰ ਦੁਰਾਡੇ ਤੋਂ ਆਈਆਂ ਸੰਗਤਾਂ ਮਾਤਾ ਜੀ



ਦੇ ਦਰਬਾਰ ਵਿੱਚ ਆਪਣੀ ਹਾਜ਼ਰੀ ਭਰ ਕੇ ਮਾਤਾ ਦਾ ਆਸ਼ੀਰਵਾਦ ਪ੍ਰਾਪਤ ਕਰਨਗੀਆਂ।

ਭਗਵਤੀ ਜਾਗਰਨ ਸੰਬੰਧੀ ਜਾਣਕਾਰੀ ਦਿੰਦੇ ਹੋਏ ਦਰਬਾਰ ਸਾਈਂ ਦਰਸ਼ਨ ਸ਼ਾਹ ਜੀ ਹਰਸੀ ਪਿੰਡ ਦੇ ਗੱਦੀ ਨਸ਼ੀਨ ਸਾਈਂ ਗੁਲ ਮੁਹੰਮਦ ਕਾਦਰੀ ਨੇ ਕਿਹਾ ਕਿ ਸਾਰੀ ਰਾਤ ਦੇ ਇਸ ਜਾਗਰਨ ਵਿੱਚ ਦੂਰ ਦੁਰਾਡੇ ਤੋਂ ਆਈਆਂ ਸੰਗਤਾਂ ਦੇ ਖਾਣ ਪੀਣ ਅਤੇ ਉਨ੍ਹਾਂ ਦੇ ਆਰਾਮ ਕਰਨ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਮਾਤਾ ਜੀ ਦੇ ਇਸ ਜਾਗਰਨ ਦਰਬਾਰ ਵਿੱਚ ਬੈਠਣ ਲਈ ਔਰਤਾਂ ਅਤੇ ਮਰਦਾਂ ਦੇ ਵੱਖ-ਵੱਖ ਇੰਤਜ਼ਾਮ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਮਾਤਾ ਦੀਆਂ ਸੰਗਤਾਂ ਨੂੰ ਹਰ ਪੱਖੋਂ ਸਾਰੀਆਂ ਸਹੂਲਤਾਂ ਮੁਹਈਆਂ ਕਰਵਾਉਣ ਲਈ ਡੇਰੇ ਦੇ ਵਲੰਟਰੀਆਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ।

ਉਨ੍ਹਾਂ ਕਿਹਾ ਕਿ ਮਾਂ ਭਗਵਤੀ ਜਾਗਰਨ ਕਰਵਾਉਣ ਦਾ ਅਸਲ ਮਕਸਦ ਹਰ ਧਰਮ ਦੇ ਲੋਕਾਂ ਨੂੰ ਇਹ ਸੰਦੇਸ਼ ਦੇਣਾ ਹੈ ਕਿ ਸਭ ਦਾ ਮਾਲਿਕ ਉਹ ਇਕ ਹੈ ਉਸਦੀ ਕਿਸੇ ਵੀ ਰੂਪ ਵਿੱਚ ਪੂਜਾ ਸਾਨੂੰ ਸਾਰਿਆਂ ਨੂੰ ਜ਼ਰੂਰ ਕਰਨੀ ਚਾਹੀਦੀ ਹੈ।

ਸਾਈਂ ਗੁਲ ਮੁਹੰਮਦ ਕਾਦਰੀ ਨੇ ਕਿਹਾ ਕਿ ਭਗਵਤੀ ਜਾਗਰਨ ਸ਼ੁਰੂ ਕਰਨ ਤੋਂ ਪਹਿਲਾਂ ਪੰਡਿਤ ਜੀ ਵੱਲੋਂ ਪੂਰੀ ਵਿਧੀ ਪੂਰਵਕ ਪੂਜਾ ਅਰਚਨਾ ਕੀਤੀ ਜਾਵੇਗੀ ਅਤੇ ਮਾਤਾ ਜੀ ਦੀ ਜੋਤ ਪ੍ਰਚੰਡ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮੁਕੇਸ਼ ਇਨਾਇਤ ਐਂਡ ਪਾਰਟੀ ਆਪਣੇ ਭਜਨਾਂ ਰਾਹੀਂ ਮਾਤਾ ਜੀ ਦਾ ਗੁਣਗਾਨ ਕਰਕੇ ਮਾਂ ਦੇ ਸ਼ਰਧਾਲੂਆਂ ਨੂੰ ਮਾਤਾ ਜੀ ਦੇ ਚਰਨਾਂ ਨਾਲ ਜੁੜਨ ਦੀ ਪ੍ਰੇਰਨਾ ਦੇਣਗੇ।

ਉਨ੍ਹਾਂ ਕਿਹਾ ਕਿ ਇਨ੍ਹਾਂ ਤੋਂ ਇਲਾਵਾ ਹੋਰ ਵੱਖ-ਵੱਖ ਭਜਨ ਮੰਡਲੀਆਂ ਆਪਣੇ ਭਜਨਾਂ ਰਾਹੀਂ ਸ਼ਰਧਾਲੂਆਂ ਨੂੰ ਮਾਤਾ ਦੇ ਦਰਬਾਰ ਵਿੱਚ ਝੂਮਣ ਲਈ ਮਜਬੂਰ ਕਰ ਦੇਣ ਗੀਆਂ। ਉਨ੍ਹਾਂ ਕਿਹਾ ਕਿ ਸਾਡਾ ਸਾਰਿਆਂ ਦਾ ਇਹ ਫਰਜ਼ ਬਣਦਾ ਹੈ ਕਿ ਨਸ਼ਿਆਂ ਜਿਹੀਆਂ ਅਲਾਮਤਾਂ ਵਿੱਚ ਗਰਤ ਹੁੰਦੀ ਜਾ ਰਹੀ ਨੌਜਵਾਨ ਪੀੜੀ ਨੂੰ ਮਾਂ ਭਗਵਤੀ ਜਾਗਰਨ ਵਿੱਚ ਸ਼ਾਮਿਲ ਹੋਣ ਲਈ ਪ੍ਰੇਰਿਤ ਕਰੀਏ ਤਾਂ ਜੋ ਆਪਣੀ ਸੱਭਿਅਤਾ ਤੋਂ ਭਟਕ ਰਹੀ ਨੌਜ਼ਵਾਨ ਪੀੜ੍ਹੀ ਨੂੰ ਨਸ਼ਾ ਰਹਿਤ ਕਰਕੇ ਮੁੜ ਪ੍ਰਭੂ ਭਗਤੀ ਨਾਲ ਜੋੜਿਆ ਜਾ ਸਕੇ। ਉਨ੍ਹਾਂ ਕਿਹਾ ਕਿ ਦਿਨ ਰਾਤ ਮਾਤਾ ਦਾ ਅਤੁੱਟ ਲੰਗਰ ਚੱਲਦਾ ਰਹੇਗਾ।

## ਟਾਂਡਾ ਸ਼ਹਿਰ ਵਾਸੀਆਂ ਨੂੰ ਨਿਰਵਿਘਨ ਬਿਜਲੀ ਸਪਲਾਈ ਦੇਣ ਸੰਬੰਧੀ ਤਾਰਾਂ ਦੀਆਂ ਮੁਰੰਮਤ ਦਾ ਕੰਮ ਸ਼ੁਰੂ : ਇੰਦਰਪਾਲ ਸਿੰਘ

ਟਾਂਡਾ ਉੜਮੁੜ, (ਆਰ ਸਿੰਘ ਸਿੱਧੂ) : ਬਦਲਦੇ ਮੌਸਮ ਵਿੱਚ ਤੇਜ਼ ਹਨੇਰੀਆਂ ਆਉਣ ਕਾਰਨ ਅਕਸਰ ਬਿਜਲੀ ਸਪਲਾਈ ਦੀਆਂ ਤਾਰਾਂ ਆਪਸ ਵਿੱਚ ਟਕਰਾਅ ਜਾਂਦੀਆਂ ਹਨ ਅਤੇ ਕਈ ਵਾਰ ਬਿਜਲੀ ਦੀਆਂ ਤਾਰਾਂ ਸਪਾਰਕਿੰਗ ਕਰਕੇ ਟੁੱਟ ਵੀ ਜਾਂਦੀਆਂ ਹਨ ਜਿਸ ਕਾਰਨ ਉਸ ਇਲਾਕੇ ਦੀ ਬਿਜਲੀ ਸਪਲਾਈ ਬੰਦ ਹੋ ਜਾਂਦੀ ਹੈ ਅਤੇ ਬਿਜਲੀ ਉਪਭੋਗਤਾਵਾਂ ਨੂੰ ਕਾਫੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।



ਅਜਿਹੀਆਂ ਔਕੜਾਂ ਨੂੰ ਮੁੱਖ ਰੱਖਦੇ ਹੋਏ ਅੱਜ ਬਿਜਲੀ ਦਫਤਰ ਟਾਂਡਾ ਸ਼ਹਿਰ ਦੇ ਐਸ.ਡੀ.ਓ ਇੰਦਰਪਾਲ ਸਿੰਘ ਦੇ ਆਦੇਸ਼ਾਂ ਅਨੁਸਾਰ ਇਨ੍ਹਾਂ ਬਿਜਲੀ ਦੀਆਂ ਤਾਰਾਂ ਦੀ ਮੁਰੰਮਤ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ।

ਟਾਂਡਾ ਸ਼ਹਿਰ ਦੇ ਬਾਜ਼ਾਰਾਂ ਵਿੱਚੋਂ ਲੰਘਦੀਆਂ ਬਿਜਲੀ ਦੀਆਂ ਤਾਰਾਂ ਦੀ ਮੁਰੰਮਤ ਸਬੰਧੀ ਸਥਾਨਕ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਟਾਂਡਾ ਦੇ ਐਸ.ਡੀ.ਓ ਇੰਦਰਪਾਲ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਬਿਜਲੀ ਬੋਰਡ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਬਿਜਲੀ ਉਪਭੋਗਤਾਵਾਂ ਨੂੰ ਦਰਪੇਸ਼ ਆ ਰਹੀਆਂ ਇਨ੍ਹਾਂ ਪਰੇਸ਼ਾਨੀਆਂ ਨੂੰ ਖਤਮ ਕਰਨ ਲਈ ਟਾਂਡਾ ਸ਼ਹਿਰ ਦੇ ਜੇ.ਈ 1 ਪ੍ਰੀਤਮ ਸਿੰਘ, ਲਾਈਨ ਮੈਨ ਲਖਵਿੰਦਰ ਸਿੰਘ, ਲਾਈਨ ਮੈਨ ਬਲਵਿੰਦਰ ਸਿੰਘ ਅਤੇ ਲਾਈਨ ਮੈਨ ਸੁਰਿੰਦਰ ਸਿੰਘ ਨੇ ਆਪਣੀਆਂ ਟੀਮਾਂ ਸਮੇਤ ਅੱਜ ਟਾਂਡਾ ਸ਼ਹਿਰ ਵਿੱਚ ਪੈਂਦੀਆਂ ਬਿਜਲੀ ਸਪਲਾਈ ਦੀਆਂ ਤਾਰਾਂ ਨੂੰ ਬਾਂਸ ਦੀਆਂ ਸੋਟੀਆਂ ਨਾਲ ਬਣਨਾ ਸ਼ੁਰੂ ਕਰ ਦਿੱਤਾ ਹੈ ਤਾਂ ਜੋ ਹਨੇਰੀ ਆਉਣ ਤੇ ਬਿਜਲੀ ਦੀਆਂ ਤਾਰਾਂ ਆਪਸ ਵਿੱਚ ਟਕਰਾਅ ਨਾ ਸਕਣ ਅਤੇ ਬਿਜਲੀ ਸਪਲਾਈ ਵਿੱਚ ਕਿਸੇ ਵੀ ਪ੍ਰਕਾਰ ਦਾ ਵਿਘਨ ਨਾ ਪੈ ਸਕੇ। ਉਨ੍ਹਾਂ ਕਿਹਾ ਕਿ ਗਰਮੀ ਜਿਆਦਾ ਪੈਣ ਕਾਰਨ ਵੀ ਇਹ ਤਾਰਾਂ ਗਰਮ ਹੋ ਕੇ ਢਿੱਲੀਆਂ ਹੋ ਜਾਂਦੀਆਂ ਹਨ ਜਿਸ ਨਾਲ ਆਪਸ 'ਚ ਟਕਰਾਉਣ ਦਾ ਖਤਰਾ ਬਣ ਜਾਂਦਾ ਹੈ ਇਸ ਲਈ ਇਨ੍ਹਾਂ ਵਿੱਚ ਬਾਂਸ ਦੀਆਂ ਸੋਟੀਆਂ ਲਗਾਈਆਂ ਜਾ ਰਹੀਆਂ ਹਨ।

ਇੰਦਰਪਾਲ ਸਿੰਘ ਨੇ ਕਿਹਾ ਕਿ ਬਰਸਾਤ ਦੇ ਦਿਨਾਂ ਵਿੱਚ ਅਤੇ ਬਦਲਵੇਂ ਮੌਸਮ ਦੌਰਾਨ ਅਕਸਰ ਤੇਜ਼ ਹਵਾਵਾਂ ਚੱਲਦੀਆਂ ਹਨ ਅਤੇ ਸ਼ਹਿਰ ਵਿੱਚੋਂ ਲੰਘਦੀਆਂ ਇਹ ਬਿਜਲੀ ਸਪਲਾਈ ਦੀਆਂ ਤਾਰਾਂ ਆਪਸ ਵਿੱਚ ਟਕਰਾਅ ਜਾਂਦੀਆਂ ਹਨ, ਇਨ੍ਹਾਂ ਤਾਰਾਂ ਦੇ ਟਕਰਾਉਣ ਨਾਲ ਜਿੱਥੇ ਟਰਾਂਸਫਾਰਮਰ ਵਿੱਚ ਲੱਗੇ ਫਿਊਜ ਉੜ ਜਾਂਦੇ ਹਨ ਉੱਥੇ ਕਈ ਵਾਰ ਟਰਾਂਸਫਾਰਮਰ ਵੀ ਸੜ ਜਾਂਦੇ ਹਨ ਜਿਸ ਕਾਰਨ ਬਿਜਲੀ ਸਪਲਾਈ ਨੂੰ ਠੀਕ ਕਰਨ ਵਿੱਚ ਕਾਫੀ ਸਮਾਂ ਲੱਗ ਜਾਂਦਾ ਹੈ। ਉਨ੍ਹਾਂ ਕਿਹਾ ਕਿ ਕਈ ਵਾਰ ਤਾਰਾਂ ਵਿੱਚ ਸਪਾਰਕਿੰਗ ਹੋਣ ਨਾਲ ਬਿਜਲੀ ਦੀਆਂ ਤਾਰਾਂ ਟੁੱਟ ਵੀ ਜਾਂਦੀਆਂ ਹਨ ਅਤੇ ਬਿਜਲੀ ਸਪਲਾਈ ਬੰਦ ਹੋ ਜਾਣ ਕਾਰਨ ਆਮ ਜਨਤਾ ਨੂੰ ਕਾਫੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਜਾਂਦਾ ਹੈ।

ਇੰਦਰਪਾਲ ਸਿੰਘ ਨੇ ਕਿਹਾ ਕਿ ਬਿਜਲੀ ਉਪਭੋਗਤਾਵਾਂ ਨੂੰ ਨਿਰੰਤਰ ਅਤੇ ਨਿਰਵਿਘਨ ਬਿਜਲੀ ਸਪਲਾਈ ਦੇਣ ਲਈ ਬਿਜਲੀ ਦਫਤਰ ਟਾਂਡਾ ਵਿਖੇ ਹਰ ਸਮੇਂ ਮੁਲਾਜ਼ਮ ਤੈਨਾਤ ਰਹਿੰਦੇ ਹਨ ਤਾਂ ਜੋ ਬਿਜਲੀ ਸਪਲਾਈ ਵਿੱਚ ਕਿਸੇ ਵੀ ਪ੍ਰਕਾਰ ਦਾ ਵਿਘਨ ਪੈਣ ਤੇ ਫੌਰਨ ਉਸਨੂੰ ਠੀਕ ਕਰਕੇ ਬਿਜਲੀ ਸਪਲਾਈ ਰੈਗੂਲਰ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਬਿਜਲੀ ਉਪਭੋਗਤਾਵਾਂ ਨੂੰ ਹਰ ਪ੍ਰਕਾਰ ਦੀਆਂ ਸਹੂਲਤਾਂ ਮੁਹਈਆ ਕਰਵਾਉਣਾ ਸਾਡਾ ਫਰਜ਼ ਬਣਦਾ ਹੈ ਅਤੇ ਉਸਦੇ ਲਈ ਸਾਡਾ ਮਹਿਕਮਾ ਉਨ੍ਹਾਂ ਦੀ ਸੇਵਾ ਲਈ ਹਰ ਸਮੇਂ ਤਿਆਰ-ਬ-ਤਿਆਰ ਰਹਿੰਦਾ ਹੈ। ਉਨ੍ਹਾਂ ਬਿਜਲੀ ਉਪਭੋਗਤਾਵਾਂ ਨੂੰ ਪੁਰਜ਼ੋਰ ਅਪੀਲ ਕਰਦੇ ਹੋਏ ਕਿਹਾ ਕਿ ਜਿਸਦੇ ਇਲਾਕੇ ਵਿੱਚ ਵੀ ਬਿਜਲੀ ਸਪਲਾਈ ਬੰਦ ਹੋ ਜਾਂਦੀ ਹੈ ਉਹ ਸਰਕਾਰ ਵੱਲੋਂ ਮੁਹਈਆ ਕਰਵਾਏ ਗਏ ਨੰਬਰ 1912 ਅਤੇ ਭੋਗਪੁਰ ਬਿਜਲੀ ਕੰਪਲੇਂਟ ਦਫਤਰ ਦੇ ਨੰਬਰ 96461- 95982 ਤੇ ਸ਼ਿਕਾਇਤ ਜਰੂਰ ਦਰਜ ਕਰਾਉਣ ਤਾਂ ਜੋ ਉਸ ਇਲਾਕੇ ਦੀ ਬਿਜਲੀ ਸਪਲਾਈ ਨੂੰ ਜਲਦ ਰੈਗੂਲਰ ਕੀਤਾ ਜਾ ਸਕੇ।

## ਮਿਉਂਸੀਪਲ ਪੈਨਸ਼ਨਰਜ਼ ਐਸੋਸੀਏਸ਼ਨ ਦੇ ਅਮਰੀਕ ਸਿੰਘ ਭੋਗਪੁਰੀ ਸਰਬ ਸੰਮਤੀ ਨਾਲ ਵਾਈਸ ਪ੍ਰਧਾਨ ਨਿਯੁਕਤ : ਸ਼ਿੰਗਾਰਾ ਸੈਣੀ

ਟਾਂਡਾ ਉੜਮੁੜ, (ਆਰ ਸਿੰਘ ਸਿੱਧੂ) : ਮਿਉਂਸੀਪਲ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੀ ਇੱਕ ਅਹਿਮ ਮੀਟਿੰਗ ਪ੍ਰਧਾਨ ਸ਼ਿੰਗਾਰਾ ਸਿੰਘ ਸੈਣੀ ਦੀ ਅਗਵਾਈ ਵਿੱਚ ਹੋਈ ਜਿਸ ਵਿੱਚ ਅਮਰੀਕ ਸਿੰਘ ਭੋਗਪੁਰੀ ਨੂੰ ਸਰਬ ਸੰਮਤੀ ਨਾਲ ਐਸੋਸੀਏਸ਼ਨ ਦਾ ਵਾਈਸ ਪ੍ਰਧਾਨ ਨਿਯੁਕਤ ਕੀਤਾ ਗਿਆ। ਮੀਟਿੰਗ ਸ਼ੁਰੂ ਕਰਨ ਤੋਂ ਪਹਿਲਾਂ ਐਨ.ਪੀ ਸਿੰਘ ਦੀ ਹੋਈ ਅਚਾਨਕ ਮੌਤ ਨੂੰ ਮੁਖ ਰੱਖਦੇ ਹੋਏ 2 ਮਿੰਟ ਦਾ ਮੌਨ ਧਾਰਨ ਕਰਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ ਅਤੇ ਅਪਣੇ ਚਰਨਾਂ ਨਾਲ ਜੋੜੀ ਰੱਖਣ ਦੀ ਸਤਿਗੁਰ ਅਗੇ ਅਰਦਾਸ ਕੀਤੀ ਗਈ।

ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਸ਼ਿੰਗਾਰਾ ਸਿੰਘ ਸੈਣੀ ਨੇ ਕਿਹਾ ਕਿ ਪੰਜਾਬ ਸਰਕਾਰ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਕੀਤੇ ਗਏ ਫੈਸਲੇ ਨੂੰ ਲਾਗੂ ਕਰਨ ਵਿੱਚ ਟਾਲਮਟੋਲ ਨੀਤੀ ਅਪਣਾ ਰਹੀ ਹੈ ਅਤੇ ਐਸੋਸੀਏਸ਼ਨ ਦੀਆਂ ਮੰਗਾਂ ਨੂੰ ਪ੍ਰਵਾਨ ਕਰਨ ਦੀ ਥਾਂ ਨਾ ਪੱਖੀ ਰਵਈਆ ਅਪਣਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਪੇ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਨਾ ਕਰਕੇ ਪੈਨਸ਼ਨਰਾਂ ਨਾਲ ਜਿਹੜੀ ਬੇਇਨਸਾਫ਼ੀ ਕੀਤੀ ਹੈ ਉਸਨੂੰ ਐਸੋਸੀਏਸ਼ਨ ਕਦੇ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਹੁਣ ਕੁਝ ਹੀ ਸਮਾਂ ਬਾਕੀ ਰਹਿ ਗਿਆ ਹੈ ਇਸਨੂੰ ਵੇਖਦੇ ਹੋਏ ਮਾਨ ਸਰਕਾਰ ਨੂੰ ਐਸੋਸੀਏਸ਼ਨ ਦੀਆਂ ਮੰਗਾਂ ਜਲਦ ਪ੍ਰਵਾਨ ਕਰ ਲੈਣੀਆਂ ਚਾਹੀਦੀਆਂ ਹਨ ਤਾਂ ਜੋ ਪੈਨਸ਼ਨਰ ਅਤੇ ਮੁਲਾਜ਼ਮ ਵਰਗ ਆਮ ਆਦਮੀ ਪਾਰਟੀ ਨਾਲ ਜੁੜੇ ਰਹਿ ਸਕਣ।

ਸ਼ਿੰਗਾਰਾ ਸਿੰਘ ਨੇ ਕਿਹਾ ਕਿ ਮਾਨ ਸਰਕਾਰ ਜਦੋਂ ਤੋਂ ਹੋਂਦ ਵਿੱਚ ਆਈ ਹੈ ਇਸ ਸਰਕਾਰ ਨੇ ਬੇਰੁਜ਼ਗਾਰ ਨੌਜਵਾਨਾਂ ਨੂੰ ਨੌਕਰੀਆਂ ਦੇਣਾ ਤਾਂ ਇੱਕ ਪਾਸੇ ਨੌਕਰੀਆਂ ਕਰ ਰਹੇ ਮੁਲਾਜ਼ਮਾਂ ਦਾ



ਐਨ.ਪੀ ਸਿੰਘ ਨੂੰ ਸ਼ਰਧਾਂਜਲੀ ਭੇਂਟ ਕਰਦੇ ਸ਼ਿੰਗਾਰਾ ਸਿੰਘ ਅਤੇ ਸਮੂਹ ਐਸੋਸੀਏਸ਼ਨ ਮੈਂਬਰ।

ਜੀਣਾ ਵੀ ਹਰਾਮ ਕਰ ਦਿੱਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਅੱਜ ਤੱਕ ਹਰ ਸਰਕਾਰੀ ਵਿਭਾਗ ਦੇ ਕਰਮਚਾਰੀ ਆਪਣੀਆਂ ਮੰਗਾਂ ਸਰਕਾਰ ਤੋਂ ਪੂਰੀਆਂ ਕਰਵਾਉਣ ਲਈ ਅਪੀਲਾਂ ਕਰ ਰਹੇ ਹਨ, ਪਰ ਸਰਕਾਰ ਦੇ ਅੜੀਅਲ ਰਵਈਏ ਕਾਰਨ ਉਨ੍ਹਾਂ ਨੂੰ ਹੜਤਾਲਾਂ ਅਤੇ ਰੋਸ ਮੁਜਾ?ਾਹਰੇ ਕਰਨੇ ਪੈ ਰਹੇ ਹਨ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਇਹ ਭਰੋਸਾ ਦਿੱਤਾ ਸੀ ਕਿ ਹਰ ਵਿਭਾਗ ਦੇ ਕੱਚੇ ਮੁਲਾਜ਼ਮਾਂ ਨੂੰ ਪੱਕਿਆਂ ਕਰ ਦਿੱਤਾ ਜਾਵੇਗਾ ਅਤੇ ਉਨ੍ਹਾਂ ਦੀਆਂ ਸਾਰੀਆਂ ਜਾਇਜ਼ ਮੰਗਾਂ ਪ੍ਰਵਾਨ ਕਰ ਲਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਸੱਤਾ ਵਿੱਚ ਮਦਹੋਸ਼ ਹੋਈ ਮਾਨ ਸਰਕਾਰ ਨੇ ਮੁਲਾਜ਼ਮਾਂ ਨੂੰ ਪੱਕਿਆਂ ਤਾਂ ਕੀ ਕਰਨਾ ਸੀ ਸਗੋਂ ਹਰ ਸਰਕਾਰੀ ਮੁਲਾਜ਼ਮ ਨੂੰ ਪਰੇਸ਼ਾਨੀਆਂ ਵਿੱਚ ਪਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਅਜਿਹੀ ਧੱਕੇਸ਼ਾਹੀ ਤੋਂ ਦੁਖੀ ਹੋ ਕੇ ਕਈ ਸਰਕਾਰੀ ਮੁਲਾਜ਼ਮ ਆਪਣਾ ਸਮਾਂ ਪੂਰਾ ਹੋਣ ਤੋਂ ਪਹਿਲਾਂ ਹੀ ਰਿਟਾਇਰਮੈਂਟ ਲਈ ਜਾ ਰਹੇ ਹਨ।

ਇਸ ਮੌਕੇ ਤੇ ਐਸੋਸੀਏਸ਼ਨ ਦੇ ਨਵ ਨਿਯੁਕਤ ਵਾਈਸ ਪ੍ਰਧਾਨ ਅਮਰੀਕ ਸਿੰਘ ਭੋਗਪੁਰੀ ਨੇ ਕਿਹਾ ਕਿ ਐਸੋਸੀਏਸ਼ਨ ਨੇ ਮੈਨੂੰ ਜਿਹੜੀਆਂ ਜ਼ਿੰਮੇਵਾਰੀਆਂ ਸੌਂਪੀਆਂ ਹਨ ਮੈਂ ਉਨ੍ਹਾਂ ਜ਼ਿੰਮੇਵਾਰੀ ਨੂੰ ਪੂਰੀਆਂ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਵਾਂਗਾ। ਉਨ੍ਹਾਂ ਮਾਨ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਸਰਕਾਰ ਨੇ ਆਪਣੀ ਧੱਕੇਸ਼ਾਹੀ ਅਤੇ ਮਨਮਾਨੀਆਂ ਉੱਤੇ ਲਗਾਮ ਨਾ ਲਗਾਈ ਤਾਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਇਸਦਾ ਖਮਿਆਜਾ ਬਹੁਤ ਮਹਿੰਗਾ ਭੁਗਤਣਾ ਪੈ ਸਕਦਾ ਹੈ।

ਇਸ ਮੌਕੇ ਤੇ ਐਡੀਟਰ ਕੇਵਲ ਕ੍ਰਿਸ਼ਨ, ਮੁੱਖ ਸਲਾਹਕਾਰ ਚੌਧਰੀ ਰਤਨ ਸਿੰਘ ਸੈਣੀ, ਖਜਾਨਚੀ ਸੋਮਨਾਥ ਭੱਟੀ, ਜਨਰਲ ਸਕੱਤਰ ਅਸ਼ੋਕ ਕੁਮਾਰ, ਸਫਾਈ ਮਜ਼ਦੂਰ ਯੂਨੀਅਨ ਟਾਂਡਾ ਪ੍ਰਧਾਨ ਮਾਇਆ ਦੇਵੀ, ਕਰਮਚਾਰੀ ਯੂਨੀਅਨ ਪ੍ਰਧਾਨ ਤਰਸੇਮ ਲਾਲ, ਦੇਵ ਰਾਜ, ਧਰਮ ਚੰਦ, ਸਦਾ ਨੰਦ, ਭੂਆ ਸਿੰਘ, ਅਮਰੀਕ ਸਿੰਘ, ਸੁਦਰਸ਼ਨ ਕੁਮਾਰ ਅਹਿਆਪੁਰੀ, ਗੁਰਦਿਆਲ ਸਿੰਘ, ਤਰਸੇਮ ਲਾਲ, ਅਮਰੀਕ ਸਿੰਘ ਉੜਮੁੜ, ਸੁਨੀਤਾ ਰਾਣੀ, ਚਮਨ ਲਾਲ, ਧਰਮ ਪਾਲ, ਕਮਲਾ ਰਾਣੀ, ਦੀਪੋ ਦੇਵੀ, ਸਫਾਈ ਸੇਵਕ ਸੋਮਨਾਥ, ਸ਼ਕੁੰਤਲਾ ਰਾਣੀ, ਰਣਜੀਤ ਕੌਰ, ਅੱਛਰ ਲਾਲ ਅਤੇ ਇਕਬਾਲ ਸਿੰਘ ਤੋਂ ਇਲਾਵਾ ਹੋਰ ਹਾਜ਼ਰ ਸਨ।

## ਬਿਜਲੀ ਕੱਟਾਂ ਦੇ ਰੋਸ 'ਚ ਐਸਡੀਐਮ ਦਫ਼ਤਰ ਟਾਂਡਾ ਵਿਖੇ ਰਸੂਲਪੁਰ ਦੀ ਅਗਵਾਈ ਵਿੱਚ ਲੱਗਾ ਵਿਸ਼ਾਲ ਧਰਨਾ

ਟਾਂਡਾ ਉੜਮੁੜ, (ਆਰ ਸਿੰਘ ਸਿੱਧੂ) : ਪੰਜਾਬ ਵਿੱਚ ਲੰਬੇ ਸਮੇਂ ਤੋਂ ਜਾਰੀ ਬਿਜਲੀ ਕੱਟਾਂ ਨੂੰ ਲੈ ਮਸਲਿਆਂ ਦੇ ਸਬੰਧ ਵਿੱਚ ਅੱਜ ਇੱਕ ਵੱਡਾ ਰੋਸ ਪ੍ਰਦਰਸ਼ਨ ਹੋਇਆ ਹਲਕਾ ਟਾਂਡਾ ਵਿਖੇ ਪਾਰਟੀ ਦੇ ਕੌਮੀ ਜਰਨਲ ਸਕੱਤਰ ਤੇ ਹਲਕਾ ਟਾਡਾ ਤੋ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਨਚਾਰਜ ਅਰਵਿੰਦਰ ਸਿੰਘ ਰਸੂਲਪੁਰ ਦੀ ਅਗਵਾਈ ਹੇਠ ਸੈਂਕੜੇ ਪ੍ਰਦਰਸ਼ਨਕਾਰੀ ਅੱਜ ਸਵੇਰੇ ਤੋਂ ਹੀ ਐਸਡੀਐਮ ਦਫ਼ਤਰ ਟਾਂਡਾ ਦੇ ਬਾਹਰ ਇਕੱਠੇ ਹੋਕੇ ਵਿਸ਼ਾਲ ਧਰਨਾ ਲਗਾ ਦਿੱਤਾ। ਪ੍ਰਦਰਸ਼ਨਕਾਰੀਆਂ ਨੇ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਖਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਅਤੇ ਤੁਰੰਤ ਬਿਜਲੀ ਸਪਲਾਈ ਬਹਾਲ ਕਰਨ ਦੀ ਮੰਗ ਕੀਤੀ।

ਰਸੂਲਪੁਰ ਨੇ ਦੱਸਿਆ ਕਿ ਪਿਛਲੇ ਲਗਭਗ ਮਹੀਨੇ ਤੋਂ ਪੰਜਾਬ ਸਮੇਤ ਟਾਂਡਾ ਅਤੇ ਆਸਪਾਸ ਦੇ ਪਿੰਡਾਂ ਵਿੱਚ ਦਿਨ ਵਿੱਚ 8 ਤੋਂ 10 ਘੰਟੇ ਤੱਕ ਬਿਜਲੀ ਕੱਟਾਂ ਲੱਗ ਰਹੇ ਹਨ। ਇਸ ਕਾਰਨ ਕਿਸਾਨਾਂ ਦੀ ਝੋਨੇ ਦੀ ਫਸਲ ਸੁੱਕਣ ਦੇ ਕੰਢੇ ਪਹੁੰਚ ਆਈ ਹੈ। ਉਹਨਾ ਨੇ ਕਿਹਾ ਕਿ ਆਲੂਆ ਦੀ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਬਹੁਤ ਦਿੱਕਤ ਦਾ ਸਾਹਮਣਾ ਕਰਨਾ ਪੈ ਰਿਹਾ ਝੋਨੇ ਦੀ ਫਸਲ ਪੱਕਣ ਲਈ ਪਾਣੀ ਦੀ ਜਰੂਰਤ ਹੈ ਪਰ ਮੋਟਰਾਂ ਦੀ ਲਾਈਟ ਪੂਰੀ ਨਹੀ ਆ ਰਹੀ ਧਰਨੇ ਦੌਰਾਨ ਸ਼੍ਰੋਮਣੀ ਅਕਾਲੀਦਲ ਨੇ ਚੇਤਾਵਨੀ ਦਿੱਤੀ ਗਈ ਕਿ ਜੇਕਰ 48 ਘੰਟਿਆਂ ਦੇ ਅੰਦਰ ਬਿਜਲੀ ਸਪਲਾਈ ਨਾ ਸੁਧਰੀ ਤਾਂ ਚੱਕਾ ਜਾਮ ਕੀਤਾ ਜਾਵੇਗਾ। ਸ ਰਸੂਲਪੁਰ ਨੇ ਕਿਹਾ ਕਿ ਲੰਬੇ ਕੱਟਾਂ ਨੂੰ ਤੁਰੰਤ ਬੰਦ ਕੀਤਾ ਜਾਵੇ, ਖੇਤੀ ਲਈ ਦਿਨ ਵਿੱਚ ਘੱਟੋ-ਘੱਟ 8 ਘੰਟੇ ਨਿਰੰਤਰ ਬਿਜਲੀ ਦਿੱਤੀ ਜਾਵੇ ਅਤੇ ਘਰੇਲੂ ਬਿਜਲੀ ਦੀ ਸਪਲਾਈ 24 ਦਿੱਤੀ ਜਾਵੇ।



ਲੰਬੇ ਬਿਜਲੀ ਕੱਟਾਂ ਦੇ ਸਬੰਧ ਵਿੱਚ ਧਰਨੇ ਨੂੰ ਸੰਬੋਧਨ ਕਰਦੇ ਹਲਕਾ ਇੰਚਾਰਜ ਅਰਵਿੰਦਰ ਸਿੰਘ ਰਸੂਲਪੁਰ ਨਾਲ ਮੈਂਬਰ ਪੀ ਏ ਸੀ ਕਮਲਜੀਤ ਸਿੰਘ ਕੁਲਾਰ ਰਸੂਲਪੁਰ ਨਾਲ ਅਕਾਲੀ ਵਰਕਰ ਤੇ ਲੀਡਰਸ਼ਿਪ

ਇਸ ਮੌਕੇ ਜਥੇਦਾਰ ਗੁਰਨਾਮ ਸਿੰਘ ਸਹਿਬਾਜਪੁਰ ਰਣਜੀਤ ਸਿੰਘ ਜਾਜਾ ਸਤਨਾਮ ਸਿੰਘ ਜਾਜਾ ਨਿਰਮਲ ਸਿੰਘ ਸਤਨਾਮ ਸਿੰਘ ਨੇਨੋਵਾਲ ਕੁਲਜੀਤ ਸਿੰਘ ਬਿੱਟੂ ਭੂਲਪੁਰ ਬਿੱਟੂ ਸਲੇਮਪੁਰ ਲਖਵੀਰ ਸਿੰਘ ਬੋਦਲ ਕੋਟਲੀ ਸਤਿੰਦਰ ਸਿੰਘ ਸੰਧੂ ਗੁਰਵਿੰਦਰ ਸਿੰਘ ਮੋਕਮਗੜ ਅਮਰੀਕ ਸਿੰਘ ਤਲਾ ਸਿਮਰਜੀਤ ਸਿੰਘ ਅਟਵਾਲ ਹਰਵਿੰਦਰ ਸਿੰਘ ਸਮਰਾ ਅਮਰੀਕ ਸਿੰਘ ਬਾਜਵਾ ਰਵਿੰਦਰ ਸਿੰਘ ਜੱਜ ਬਲਕਾਰ ਸਿੰਘ ਜਹੂਰਾ ਨਿਰਮਲ ਸਿੰਘ ਤੁਲੀ ਬਲਵਿੰਦਰ ਸਿੰਘ ਜਹੂਰਾ ਦਵਿੰਦਰ ਸਿੰਘ ਹੈਪੀ ਜਹੂਰਾ ਜਸਪਾਲ ਸਿੰਘ ਰਾਣੀ ਪਿੰਡ ਜਸਵਿੰਦਰ ਰਾਣੀ ਪਿੰਡ ਲਖਬੀਰ ਸਿੰਘ ਬੋਤਲ ਕੋਟਲੀ ਇਕਬਾਲ ਸਿੰਘ ਬਗੋਲ ਕਲਾ ਬਲਜੀਤ ਸਿੰਘ ਹਰਸੀ ਪਿੰਡ ਅਜੇ ਪੰਡਤ ਹਰਸੀ ਪਿੰਡ ਬਲਵੀਰ ਸਿੰਘ ਹਰਸੀ ਪਿੰਡ ਓਂਕਾਰ ਸਿੰਘ ਦੇਰੀਵਾਲ ਕਰਨ ਧੁੱਗਾ ਸਤਪਾਲ ਸਿੰਘ ਧੁੱਗਾ ਸੰਮਤੀ ਮੈਂਬਰ ਈਸ਼ਵਰ ਸਿੰਘ ਧੁੱਗਾ ਲਖਵਿੰਦਰ ਸਿੰਘ ਬਸਤੀ ਹਰਭਜਨ ਸਿੱਧੂ ਟਾਂਡਾ ਰਵਿੰਦਰ ਸਿੰਘ ਜੱਜ ਬਲਵਿੰਦਰ ਸਿੰਘ ਬਿੱਲਾ ਚੌਹਾਣਾ ਰਜਿੰਦਰ ਸਿੰਘ ਜਾਂਸ ਹਰਦੇਵ ਸਿੰਘ ਘੁੱਲਾਂ, ਮਾਸਟਰ ਰੋਜੀ ਜਾਜਾ ਕਰਨੈਲ ਸਿੰਘ ਝਾਂਵਾ, ਜਸਪਾਲ ਸਿੰਘ ਰਾਣੀਪਿੰਡ ਬਲਵਿੰਦਰ ਸਿੰਘ ਚਿੱਪੜਾ, ਨਰਿੰਦਰ ਸਿੰਘ ਰਾਣੀਪਿੰਡ ਹਰਦੀਪ ਸਿੰਘ ਬੁੱਢੀਪਿੰਡ ਮਾਸਟਰ ਜਸਵਿੰਦਰ ਸਿੰਘ ਬੁੱਢੀਪਿੰਡ ਵਰਿਆਮ ਸਿੰਘ ਬਸਤੀ ਸਵਰਨ ਸਿੰਘ ਜੌਸ਼ ਲਖਵਿੰਦਰ ਸਿੰਘ ਬਸਤੀ, ਰਵਿੰਦਰ ਸਿੰਘ ਜੱਜ ਬੱਚਨ ਸਿੰਘ ਡੱਡੀਆ ਜੇਪੀ ਡੱਡੀਆਂ ਹਰਦੇਵ ਸਿੰਘ ਘੁੱਲ ਜਰਨੈਲ ਸਿੰਘ ਖੱਖ ਬਲਰਾਜ ਸਿੰਘ ਬੋਦਲ ਕੋਟਲੀ ਸ਼ਾਮ ਸਿੰਘ ਮੂਨਕਾ, ਨਿਰਵੈਰ ਸਿੰਘ ਖੁੱਡਾ ਰਤਨ ਸਿੰਘ ਖੁੱਡਾ ਰਵਿੰਦਰ ਸਿੰਘ ਸਿੰਘਾਪੁਰੀ ਤਜਿੰਦਰ ਸਿੰਘ ਜੋਤੀ ਉਹੜਪੁਰ ਕੁਲਦੀਪ ਸਿੰਘ ਨੰਗਲ ਜਮਾਲ ਕਾਹਨ ਸਿੰਘ ਨੰਗਲ ਜਮਾਲ, ਕਸ਼ਮੀਰ ਸਿੰਘ ਜੋੜਾ ਸਤਪਾਲ ਸਿੰਘ ਬਾਜਵਾ ਕੈਪਟਨ ਗੁਰਸ਼ਰਨ ਸਿੰਘ ਕਲਿਆਣਪੁਰ ਸੁਖਦੇਵ ਸਿੰਘ ਢਡਿਆਲਾ ਤਜਿੰਦਰ ਸਿੰਘ ਸੋਡੀ ਨਰਿਆਲਾ, ਗੁਰਬਖਸ਼ ਸਿੰਘ ਬਾਬਕ ਹਰਪ੍ਰੀਤ ਸਿੰਘ ਬਾਬਕ, ਮਾਸਟਰ ਅਮਰਜੀਤ ਸਿੰਘ ਝੱਜੀਪਿੰਡ ਸੁਖਦੇਵ ਸਿੰਘ ਝੱਜੀਪਿੰਡ ਹਰਜਿੰਦਰ ਸਿੰਘ ਝਾਂਸ, ਵੱਡੀ ਗਿਣਤੀ ਵਿੱਚ ਅਕਾਲੀ ਵਰਕਰ ਅਤੇ ਅਹੁਦੇਦਾਰ ਮੌਜੂਦ ਸਨ।

ਸ੍ਰੀ ਗੁਰੂ ਰਵਿਦਾਸ ਜੀ ਦਾ 650ਵਾਂ ਪ੍ਰਕਾਸ਼ ਪੁਰਬ

# 500 ਡਰੋਨਾਂ ਨੇ ਟਾਂਡਾ ਦੇ ਅਸਮਾਨ ਨੂੰ ਕੀਤਾ ਰੌਸ਼ਨ, ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਫਲਸਫ਼ੇ ਦੀ ਬਾਕਮਾਲ ਪੇਸ਼ਕਾਰੀ

- ਪੰਜਾਬ ਸਰਕਾਰ ਨੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਾਰਾ ਸਾਲ ਸਮਾਗਮਾਂ ਦੀ ਲੜੀ ਚਲਾਈ : ਜਸਵੀਰ ਸਿੰਘ ਰਾਜਾ ਗਿੱਲ
- ਸਮਾਗਮਾਂ ਲਈ ਪੰਜਾਬ ਸਰਕਾਰ ਨੇ 100 ਕਰੋੜ ਰੁਪਏ ਦਾ ਬਜਟ ਰੱਖਿਆ, ਕਈ ਵੱਡੇ ਪ੍ਰਾਜੈਕਟ ਕੀਤੇ ਸਮਰਪਿਤ






ਪੰਜਾਬ ਸਰਕਾਰ ਵਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਟਾਂਡਾ ਵਿਖੇ ਕਰਵਾਏ ਗਏ ਡਰੋਨ ਸ਼ੋਅ ਦੌਰਾਨ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਨਤਮਸਤਕ ਹੁੰਦੇ ਹੋਏ।

ਟਾਂਡਾ ਉੜਮੁੜ, (ਆਰ ਸਿੰਘ ਸਿੱਧੂ) : ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਡਰੋਨ ਸ਼ੋਅਜ ਦੀ ਲੜੀ ਤਹਿਤ ਮੰਗਲਵਾਰ ਸ਼ਾਮ ਟਾਂਡਾ ਵਿਖੇ ਸ਼ਾਨਦਾਰ ਡਰੋਨ ਸ਼ੋਅ ਕਰਾਇਆ ਗਿਆ ਜਿਸ ਵਿੱਚ 500 ਡਰੋਨਾਂ ਨੇ ਅਸਮਾਨ ਵਿੱਚ ਗੁਰੂ ਜੀ ਦੀਆਂ ਮਹਾਨ ਸਿੱਖਿਆਵਾਂ, ਸੱਚੀ ਸੁੱਚੀ ਕਿਰਤ ਅਤੇ ਫ਼ਲਸਫ਼ੇ ਬਾਰੇ ਬਾਕਮਾਲ ਪੇਸ਼ਕਾਰੀ ਕੀਤੀ।

ਵੱਡੀ ਗਿਣਤੀ ਵਿੱਚ ਮੌਜੂਦ ਸੰਗਤ ਨੇ ਵਿਲੱਖਣ ਏਰੀਅਲ ਸ਼ੋਅ ਰਾਹੀਂ ਤਕਨਾਲੋਜੀ ਅਤੇ ਅਧਿਆਤਮਿਕਤਾ ਦਾ ਸੁਮੇਲ ਬਹੁਤ ਹੀ ਭਾਵਨਾ ਨਾਲ ਦੇਖਿਆ। ਸ਼ੋਅ ਦੌਰਾਨ 500 ਡਰੋਨਾਂ ਰਾਹੀਂ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਫਲਸਫ਼ੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਇਆ ਗਿਆ ਜਿਸ ਵਿੱਚ ਗੁਰੂ ਜੀ ਦੇ ਬਰਾਬਰੀ, ਭਾਈਚਾਰਕ ਸਾਂਝ, ਦਇਆ, ਸਮਾਜਿਕ ਨਿਆਂ ਅਤੇ ਮਨੁੱਖੀ ਸਨਮਾਨ ਦਾ ਸਦੀਵੀ ਸੰਦੇਸ਼ ਦੀ ਪੇਸ਼ਕਾਰੀ ਕੀਤੀ ਗਈ ।

ਸੰਗਤ ਨੂੰ ਸੰਬੋਧਨ ਕਰਦਿਆਂ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਗੁਰੂ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵੱਖ-ਵੱਖ ਸਮਾਗਮਾਂ ਦੀ ਲੜੀ ਸਾਰਾ ਸਾਲ ਚਲਾਈ ਜਾ ਰਹੀ ਹੈ ਤਾਂ ਜੋ ਗੁਰੂ ਜੀ ਦੀਆਂ ਮਹਾਨ ਸਿੱਖਿਆਵਾਂ ਦਾ ਪ੍ਰਸਾਰ ਕਰਕੇ ਖ਼ਾਸਕਰ ਨੌਜਵਾਨ ਪੀੜੀ ਨੂੰ ਜਾਣੂ ਕਰਵਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਇਹ ਸ਼ਾਨਦਾਰ ਡਰੋਨ ਸ਼ੋਅ ਸ੍ਰੀ ਗੁਰੂ ਰਵਿਦਾਸ ਜੀ ਨੂੰ ਢੁਕਵੀਂ ਸ਼ਰਧਾਂਜਲੀ ਹੈ ਅਤੇ ਉਨ੍ਹਾਂ ਦੇ ਸਦੀਵੀ ਸੰਦੇਸ਼ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਦਾ ਨਿਵੇਕਲਾ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਡਰੋਨ ਸ਼ੋਅ ਨਹੀਂ, ਸਗੋਂ ਨਵੀਂ ਪੀੜ੍ਹੀ ਲਈ ਗੁਰੂ ਜੀ ਦੇ ਬਰਾਬਰੀ ਅਤੇ ਮਨੁੱਖੀ ਸਨਮਾਨ ਦੇ ਸੰਦੇਸ਼ ਦੀ ਪ੍ਰਭਾਵਸ਼ਾਲੀ ਪੇਸ਼ਕਾਰੀ ਹੈ ਜਿਸ ਤੋਂ ਸਾਰਿਆਂ ਨੂੰ ਗੁਰੂ ਜੀ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਦੀ ਪ੍ਰੇਰਣਾ ਮਿਲਦੀ ਹੈ।

ਰਾਜਾ ਗਿੱਲ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰੋਗਰਾਮਾਂ ਲਈ 100 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਸਿੱਖਿਆਵਾਂ 'ਤੇ ਆਧਾਰਿਤ ਡਾਕੂਮੈਂਟਰੀ ਸ਼ੋਅ 13,000 ਪਿੰਡਾਂ ਵਿੱਚ ਦਿਖਾਏ ਜਾ ਰਹੇ ਹਨ, ਜਿਸ ਰਾਹੀਂ ਗੁਰੂ ਜੀ ਦਾ ਸੰਦੇਸ਼ ਜ਼ਮੀਨੀ ਪੱਧਰ ਤੱਕ ਪਹੁੰਚਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਸੂਬੇ ਭਰ ਦੇ ਵਿੱਦਿਅਕ ਅਦਾਰਿਆਂ ਵਿੱਚ ਵਿਦਿਆਰਥੀਆਂ ਲਈ ਗੁਰੂ ਜੀ ਦੇ ਜੀਵਨ ਅਤੇ ਸਿੱਖਿਆਵਾਂ 'ਤੇ ਆਧਾਰਿਤ ਸੈਮੀਨਾਰ ਵੀ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਅਸੀਂ ਸਾਰੇ ਬਹੁਤ ਖੁਸ਼ਕਿਸਮਤ ਹਾਂ ਕਿ ਸ੍ਰੀ ਗੁਰੂ ਰਵਿਦਾਸ ਜੀ ਦਾ 650ਵਾਂ ਪ੍ਰਕਾਸ਼ ਪੁਰਬ ਸਾਲ ਭਰ ਚੱਲਣ ਵਾਲੇ ਸਮਾਗਮਾਂ ਨਾਲ ਮਨਾਉਣ ਦਾ ਮੌਕਾ ਮਿਲ ਰਿਹਾ ਹੈ, ਜਿਸ ਤਹਿਤ ਸੈਮੀਨਾਰਾਂ, ਡਾਕੂਮੈਂਟਰੀ ਸ਼ੋਅ ਅਤੇ ਧਾਰਮਿਕ ਸਮਾਗਮ ਕਰਵਾਏ ਜਾ ਰਹੇ ਹਨ। ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਇਸ ਇਤਿਹਾਸਕ ਪੁਰਬ ਨੂੰ ਪੂਰੀ ਸ਼ਰਧਾ ਅਤੇ ਏਕਤਾ ਨਾਲ ਮਨਾਉਂਦਿਆਂ ਗੁਰੂ ਜੀ ਦੇ ਮਹਾਨ ਸੰਦੇਸ਼ ਨੂੰ ਹੋਰ ਅੱਗੇ ਪਹੁੰਚਾਇਆ ਜਾਵੇ।

ਵਿਧਾਇਕ ਰਾਜਾ ਗਿੱਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਪੂਰੀ ਸ਼ਰਧਾ ਨਾਲ ਮਨਾਉਂਦਿਆ ਆਧੁਨਿਕ ਮਾਧਿਅਮਾਂ ਰਾਹੀਂ ਗੁਰੂ ਜੀ ਦੇ ਸਰਬ-ਸਾਂਝੇ ਫਲਸਫ਼ੇ ਨੂੰ ਲੋਕਾਂ ਤੱਕ ਪਹੁੰਚਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮਾਂ ਤਹਿਤ ਸੂਬੇ ਭਰ ਵਿੱਚ 92 ਡਰੋਨ ਸ਼ੋਅ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਦਾ ਉਦੇਸ਼ ਨੌਜਵਾਨ ਪੀੜ੍ਹੀ ਨੂੰ ਗੁਰੂ ਜੀ ਦੇ ਇਨਕਲਾਬੀ ਫਲਸਫ਼ੇ ਤੋਂ ਜਾਣੂ ਕਰਵਾਉਣ ਦੇ ਨਾਲ-ਨਾਲ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਲੋਕਾਂ ਤੱਕ ਪਹੁੰਚਾਉਣਾ ਹੈ, ਜੋ ਅੱਜ ਦੇ ਸਮੇਂ ਵਿੱਚ ਵੀ ਪੂਰੀ ਤਰ੍ਹਾਂ ਪ੍ਰਸੰਗਿਕ ਹਨ।

ਸਮਾਗਮ ਦੌਰਾਨ ਸੰਤ ਜਸਪਾਲ ਸਿੰਘ, ਸੰਤ ਬਾਬਾ ਤੇਜਾ ਸਿੰਘ ਖੁੱਡੇ ਵਾਲੇ, ਸੰਤ ਬਾਬਾ ਬਲਵੰਤ ਸਿੰਘ ਜੀ ਅਸਥਾਨ ਤੋਂ ਜਥੇਦਾਰ ਹਰਮੇਸ਼ ਪ੍ਰਕਾਸ਼ ਸਿੰਘ, ਜਥੇਦਾਰ ਗੁਰਮੀਤ ਸਿੰਘ, ਜਥੇਦਾਰ ਜ਼ੋਰਾਵਰ ਸਿੰਘ, ਬਲਜੀਤ ਸਿੰਘ, ਜਥੇਦਾਰ ਬਾਬਾ ਕੁਲਦੀਪ ਸਿੰਘ ਗੁਰਦੁਆਰਾ ਟਾਹਲੀ ਸਾਹਿਬ ਵਾਲੇ, ਸੰਤ ਚੰਦਰ ਸ਼ੇਖਰ ਦਾਸ ਸਕਰਾਲਾ, ਸੰਤ ਪ੍ਰਮਿੰਦਰ ਸਿੰਘ, ਸੰਤ ਨਰੇਸ਼ ਗਿਰੀ ਨੰਗਲ ਖੂੰਗਾ, ਸੰਤ ਸੋਢੀ ਸ਼ਾਹ ਚੋਲੀਪੁਰ ਤੋਂ ਇਲਾਵਾ ਵੱਖ-ਵੱਖ ਟਾਂਡਾ ਦੀਆਂ ਧਾਰਮਿਕ ਸਭਾਵਾਂ ਦੇ ਆਗੂ ਵੱਡੀ ਗਿਣਤੀ ਵਿਚ ਸੰਗਤ ਨਾਲ ਮੌਜੂਦ ਸਨ। ਡਰੋਨ ਸ਼ੋਅ ਦੌਰਾਨ ਰਾਗੀ ਭਾਈ ਜਸਵੀਰ ਸਿੰਘ ਜੀ ਨੇ ਗੁਰਬਾਣੀ ਦੇ ਸ਼ਬਦ ਅਤੇ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ।

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਨਮ ਦਿਨ ਮੌਕੇ ਜੱਦੀ ਨਗਰ ਵਡਨਗਰ ਵਿਖੇ ਵਿਸ਼ਾਲ 'ਮਹਾ ਆਰਤੀ' ਸਮਾਰੋਹ

## ਇਤਿਹਾਸਕ ਸ਼ਰਮਿਸ਼ਠਾ ਤਲਾਬ ਦੇ ਕੰਢੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕੀਤੀ ਸ਼ਿਰਕਤ; ਵੈਦਿਕ ਮੰਤਰੋਚਾਰ ਦਰਮਿਆਨ ਪ੍ਰਧਾਨ ਮੰਤਰੀ ਦੀ ਦੀਰਘ ਆਯੂ ਅਤੇ ਚੰਗੀ ਸਿਹਤ ਲਈ ਕੀਤੀ ਪ੍ਰਾਰਥਨਾ





ਵਡਨਗਰ (ਗੁਜਰਾਤ) : ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 76ਵੇਂ ਜਨਮ ਦਿਨ ਦੇ ਸ਼ੁੱਭ ਮੌਕੇ 'ਤੇ ਉਨ੍ਹਾਂ ਦੇ ਜੱਦੀ ਨਗਰ ਵਡਨਗਰ ਵਿਖੇ ਇਤਿਹਾਸਕ ਸ਼ਰਮਿਸ਼ਠਾ ਤਲਾਬ (Sharmishtha Lake/Talab) ਦੇ ਕੰਢੇ ਇੱਕ ਬੇਹੱਦ ਸ਼ਾਨਦਾਰ ਅਤੇ ਵਿਸ਼ਾਲ 'ਮਹਾ ਆਰਤੀ' ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਵਿਸ਼ੇਸ਼ ਪ੍ਰੋਗਰਾਮ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਕੇ ਪ੍ਰਧਾਨ ਮੰਤਰੀ ਦੀ ਦੀਰਘ ਆਯੂ, ਤੰਦਰੁਸਤੀ ਅਤੇ ਦੇਸ਼ ਦੀ ਖ਼ੁਸ਼ਹਾਲੀ ਲਈ ਅਰਦਾਸ ਤੇ ਪ੍ਰਾਰਥਨਾ ਕੀਤੀ।

ਸਮਾਰੋਹ ਵਾਲੀ ਥਾਂ ਪੁੱਜਣ 'ਤੇ ਕੇਂਦਰੀ ਗ੍ਰਹਿ ਮੰਤਰੀ ਦਾ ਸਥਾਨਕ ਨਾਗਰਿਕਾਂ, ਸੰਤਾਂ-ਮਹਾਂਪੁਰਸ਼ਾਂ ਅਤੇ ਭਾਜਪਾ ਵਰਕਰਾਂ ਵੱਲੋਂ ਭਰਵਾਂ ਤੇ ਨਿੱਘਾ ਸਵਾਗਤ ਕੀਤਾ ਗਿਆ। ਅਮਿਤ ਸ਼ਾਹ ਨੇ ਦੋਵੇਂ ਹੱਥ ਜੋੜ ਕੇ ਇਕੱਤਰ ਹੋਏ ਹਜ਼ਾਰਾਂ ਸ਼ਰਧਾਲੂਆਂ ਦਾ ਅਭਿਵਾਦਨ ਸਵੀਕਾਰ ਕੀਤਾ।

ਸਮਾਗਮ ਦੇ ਮੁੱਖ ਵੇਰਵੇ

ਅਵਸਰ: ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਜਨਮ ਦਿਨ

ਸਥਾਨ : ਇਤਿਹਾਸਕ ਸ਼ਰਮਿਸ਼ਠਾ ਤਲਾਬ, ਵਡਨਗਰ (ਮਹਿਸਾਣਾ ਜ਼ਿਲ੍ਹਾ, ਗੁਜਰਾਤ)

ਮੁੱਖ ਸ਼ਖ਼ਸੀਅਤ : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ

ਧਾਰਮਿਕ ਰਸਮਾਂ : ਵੈਦਿਕ ਮੰਤਰੋਚਾਰ, ਸ਼ੰਖਨਾਦ ਅਤੇ ਸ਼ਰਮਿਸ਼ਠਾ ਝੀਲ ਦੀ ਮਹਾ ਆਰਤੀ

ਮਾਹੌਲ : ਹਜ਼ਾਰਾਂ ਦੀਵਿਆਂ ਤੇ ਰੰਗ-ਬਿਰੰਗੀ ਰੌਸ਼ਨੀ ਨਾਲ ਜਗਮਗਾਉਂਦਾ ਤਲਾਬ ਕੰਢਾ

ਵੈਦਿਕ ਮੰਤਰੋਚਾਰ ਨਾਲ ਗੂੰਜਿਆ ਸ਼ਰਮਿਸ਼ਠਾ ਤਲਾਬ; ਦੀਵਿਆਂ ਦੀ ਮਨਮੋਹਕ ਰੌਸ਼ਨੀ

ਸ਼ਾਨਦਾਰ ਸਜਾਵਟ: ਸਮਾਰੋਹ ਨੂੰ ਯਾਦਗਾਰੀ ਬਣਾਉਣ ਲਈ ਪੂਰੇ ਸ਼ਰਮਿਸ਼ਠਾ ਤਲਾਬ ਦੇ ਘਾਟਾਂ ਨੂੰ ਰੰਗ-ਬਿਰੰਗੀਆਂ ਐੱਲ.ਈ.ਡੀ. ਲਾਈਟਾਂ, ਫੁੱਲਾਂ ਅਤੇ ਹਜ਼ਾਰਾਂ ਦੀਵਿਆਂ ਨਾਲ ਸ਼ਾਨਦਾਰ ਢੰਗ ਨਾਲ ਸਜਾਇਆ ਗਿਆ ਸੀ, ਜਿਸ ਨਾਲ ਪੂਰੇ ਇਲਾਕੇ ਵਿੱਚ ਅਲੌਕਿਕ ਦ੍ਰਿਸ਼ ਬਣ ਗਿਆ।

ਪੂਜਾ-ਅਰਚਨਾ ਤੇ ਆਰਤੀ: ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵਿਦਵਾਨ ਬ੍ਰਾਹਮਣਾਂ ਵੱਲੋਂ ਕੀਤੇ ਗਏ ਵੈਦਿਕ ਮੰਤਰੋਚਾਰ ਅਤੇ ਸ਼ੰਖਨਾਦ ਦਰਮਿਆਨ ਸ਼ਰਮਿਸ਼ਠਾ ਤਲਾਬ ਦੀ ਵਿਧੀਵਤ ਪੂਜਾ ਕੀਤੀ ਅਤੇ ਮਹਾ ਆਰਤੀ ਵਿੱਚ ਪੂਰਨ ਸ਼ਰਧਾ ਨਾਲ ਹਿੱਸਾ ਲਿਆ।

ਚੜ੍ਹਦੀ ਕਲਾ ਦੀ ਪ੍ਰਾਰਥਨਾ: ਉਨ੍ਹਾਂ ਨੇ ਪ੍ਰਧਾਨ ਮੰਤਰੀ ਦੀ ਲੰਮੀ ਉਮਰ, ਨਰੋਈ ਸਿਹਤ ਅਤੇ ਭਾਰਤ ਨੂੰ ਵਿਸ਼ਵ ਪੱਧਰ 'ਤੇ ਮੋਹਰੀ ਬਣਾਉਣ ਦੇ ਸੰਕਲਪ ਦੀ ਪੂਰਤੀ ਲਈ ਪ੍ਰਾਰਥਨਾ ਕੀਤੀ।

ਸ਼ਹਿਰ ਭਰ ਵਿੱਚ ਤਿਉਹਾਰੀ ਰੌਣਕ

ਸਮਾਰੋਹ ਦੌਰਾਨ ਗੁਜਰਾਤ ਸਰਕਾਰ ਦੇ ਸੀਨੀਅਰ ਕੈਬਨਿਟ ਮੰਤਰੀ, ਉੱਚ ਪ੍ਰਸ਼ਾਸਕੀ ਤੇ ਪੁਲਿਸ ਅਧਿਕਾਰੀ, ਸੰਸਦ ਮੈਂਬਰ, ਵਿਧਾਇਕ ਅਤੇ ਵੱਡੀ ਗਿਣਤੀ ਵਿੱਚ ਸਥਾਨਕ ਵਾਸੀ ਮੌਜੂਦ ਸਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਨਮ ਦਿਹਾੜੇ ਨੂੰ ਲੈ ਕੇ ਸਮੁੱਚੇ ਵਡਨਗਰ ਸ਼ਹਿਰ ਵਿੱਚ ਦੀਵਾਲੀ ਵਰਗਾ ਉਤਸ਼ਾਹ ਅਤੇ ਤਿਉਹਾਰੀ ਮਾਹੌਲ ਦੇਖਣ ਨੂੰ ਮਿਲਿਆ।

ਪੱਤਰਕਾਰੀ ਬੇਦਾਅਵਾ

ਸਰੋਤ ਤੇ ਰਿਪੋਰਟਿੰਗ: ਇਹ ਰਿਪੋਰਟ ਵਡਨਗਰ (ਗੁਜਰਾਤ) ਵਿਖੇ ਆਯੋਜਿਤ ਅਧਿਕਾਰਤ ਸਮਾਰੋਹ, ਗੁਜਰਾਤ ਸੂਚਨਾ ਵਿਭਾਗ ਅਤੇ ਮੌਕੇ ਦੇ ਪ੍ਰਸ਼ਾਸਕੀ ਵੇਰਵਿਆਂ 'ਤੇ ਆਧਾਰਿਤ ਹੈ।

ਜਨਤਕ ਸੂਚਨਾ: ਇਹ ਖ਼ਬਰ ਸਿਰਫ਼ ਜਨਤਕ ਅਤੇ ਧਾਰਮਿਕ ਪ੍ਰੋਗਰਾਮ ਦੀ ਜਾਣਕਾਰੀ ਹਿੱਤ ਪੇਸ਼ ਕੀਤੀ ਗਈ ਹੈ।

# ਵੰਦੇ ਮਾਤਰਮ - ਸਿੱਖ ਨਜ਼ਰੀਆ

## (ਵਤਨ ਪ੍ਰਸਤੀ ਦੇ ਗੀਤ ਤੋਂ ਭਾਰਤ ਮਾਤਾ ਦੇਵੀ ਤਕ ਦਾ ਸ.ਫਰ)

ਵੰਦੇ ਮਾਤਰਮ ਯਾਨਿ ਏ ਮਾਤ ਭੂਮੀ ਮੈਂ ਤੇਰੇ ਅੱਗੇ ਸਿਜਦਾ ਕਰਦਾ ਹਾਂ, ਗੀਤ ੧੮੭੦ ਵਿਤ ਬੰਕਿਮ ਚੰਦ੍ਰ ਚੈਟਰਜੀ ਨੇ ਲਿਖਿਆ। ਉਪਰੰਤ ੧੮੮੨ ਵਿਚ ਇਸ ਗੀਤ ਨੂੰ ਉਸਨੇ ਆਪਣੇ ਨਾਵਲ ਅਨੰਦਮਠ ਵਿਚ ਸ਼ਾਮਲ ਕਰ ਲਿਆ। ਇਹ ਗੀਤ ਸੰਸਕ੍ਰਿਤ ਰਲੀ ਬੰਗਲਾ ਭਾਸ਼ਾ ਵਿਚ ਲਿਖਿਆ ਗਿਆ ਸੀ। ਇਸ ਗੀਤ ਨੂੰ ੧੮੯੬ ਵਿਚ ਰਬਿੰਦਰਨਾਥ ਟੈਗੋਰ ਨੇ ੧੮੯੬ ਦੇ ਕਾਂਗਰਸ ਸੈਸ਼ਨ ਵਿਚ ਗਾਇਆ। ੧੯੦੫ ਵਿਚ ਜਦੋਂ ਬੰਗਾਲ ਦਾ ਬਟਵਾਰਾ ਹੋਇਆ ਤਾਂ ਇਹ ਗੀਤ ਅੰਗਰੇਜੀ ਰਾਜ ਦੇ ਵਿਰੋਧ ਵਿਚ ਨਾਅਰੇ ਦੇ ਰੂਪ ਵਿਚ ਵਰਤਿਆ ਗਿਆ। ਆਮ ਤੌਰ 'ਤੇ ਇਨਕਲਾਬ ਜ਼ਿੰਦਾਬਾਦ ਅਤੇ ਵੰਦੇ ਮਾਤਰਮ ਨਾਅਰੇ ਅੰਗਰੇਜ਼ਾਂ ਦੇ ਖਿਲਾਫ਼ ਵਰਤੇ ਜਾਂਦੇ ਰਹੇ। ਇਸ ਗੀਤ ਦੇ ਛੇ ਪਦੇ ਸਨ ਅਤੇ ਪਹਿਲੇ ਦੋ ਪਦੇ ਭਾਰਤ ਭੂਮੀ ਨੂੰ ਸਮਰਪਤ ਸਨ।

ਵੰਦੇ ਮਾਤਰਮ੍ ਸੁਜਲਾਂ ਸੁਫਲਾਂ ਮਲਯਜਸ਼ੀਤਲਾਮ੍,
ਸ਼ਸਯਸ਼ਯਾਮਲਾਂ ਮਾਤਰਮ੍। ਵੰਦੇ ਮਾਤਰਮ੍।

(ਹੇ ਮਾਂ, ਮੈਂ ਤੈਨੂੰ ਪ੍ਰਣਾਮ ਕਰਦਾ ਹਾਂ, ਤੂੰ ਚੰਗੇ ਜਲ ਅਤੇ ਮਿੱਠੇ ਫਲਾਂ ਨੂੰ ਦੇਣ ਵਾਲੀ ਹੈਂ। ਦੱਖਣ ਦੇ ਮਲਯ ਪਹਾਣਾਂ ਦੀਆਂ ਹਵਾਵਾਂ ਨਾਲ ਸ਼ੀਤਲ ਰਹਿਣ ਵਾਲੀ ਹੈ। ਅਤੇ ਹਰੀਆਂ ਭਰੀਆਂ ਫਸਲਾਂ ਨਾਲ ਸੁਸ਼ੋਭਿਤ ਮੇਰੀ ਮਾਂ ਹੈਂ।)

ਅਤੇ ਦੂਸਰਾ ਪਦਾ ਸੀ,

ਸ਼ੁਭ੍ਰਜਯੋਤ੍ਸ੍ਨਾ ਪੁਲਕਿਤ ਯਾਮਿਨੀਮ੍,
ਫੁੱਲਕੁਸੁਮਿਤ ਦ੍ਰੁਮ ਦਲ ਸ਼ੋਭਿਨੀਮ੍,
ਸੁਹਾਸਿਨੀਂ ਸੁਮਧੁਰ ਭਾਸ਼ਿਣੀਮ੍, ਸੁਖਦਾਂ ਵਰਦਾਂ ਮਾਤਰਮ੍। ਵੰਦੇ ਮਾਤਰਮ੍।

(ਤੇਰੀਆਂ ਚਿੱਟੀ ਚਾਂਦੀ ਵਰਗੀਆਂ ਰਾਤਾਂ ਤੇ ਖਿੜੇ ਫੁੱਲਾਂ ਅਤੇ ਰੁੱਖਾਂ ਦੇ ਪੱਤਿਆਂ ਨਾਲ ਸਜੀਆਂ ਹੋਈਆ ਹਨ। ਤੇਰੀ ਮੁਸਕਾਨ ਅਤੇ ਬੋਲੀ ਮਿੱਠੀ ਹੈ ਤੇ ਤੂੰ ਸੁਖ ਅਤੇ ਵਰਦਾਨ ਦੇਣ ਵਾਲੀ ਮੇਰੀ ਮਾਂ ਹੈਂ।)

ਪਰ ਇਸ ਗੀਤ ਦੇ ਬਾਅਦ ਦੇ ਪਦਿਆਂ ਵਿਚ ਭਾਰਤ ਮਾਤਾ ਨੂੰ ਦੇਵੀ ਦੁਰਗਾ, ਲਕਸ਼ਮੀ ਅਤੇ ਸਰਸਵਤੀ ਦਾ ਸਰੂਪ ਮੰਨ ਕੇ ਮੁਸਲਿਮ ਹਾਕਮਾਂ ਦੇ ਵਿਰੁੱਧ ਲੜਾਈ ਲਈ ਵਰ ਮੰਗਿਆ ਗਿਆ ਸੀ। ਇਸ ਤੋਂ ਇਸ ਗੀਤ ਦਾ ਵਿਰੋਧ ਧਾਰਮਿਕ ਆਧਾਰ ਤੇ ਹੋਣਾ ਸ਼ੁਰੂ ਹੋਇਆ ਜੋ ਹਾਲੇ ਤਕ ਜਾਰੀ ਹੈ। ੧੯੩੦ ਤਕ ਇਹ ਵਿਰੋਧ ਵਿਸ਼ੇਸ਼ ਕਰਕੇ ਇਤਨਾ ਤਿੱਖਾ ਅਤੇ ਸਪਸ਼ਟ ਰੂਪ ਵਿਚ ਉਭਰ ਕੇ ਸਾਹਮਣੇ ਆਇਆ ਕਿ ਜਵਾਹਰਲਾਲ ਨਹਿਰੂ, ਸੁਭਾਸ਼ ਚੰਦ੍ਰ ਬੋਸ ਅਤੇ ਰਬਿੰਦ੍ਰਨਾਥ ਟੈਗੋਰ ਨੇ ਵੀ ਇਹ ਨਿਰਣਾ ਲਿਆ ਕਿ ਇਸ ਗੀਤ ਦੇ ਪਹਿਲੇ ਦੋ ਪਦੇ ਹੀ ਗਾਇਨ ਕੀਤੇ ਜਾਣ।

੨੪ ਜਨਵਰੀ, ੧੯੫੦ ਨੂੰ ਜਨ ਗਨ ਮਨ ਨੂੰ ਕੌਮੀ ਤਰਾਨਾ ਪ੍ਰਵਾਨਾ ਕੀਤਾ ਗਿਆ। ਇਸਦੇ ਨਾਲ ਹੀ ਵੰਦੇ ਮਾਤਰਮ ਨੂੰ ਰਾਸ਼ਟਰ ਗੀਤ ਮੰਨ ਲਿਆ ਗਿਆ ਪਰ ਇਸ ਨੂੰ ਕੋਈ ਸੰਵਿਧਾਨਿਕ ਮਾਨਤਾ ਨਹੀਂ ਦਿੱਤੀ ਗਈ। ਜਨ ਗਨ ਮਨ ਵਿਚ ਤਾਂ ਭਾਰਤ ਦੇ ਵੱਖ ਪ੍ਰਾਂਤਾਂ ਦਾ ਜ਼ਿਕਰ ਹੈ ਪਰ ਇਸ ਵੰਦੇ ਮਾਤਰਮ ਵਿਚ ਤਾਂ ਕੇਂਦਰੀ ਭਾਵ ਦੁਰਗਾ, ਲਛਮੀ ਅਤੇ ਸਰਸਵਤੀ ਤੋਂ ਯਾਚਨਾ ਕੀਤੀ ਗਈ ਹੈ।

ਜਿਸ ਗੀਤ ਨੇ ਦੇਸ਼ ਵਿਚ ਏਕਤਾ ਕਾਇਮ ਕਰਨੀ ਸੀ ਉਸ ਨੂੰ ਹੁਣ ਵੰਡੀਆਂ ਪਾਣ ਦਾ ਕਾਰਣ ਬਣਾ ਦਿੱਤਾ ਗਿਆ ਹੈ। ੭ ਨਵੰਬਰ, ੨੦੨੫ ਨੂੰ ਵੰਦੇ ਮਾਤਰਮ ਦੀ ੧੫੦ਵੀਂ ਵਰ੍ਹੇਗੰਢ ਦੇ ਮੌਕੇ ਤੇ ਭਾਰਤ ਦੇ ਪ੍ਰਧਾਨ ਮੰਤਰੀ ਨੇ ਕਿਹਾ ਕਿ "ਵੰਦੇ ਮਾਤਰਮ, ਇਹ ਇੱਕ ਸ਼ਬਦ ਮਾਂ ਭਾਰਤੀ ਦੀ ਸਾਧਨਾ ਹੈ, ਮਾਂ ਭਾਰਤੀ ਦੀ ਅਰਾਧਨਾ ਹੈ।....... ਭਾਰਤ ਮਾਤਾ ਵਿਦਿਆ ਦੇਣ ਵਾਲੀ ਸਰਸਵਤੀ ਵੀ ਹੈ, ਖ਼ੁਸ਼ਹਾਲੀ ਦੇਣ ਵਾਲੀ ਲਕਸ਼ਮੀ ਵੀ ਹੈ ਅਤੇ ਅਸਤਰ-ਸ਼ਸਤਰਾਂ ਨੂੰ ਧਾਰਨ ਕਰਨ ਵਾਲੀ ਦੁਰਗਾ ਵੀ ਹੈ।" ਜਿਸ ਭਾਰਤ ਮਾਤਾ ਦਾ ਸੰਕਲਪ ਭਾਰਤ ਦੇ ਨਕਸ਼ੇ ਦੇ ਰੂਪ ਵਿਚ ਸ਼ੁਰੂ ਹੋਇਆ ਸੀ ਉਸ ਨੂੰ ਹੁਣ ਨਿਰੋਲ ਹਿੰਦੂ ਦੇਵੀ ਦੁਰਗਾ ਦਾ ਰੂਪ ਬਣਾ ਕੇ ਹੱਥ ਵਿਚ ਭਗਵਾ ਧਵੱਜ ਪਕੜਾ ਕੇ ਸ਼ੇਰ ਦੀ ਸਵਾਰੀ ਕਰਦਿਆਂ ਵਿਖਾ ਕੇ ਸਰਕਾਰੀ ਤੌਰ 'ਤੇ ਵੀ ਭਾਰਤ ਮਾਤਾ ਕਹਿ ਦਿੱਤਾ ਗਿਆ। ਇਸਦੇ ਨਾਲ ਹੀ ਵੰਦੇ ਮਾਤਰਮ ਦੇ ਗੀਤ ਦੇ ਪੰਜਵੇਂ ਪਦੇ ਨੂੰ ਵੀ ਮੁੜ ਵਾਪਸ ਲੈ ਆਂਦਾ ਗਿਆ ਜੋ ਕਿ ਦੇਵੀ ਦੁਰਗਾ, ਲੱਛਮੀ ਅਤੇ ਸਰਸਵਤੀ ਦੀ ਪੂਜਾ ਅਰਚਨਾ ਦਾ ਸੀ।

ਤੂੰ ਹੀ ਦੁਰਗਾ ਦਸ਼ਪ੍ਰਹਰਣ ਧਾਰਿਣੀ, ਕਮਲਾ ਕਮਲ ਦਲ ਵਿਹਾਰਿਣੀ,
ਵਾਣੀ ਵਿਦਯਾ ਦਾਯਿਨੀ, ਨਮਾਮਿ ਤ੍ਵਾਮ੍।
ਨਮਾਮਿ ਕਮਲਾਂ ਅਮਲਾਂ ਅਤੁਲਾਂ, ਸੁਜਲਾਂ ਸੁਫਲਾਂ ਮਾਤਰਮ੍। ਵੰਦੇ ਮਾਤਰਮ੍।





(ਤੂੰ ਹੀ ਦਸ ਹੱਥਾਂ ਵਿੱਚ ਸ਼ਸਤਰ ਫੜਨ ਵਾਲੀ ਦੁਰਗਾ ਹੈਂ। ਤੂੰ ਹੀ ਕਮਲ ਦੇ ਫੁੱਲ 'ਤੇ ਬੈਠਣ ਵਾਲੀ ਲੱਛਮੀ ਹੈਂ, ਤੂੰ ਹੀ ਵਿੱਦਿਆ ਦਾਤੀ ਸਰਸਵਤੀ (ਵਾਣੀ) ਹੈਂ, ਮੈਂ ਤੈਨੂੰ ਨਮਨ ਕਰਦਾ ਹਾਂ। ਮੈਂ ਉਸ ਮਾਂ ਨੂੰ ਨਮਨ ਕਰਦਾ ਹਾਂ ਜੋ ਪਵਿੱਤਰ (ਅਮਲ) ਹੈ, ਜਿਸਦੀ ਕੋਈ ਤੁਲਨਾ ਨਹੀਂ (ਅਤੁਲ) ਹੈ, ਜੋ ਚੰਗੇ ਪਾਣੀ ਅਤੇ ਮਿੱਠੇ ਫਲਾਂ ਵਾਲੀ ਹੈ)

ਇਸ ਨਾਲ ਇਹ ਗੀਤ ਵਿਵਾਦ ਦਾ ਕਾਰਣ ਬਣਿਆ ਅਤੇ ਸਰਵ ਪ੍ਰਵਾਨਤ ਨਾ ਹੋ ਸਕਿਆ। ਸ਼ੰਕਰਾਚਾਰਯਾ ਸਵਾਮੀ ਅਵਿਮੁਕੇਸ਼ਵਰਾਨੰਦ ਨੇ ਵੀ ਇਸ ਬਾਰੇ ਸਪਸ਼ਟ ਤੌਰ 'ਤੇ ਬਿਆਨ ਦਿੱਤਾ ਹੈ ਕਿ ਭਾਰਤ ਮਾਤਾ ਨਾਮ ਦੀ ਕਿਸੇ ਵੀ ਦੇਵੀ ਦਾ ਕੋਈ ਸ੍ਰੋਤ ਕਿਸੇ ਹਿੰਦੂ ਗ੍ਰੰਥ ਵਿਚ ਨਹੀਂ ਹੈ। ਇਹ ਨਵੀਂ ਪਰੰਪਰਾ ਸ਼ੁਰੂ ਕੀਤੀ ਗਈ ਹੈ।

ਸਿੱਖ ਨਜ਼ਰੀਆ ਇਸ ਬਾਰੇ ਨਿਰਵਿਵਾਦਤ ਰੂਪ ਵਿਚ ਸਪਸ਼ਟ ਹੈ। ਸਿੱਖ ਦਾ ਇਸ਼ਟ ਕੇਵਲ ਅਤੇ ਕੇਵਲ ੧ਓ (ਇਕ ਓਅੰਕਾਰ) ਹੈ। ਇਕ ਪ੍ਰਮਾਤਮਾ ਦੀ ਉਪਾਸਨਾ ਛਡ ਕੇ ਕਿਸੇ ਦੇਵੀ ਦੇਵਤੇ, ਮੂਰਤੀ ਆਦਿ ਜਾਂ ਕਿਸੇ ਭੌਤਿਕ ਚੀਜ ਜਿਵੇਂ ਦੇਸ਼, ਭੂਮੀ ਆਦਿ ਦੀ ਪੂਜਾ ਕਿਰਤਮ ਦੀ ਪੂਜਾ ਹੈ ਅਤੇ ਇਹ ਕਰਨਾ ਗੁਰੂ ਤੋਂ ਬੇਮੁਖ ਹੋਣਾ ਹੈ। ਏਕੋ ਸਿਮਰਿ ਨ ਦੂਜਾ ਭਾਉ ॥ ਸੰਤਸੰਗਿ ਜਪਿ ਕੇਵਲ ਨਾਉ ।।੧ ।। (ਮ: ੧੯੯) ਪਾਵਨ ਗੁਰਬਾਣੀ ਦੇ ਬਚਨ ਹਨ,

ਭੈਰਉ ਮਹਲਾ ੫ ॥
ਵਰਤ ਨ ਰਹਉ ਨ ਮਹ ਰਮਦਾਨਾ ॥
ਤਿਸੁ ਸੇਵੀ ਜੋ ਰਖੈ ਨਿਦਾਨਾ ॥੧ ॥
ਏਕੁ ਗੁਸਾਈ ਅਲਹੁ ਮੇਰਾ ॥
ਹਿੰਦੂ ਤੁਰਕ ਦੁਹਾਂ ਨੇਬੇਰਾ ॥੧ ॥ ਰਹਾਉ ॥
ਹਜ ਕਾਬੈ ਜਾਉ ਨ ਤੀਰਥ ਪੂਜਾ ॥
ਏਕੋ ਸੇਵੀ ਅਵਰੁ ਨ ਦੂਜਾ ॥੨ ॥
ਪੂਜਾ ਕਰਉ ਨ ਨਿਵਾਜ ਗੁਜਾਰਉ ॥
ਏਕ ਨਿਰੰਕਾਰ ਲੇ ਰਿਦੈ ਨਮਸਕਾਰਉ ॥੩ ॥
ਨਾ ਹਮ ਹਿੰਦੂ ਨ ਮੁਸਲਮਾਨ ॥
ਅਲਹ ਰਾਮ ਕੇ ਪਿੰਡੁ ਪਰਾਨ ॥੪ ॥
ਕਹੁ ਕਬੀਰ ਇਹੁ ਕੀਆ ਵਖਾਨਾ ॥
ਗੁਰ ਪੀਰ ਮਿਲਿ ਖੁਦਿ ਖਸਮੁ ਪਛਾਨਾ ॥੫ ॥੩ ॥

ਅਤੇ

ਬਿਨ ਕਰਤਾਰ ਨ ਕਿਰਤਮ ਮਾਨੋ ॥
ਆਦਿ ਅਜੋਨਿ ਅਜੈ ਅਬਿਨਾਸ਼ੀ
ਤਿਹ ਪਰਮੇਸ਼ਰ ਜਾਨੋ ॥੧ ॥ ਰਹਾਉ ॥

ਇਸ ਲਈ ਵੰਦੇ ਮਾਤਰਮ ਦੇ ਸੁਝਾਏ ਗਏ ਸਰੂਪ ਦਾ ਗਾਇਨ ਕਰਨਾ ਜਿਸ ਵਿਚ ਦੁਰਗਾ, ਲੱਛਮੀ ਅਤੇ ਸਰਸਵਤੀ ਦੀ ਵੰਦਨਾ ਅਤੇ ਉਸ ਕੋਲੋਂ ਵਰ ਮੰਗਣਾ, ਉਹਨਾਂ ਅੱਗੇ ਝੁਕਣਾ ਗੁਰਮਤਿ ਦੇ ਵਿਰੁੱਧ ਅਤੇ ਸਿੱਖ ਸਿਧਾਂਤਾਂ ਦੀ ਸਿੱਧੀ ਉਲੰਘਣਾ ਹੈ ਜੋ ਸਿੱਖਾਂ ਅਤੇ ਸਿੱਖੀ ਨੂੰ ਕਦਾਚਿਤ ਪ੍ਰਵਾਨ ਨਹੀਂ ਹੋ ਸਕਦਾ। ਇਸ ਤੋਂ ਪਹਿਲਾਂ ਵੀ ੨੦੦੬ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਗੀਤ ਦਾ ਸਿਧਾਂਤਕ ਤੌਰ ਤੇ ਵਿਰੋਧ ਕਰ ਚੁਕੀ ਹੈ। ਕਈ ਧਾਰਮਿਕ ਅਤੇ ਜਥੇਬੰਦੀਆਂ ਨੇ ਇਸ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਨੂੰ ਇਸ ਬਾਰੇ ਅਪੀਲ ਕੀਤੀ ਹੈ ਜਿਸ ਦੇ ਨਿਰਣੇ ਦੀ ਉਡੀਕ ਹੈ। ਪਰ ਇਸ ਅਤਿ ਗੰਭੀਰ ਅਤੇ ਅਹਿਮ ਮਸਲੇ ਤੇ ਚੁੱਪੀ ਜਾਂ ਦੇਰੀ ਕੌਮੀ ਹਿਤਾਂ ਵਿਚ ਨਹੀਂ ਕਹੀ ਜਾ ਸਕਦੀ। ਇਸ ਦੇ ਨਾਲ ਹੀ ਇਹ ਖ਼ਦਸ਼ਾ ਵੀ ਹੈ ਕਿ ਇਹ ਕੋਈ ਪਹਿਲੀ ਜਾਂ ਓਪਰੀ ਘਟਨਾ ਨਹੀਂ ਹੈ। ਇਸ ਤੋਂ ਪਹਿਲਾਂ ਵੀ ਕਈ ਅਹਿਮ ਧਾਰਮਿਕ ਮਸਲਿਆਂ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਵਲੋਂ ਕਈ ਕਈ ਵਾਰ ਇਤਰਾਜ਼ ਦਰਜ ਕਰਾਏ ਜਾ ਚੁਕੇ ਹਨ। ਪਰ ਨਤੀਜਾ ਸਿਫਰ ਬਟਾ ਸਿਫਰ। ਇਸ ਵਿਚ ਸਪਸ਼ਟ ਤੌਰ ਤੇ ਇਰਾਦੇ ਦੀ ਦ੍ਰਿੜਤਾ ਦੀ ਘਾਟ ਹੈ।


ਗੁਰਚਰਨਜੀਤ ਸਿੰਘ ਲਾਂਬਾ
santsipahi@gmail.com

ਇਕ ਦਿਲਚਸਪ ਤੱਥ ਹੈ ਕਿ ਕਿਵੇਂ ਭਾਰਤ ਦੇ ਨਕਸ਼ੇ ਦੇ ਨਾਮ ਤੇ ਬਣਿਆ ਮੰਦਰ ਉਸਨੂੰ ਦੇਵੀ ਦੇ ਰੂਪ ਵਿਚ ਤਬਦੀਲ ਕਰ ਦਿੱਤਾ ਗਿਆ। ਬਨਾਰਸ ਸ਼ਹਿਰ ਵਿਚ ਇਕ ਐਸਾ ਅਨੋਖਾ ਮੰਦਰ ਹੈ ਜਿੱਥੇ ਕਿਸੇ ਵੀ ਦੇਵੀ ਦੇਵਤੇ ਦੀ ਮੂਰਤੀ ਨਹੀਂ ਹੈ। ਬਲਕਿ ਇੱਥੇ ਚਿੱਟੇ ਮਕਰਾਨਾ ਸੰਗਮਰਮਰ ਦਾ ਅਖੰਡ ਭਾਰਤ ਦਾ ਵਿਸ਼ਾਲ ਨਕਸ਼ਾ ਬਣਿਆ ਹੈ। ਇਸ ਵਿਚ ਮੌਜੂਦਾ ਭਾਰਤ ਹੀ ਨਹੀਂ ਬਲਕਿ ਬੰਗਲਾਦੇਸ਼, ਪਾਕਿਸਤਾਨ, ਅਫਗਾਨਿਸਤਾਨ ਅਤੇ ਤਿੱਬਤ ਵੀ ਸ਼ਾਮਲ ਹਨ। ਇਹ ਮੰਦਰ ਬਾਬੂ ਸ਼ਿਵ ਪ੍ਰਸ਼ਾਦ ਗੁਪਤ ਨੇ ਬਣਵਾਇਆ ਸੀ ਅਤੇ ੨੫ ਅਕਤੂਬਰ, ੧੯੩੬ ਨੂੰ ਇਸ ਦਾ ਇਸਦਾ ਉਦਘਾਟਨ ਮਹਾਤਮਾ ਗਾਂਧੀ ਨੇ ਕੀਤਾ। ਇਸ ਸਮੇਂ ਪੰਡਤ ਨਹਿਰੂ, ਖਾਨ ਅਬਦੁਲ ਗੱਫਾਰ ਖਾਨ (ਬੱਚਾ ਖਾਨ), ਪਟੇਲ ਆਦਿ ਸ਼ਾਮਲ ਹੋਏ। ਦੇਸ਼ ਦੀ ਆਜ਼ਾਦੀ ਦੀ ਲੜਾਈ ਸਮੇਂ ਇਹ ਮੰਦਰ ਬਣਾਇਆ ਗਿਆ ਅਤੇ ਇਸ ਦਾ ਨਾਮ ਭਾਰਤ ਮਾਤਾ ਮੰਦਰ ਰੱਖਿਆ ਗਿਆ। ਇਹ ਨਾਮ ਭਾਰਤ ਭੂਮੀ, ਮਾਦਰੇ ਵਤਨ, ਮਦਰ ਲੈਂਡ ਆਦਿ ਦਾ ਪਰਾਯਵਾਚੀ ਜਾਂ ਬਦਲ ਸੀ ਅਤੇ ਕਿਸੇ ਨੂੰ ਇਸ ਤੇ ਕੋਈ ਇਤਰਾਜ਼ ਨਹੀਂ ਹੋਇਆ। ਵੈਸੇ ਗੁਰਮਤਿ ਨੇ ਤਾਂ ਇਸ ਨੂੰ ਹੋਰ ਵਿਸ਼ਾਲਤਾ ਬਖਸ਼ਦਿਆਂ ਧਰਤੀ ਦੇ ਕਿਸੇ ਇੱਕ ਟੋਟੇ ਦੀ ਬਜਾਇ ਸਗਲੀ ਧਰਤੀ ਨੂੰ ਹੀ ਮਾਤਾ ਧਰਤਿ ਮਹਤ ।। (ਮ:੧) ਕਿਹਾ।

ਵੈਸੇ ਹੁਣ ਭਾਰਤ ਸਰਕਾਰ ਦਾ ਵੰਦੇ ਮਾਤਰਮ ਬਾਬਤ ਇਹ ਨਵਾਂ ਨਿਰਣਾ ਭਾਰਤ ਦੇ ਸੰਵਿਧਾਨ ਵਿਚ ਦਿੱਤੀਆਂ ਧਾਰਮਿਕ, ਸਮਾਜਿਕ ਅਤੇ ਵਿਅਕਤੀਗਤ ਆਜ਼ਾਦੀ ਦੀਆਂ ਧਾਰਾਵਾਂ ਦੀ ਵੀ ਪੂਰੇ ਤੌਰ 'ਤੇ ਉਲੰਘਣਾਂ ਕਰਦਾ ਹੈ।

ਆਜ਼ਾਦੀ ਲਈ ਵਤਨ ਕੁਰਬਾਨੀਆਂ ਮੰਗਦਾ ਹੈ। ਮੁਲਕ ਨੂੰ ਆਜ਼ਾਦ ਕਰਵਾਇਆ ਹੀ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਨੇ।

ਵਤਨ-ਪਰਸਤੀ ਹੈ ਤਾਲਿਬ ਮਹਿਜ਼ ਕੁਰਬਾਨੀਓਂ ਕੀ,
ਯੇ ਨਜ਼ਰ-ਓ-ਨਿਆਜ਼ ਤੋ ਜ਼ੀਨਤ ਹੈ ਬੁਤਖ਼ਾਨੋਂ ਕੀ। - (ਲਾਂਬਾ)

ਦੇਸ਼ ਧਰਮ ਦੀ ਖਾਤਿਰ ਆਪਾ ਵਾਰ ਦੇਣਾ ਇਕ ਵੱਖਰੀ ਗੱਲ ਹੈ ਪਰ ਉਸਦੀ ਇਕ ਦੇਵੀ ਸਥਾਪਤ ਕਰਕੇ ਉਸਦੀ ਪੂਜਾ ਕਰਨੀ ਸਿੱਖ ਲਈ ਜਾਗਤ ਜੋਤਿ ਜਪੈ ਨਿਸ ਬਸੁਰ ਏਕ ਬਿਨਾ ਮਨਿ ਨੈਕ ਨ ਆਨੈ ॥ (ਪਾ:੧੦) ਦੇ ਵਿਪਰੀਤ ਹੈ। ਇਸ ਬਾਰੇ ਸਿਰਦਾਰ ਕਪੂਰ ਸਿੰਘ ਦੀ ਟਿੱਪਣੀ ਬਹੁਤ ਸਟੀਕ ਹੈ,

ਜਿਸ ਜਜ਼ਬੇ ਤੇ ਸਿਧਾਂਤ ਨੂੰ ਅਜ ਕਲ ਦੇ ਰਾਜਸੀ ਹਿੰਦੂ 'ਦੇਸ਼ ਭਗਤੀ' ਕਹਿੰਦੇ ਹਨ, ਸਿੱਖੀ ਦੀ ਉਸ ਨਾਲ ਕੋਈ ਹਮਦਰਦੀ ਨਹੀਂ। ਇਹ ਦੇਸ਼ ਭਗਤੀ ਯੂਰਪ ਵਿਚੋਂ ਮਾਂਗਵੀਂ, ਅਨੀਸ਼ਵਰਵਾਦੀ ਵਿਚਾਰਧਾਰਾ, ਬਾਹਮਣੀ ਹਿੰਦੂ ਮਤ ਦੀ ਭੂਗੋਲ-ਸੀਮਤ ਆਤਮਕ ਮਨੋਵਿਰਤੀ, ਸ਼ਾਕਤ ਮਤ ਦਾ, ਦੇਸ਼ ਅਥਵਾ ਭੌਤਿਕ ਸੰਬੰਧਾਂ ਨੂੰ ਦਿੱਬਯ ਦੇਵੀ ਦੇ ਮਨੋਕਲਪਤ ਰੂਪ ਵਿਚ ਪੂਜਣ ਦੇ, ਰੁਹਜਾਨ ਦਾ ਇਕ ਮਿਲਗੋਭਾ ਜਿਹਾ ਹੈ, ਜੋ ਕਿ ਉਚ ਆਤਮਾ, ਸੂਜਨ, ਨਿਰਲੇਪ ਬੁੱਧੀ ਤੇ ਸਮਦਰਸ਼ੀ ਪੁਰਸ਼ ਕਦਾਚਿਤ ਪ੍ਰਵਾਣ ਨਹੀਂ ਕਰ ਸਕਦੇ, ਭਾਵੇਂ ਉਹ ਹਿੰਦੂ ਹੋਣ ਯਾ ਕਿਸੇ ਹੋਰ ਦੇਸ਼ ਮਜ਼ਹਬ ਦੇ। ਇਹ ਬੜਾ ਤੰਗ ਦਿਲ, ਅਨਿਆਸ਼ੀਲ ਤੇ ਸੀਮਤ ਧਰਮ ਹੈ, ਤੇ ਸਿੱਖੀ ਇਸ ਦੀ ਪੁਸ਼ਟੀ ਨਹੀਂ ਕਰਦੀ।" (ਸਾਚੀ ਸਾਖੀ, ਪੰਨਾ ੭੫)

ਪਰ ਹੁਣ ਸਰਕਾਰੀ ਸ਼ਹਿ ਨਾਲ ਕਾਂਨੂੰਨੀ ਤੌਰ ਤੇ ਹਰ ਕਿਸੇ ਨੂੰ ਇਹ ਪੂਰਾ ਗੀਤ ਪੜ੍ਹਨ ਲਈ ਮਜਬੂਰ ਕਰਨਾ ਰਾਜਨੀਤਕ ਨਹੀਂ ਬਲਕਿ ਧਾਰਮਿਕ ਅਧਿਕਾਰਾਂ ਅਤੇ ਧਾਰਮਿਕ ਆਜ਼ਾਦੀ ਦਾ ਹਨਨ ਹੈ। ਇਸੇ ਸਿਧਾਂਤ ਤੇ ਚਲਦਿਆਂ ਗੁਰੂ ਤੇਗ ਬਹਾਦਰ ਜੀ ਨੇ ਤਿਲਕ ਜੰਞੂ ਦੀ ਖਾਤਿਰ ਸੀਸ ਬਲੀਦਾਨ ਕੀਤਾ।

ਰਾਜਨੀਤੀ ਕਿਵੇਂ ਧਰਮ ਤੇ ਹਾਵੀ ਹੁੰਦੀ ਹੈ ਉਸ ਦਾ ਇਕ ਦਿਲਚਸਪ ਉਦਾਹਰਣ ਮਾਸਟਰ ਤਾਰਾ ਸਿੰਘ ਜੀ ਦੀ ਲਿਖਤ ਵਿਚ ਮਿਲਦਾ ਹੈ। ਦੇਸ਼ ਦੀ ਵੰਡ ਦੇ ਤੁਰੰਤ ਬਾਅਦ ਉਹਨਾਂ ਨੂੰ ਅਲਮੋੜਾ ਜੇਲ ਵਿਚ ਕੈਦ ਕੀਤਾ ਗਿਆ। ਉੱਥੇ ਦੇ ਵਰਤਾਰੇ ਨੂੰ ਉਹਨਾਂ ਨੇ ਖੁਦ ਕਲਮ ਬਧ ਕੀਤਾ,

ਇਕ ਗੱਲ ਮੈਂ ਅਲਮੋੜਾ ਜੇਲ੍ਹ ਵਿਚ ਵੇਖੀ ਤੇ ਪੁਛਣ ਉਤੇ ਪਤਾ ਲੱਗਾ ਕਿ ਇਹ ਗੱਲ ਯੂ.ਪੀ. ਦੀਆਂ ਸਭ ਜੇਲ੍ਹਾਂ ਵਿਚ ਹੈ । ਉਹ ਇਹ ਕਿ ਸਭ ਕੈਦੀਆਂ ਨੂੰ ਸਵੇਰੇ ਤੇ ਸ਼ਾਮ ਨੂੰ ਲਾਈਨ ਵਿਚ ਖੜੇ ਹੋ ਕੇ 'ਰਘੂਪਤੀ ਰਾਘਵ ਰਾਜਾ ਰਾਮ। ਪਤਿਤ ਪਾਵਨ ਸੀਤਾ ਰਾਮ' ਪੜ੍ਹਨਾ ਪੈਂਦਾ ਹੈ। ਮੁਸਲਮਾਨ ਤੇ ਸਿੱਖਾਂ ਨੂੰ ਭੀ ਪੜ੍ਹਨਾ ਪੈਂਦਾ ਹੈ। ਦਰੋਗਾ ਜੇਲ੍ਹ, ਜੋ ਹਿੰਦੂ ਸੀ, ਉਸ ਨੂੰ ਕਿਹਾ ਕਿ ਇਸ ਤਰ੍ਹਾਂ ਗ਼ੈਰ-ਹਿੰਦੂਆਂ ਨੂੰ ਕਿਉਂ ਇਹ ਹਿੰਦੂ ਭਜਨ ਪੜ੍ਹਾਇਆ ਜਾਂਦਾ ਹੈ ? ਜੇਲਰ ਸਾਹਿਬ ਨੇ ਜਵਾਬ ਦਿੱਤਾ, 'ਯੇਹ ਖ਼ੁਸ਼ੀ ਸੇ ਪੜ੍ਹਤੇ ਹੈਂ। ਮੈਂ ਕਿਹਾ ਕਿ ਜੇ ਖ਼ੁਸ਼ੀ ਨਾਲ ਪੜ੍ਹਦੇ ਹਨ ਤਾਂ ਮੇਰੇ ਸਾਹਮਣੇ ਇਕ ਵੇਰਾਂ ਇਹਨਾਂ ਕੈਦੀਆਂ ਨੂੰ ਕਹਿ ਦੇਵੋ ਕਿ ਜੋ ਇਹ ਭਜਨ ਖ਼ੁਸ਼ੀ ਨਾਲ ਪੜ੍ਹਦਾ ਹੈ, ਉਹ ਪੜ੍ਹੇ ਤੇ ਜੋ ਨਹੀਂ ਪੜ੍ਹਨਾ ਚਾਹੁੰਦਾ, ਉਹ ਬੇਸ਼ਕ ਚਲਾ ਜਾਵੇ। ਇਸ ਦਾ ਉਤਰ ਜੇਲਰ ਸਾਹਿਬ ਨੇ ਇਹ ਦਿੱਤਾ ਕਿ 'ਫਿਰ ਤੋਂ ਸਭ ਚਲੇ ਜਾਏਂਗੇ।' ਮੈਂ ਕਿਹਾ, ਚੰਗੀ ਖ਼ੁਸ਼ੀ ਨਾਲ ਪੜ੍ਹਦੇ ਹਨ।

ਮੁਹੰਮਦ ਬਿਨ ਤੁਗਲਕ ਦੇ ਕਾਲ ਵਿਚ ਭਗਤ ਨਾਮਦੇਵ ਜੀ ਨੂੰ ਕਿਹਾ ਗਿਆ ਕਿ ਤੁਹਾਨੂੰ ਰਾਮ ਦਾ ਨਾਮ ਛੱਡ ਕੇ ਖ਼ੁਦਾ ਖ਼ੁਦਾ ਕਰਨਾ ਪੈਣਾ ਹੈ। ਹਾਲਾਂ ਕਿ ਗੁਰਮਤਿ ਏਕੋ ਅਲਹੁ ਪਾਰਬ੍ਰਹਮ।। (ਮ:੫ ੮੯੭) ਦਾ ਪਾਠ ਪੜ੍ਹਾਉਂਦੀ ਹੈ ਪਰ ਧੱਕੇ ਨਾਲ ਕਿਸੇ ਤੇ ਥੋਪਣ ਨੂੰ ਪ੍ਰਵਾਨ ਨਹੀਂ ਕਰਦੀ। ਭਗਤ ਜੀ ਨੇ ਰਾਮ ਦਾ ਨਾਮ ਛੱਡ ਖ਼ੁਦਾ ਕਹਿਣ ਤੋਂ ਇਨਕਾਰ ਕਰ ਦਿੱਤਾ। ਜਦੋਂ ਉਹਨਾਂ ਦੀ ਮਾਤਾ ਨੇ ਵੀ ਉਹਨਾਂ ਨੂੰ ਨਵਾਬ ਦੀ ਗੱਲ ਮੰਨ ਜਾਣ ਲਈ ਕਿਹਾ ਤਾਂ ਭਗਤ ਨਾਮਦੇਵ ਜੀ ਨੇ ਸਪਸ਼ਟ ਤੌਰ ਤੇ ਕਹਿ ਦਿੱਤਾ,

ਰੁਦਨੁ ਕਰੈ ਨਾਮੇ ਕੀ ਮਾਇ ॥
ਛੋਡਿ ਰਾਮੁ ਕੀ ਨ ਭਜਹਿ ਖੁਦਾਇ ॥੬ ॥
ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ ॥
ਪਿੰਡੁ ਪੜੈ ਤਉ ਹਰਿ ਗੁਨ ਗਾਇ ॥੭ ॥ (ਭੈਰਉ ਭ. ਨਾਮਦੇਵ ਜੀ ੧੧੬੬)

ਸੋ ਸਿੱਖ ਕੌਮ ਤੋਂ ਵੱਧ ਹੋਰ ਕੌਣ ਹੈ ਜੋ ਵਤਨ ਪ੍ਰਸਤੀ ਨੂੰ ਸਮਝਦਾ ਹੈ। ਪੰਥਕ ਕਵੀ ਤੇਜਾ ਸਿੰਘ ਸਾਬਰ ਨੇ ਲਿਖਿਆ ਸੀ,

ਦੁਨੀਆ ਦੇ ਸਾਰੇ ਕੰਮਾਂ ਤੋਂ ਇਹ ਕੰਮ ਇਕ ਭਾਰਾ ਪਹਿਲਾਂ ਏ।
ਸਿੱਖੀ ਨੂੰ ਉਜਾਗਰ ਰਖਣਾ ਏ, ਸਾਨੂੰ ਸਿਰਜਨਹਾਰਾ ਪਹਿਲਾਂ ਏ।
'ਜੋ ਬੋਲੇ ਸੋ ਨਿਹਾਲ ਹੋਏ', ਸਾਨੂੰ ਇਹ ਜੈਕਾਰਾ ਪਹਿਲਾਂ ਏ।
ਅਸੀਂ ਦੇਸ਼ ਵਤਨ ਦੇ ਵੈਰੀ ਨਹੀਂ ਸਾਨੂੰ ਇਹ ਵੀ ਯਾਰਾ ਪਹਿਲਾਂ ਏ।
ਪਰ ਜਿੱਥੇ ਸਵਾਲ ਏ ਸਿੱਖੀ ਦਾ ਸਾਨੂੰ ਪੰਥ ਪਿਆਰਾ ਪਹਿਲਾਂ ਏ।
ਕੋਈ ਦੇਸ਼ ਵਤਨ ਦੀ ਇਜ਼ਤ ਲਈ ਜੇ ਜਿੰਦ ਮੰਗੇ ਤਾਂ ਹਾਜ਼ਰ ਹਾਂ।
ਕੋਈ ਸੀਖਾਂ ਤਾ ਤਾ ਏਸ ਲਈ ਜੇ ਅੰਗ ਅੰਗੇ ਤੇ ਹਾਜ਼ਰ ਹਾਂ।
ਆਜ਼ਾਦੀ ਲਈ ਜੇ ਖ਼ੂਨ ਅੰਦਰ ਕੋਈ ਹੱਥ ਰੰਗੇ ਤੇ ਹਾਜ਼ਰ ਹਾਂ।
ਸੂਲੀ ਦੀਆਂ ਤਿੱਖੀਆਂ ਨੋਕਾਂ ਤੇ ਜੇ ਸੀਸ ਡੰਗੇ ਤੇ ਹਾਜ਼ਰ ਹਾਂ ।
ਸਾਨੂੰ ਹੋਰ ਗੱਲਾਂ ਸਭ ਪਿੱਛੋਂ ਨੇ ਤੇ ਪੰਥ ਪਿਆਰਾ ਪਹਿਲਾਂ ਏ।
(ਤੇਜਾ ਸਿੰਘ ਸਾਬਰ)

ਸੋ ਇਸ ਅਹਿਮ ਸੰਵੇਦਸ਼ੀਲ ਕੌਮੀ ਅਤੇ ਧਾਰਮਿਕ ਮਸਲੇ 'ਤੇ ਰਾਜਸੀ ਅਤੇ ਧਾਰਮਿਕ ਸੱਤਾਧਾਰੀਆਂ ਨੂੰ ਵੀ ਏਕਤਾ (unity) ਦੀ ਨੀਤੀ ਅਪਣਾਉਣੀ ਚਾਹੀਦੀ ਹੈ, ਨਾ ਕਿ ਏਕੀਕਰਨ (unification) ਦੀ।

# ਸਿੱਖ ਬਨਾਮ ਤੌਖ਼ਲਿਆਂ ਨੂੰ ਹਵਾ ਦਿੰਦੀ ਸਿਆਸਤ

ਅਰਵਿੰਦਰ ਜੌਹਲ

ਡੋਨਲਡ ਟਰੰਪ ਜਦੋਂ ਤੋਂ 'ਅਮਰੀਕਾ ਨੂੰ ਫਿਰ ਤੋਂ ਮਹਾਨ ਬਣਾਉਣ' (To make America great again) ਦਾ ਨਾਅਰਾ ਦੇ ਕੇ ਦੂਜੀ ਵਾਰ ਰਾਸ਼ਟਰਪਤੀ ਬਣਿਆ ਹੈ, ਉਦੋਂ ਤੋਂ ਹੀ ਉਸ ਨੇ ਆਲਮੀ ਸਿਆਸਤ, ਰਣਨੀਤੀ, ਅਰਥਵਿਵਸਥਾ ਅਤੇ ਖ਼ਾਸਕਰ ਇਮੀਗ੍ਰੇਸ਼ਨ ਦੇ ਮਾਮਲੇ 'ਚ ਹੇਠਲੀ ਉੱਤੇ ਕੀਤੀ ਹੋਈ ਹੈ। ਅਸਲ 'ਚ ਉਹ ਅਮਰੀਕੀਆਂ ਦੀਆਂ ਨਜ਼ਰਾਂ 'ਚ ਉਨ੍ਹਾਂ ਦਾ ਖ਼ੈਰਖ਼ਾਹ ਬਣਨਾ ਚਾਹੁੰਦਾ ਹੈ, ਜੋ ਉਨ੍ਹਾਂ ਬਾਰੇ ਇਸ ਗੱਲੋਂ ਫ਼ਿਕਰਮੰਦ ਹੈ ਕਿ ਬਾਹਰੋਂ ਆਏ ਲੋਕ ਅਮਰੀਕੀ ਲੋਕਾਂ ਤੋਂ ਮੌਕੇ ਖੋਹ ਜਾਂ ਵੰਡਾ ਨਾ ਸਕਣ। ਅਮਰੀਕੀਆਂ ਅੰਦਰਲੇ ਅਜਿਹੇ ਤੌਖ਼ਲਿਆਂ ਨੂੰ ਹਵਾ ਦੇਣਾ ਉਸ ਦੀ ਸਿਆਸਤ ਨੂੰ ਵਾਰਾ ਖਾਂਦਾ ਹੈ। ਹਾਲ ਹੀ ਵਿੱਚ ਅਮਰੀਕਾ ਦੇ ਹੋਮਲੈਂਡ ਸਕਿਉਰਿਟੀ ਵਿਭਾਗ ਦੇ ਇੱਕ ਇਸ਼ਤਿਹਾਰ ਨੂੰ ਲੈ ਕੇ ਚਾਰੋਂ ਪਾਸੇ ਵਿਵਾਦ ਭਖਿਆ ਹੋਇਆ ਹੈ, ਜੋ ਸਿੱਖ ਭਾਈਚਾਰੇ ਲਈ ਬਹੁਤ ਹੱਤਕ ਭਰਿਆ ਹੈ। ਤਿੱਖੇ ਵਿਰੋਧ ਮਗਰੋਂ ਹੋਮਲੈਂਡ ਸਕਿਉਰਿਟੀ ਵਿਭਾਗ ਨੇ ਇਹ ਇਸ਼ਤਿਹਾਰ ਹਟਾ ਤਾਂ ਲਿਆ ਹੈ, ਪਰ ਇਹ ਘਟਨਾ ਸਾਨੂੰ ਇਹ ਸਮਝਾਉਣ ਲਈ ਕਾਫ਼ੀ ਹੈ ਕਿ ਅਮਰੀਕਾ ਨੂੰ 'ਗ੍ਰੇਟ' ਬਣਾਉਣ ਲਈ ਟਰੰਪ ਪ੍ਰਸ਼ਾਸਨ ਵੱਲੋਂ ਅਪਣਾਏ ਜਾ ਰਹੇ ਢੰਗ ਤਰੀਕਿਆਂ ਦਾ ਇਹ ਇੱਕ ਛੋਟਾ ਜਿਹਾ ਨਮੂਨਾ ਹੈ।

ਇਸ ਇਸ਼ਤਿਹਾਰ ਵਿੱਚ ਸਿੱਖ ਡਰਾਈਵਰਾਂ ਨੂੰ 'ਮਿਸਟਰ ਸਿੰਘ' ਕਹਿੰਦਿਆਂ ਖ਼ੁਦ ਹੀ ਦੇਸ਼ (ਅਮਰੀਕਾ) ਛੱਡ ਜਾਣ ਲਈ ਕਿਹਾ ਗਿਆ ਹੈ। ਬਿਨਾਂ ਕਮਰਸ਼ੀਅਲ ਲਾਇਸੈਂਸ ਵਾਹਨ ਚਲਾਉਣ ਵਾਲਿਆਂ ਖ਼ਿਲਾਫ਼ ਵਿੱਢੀ ਇਸ ਮੁਹਿੰਮ 'ਚ 'ਮਿਸਟਰ ਸਿੰਘ' ਕਹਿ ਕੇ ਇੱਕ ਤਰ੍ਹਾਂ ਨਾਲ ਸਮੁੱਚੇ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਉਂਦਿਆਂ ਸਾਂਵਲੇ ਰੰਗ ਦੇ ਦਾੜ੍ਹੀ ਵਾਲੇ ਇੱਕ ਵਿਅਕਤੀ ਨੂੰ ਕਿਹਾ ਜਾ ਰਿਹਾ ਹੈ, "ਸਾਡੀਆਂ ਸੜਕਾਂ ਤੋਂ ਲਾਂਭੇ ਹੋ ਜਾਓ। ਤੁਹਾਨੂੰ ਗੱਡੀ ਨਹੀਂ ਚਲਾਉਣੀ ਆਉਂਦੀ।" ਏ ਆਈ ਰਾਹੀਂ ਤਿਆਰ ਕੀਤੇ ਗਏ ਇਸ ਇਸ਼ਤਿਹਾਰ ਨੂੰ ਸੋਸ਼ਲ ਮੀਡੀਆ 'ਤੇ ਸਾਂਝਾ ਕੀਤੇ ਜਾਣ ਮਗਰੋਂ ਕਿਸੇ ਇੱਕ ਭਾਈਚਾਰੇ ਨੂੰ ਇਉਂ ਨਿਸ਼ਾਨਾ ਬਣਾਏ ਜਾਣ ਦਾ ਪੱਤਰਕਾਰਾਂ, ਕਾਨੂੰਨਸਾਜ਼ਾਂ, ਮਨੁੱਖੀ ਅਧਿਕਾਰ ਸੰਗਠਨਾਂ ਅਤੇ ਸਮਾਜ ਦੇ ਵੱਖ-ਵੱਖ ਵਰਗਾਂ ਵੱਲੋਂ ਤਿੱਖਾ ਵਿਰੋਧ ਕੀਤਾ ਗਿਆ ਸੀ।

ਗੱਲ ਸਿਰਫ਼ ਇਸ਼ਤਿਹਾਰ ਤੱਕ ਹੀ ਸੀਮਿਤ ਨਾ ਰਹੀ। 'ਐਕਸ' 'ਤੇ ਪੋਸਟ ਕੀਤੀ ਗਈ ਇੱਕ ਹੋਰ ਵੀਡੀਓ 'ਚ 'ਟਰਾਂਸਫਾਰਮਰ' ਫਿਲਮ ਦੇ ਮੁੱਖ ਖਲਨਾਇਕ ਮੈਗਾਟਰੌਨ ਨੂੰ 'ਏਲੀਅਨਜ਼' ਦੀ ਰਿਹਾਈ ਲਈ ਗੱਲ ਕਰਦੇ ਦਿਖਾਇਆ ਗਿਆ ਹੈ। 'ਏਲੀਅਨ' ਸ਼ਬਦ ਟਰੰਪ ਪ੍ਰਸ਼ਾਸਨ ਵੱਲੋਂ ਹੋਰ ਦੇਸ਼ਾਂ ਤੋਂ ਅਮਰੀਕਾ ਆ ਕੇ ਵਸੇ ਲੋਕਾਂ ਲਈ ਵਰਤਿਆ ਜਾਂਦਾ ਹੈ। ਇਸੇ ਵੀਡੀਓ ਵਿੱਚ ਸੜਕ ਹਾਦਸਿਆਂ ਅਤੇ ਹੋਰ ਅਪਰਾਧਾਂ 'ਚ ਸ਼ਾਮਿਲ ਪੰਜਾਬੀ ਟਰੱਕ ਡਰਾਈਵਰਾਂ ਹਰਜਿੰਦਰ ਸਿੰਘ, ਜਸਵੀਰ ਸਿੰਘ ਅਤੇ ਰਾਜਵਿੰਦਰ ਕੁਮਾਰ ਦੀਆਂ ਤਸਵੀਰਾਂ ਵੀ ਸਕਰੀਨ 'ਤੇ ਦਿਖਾਈ ਦਿੰਦੀਆਂ ਹਨ। ਹੋਮਲੈਂਡ ਸਕਿਉਰਿਟੀ ਵਿਭਾਗ ਦਾ ਇਹ ਵੀ ਕਹਿਣਾ ਹੈ ਕਿ "ਜੇਕਰ ਤੁਸੀਂ ਇਸ ਮੁਲਕ 'ਚ ਵਿਰੋਧੀ ਭਾਵਨਾਵਾਂ ਦੇ ਇਰਾਦੇ ਨਾਲ ਕਦਮ ਰੱਖਦੇ ਹੋ ਤਾਂ ਇਹ ਸਮਝ ਲਓ ਕਿ ਅਸੀਂ ਆਪਣੀ ਰੱਖਿਆ ਕਰਾਂਗੇ।" ਇੱਕ ਹੋਰ ਪੋਸਟ 'ਚ 'ਟਰਾਂਸਫਾਰਮਰ' ਦੇ ਨਾਇਕ ਓਪਟੀਮਸ ਪ੍ਰਾਈਮ ਨੂੰ ਹੋਮਲੈਂਡ ਸਕਿਉਰਿਟੀ ਵਿਭਾਗ ਦਾ ਪਛਾਣ ਚਿੰਨ੍ਹ ਬਾਂਹ 'ਤੇ ਬੰਨ੍ ?ਆ ਹੋਇਆ ਦਿਖਾਇਆ ਗਿਆ ਹੈ। ਉਹ ਦਾੜ੍ਹੀ ਵਾਲੇ ਇੱਕ ਵਿਅਕਤੀ ਨੂੰ ਆਖਦਾ ਹੈ, "ਆਪਣੇ ਆਪ ਹੀ ਮੁਲਕ ਛੱਡ ਕੇ ਚਲੇ ਜਾਓ, ਨਹੀਂ ਤਾਂ ਅੰਜਾਮ ਭੁਗਤਣ ਲਈ ਤਿਆਰ ਰਹੋ।" ਇਸ ਇਸ਼ਤਿਹਾਰ ਵਿੱਚ 'ਅਮਰੀਕਾ ਸਿਰਫ਼ ਅਮਰੀਕੀਆਂ ਲਈ' ਵੀ ਲਿਖਿਆ ਹੋਇਆ ਹੈ। ਇਹ ਇਸ਼ਤਿਹਾਰ ਉਨ੍ਹਾਂ ਇਮੀਗਰੇਸ਼ਨ ਨੀਤੀਆਂ ਦਾ ਹੀ ਹਿੱਸਾ ਜਾਪਦਾ ਹੈ, ਜਿਨ੍ਹਾਂ ਬਾਰੇ ਟਰੰਪ ਨੇ ਚੋਣਾਂ ਤੋਂ ਪਹਿਲਾਂ ਵਾਅਦਾ ਕੀਤਾ ਸੀ। ਖ਼ੈਰ, ਇਨ੍ਹਾਂ ਨੀਤੀਆਂ ਤਹਿਤ ਜਿਨ੍ਹਾਂ ਗ਼ੈਰ-ਕਾਨੂੰਨੀ ਆਵਾਸੀਆਂ ਨੂੰ ਟਰੰਪ ਪ੍ਰਸ਼ਾਸਨ ਦੇਸ਼ 'ਚੋਂ ?ਕੱਢਣ ਲਈ ਉਤਾਵਲਾ ਹੈ ਉਨ੍ਹਾਂ ਵਿੱਚ ਸਿੱਖ ਭਾਈਚਾਰੇ ਨਾਲ ਸਬੰਧਿਤ ਵਿਅਕਤੀ ਮਹਿਜ਼ 2 ਫ਼ੀਸਦੀ ਹਨ ਜਦੋਂਕਿ ਮੈਕਸਿਕੋ ਦੇ 43.8, ਗੁਆਟੇਮਾਲਾ ਦੇ 6.8 ਅਤੇ ਅਲ ਸਲਵਾਡੋਰ ਦੇ 6.5 ਫ਼ੀਸਦੀ ਵਿਅਕਤੀ ਗ਼ੈਰ-ਕਾਨੂੰਨੀ ਤੌਰ 'ਤੇ ਅਮਰੀਕਾ ਵਿੱਚ ਰਹਿ ਰਹੇ ਹਨ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਿੱਖ ਭਾਈਚਾਰੇ ਨਾਲ ਸਬੰਧਿਤ ਕੁਝ ਕੁ ਵਿਅਕਤੀ ਸੜਕ ਹਾਦਸਿਆਂ ਜਾਂ ਹੋਰ ਅਪਰਾਧਾਂ 'ਚ ਸ਼ਾਮਿਲ ਰਹੇ ਹੋਣਗੇ, ਪਰ ਉਨ੍ਹਾਂ ਵਿਅਕਤੀਆਂ ਦੀਆਂ ਤਸਵੀਰਾਂ ਦੇ ਨਾਲ ਸਮੁੱਚੇ ਭਾਈਚਾਰੇ ਨੂੰ ਹੀ ਨਿਯਮਾਂ-ਕਾਨੂੰਨਾਂ ਦੀ ਉਲੰਘਣਾ ਕਰਨ ਵਾਲੇ ਜਾਂ ਅਪਰਾਧੀ ਦੱਸਣਾ ਤਰਕ ਜਾਂ ਨੈਤਿਕਤਾ ਦੇ ਕਿਸੇ ਵੀ ਤਕਾਜ਼ੇ ਤੋਂ ਉਚਿਤ ਨਹੀਂ ਠਹਿਰਾਇਆ ਜਾ ਸਕਦਾ।

ਅਮਰੀਕੀ ਨਿਊਜ਼ ਐਂਕਰ ਐਲਿਕ ਨੋਲਨ ਨੇ ਸਿੱਖ ਭਾਈਚਾਰੇ ਦੇ ਹੱਕ ਵਿੱਚ ਖੜ੍ਹਦਿਆਂ ਹੋਮਲੈਂਡ ਸਕਿਉਰਿਟੀ ਵਿਭਾਗ ਦੇ ਇਸ ਇਸ਼ਤਿਹਾਰ ਦਾ ਤਿੱਖਾ ਵਿਰੋਧ ਕੀਤਾ ਹੈ। ਉਸ ਨੇ ਆਪਣੇ ਪੜਦਾਦਾ ਕਥਾ ਸਿੰਘ ਦੀ ਕਹਾਣੀ ਦੱਸੀ, ਜੋ ਦਹਾਕਿਆਂ ਪਹਿਲਾਂ ਬਿਹਤਰ ਜ਼ਿੰਦਗੀ ਦੀ ਤਲਾਸ਼ ਵਿੱਚ ਅਮਰੀਕਾ ਆਇਆ ਸੀ ਤੇ ਉਸ ਨੇ ਕੈਲੀਫੋਰਨੀਆ 'ਚ ਖੇਤੀ ਨੂੰ ਆਪਣਾ ਕਿੱਤਾ ਬਣਾਇਆ। ਉਸ ਮਗਰੋਂ ਉਸ ਦੇ ਦਾਦੇ ਦਾਨ ਸਿੰਘ ਨੇ ਖੇਤੀ ਦੇ ਕਿੱਤੇ ਦੇ ਨਾਲ-ਨਾਲ ਟਰੱਕ ਡਰਾਈਵਰੀ ਵੀ ਕੀਤੀ ਅਤੇ ਅਮਰੀਕੀ ਸਮਾਜ 'ਚ ਆਪਣੇ ਆਪ ਨੂੰ ਸਥਾਪਿਤ ਕੀਤਾ। ਜੋ ਕੁਝ ਵੀ ਉਸ ਦੇ ਪਰਿਵਾਰ ਨੇ ਹਾਸਿਲ ਕੀਤਾ, ਉਸ ਪਿੱਛੇ ਉਸ ਦੇ ਪੁਰਖਿਆਂ ਦੀ ਕਰੜੀ ਮਿਹਨਤ ਸੀ। ਨੋਲਨ ਦਾ ਰਹਿਣ-ਸਹਿਣ ਭਾਵੇਂ ਪੂਰੀ ਤਰ੍ਹਾਂ ਅਮਰੀਕੀ ਹੈ, ਪਰ ਜੜ੍ਹਾਂ ਤਾਂ ਸਿੱਖਾਂ ਨਾਲ ਜੁੜੀਆਂ ਹੋਈਆਂ ਹਨ। ਇਸ ਇਸ਼ਤਿਹਾਰ 'ਚ ਜਦੋਂ 'ਮਿਸਟਰ ਸਿੰਘ' ਨੂੰ ਸੜਕਾਂ ਤੋਂ ਹਟਣ ਲਈ ਕਿਹਾ ਗਿਆ ਤਾਂ ਨੋਲਨ ਨੂੰ ਲੱਗਿਆ ਜਿਵੇਂ ਉਸ ਦੀ ਸਿੱਖ ਸ਼ਨਾਖ਼ਤ ਨੂੰ ਗਾਲ੍ਹ ਕੱਢੀ ਗਈ ਹੋਵੇ ਕਿਉਂਕਿ ਉਸ ਦਾ ਦਾਦਾ ਦਾਨ ਸਿੰਘ ਆਪਣੀ ਰੋਜ਼ੀ-ਰੋਟੀ ਲਈ ਅਮਰੀਕਾ ਦੀਆਂ ਸੜਕਾਂ 'ਤੇ ਟਰੱਕ ਹੀ ਤਾਂ ਚਲਾਉਂਦਾ ਸੀ। ਇਸੇ ਲਈ ਨੋਲਨ ਨੂੰ ਇਹ ਇਸ਼ਤਿਹਾਰ ਨਸਲਵਾਦੀ ਅਤੇ ਹੱਤਕ ਭਰਿਆ ਜਾਪਿਆ।

ਅਸਲ ਵਿੱਚ ਅਮਰੀਕਾ ਵਿੱਚ ਸਿੱਖਾਂ ਦੀ ਆਮਦ 18ਵੀਂ ਸਦੀ ਦੇ ਅਖੀਰ ਅਤੇ 19ਵੀਂ ਸਦੀ ਦੇ ਸ਼ੁਰੂ ਵਿੱਚ ਹੋਈ। ਇਨ੍ਹਾਂ ਵਿੱਚ ਬਹੁਤੇ ਕਿਸਾਨ ਅਤੇ ਸਾਬਕਾ ਫ਼ੌਜੀ ਸਨ। ਸੰਨ 1899 ਤੋਂ 1914 ਦਰਮਿਆਨ ਅਮਰੀਕਾ ਦੇ ਪੱਛਮੀ ਕੰਢੇ (ਵੈਸਟ ਕੋਸਟ) 'ਤੇ ਪੁੱਜਣ ਵਾਲੇ 6,800 ਵਿਅਕਤੀਆਂ ਵਿੱਚ 85 ਫ਼ੀਸਦੀ ਸਿੱਖ ਸ਼ਾਮਿਲ ਸਨ, ਜਿਨ੍ਹਾਂ ਅਮਰੀਕਾ ਪੁੱਜ ਕੇ ਮੁੱਖ ਤੌਰ 'ਤੇ ਖੇਤੀਬਾੜੀ ਦਾ ਕਿੱਤਾ ਅਪਣਾਇਆ। ਉਨ੍ਹਾਂ ਕੈਲੀਫੋਰਨੀਆ ਦੀ ਸੈਂਟਰਲ ਵੈਲੀ ਨੂੰ ਖੇਤੀਬਾੜੀ ਲਈ ਉਪਜਾਊ ਜ਼ਮੀਨ ਵਿੱਚ ਬਦਲ ਦਿੱਤਾ ਅਤੇ 1920ਵਿਆਂ ਤੱਕ ਇਹ ਭਾਈਚਾਰਾ ਇੱਥੇ ਖੇਤੀਬਾੜੀ ਵਾਲੀ 10 ਹਜ਼ਾਰ ਏਕੜ ਜ਼ਮੀਨ ਦਾ ਮਾਲਕ ਬਣ ਗਿਆ ਸੀ। ਖੇਤੀਬਾੜੀ ਦੇ ਨਾਲ-ਨਾਲ ਇਸ ਭਾਈਚਾਰੇ ਨੇ ਅਮਰੀਕਾ ਦੀ ਕਮਰਸ਼ੀਅਲ ਟਰੱਕਿੰਗ ਇੰਡਸਟਰੀ ਵਿੱਚ ਭਰਵਾਂ ਯੋਗਦਾਨ ਪਾਇਆ। ਕਮਰਸ਼ੀਅਲ ਟਰੱਕਿੰਗ ਅਮਰੀਕੀ ਅਰਥਚਾਰੇ ਦੀ ਜੀਵਨ ਰੇਖਾ ਹੈ ਅਤੇ ਸਿੱਖ ਭਾਈਚਾਰੇ ਵੱਲੋਂ ਅਮਰੀਕੀ ਅਰਥਚਾਰੇ 'ਚ ਪਾਏ ਗਏ ਯੋਗਦਾਨ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਅਤੇ ਨਾ ਹੀ ਇਸ ਭਾਈਚਾਰੇ ਦੇ ਪੇਸ਼ੇਵਰ ਮਾਹਿਰਾਂ ਦਾ ਯੋਗਦਾਨ ਨਜ਼ਰਅੰਦਾਜ਼ ਕੀਤਾ ਜਾ ਸਕਦਾ ਹੈ।

ਅਸਲ 'ਚ ਟਰੰਪ ਨੇ ਰਾਸ਼ਟਰਪਤੀ ਦੀ ਚੋਣ ਦੂਜੀ ਵਾਰ ਲੜਨ ਵੇਲੇ ਵਾਅਦਾ ਕੀਤਾ ਸੀ ਕਿ ਨੌਕਰੀਆਂ ਵਿੱਚ ਅਮਰੀਕੀਆਂ ਨੂੰ ਤਰਜੀਹ ਮਿਲੇਗੀ। ਹੋਰਨਾਂ ਵਾਅਦਿਆਂ ਦੇ ਨਾਲ ਨਾਲ ਉਸ ਨੇ ਇਹ ਵਾਅਦਾ ਵੀ ਕੀਤਾ ਸੀ ਕਿ ਉਤਪਾਦਨ ਦੇ ਖੇਤਰ ਵਿੱਚ ਪੁਨਰ-ਜਾਗਰਿਤੀ ਲਿਆਉਣ ਅਤੇ ਵੱਧ ਤਨਖ਼ਾਹ ਵਾਲੀਆਂ ਨੌਕਰੀਆਂ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਅਮਰੀਕੀ ਕੰਪਨੀਆਂ ਦੀਆਂ ਬਾਹਰ ਲਾਈਆਂ ਗਈਆਂ ਫੈਕਟਰੀਆਂ ਨੂੰ ਦੇਸ਼ ਵਿੱਚ ਮੋੜ ਲਿਆਂਦਾ ਜਾਵੇਗਾ। ਉਹ ਅਮਰੀਕਾ ਦੀਆਂ ਪ੍ਰਮੁੱਖ ਤਕਨੀਕੀ ਕੰਪਨੀਆਂ ਵੱਲੋਂ ਤਰਜੀਹੀ ਤੌਰ 'ਤੇ ਅਮਰੀਕੀਆਂ ਲਈ ਰੁਜ਼ਗਾਰ ਪੈਦਾ ਕਰਨ ਅਤੇ ਵਿਦੇਸ਼ੀ ਪ੍ਰਤਿਭਾ 'ਤੇ ਨਿਰਭਰਤਾ ਘਟਾਉਣ ਦਾ ਵੀ ਹਾਮੀ ਸੀ।

ਹਫ਼ਤਾ ਕੁ ਪਹਿਲਾਂ 'ਦਿ ਗਾਰਡੀਅਨ' ਵਿੱਚ ਸਟੀਵਨ ਗਰੀਨਹਾਊਸ ਦੇ ਛਪੇ ਇੱਕ ਲੇਖ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਟਰੰਪ ਨੇ ਪਿਛਲੇ ਸਾਲ ਮਜ਼ਦੂਰ ਦਿਵਸ ਮੌਕੇ ਕਿਹਾ ਸੀ ਕਿ ਟਰੰਪ ਪ੍ਰਸ਼ਾਸਨ ਦੀ ਹਰ ਨੀਤੀ ਅਮਰੀਕੀ ਕਿਰਤੀਆਂ ਦੀ ਬਿਹਤਰੀ ਅਤੇ ਉਨ੍ਹਾਂ ਨੂੰ ਵੱਧ ਤਨਖ਼ਾਹ ਵਾਲੀਆਂ ਨੌਕਰੀਆਂ ਦੇਣ ਲਈ ਘੜੀ ਗਈ ਹੈ। ਖ਼ੈਰ, ਹਕੀਕਤ ਵਿੱਚ ਉਦੋਂ ਤੋਂ ਲੈ ਕੇ ਹੁਣ ਤੱਕ ਟਰੰਪ ਨੇ ਜੋ ਕਦਮ ਚੁੱਕੇ ਹਨ, ਉਹ ਅਮਰੀਕੀ ਕਿਰਤੀਆਂ ਦੇ ਹੱਕ ਵਿੱਚ ਨਹੀਂ ਭੁਗਤਦੇ। ਵ ?ਹਾਈਟ ਹਾਊਸ ਵੱਲੋਂ ਇਹ ਗੱਲ ਬਹੁਤ ਹੁੱਬ ਕੇ ਦੱਸੀ ਜਾਂਦੀ ਹੈ ਕਿ ਅਮਰੀਕੀ ਕਿਰਤੀਆਂ ਦੀਆਂ ਤਨਖ਼ਾਹਾਂ 'ਚ ਚੋਖਾ ਵਾਧਾ ਹੋਇਆ ਹੈ, ਪਰ ਕਿਰਤੀਆਂ ਦਾ ਕਹਿਣਾ ਹੈ ਕਿ ਅਸਲ ਵਿੱਚ ਟਰੰਪ ਪ੍ਰਸ਼ਾਸਨ ਵੱਲੋਂ ਲਾਏ ਗਏ ਟੈਰਿਫਾਂ ਤੇ ਛੇੜੀ ਗਈ ਇਰਾਨ ਜੰਗ ਕਾਰਨ ਕੀਮਤਾਂ ਵਿੱਚ ਤਨਖ਼ਾਹਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਵਾਧਾ ਹੋਇਆ ਹੈ।

ਦੇਸ਼ ਚਾਹੇ ਕੋਈ ਵੀ ਹੋਵੇ ਤੇ ਸਿਆਸਤਦਾਨ ਭਾਵੇਂ ਕਿਸੇ ਵੀ ਪਾਰਟੀ ਦੇ ਹੋਣ, ਜਦੋਂ ਉਹ ਆਪਣੇ ਵੱਲੋਂ ਕੀਤੇ ਗਏ ਵਾਅਦੇ ਪੂਰੇ ਕਰਨ 'ਚ ਨਾਕਾਮ ਰਹਿੰਦੇ ਹਨ ਤਾਂ ਉਹ ਲੋਕ ਕਚਹਿਰੀ 'ਚ ਜਵਾਬਦੇਹੀ ਤੋਂ ਬਚਣ ਲਈ ਅਜਿਹੇ ਭੜਕਾਊ ਮੁੱਦਿਆਂ ਨੂੰ ਛੇੜ ਕੇ ਅਸਲ ਮੁੱਦਿਆਂ ਤੋਂ ਧਿਆਨ ਭਟਕਾਉਣ ਦਾ ਕੰਮ ਕਰਦੇ ਹਨ।




## ਮਿਸਟਰ ਸਿੰਘ ਤੇ ਨਸਲੀ ਵਿਤਕਰਾ

ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਵੱਲੋਂ ਸੋਸ਼ਲ ਮੀਡੀਆ ਉੱਤੇ 'ਮਿਸਟਰ ਸਿੰਘ' ਨੂੰ ਨਿਸ਼ਾਨਾ ਬਣਾਉਂਦਿਆਂ ਪਾਈ ਗਈ ਵਿਵਾਦਿਤ ਇਸ਼ਤਿਹਾਰੀ ਪੋਸਟ ਨੂੰ ਲੋਕਾਂ ਦੇ ਭਾਰੀ ਵਿਰੋਧ ਕਾਰਨ ਹਟਾਉਣਾ ਪਿਆ ਹੈ। ਪਰ ਇਸ ਘਿਣਾਉਣੀ ਘਟਨਾ ਨੂੰ ਸਿਰਫ਼ ਪੋਸਟ ਡਿਲੀਟ ਕਰਨ ਨਾਲ ਹੀ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਬਿਨਾਂ ਲਾਇਸੈਂਸ ਤੋਂ ਕਮਰਸ਼ੀਅਲ ਗੱਡੀਆਂ ਚਲਾਉਣ ਵਾਲਿਆਂ ਵਿਰੁੱਧ ਚਲਾਈ ਗਈ ਮੁਹਿੰਮ ਤਹਿਤ ਇਸ ਇਸ਼ਤਿਹਾਰ ਵਿੱਚ ਮਸਨੂਈ ਬੁੱਧੀ (ਆਰਟੀਫੀਸ਼ੀਅਲ ਇੰਟੈਲੀਜੈਂਸ) ਰਾਹੀਂ ਤਿਆਰ ਕੀਤੀ ਗਈ ਦਾੜ੍ਹੀ ਵਾਲੇ ਭੂਰੇ ਰੰਗ ਦੇ ਵਿਅਕਤੀ ਦੀ ਤਸਵੀਰ ਵਰਤੀ ਗਈ ਸੀ। ਇਸ ਦੇ ਨਾਲ ਸੁਨੇਹਾ ਸੀ, "ਸਾਡੀਆਂ ਸੜਕਾਂ ਤੋਂ ਦਫ਼ਾ ਹੋ ਜਾਓ, ਤੁਹਾਨੂੰ ਗੱਡੀ ਚਲਾਉਣੀ ਨਹੀਂ ਆਉਂਦੀ, ਮਿਸਟਰ ਸਿੰਘ" ਅਤੇ ਅੱਗੇ ਧਮਕੀ ਦਿੱਤੀ ਗਈ ਸੀ, "ਆਪ ਹੀ ਦੇਸ਼ ਨਿਕਾਲਾ ਲੈ ਲਓ ਨਹੀਂ ਤਾਂ ਨਤੀਜਾ ਭੁਗਤਣ ਲਈ ਤਿਆਰ ਰਹੋ।" ਭਾਰਤੀ-ਅਮਰੀਕੀ ਅਤੇ ਸਿੱਖ ਜਥੇਬੰਦੀਆਂ ਦੇ ਨਾਲ-ਨਾਲ ਡੈਮੋਕ੍ਰੈਟਿਕ ਆਗੂਆਂ ਨੇ ਇਸ ਪੋਸਟ ਨੂੰ ਨਸਲਵਾਦੀ ਅਤੇ ਵਿਤਕਰੇ ਭਰੀ ਕਰਾਰ ਦਿੰਦਿਆਂ ਇਸ ਦੀ ਨਿਖੇਧੀ ਕੀਤੀ ਹੈ, ਜੋ ਕਿ ਬਿਲਕੁਲ ਸਹੀ ਹੈ।

ਇਮੀਗ੍ਰੇਸ਼ਨ ਕਾਨੂੰਨਾਂ ਨੂੰ ਲਾਗੂ ਕਰਨ ਜਾਂ ਖ਼ਤਰਨਾਕ ਤਰੀਕੇ ਨਾਲ ਗੱਡੀ ਚਲਾਉਣ ਵਾਲੇ ਡਰਾਈਵਰਾਂ ਨੂੰ ਜਵਾਬਦੇਹ ਬਣਾਉਣ ਵਿੱਚ ਕੋਈ ਬੁਰਾਈ ਨਹੀਂ ਹੈ। ਅਸਲ ਵਿੱਚ ਜਦੋਂ ਲਾਪਰਵਾਹੀ ਜਾਂ ਅਪਰਾਧਿਕ ਵਿਵਹਾਰ ਕਾਰਨ ਮੌਤਾਂ ਹੁੰਦੀਆਂ ਹਨ ਤਾਂ ਸਰਕਾਰਾਂ ਕਾਰਵਾਈ ਕਰਨ ਲਈ ਪਾਬੰਦ ਹੁੰਦੀਆਂ ਹਨ। ਪਰ ਕਾਨੂੰਨ ਲਾਗੂ ਕਰਨ ਦੀ ਪ੍ਰਕਿਰਿਆ ਕਿਸੇ ਵਿਅਕਤੀ ਦੇ ਆਪਣੇ ਚਾਲ-ਚਲਣ ਉੱਤੇ ਆਧਾਰਿਤ ਹੋਣੀ ਚਾਹੀਦੀ ਹੈ, ਨਾ ਕਿ ਨਸਲ, ਦਿੱਖ, ਧਰਮ ਜਾਂ ਉਪਨਾਮ (ਸਰਨੇਮ) ਉੱਤੇ। ਇੱਕ ਫੈਡਰਲ ਏਜੰਸੀ ਦੀ ਤਾਂ ਇਸ ਫ਼ਰਕ ਨੂੰ ਬਣਾਈ ਰੱਖਣ ਦੀ ਹੋਰ ਵੀ ਵੱਡੀ ਜ਼ਿੰਮੇਵਾਰੀ ਬਣਦੀ ਹੈ। 'ਸਿੰਘ' ਸ਼ਬਦ ਦੀ ਵਰਤੋਂ ਖ਼ਾਸ ਤੌਰ 'ਤੇ ਪ੍ਰੇਸ਼ਾਨ ਕਰਨ ਵਾਲੀ ਸੀ। ਇਹ ਉਪਨਾਮ ਸਿੱਖਾਂ ਵਿੱਚ ਆਮ ਹੈ ਅਤੇ ਕੁਝ ਹਿੰਦੂ ਵੀ ਇਸ ਦੀ ਵਰਤੋਂ ਕਰਦੇ ਹਨ। ਇਸ ਨੂੰ ਗ਼ੈਰ-ਕਾਨੂੰਨੀ ਇਮੀਗ੍ਰੇਸ਼ਨ ਜਾਂ ਖ਼ਤਰਨਾਕ ਡਰਾਈਵਿੰਗ ਨਾਲ ਜੋੜਨ ਨਾਲ ਇੱਕ ਸਾਂਝੀ ਸੱਭਿਆਚਾਰਕ ਪਛਾਣ ਨੂੰ ਸਿਆਸੀ ਵਿਅੰਗ ਵਿੱਚ ਬਦਲਣ ਦਾ ਖ਼ਤਰਾ ਪੈਦਾ ਹੁੰਦਾ ਹੈ। ਜਿਸ ਭਾਈਚਾਰੇ ਨੂੰ 9/11 ਦੇ ਹਮਲਿਆਂ ਤੋਂ ਬਾਅਦ ਅਤਿਵਾਦੀ ਸਮਝ ਕੇ ਨਫ਼ਰਤੀ ਅਪਰਾਧਾਂ ਦਾ ਸਾਹਮਣਾ ਕਰਨਾ ਪਿਆ ਸੀ, ਉਸ ਲਈ ਅਜਿਹੀ ਤਸਵੀਰ-ਕਸ਼ੀ ਡੂੰਘੀ ਇਤਿਹਾਸਕ ਪੀੜ ਨੂੰ ਉਜਾਗਰ ਕਰਦੀ ਹੈ।

ਡੀ ਐੱਚ ਐੱਸ ਇਹ ਦਲੀਲ ਦੇ ਸਕਦਾ ਹੈ ਕਿ ਇਸ ਮੁਹਿੰਮ ਦਾ ਮਕਸਦ ਗੰਭੀਰ ਅਪਰਾਧਾਂ ਦੇ ਦੋਸ਼ੀ ਵਿਦੇਸ਼ੀ ਨਾਗਰਿਕਾਂ ਨਾਲ ਜੁੜੇ ਖ਼ਾਸ ਮਾਮਲਿਆਂ ਨੂੰ ਉਜਾਗਰ ਕਰਨਾ ਸੀ। ਉਨ੍ਹਾਂ ਮਾਮਲਿਆਂ ਦੀ ਜਾਂਚ ਹੋਣੀ ਚਾਹੀਦੀ ਹੈ ਅਤੇ ਜਿੱਥੇ ਬਣਦੀ ਹੋਵੇ, ਕਾਨੂੰਨੀ ਕਾਰਵਾਈ ਵੀ ਕੀਤੀ ਜਾਣੀ ਚਾਹੀਦੀ ਹੈ। ਪਰ ਕਿਸੇ ਇੱਕ ਵਿਅਕਤੀ ਦੀ ਗ਼ਲਤੀ ਨੂੰ ਸਮੁੱਚੇ ਭਾਈਚਾਰੇ ਉੱਤੇ ਸ਼ੱਕ ਕਰਨ ਦਾ ਆਧਾਰ ਨਹੀਂ ਬਣਾਇਆ ਜਾ ਸਕਦਾ। ਸਰਕਾਰਾਂ ਨੂੰ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣੀ ਚਾਹੀਦੀ ਹੈ ਅਤੇ ਕਾਨੂੰਨੀ ਇਮੀਗ੍ਰੇਸ਼ਨ ਨੂੰ ਹੱਲਾਸ਼ੇਰੀ ਦੇਣੀ ਚਾਹੀਦੀ ਹੈ ਨਾ ਕਿ ਪੂਰੇ ਭਾਈਚਾਰੇ ਦਾ ਮਖ਼ੌਲ ਉਡਾਉਣਾ ਜਾਂ ਉਨ੍ਹਾਂ ਨੂੰ ਕਟਹਿਰੇ ਵਿੱਚ ਖੜ੍ਹਾ ਕਰਨਾ ਚਾਹੀਦਾ ਹੈ। ਅਮਰੀਕਾ ਨੂੰ ਕਾਨੂੰਨ ਨਿਰਪੱਖ ਤਰੀਕੇ ਨਾਲ ਲਾਗੂ ਕਰਨਾ ਚਾਹੀਦਾ ਹੈ। ਇਹੀ ਮਾਪਦੰਡ ਹਰ ਕਿਸੇ ਲਈ ਇੱਕੋ ਜਿਹਾ ਹੋਣਾ ਚਾਹੀਦਾ ਹੈ, ਭਾਵੇਂ ਉਨ੍ਹਾਂ ਦਾ ਉਪਨਾਮ (ਸਰਨੇਮ) ਕੋਈ ਵੀ ਹੋਵੇ, ਧਰਮ, ਚਮੜੀ ਦਾ ਰੰਗ ਜਾਂ ਨਾਗਰਿਕਤਾ ਦੀ ਸਥਿਤੀ ਕੁਝ ਵੀ ਹੋਵੇ। ਅਮਰੀਕੀ ਸੜਕਾਂ ਉੱਤੇ ਸੁਰੱਖਿਆ ਯਕੀਨੀ ਬਣਾਉਣਾ ਇੱਕ ਜਾਇਜ਼ ਟੀਚਾ ਹੈ, ਪਰ ਹਰ 'ਸਿੰਘ' ਨੂੰ ਸ਼ੱਕੀ ਬਣਾ ਦੇਣਾ ਬਿਲਕੁਲ ਵੀ ਜਾਇਜ਼ ਨਹੀਂ ਹੈ।

# ਰਿਸ਼ਤਿਆਂ ਵਿੱਚ ਆਇਆ ਸਵਾਰਥ



ਮਨੁੱਖ ਦਾ ਜੀਵਨ ਸਮਾਜਿਕ ਰਿਸ਼ਤਿਆਂ ਦੇ ਤਾਣੇ ਬਾਣੇ ਬੁਣਦਾ ਅਗਾਂਹ ਨੂੰ ਵਧਦਾ ਤੁਰਿਆ ਜਾਂਦਾ ਹੈ। ਰਿਸ਼ਤਿਆਂ ਤੋਂ ਬਿਨਾਂ ਮਨੁੱਖੀ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਮਨੁੱਖ ਜਨਮ ਸਮੇਂ ਤੋਂ ਹੀ ਰਿਸ਼ਤਿਆਂ ਨੂੰ ਨਾਲ ਲੈ ਕੇ ਤੁਰਦਾ ਹੈ ਜਦੋਂਕਿ ਉਸ ਨੂੰ ਸਮਝ ਵੀ ਨਹੀਂ ਹੁੰਦੀ। ਉਹ ਮਾਂ-ਬਾਪ, ਭੈਣ-ਭਰਾ ਅਤੇ ਫਿਰ ਅੱਗੇ ਤੋਂ ਅੱਗੇ ਉਨ੍ਹਾਂ ਦੇ ਸਕੇ ਸਬੰਧੀ, ਭਾਵ ਰਿਸ਼ਤਿਆਂ ਦੀ ਇੱਕ ਗੋਦੜੀ ਵਿੱਚ ਲਿਪਟਿਆ ਹੋਇਆ ਆਪਣੀਆਂ ਅੱਖਾਂ ਖੋਲ੍ਹਦਾ ਹੈ। ਉਹ ਜਿਵੇਂ ਜਿਵੇਂ ਵੱਡਾ ਹੋਈ ਜਾਂਦਾ ਹੈ ਸਰੀਰਕ ਕਿਰਿਆਵਾਂ ਦੇ ਨਾਲ ਨਾਲ ਰਿਸ਼ਤਿਆਂ ਦੀਆਂ ਪੇਚੀਦਗੀਆਂ ਵੀ ਸਮਝਣ ਲੱਗ ਜਾਂਦਾ ਹੈ। ਖ਼ੂਨ ਦੇ ਰਿਸ਼ਤੇ-ਸਕੇ, ਅਗਾਂਹ ਉਨ੍ਹਾਂ ਦੇ ਰਿਸ਼ਤੇਦਾਰ-ਸਬੰਧੀ ਅਤੇ ਸਮਾਜ ਵਿੱਚ ਵਿਚਰਦਿਆਂ ਆਲੇ ਦੁਆਲੇ ਦੇ ਲੋਕਾਂ ਨਾਲ ਬਣੇ ਰਿਸ਼ਤੇ ਸਮਾਜਿਕ ਰਿਸ਼ਤੇ ਹੁੰਦੇ ਹਨ। ਸਾਰੇ ਰਿਸ਼ਤੇ ਬਹੁਤ ਸਤਿਕਾਰਯੋਗ ਹੁੰਦੇ ਹਨ, ਜਿਨ੍ਹਾਂ ਦੀ ਮਨੁੱਖੀ ਜੀਵਨ ਵਿੱਚ ਬਹੁਤ ਅਹਿਮੀਅਤ ਹੁੰਦੀ ਹੈ।

ਜ਼ਮਾਨੇ ਦੇ ਬਦਲਣ ਨਾਲ ਰਿਸ਼ਤਿਆਂ ਵਿਚਲੀ ਪਾਕੀਜ਼ਗੀ ਵਿੱਚ ਬਹੁਤ ਤੇਜ਼ੀ ਨਾਲ ਗਿਰਾਵਟ ਆਈ ਹੈ। ਇੱਕ ਜਾਂ ਦੋ ਪੀੜ੍ਹੀਆਂ ਪਿੱਛੇ ਝਾਤੀ ਮਾਰੀਏ ਤਾਂ ਲੋਕਾਂ ਅੰਦਰ ਵਸਤੂਆਂ ਨਾਲੋਂ ਵੱਧ ਰਿਸ਼ਤਿਆਂ ਦੀ ਖਿੱਚ ਅਤੇ ਕਦਰ ਹੁੰਦੀ ਸੀ। ਜਦੋਂ ਦਾ ਮਨੁੱਖ ਪਦਾਰਥਵਾਦੀ ਫ਼ਲਸਫ਼ੇ ਨਾਲ ਅੱਗੇ ਵਧਣ ਲੱਗਿਆ ਹੈ, ਉਦੋਂ ਤੋਂ ਜ਼ਿੰਦਗੀ ਵਿੱਚ ਰਿਸ਼ਤਿਆਂ ਦੀ ਅਹਿਮੀਅਤ ਘਟ ਗਈ ਹੈ ਅਤੇ ਆਪਣੇ ਆਲੇ ਦੁਆਲੇ ਵਸਤਾਂ ਇਕੱਠੀਆਂ ਕਰਨ ਦੀ ਜ਼ਿਆਦਾ ਹੋੜ ਲੱਗ ਗਈ ਹੈ। ਪਦਾਰਥਕ ਸੋਚ ਤੋਂ ਵੀ ਵੱਧ ਮਨੁੱਖੀ ਰਿਸ਼ਤਿਆਂ ਦਾ ਘਾਣ ਕਰਨ ਵਾਲੀ ਜਿਹੜੀ ਗੱਲ ਸਾਹਮਣੇ ਆ ਰਹੀ ਹੈ ਉਹ ਹੈ ਵਿਸ਼ਵੀਕਰਨ। ਵਿਸ਼ਵੀਕਰਨ ਹੋਣ ਕਰਕੇ ਜਿੱਥੇ ਇੱਕ ਪਾਸੇ ਤਰੱਕੀ ਦੇ ਰਾਹ ਖੁੱਲ੍ਹ ਰਹੇ ਹਨ, ਉੱਥੇ ਦੂਜੇ ਪਾਸੇ ਸਾਡੇ ਵਿਰਸੇ, ਮਨੁੱਖੀ ਸੋਚ, ਜੀਵਨਸ਼ੈਲੀ ਅਤੇ ਰਿਸ਼ਤਿਆਂ ਵਿਚਲੀ ਸਾਂਝ ਉੱਪਰ ਗਹਿਰੀ ਸੱਟ ਵੱਜ ਰਹੀ ਹੈ ਖ਼ਾਸ ਕਰਕੇ ਸਾਡੇ ਪੰਜਾਬੀ ਸੱਭਿਆਚਾਰ ਉੱਪਰ ਇਸ ਦਾ ਗਹਿਰਾ ਅਸਰ ਪੈ ਰਿਹਾ ਹੈ।

ਇੱਕ ਸਮਾਂ ਇਹੋ ਜਿਹਾ ਵੀ ਸੀ ਜਦੋਂ ਵਿਆਹ ਕਰਕੇ ਬਣਾਏ ਗਏ ਰਿਸ਼ਤੇ ਦੋ ਧਿਰਾਂ ਨੂੰ ਸਤਿਕਾਰ ਸਹਿਤ ਜੋੜ ਕੇ ਦੋਵੇਂ ਖਾਨਦਾਨਾਂ ਵਿੱਚ ਜਿੱਥੇ ਇੱਕ ਰੰਗਲਾ ਮਾਹੌਲ ਪੈਦਾ ਕਰਦੇ ਸਨ, ਉੱਥੇ ਆਲੇ ਦੁਆਲੇ ਵਿੱਚ ਵੀ ਖ਼ੁਸ਼ੀਆਂ ਭਰਿਆ ਮਾਹੌਲ ਸਿਰਜਦੇ ਸਨ। ਜੋ ਕਾਫ਼ੀ ਸਮੇਂ ਤੱਕ ਯਾਦਾਂ ਦਾ ਹਿੱਸਾ ਬਣ ਕੇ ਘਰਾਂ ਅੰਦਰ ਖ਼ੁਸ਼ੀਆਂ ਪੈਦਾ ਕਰਦਾ ਰਹਿੰਦਾ ਸੀ। ਜਦੋਂ ਇੱਕ ਵਿਆਹ ਦੀਆਂ ਯਾਦਾਂ ਥੋੜ੍ਹੀਆਂ ਫਿੱਕੀਆਂ ਪੈਣ ਲੱਗਣੀਆਂ, ਉਦੋਂ ਤੱਕ ਖਾਨਦਾਨ ਦੇ ਕਿਸੇ ਹੋਰ ਛੋਟੇ ਕੁੜੀ ਜਾਂ ਮੁੰਡੇ ਦਾ ਵਿਆਹ ਆ ਜਾਣਾ, ਇਸ ਤਰ੍ਹਾਂ ਜ਼ਿੰਦਗੀ ਨੂੰ ਜਿਊਣ ਲਈ ਰੰਗਲੇ ਮੌਕੇ ਮਿਲਦੇ ਜਾਂਦੇ ਤੇ ਪਰਿਵਾਰਾਂ ਵਿੱਚ ਖ਼ੁਸ਼ੀਆਂ ਦੀ ਲੜੀ ਜੁੜਦੀ ਜਾਂਦੀ ਸੀ।

ਹੁਣ ਯੁੱਗ ਬਦਲ ਰਿਹਾ ਹੈ। ਸਾਡੀਆਂ ਖ਼ੁਸ਼ੀਆਂ ਦੇ ਟਿਕਾਣੇ ਵਿਦੇਸ਼ਾਂ ਵਿੱਚ ਜਾ ਵਸੇ ਹਨ। ਸਾਡੇ ਸੱਭਿਆਚਾਰ ਦੀ ਰੀੜ੍ਹ ਦੀ ਹੱਡੀ ਨੂੰ ਸੋਸ਼ਲ ਮੀਡੀਆ ਦਾ ਕੀੜਾ ਲੱਗਣ ਲੱਗ ਪਿਆ ਹੈ ਜੋ ਇਸ ਨੂੰ ਦਿਨ-ਬ-ਦਿਨ ਖੋਖਲਾ ਕਰਦਾ ਤੁਰਿਆ ਜਾਂਦਾ ਹੈ। ਇਸ ਰਾਹੀਂ ਪਿਆਰ ਦੀਆਂ ਪੀਂਘਾਂ ਚੜ੍ਹਾਈਆਂ ਜਾਂਦੀਆਂ ਹਨ, ਉਹ ਦੋ ਪਿਆਰ ਕਰਨ ਵਾਲਿਆਂ ਵਿੱਚੋਂ ਇੱਕ ਐਥੇ ਤੇ ਦੂਜਾ ਵਿਦੇਸ਼ ਵਿੱਚ ਹੁੰਦਾ ਹੈ। ਦੋਵੇਂ ਪਾਸੇ ਇੱਕ ਮਤਲਬੀ ਵਿਚਾਰਧਾਰਾ ਕੰਮ ਕਰ ਰਹੀ ਹੁੰਦੀ ਹੈ। ਵਿਦੇਸ਼ ਵਾਲੇ ਨੂੰ ਫੀਸਾਂ ਭਰਨ ਲਈ ਪੈਸੇ ਦੀ ਲੋੜ ਤੇ ਇੱਥੇ ਵਾਲੇ ਨੂੰ ਬਾਹਰ ਨਿਕਲਣ ਦਾ ਰਸਤਾ। ਦੋਹਾਂ ਪਾਸੇ ਸਵਾਰਥ ਭਾਰੂ ਹੁੰਦਾ ਹੈ, ਜਿਸ ਦਾ ਸਵਾਰਥ ਪਹਿਲਾਂ ਨਿਕਲ ਗਿਆ ਉਹ ਜੇਤੂ ਰਹਿੰਦਾ ਹੈ। ਉਹ ਇਸ ਖੋਖਲੀ ਵਿਚਾਰਧਾਰਾ ਦੀ ਨੀਂਹ 'ਤੇ ਉਸਾਰੇ ਰਿਸ਼ਤੇ ਨੂੰ ਲੱਤ ਮਾਰ ਕੇ ਅਗਾਂਹ ਤੁਰਦਾ ਹੈ, ਦੂਜੀ ਧਿਰ ਰੋਂਦੀ ਪਿੱਟਦੀ ਸਰਕਾਰੇ ਦਰਬਾਰੇ ਇਨਸਾਫ਼ ਲਈ ਪਹੁੰਚ

**ਬਰਜਿੰਦਰ ਕੌਰ ਬਿਸਰਾਓ**

ਕਰਦੀ ਤੁਰੀ ਫਿਰਦੀ ਹੈ।

ਵਿਆਹ ਵਾਲੇ ਰਿਸ਼ਤਿਆਂ ਵਿੱਚ ਸਾਡੇ ਪੰਜਾਬੀ ਸਮਾਜ ਵਿੱਚ ਮੁੰਡੇ ਨੂੰ ਬਾਹਰ ਭੇਜਣ ਲਈ ਬੋਲੀ ਲੱਗਣ ਲੱਗ ਪਈ ਹੈ। ਕੁੜੀ ਆਇਲੈਟਸ ਪਾਸ ਲੱਭੀ ਜਾਂਦੀ ਹੈ ਜਿਸ ਵਿੱਚ ਕੁੜੀ ਨੂੰ ਬਾਹਰ ਭੇਜਣ, ਉਸ ਨੂੰ ਉੱਥੇ ਦੀ ਪੜ੍ਹਾਈ ਦਾ ਖ਼ਰਚਾ ਮੁੰਡੇ ਵਾਲਿਆਂ ਵੱਲੋਂ ਕਰਨ ਦਾ ਸਮਝੌਤਾ ਕੀਤਾ ਜਾਂਦਾ ਹੈ। ਇਹ ਮੁੰਡੇ ਵਾਲਿਆਂ ਦੀ ਕਿਸਮਤ 'ਤੇ ਨਿਰਭਰ ਕਰਦਾ ਹੈ ਕਿ ਉਹ ਕੁੜੀ ਖ਼ਰਚਾ ਕਰਵਾ ਕੇ ਮੁੰਡੇ ਨੂੰ ਬੁਲਾਉਂਦੀ ਹੈ ਜਾਂ ਸਾਰਿਆਂ ਨੂੰ ਉੱਲੂ ਬਣਾ ਕੇ ਤਿੱਤਰ ਹੋ ਜਾਂਦੀ ਹੈ। ਅੱਜਕੱਲ੍ਹ ਤੀਜੀ ਕਿਸਮ ਦੇ ਵਿਆਹ ਹੋ ਰਹੇ ਹਨ ਜਿਸ ਵਿੱਚ ਕੁੜੀ ਵਾਲਿਆਂ ਨੇ ਕੁੜੀ ਨੂੰ ਪੜ੍ਹਾ ਦਿੱਤਾ ਹੁੰਦਾ ਹੈ, ਮੁੰਡੇ ਵਾਲਿਆਂ ਨੇ ਵਿਆਹ ਦਾ ਖ਼ਰਚਾ, ਕੁੜੀ ਨੂੰ ਆਇਲੈਟਸ ਕਰਵਾਉਣ ਦਾ ਖ਼ਰਚ ਤੇ ਬਾਹਰ ਭੇਜਣ ਦੀ ਜ਼ਿੰਮੇਵਾਰੀ ਨਿਭਾਉਣੀ ਹੁੰਦੀ ਹੈ।

ਇਹੋ ਜਿਹੀਆਂ ਸਵਾਰਥ ਦੀਆਂ ਨੀਹਾਂ 'ਤੇ ਖੜ੍ਹੇ ਰਿਸ਼ਤਿਆਂ ਦੀ ਬੁਨਿਆਦ ਕੀ ਹੋ ਸਕਦੀ ਹੈ? ਪਹਿਲਾਂ ਸਾਡੇ ਵਿਰਸੇ ਦਾ ਘਾਣ ਹੋਇਆ, ਹੁਣ ਸਾਡੇ ਰਿਸ਼ਤਿਆਂ ਦਾ ਘਾਣ ਹੋ ਰਿਹਾ ਹੈ। ਕੀ ਗੱਲ, ਮੁੰਡੇ ਆਇਲੈਟਸ ਕਿਉਂ ਨਹੀਂ ਕਰ ਸਕਦੇ? ਉਹ ਬਾਹਰ ਨਿਕਲਣ ਲਈ ਕੁੜੀਆਂ ਦਾ ਸਹਾਰਾ ਹੀ ਕਿਉਂ ਲੱਭਦੇ ਹਨ? ਮੰਨਿਆ ਕਿ ਸਾਡੇ ਦੇਸ਼ ਵਿੱਚ ਰੁਜ਼ਗਾਰ ਦੇ ਮੌਕੇ ਘੱਟ ਹੋਣ ਕਰਕੇ ਨੌਜਵਾਨੀ ਨੇ ਵਿਦੇਸ਼ਾਂ ਵੱਲ ਨੂੰ ਰੁਖ਼ ਕੀਤਾ ਹੈ, ਪਰ ਇਹ 'ਵਿਆਹ ਸੱਭਿਆਚਾਰ' ਸਾਡੀ ਨੌਜਵਾਨ ਪੀੜ੍ਹੀ ਨੂੰ ਕਿਹੜੇ ਨਰਕ ਵੱਲ ਧਕੇਲ ਰਿਹਾ ਹੈ? ਇਸ ਵਿੱਚ ਇਕੱਲੇ ਮੁੰਡੇ-ਕੁੜੀ ਹੀ ਜ਼ਿੰਮੇਵਾਰ ਨਹੀਂ ਹਨ ਬਲਕਿ ਉਨ੍ਹਾਂ ਦੇ ਮਾਪੇ ਉਨ੍ਹਾਂ ਤੋਂ ਵੱਧ ਕਸੂਰਵਾਰ ਹਨ। ਕਈ ਵਾਰ ਤਾਂ ਆਂਢ ਗੁਆਂਢ ਨੂੰ ਵੀ ਨਾਲਦਿਆਂ ਦੇ ਵਿਹੜੇ ਵਿੱਚ ਛਮ ਛਮ ਕਰਦੀ ਕੋਈ ਨਵੀਂ ਨਵੇਲੀ ਵਿਆਹੀ ਕੁੜੀ ਦੇਖ ਕੇ ਜਾਂ ਉਸ ਘਰੋਂ ਮੂੰਹ ਮਿੱਠਾ ਕਰਵਾਉਣ ਦੀ ਰਵਾਇਤ ਅਨੁਸਾਰ ਚਾਰ ਲੱਡੂ ਆਉਣ ਤੋਂ ਬਾਅਦ ਹੀ ਪਤਾ ਲੱਗਦਾ ਹੈ ਕਿ ਗੁਆਂਢੀਆਂ ਨੇ ਮੁੰਡਾ ਬਾਹਰਲੀ ਕੁੜੀ ਨਾਲ ਵਿਆਹ ਲਿਆ ਹੈ। ਇਸ ਨੂੰ ਕੀ ਆਖੀਏ, ਯੁੱਗ ਬਦਲ ਰਿਹਾ ਹੈ ਜਾਂ ਪੰਜਾਬੀ ਅਮੀਰ ਵਿਰਸੇ ਦੇ ਪਾਕ ਰਿਸ਼ਤਿਆਂ ਦਾ ਘਾਣ ਹੋ ਰਿਹਾ ਹੈ। ਸਾਡੇ ਇਸ ਬਦਲ ਰਹੇ ਵਿਆਹ ਕਲਚਰ ਨੂੰ ਛੇਤੀ ਹੀ ਸੰਭਾਲਣ ਦੀ ਲੋੜ ਹੈ ਨਹੀਂ ਤਾਂ ਇਹੋ ਜਿਹੇ ਕੀਤੇ ਵਿਆਹਾਂ ਨਾਲ ਆਏ ਦਿਨ ਧੋਖਾਧੜੀ ਦੀਆਂ ਘਟਨਾਵਾਂ ਵਿੱਚ ਵਾਧਾ ਹੋ ਰਿਹਾ ਹੈ। ਜਿਸ ਦਾ ਸੰਤਾਪ ਨੌਜਵਾਨ ਮੁੰਡਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਭੁਗਤਣਾ ਪੈਂਦਾ ਹੈ।







# 'ਜੀ ਆਇਆਂ ਨੂੰ' ਅਤੇ ਸਲੀਕਾ

ਗੁਰਬਿੰਦਰ ਸਿੰਘ ਮਾਨਕ

ਜੀਵਨ ਦੇ ਮਾਰਗ 'ਤੇ ਵਿਚਰਦਿਆਂ ਹਰ ਮਨੁੱਖ ਦਾ ਹੀ ਨਿੱਤ-ਦਿਨ ਅਨੇਕਾਂ ਲੋਕਾਂ ਨਾਲ ਵਾਹ-ਵਾਸਤਾ ਪੈਂਦਾ ਹੈ। ਇੱਕ ਦੂਜੇ ਨਾਲ ਮਨੁੱਖ ਕਿਹੋ ਜਿਹਾ ਵਿਹਾਰ ਕਰਦਾ ਹੈ, ਇਹ ਅਕਸਰ ਹਰ ਕੋਈ ਦੇਖਦਾ ਤੇ ਪਰਖਦਾ ਹੈ। ਘਰ ਵਿੱਚ ਆਏ ਪ੍ਰਾਹੁਣਿਆਂ ਨੂੰ ਖਿੜੇ-ਮੱਥੇ ਜੀ-ਆਇਆਂ ਕਹਿ ਕੇ ਸਵਾਗਤ ਕਰਨਾ ਮਨੁੱਖੀ ਸੂਝ ਤੇ ਸਲੀਕੇ ਦੀ ਅਮੀਰੀ ਹੁੰਦੀ ਹੈ। ਇਸ 'ਤੇ ਕੋਈ ਖ਼ਰਚ ਨਹੀਂ ਆਉਂਦਾ, ਪਰ ਆਉਣ ਵਾਲਿਆਂ 'ਤੇ ਇਸ ਵਿਹਾਰ ਦਾ ਬਹੁਤ ਡੂੰਘਾ ਅਸਰ ਹੁੰਦਾ ਹੈ। ਉਂਜ ਤਾਂ ਕਿਸੇ ਘਰ, ਦਫ਼ਤਰ, ਅਦਾਰੇ ਵਿੱਚ ਵੀ ਕੋਈ ਜਾਵੇ ਤਾਂ ਹਰ ਬੰਦਾ ਇਹੀ ਤਵੱਕੋ ਕਰਦਾ ਹੈ ਕਿ ਉਸ ਨਾਲ ਚੰਗਾ ਵਿਹਾਰ ਕੀਤਾ ਜਾਵੇ।

ਮਨੁੱਖੀ ਸੂਝ-ਸਮਝ ਤੇ ਸਲੀਕਾ ਵੀ ਇਹੀ ਮੰਗ ਕਰਦਾ ਹੈ ਕਿ ਹਰ ਕਿਸੇ ਨਾਲ ਇਨਸਾਨੀਅਤ ਭਰਿਆ ਸਲੂਕ ਕੀਤਾ ਜਾਵੇ। ਇੱਥੇ ਇਹ ਵੀ ਜ਼ਰੂਰੀ ਹੈ ਕਿ ਚਾਹੁੰਦਾ ਹਰ ਕੋਈ ਹੈ ਕਿ ਉਸ ਨਾਲ ਦੂਜਾ ਬੰਦਾ ਸੱਭਿਅਕ ਵਰਤਾਉ ਕਰੇ, ਪਰ ਆਪ ਕਈ ਵਾਰ ਬੰਦਾ ਦੂਜੇ ਨਾਲ ਖਰ੍ਹਵਾ ਬੋਲ ਕੇ ਆਪਣੀ ਪਛਾਣ ਕਰਾ ਦਿੰਦਾ ਹੈ। ਉਂਜ ਖਿੜੇ ਚਿਹਰੇ ਤੇ ਮੁਸਕਰਾਹਟ ਨਾਲ ਕਿਸੇ ਦਾ ਸਵਾਗਤ ਕਰਨਾ ਇਨਸਾਨ ਹੋਣ ਦੀ ਅਮੀਰੀ ਹੈ।

ਕਿਸੇ ਘਰ ਜਦੋਂ ਕੋਈ ਵਿਆਹ-ਸ਼ਾਦੀ, ਭੋਗ ਜਾਂ ਕੋਈ ਹੋਰ ਸਮਾਗਮ ਹੁੰਦਾ ਹੈ ਤਾਂ ਮੇਜ਼ਬਾਨ ਘਰ ਦੀਆਂ ਬੂਹਾਂ 'ਤੇ ਖੜ੍ਹੇ ਹੋ ਕੇ ਆਏ ਪ੍ਰਾਹੁਣਿਆਂ ਦਾ ਹੱਥ ਜੋੜ ਕੇ ਤੇ ਮੁਸਕਰਾ ਕੇ ਸਵਾਗਤ ਕਰਦੇ ਹਨ ਤੇ ਜੀ ਆਇਆਂ ਕਹਿ ਕੇ ਮਹਿਮਾਨਾਂ ਨੂੰ ਇਹੀ ਅਹਿਸਾਸ ਕਰਾਉਂਦੇ ਹਨ ਕਿ ਤੁਸੀਂ ਇਸ ਸਮਾਗਮ ਵਿੱਚ ਸ਼ਾਮਲ ਹੋ ਕੇ ਸਾਡਾ ਮਾਣ ਵਧਾਇਆ ਹੈ। ਆਮ ਤੌਰ 'ਤੇ ਘਰਾਂ ਵਿੱਚ ਹੁੰਦੇ ਸਮਾਗਮਾਂ ਸਮੇਂ ਤਾਂ ਸਟੇਜ ਸਕੱਤਰ ਪਰਿਵਾਰ ਵੱਲੋਂ ਇਕੱਠ ਵਿੱਚ ਬੈਠਿਆਂ ਨੂੰ ਜੀ ਆਇਆਂ ਕਹਿ ਕੇ ਆਪਣੀ ਗੱਲ ਸ਼ੁਰੂ ਕਰਦਾ ਹੈ। ਅੰਤ ਵਿੱਚ ਸਭ ਦਾ ਧੰਨਵਾਦ ਕਰਨ ਦਾ ਵੀ ਇਹੀ ਮਕਸਦ ਹੁੰਦਾ ਹੈ ਕਿ ਤੁਹਾਡੀ ਆਮਦ ਨੇ ਇਸ ਖ਼ੁਸ਼ੀਆਂ ਭਰੇ ਸਮਾਗਮ ਨੂੰ ਚਾਰ-ਚੰਨ ਲਾ ਦਿੱਤੇ ਹਨ। ਸਮੇਂ ਦੇ ਬਦਲਣ ਨਾਲ ਪੈਲੇਸ ਸੱਭਿਆਚਾਰ ਨੇ ਬਹੁਤ ਕੁਝ ਬਦਲ ਦਿੱਤਾ ਹੈ।

ਹੁਣ ਤਾਂ ਕਈ ਵਾਰ ਘਰ ਵਾਲਿਆਂ ਨੂੰ ਰੁਝੇਵਿਆਂ ਕਾਰਨ ਬਹੁਤੇ ਪ੍ਰਾਹੁਣਿਆਂ ਨੂੰ ਜੀ ਆਇਆਂ ਕਹਿਣ ਦਾ ਮੌਕਾ ਹੀ ਨਹੀਂ ਮਿਲਦਾ। ਹੁਣ ਕੋਈ ਇਹ ਉਡੀਕ ਨਹੀਂ ਕਰਦਾ ਕਿ ਉਸ ਨੂੰ ਚਾਹ-ਪਾਣੀ ਜਾਂ ਰੋਟੀ ਖਾਣ ਲਈ ਕੋਈ ਬੇਨਤੀ ਕਰੇ। ਹਰ ਮਹਿਮਾਨ ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਇਹ ਜ਼ਿੰਮੇਵਾਰੀ ਆਪ ਹੀ ਨਿਭਾਈ ਜਾਂਦਾ ਹੈ। ਕਈ ਵਾਰ ਤਾਂ ਘਰਵਾਲਿਆਂ ਦੇ ਦਰਸ਼ਨ ਹੀ ਨਹੀਂ ਹੁੰਦੇ ਤੇ ਪ੍ਰਾਹੁਣੇ ਛਕ-ਛਕਾ ਕੇ ਸ਼ਗਨ ਦਾ ਲਿਫ਼ਾਫ਼ਾ ਕਿਸੇ ਹੱਥ ਸੌਂਪ ਕੇ ਚਲੇ ਜਾਂਦੇ ਹਨ।

ਪੁਰਾਣੇ ਸਮਿਆਂ ਵਿੱਚ ਕਿਸੇ ਵਿਸ਼ੇਸ਼ ਮਹਿਮਾਨ ਦੀ ਆਮਦ ਸਮੇਂ ਘਰ ਵਾਲੇ ਮੁੱਖ ਦਰਵਾਜ਼ੇ ਦੀਆਂ ਬੂਹਾਂ 'ਤੇ ਸਰ੍ਹੋਂ ਦਾ ਤੇਲ ਚੋਅ ਕੇ ਉਸ ਨੂੰ ਜੀ ਆਇਆਂ ਕਹਿੰਦੇ ਸਨ। ਅਜੇ ਵੀ ਕਿਤੇ ਕਿਤੇ ਇਹ ਰਸਮ ਨਿਭਾਈ ਜਾਂਦੀ ਹੈ। ਆਉਣ ਵਾਲੇ ਪ੍ਰਾਹੁਣੇ ਨੂੰ ਇਹ ਅਹਿਸਾਸ ਕਰਾਇਆ ਜਾਂਦਾ ਸੀ ਕਿ ਤੁਹਾਡਾ ਆਉਣਾ ਸਾਡੇ ਸਿਰ-ਮੱਥੇ ਹੈ। ਬਦਲ ਰਹੇ ਸਮਿਆਂ ਦੀ ਬਦੌਲਤ ਪ੍ਰਾਹਣੇ ਵੀ ਹੁਣ ਕਦੇ-ਕਦਾਈਂ ਹੀ ਆਉਂਦੇ ਹਨ। ਇਸ ਸਬੰਧੀ ਵੀ ਪਹਿਲਾਂ ਮੋਬਾਈਲ 'ਤੇ ਸਹਿਮਤੀ ਤੇ ਸਮਾਂ ਲੈ ਕੇ ਹੀ ਅਗਲਾ ਆਉਂਦਾ ਹੈ। ਹੁਣ ਲੋਕ ਪਹਿਲਾਂ ਵਰਗੇ ਮਹਿਮਾਨ-ਨਿਵਾਜ਼ ਵੀ ਨਹੀਂ ਰਹੇ। ਘਰ ਆਏ ਨੂੰ ਕੋਈ ਹੱਸ ਕੇ ਬੁਲਾ ਲਏ ਤਾਂ ਇਹੀ ਗਨੀਮਤ ਹੈ। ਮੋਬਾਈਲ 'ਤੇ ਤਾਂ ਭਾਵੇਂ ਰੋਜ਼ ਹੀ 'ਗੁੱਡ ਮੌਰਨਿੰਗ' ਦੇ ਸੁਨੇਹੇ ਤੇ ਨਕਲੀ ਫੁੱਲਾਂ ਦੇ ਗੁਲਦਸਤੇ ਭੇਜੇ ਜਾਂਦੇ ਹੋਣ, ਪਰ ਘਰ ਬਿਨਾਂ ਦੱਸੇ ਤੇ ਬੇਵਕਤ ਆਏ ਨੂੰ ਬਹੁਤੇ ਲੋਕ ਚੰਗਾ ਨਹੀਂ ਸਮਝਦੇ।

ਕਿਸੇ ਸਕੂਲ, ਕਾਲਜ, ਯੂਨੀਵਰਸਿਟੀ, ਦਫ਼ਤਰ ਜਾਂ ਅਦਾਰੇ ਵਿੱਚ ਜਦੋਂ ਕਦੇ ਕੋਈ ਨਵਾਂ ਅਧਿਆਪਕ, ਪ੍ਰਿੰਸੀਪਲ, ਅਧਿਕਾਰੀ ਤੇ ਮੁਲਾਜ਼ਮ ਪਹਿਲੇ ਦਿਨ ਆਉਂਦਾ ਹੈ ਤਾਂ ਉਸ ਨੂੰ ਉਸ ਦੇ ਦਫ਼ਤਰ ਵੱਲੋਂ ਰਸਮੀ ਤੌਰ 'ਤੇ ਜੀ ਆਇਆਂ ਕਹਿ ਕੇ ਉਸ ਦਾ ਸਵਾਗਤ ਕੀਤਾ ਜਾਂਦਾ ਹੈ। ਉਸ ਨੂੰ ਦਫ਼ਤਰ ਵੱਲੋਂ ਉਸ ਦੇ ਕੰਮ ਦੇ ਤੌਰ-ਤਰੀਕੇ ਤੇ ਸਾਥੀ ਕਰਮਚਾਰੀਆਂ ਨਾਲ ਮੁਲਾਕਾਤ ਕਰਾਈ ਜਾਂਦੀ ਹੈ ਤਾਂ ਕਿ ਉਹ ਸਾਰਿਆਂ ਨਾਲ ਰਚ-ਮਿਚ ਸਕੇ। ਕੰਮ ਭਾਵੇਂ ਸਰਕਾਰੀ ਹੋਵੇ ਜਾਂ ਪ੍ਰਾਈਵੇਟ ਹਰ ਥਾਂ ਸੁਚਾਰੂ ਰੂਪ ਵਿੱਚ ਨਿਰਵਿਘਨ ਤੇ ਸਫਲਤਾਪੂਰਵਕ ਕੰਮ ਦਾ ਮਾਹੌਲ ਸਿਰਜਣ ਲਈ ਇੱਕ ਦੂਜੇ ਨਾਲ ਮੇਲ-ਮਿਲਾਪ ਤੇ ਸੰਵਾਦ ਜ਼ਰੂਰੀ ਸ਼ਰਤ ਹੈ।

ਅਕਸਰ ਦੇਖਦੇ ਹਾਂ ਕਿ ਸਾਹਿਤਕ-ਸੱਭਿਆਚਾਰਕ ਸਮਾਗਮਾਂ ਸਮੇਂ ਸਮਾਗਮ ਦੇ ਪ੍ਰਬੰਧਕਾਂ ਵੱਲੋਂ ਸਭ ਤੋਂ ਪਹਿਲਾਂ ਹਾਜ਼ਰੀਨ ਨੂੰ ਨਿੱਘੀ ਜੀ ਆਇਆਂ ਕਹਿ ਕੇ ਸਭ ਦਾ ਸਮਾਗਮ ਵਿੱਚ ਹਾਜ਼ਰ ਹੋਣ ਲਈ ਸਵਾਗਤ ਕੀਤਾ ਜਾਂਦਾ ਹੈ। ਕਈ ਵਾਰ ਬੁਲਾਰਾ ਬਹੁਤ ਕਾਵਿਕ ਸ਼ਬਦਾਂ ਵਿੱਚ ਸੰਬੋਧਨ ਕਰਕੇ ਜਾਂ ਕਿਸੇ ਕਵਿਤਾ ਦੀਆਂ ਸਤਰਾਂ ਬੋਲ ਕੇ ਸਰੋਤਿਆਂ ਦਾ ਮਨ ਜਿੱਤ ਲੈਂਦਾ ਹੈ। ਕਈ ਵਾਰ ਇੰਜ ਵੀ ਹੁੰਦਾ ਹੈ ਕਿ ਜੀ ਆਇਆਂ ਕਹਿਣ ਵਾਲਾ ਸਵਾਗਤ ਕਰਨ ਦੀ ਥਾਂ ਲੋਕਾਂ ਦਾ ਧੰਨਵਾਦ ਹੀ ਕਰੀ ਜਾਂਦਾ ਹੈ, ਜਦੋਂ ਕਿ ਧੰਨਵਾਦ ਤਾਂ ਸਮਾਗਮ ਦੇ ਅਖੀਰ ਵਿੱਚ ਕੀਤਾ ਜਾਣਾ ਹੁੰਦਾ ਹੈ।

ਦਰਅਸਲ, ਜੀ ਆਇਆਂ ਤੇ ਸਵਾਗਤ ਕੇਵਲ ਰਸਮੀ ਸ਼ਬਦ ਮਾਤਰ ਹੀ ਨਹੀਂ ਹਨ। ਜਦੋਂ ਵੀ ਕੋਈ ਕਿਸੇ ਰਿਸ਼ਤੇਦਾਰੀ, ਦੋਸਤ-ਮਿੱਤਰ ਜਾਂ ਕਿਤੇ ਵੀ ਕਿਸੇ ਨੂੰ ਮਿਲਣ ਜਾਂਦਾ ਹੈ ਤਾਂ ਜਦੋਂ ਮੇਜ਼ਬਾਨ ਤੁਹਾਨੂੰ ਡੂੰਘੀ ਅਪਣੱਤ ਦਿਖਾਉਂਦਿਆਂ ਧੰਨਭਾਗ ਕਹਿ ਕੇ ਘਰ ਦੀਆਂ ਬੂਹਾਂ ਉੱਤੇ ਖਿੜੇ ਚਿਹਰੇ ਨਾਲ ਜੀ ਆਇਆਂ ਕਹਿੰਦਾ ਹੈ ਤਾਂ ਇਹ ਸ਼ਬਦ ਮਨੁੱਖ ਦੇ ਮਨ-ਮਸਤਕ ਵਿੱਚ ਵਸ ਜਾਂਦੇ ਹਨ। ਮਨੁੱਖ ਦੇ ਚਿਹਰੇ ਦੇ ਹਾਵਾਂ-ਭਾਵਾਂ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਮੇਜ਼ਬਾਨ ਤੁਹਾਡੇ ਜਾਣ 'ਤੇ ਕਿੰਨਾ ਕੁ ਖ਼ੁਸ਼ ਹੋਇਆ ਹੈ।

ਹਵਾਈ ਅੱਡਿਆਂ 'ਤੇ ਇਹ ਦ੍ਰਿਸ਼ ਅਕਸਰ ਦੇਖਿਆ ਜਾਂਦਾ ਹੈ ਕਿ ਵਿਦੇਸ਼ਾਂ ਵਿੱਚੋਂ ਆਉਣ ਵਾਲੇ ਆਪਣੇ ਸਕੇ-ਸਬੰਧੀਆਂ ਨੂੰ ਜੀ ਆਇਆਂ ਕਹਿਣ ਲਈ ਘਰ ਦੇ ਮੈਂਬਰ ਗੁਲਦਸਤੇ ਲੈ ਕੇ ਉਨ੍ਹਾਂ ਦਾ ਸਵਾਗਤ ਕਰਦੇ ਹਨ। ਸਹੀ ਸਲਾਮਤ ਪਹੁੰਚਣ ਦੀ ਖ਼ੁਸ਼ੀ ਵਿੱਚ ਮਠਿਆਈ ਖੁਆ ਕੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਜਦੋਂ ਕੋਈ ਨਵ ਵਿਆਹੁਤਾ ਲੰਮੀ ਉਡੀਕ ਬਾਅਦ ਸੁੱਖਾਂ-ਸੁੱਖਦੀ ਆਪਣੇ ਮਾਹੀ ਦੇ ਦੇਸ਼ ਪਹੁੰਚਦੀ ਹੈ ਤਾਂ ਪਤੀ ਵੱਲੋਂ ਫੁੱਲਾਂ ਦੇ ਗੁਲਦਸਤੇ ਨਾਲ ਕਿਹਾ ਜੀ ਆਇਆਂ ਮਨ ਨੂੰ ਅਜਿਹਾ ਸਕੂਨ ਦਿੰਦਾ ਹੈ ਕਿ ਦੋਵੇਂ ਇੱਕ ਦੂਜੇ ਨੂੰ ਗਲਵੱਕੜੀ ਵਿੱਚ ਲਈਂ ਅੱਖਾਂ ਵਿੱਚ ਆਏ ਖ਼ੁਸ਼ੀ ਦੇ ਹੰਝੂਆਂ ਨਾਲ ਸਰਸ਼ਾਰ ਹੋ ਜਾਂਦੇ ਹਨ। ਕਈ ਸਾਲਾਂ ਬਾਅਦ ਜਦੋਂ ਕਦੇ ਕੋਈ ਵਿਦੇਸ਼ੋਂ ਪਰਤ ਕੇ ਪਿੰਡ ਆਉਂਦਾ ਹੈ ਤਾਂ ਸਾਰਾ ਪਰਿਵਾਰ ਉਸ ਦਾ ਸਵਾਗਤ ਕਰਨ ਤੇ ਜੀ ਆਇਆਂ ਕਹਿਣ ਲਈ ਪੱਬਾਂ ਭਾਰ ਹੋਇਆ ਕਈ ਸਕੀਮਾਂ ਘੜਦਾ ਹੈ। ਘਰ ਦੇ ਵਿੱਛੜੇ ਜੀਆਂ ਦੇ ਆਉਣ ਦੀ ਖ਼ੁਸ਼ੀ ਮਨਾਉਂਦਿਆਂ ਫੁੱਲਾਂ ਦੇ ਗੁਲਦਸਤੇ ਭੇਂਟ ਕਰਕੇ, ਉਸ ਪ੍ਰਤੀ ਆਪਣਾ ਪਿਆਰ ਤੇ ਸਤਿਕਾਰ ਨਿਛਾਵਰ ਕੀਤਾ ਜਾਂਦਾ ਹੈ। ਬਹੁਤੇ ਲੋਕ ਤਾਂ ਹੁਣ ਕਿਸੇ ਆਪਣੇ ਦੀ ਆਮਦ 'ਤੇ ਕੇਕ ਕੱਟ ਕੇ ਆਪਣੀ ਖ਼ੁਸ਼ੀ ਦਾ ਇਜ਼ਹਾਰ ਕਰਦੇ ਹਨ।

ਜਦੋਂ ਕੋਈ ਖਿਡਾਰੀ ਜਾਂ ਟੀਮ ਅੰਤਰਰਾਸ਼ਟਰੀ ਮੁਕਾਬਲਿਆਂ ਵਿੱਚ ਤਗ਼ਮੇ ਲੈ ਕੇ ਦੇਸ਼ ਦਾ ਨਾਮ ਰੌਸ਼ਨ ਕਰਕੇ ਵਾਪਸ ਆਪਣੇ ਦੇਸ਼ ਪਰਤਦੇ ਹਨ ਤਾਂ ਹਵਾਈ ਅੱਡੇ ਉੱਤੇ ਹੀ ਉਨ੍ਹਾਂ ਦਾ ਸਵਾਗਤ ਕਰਨ ਤੇ ਜੀ ਆਇਆਂ ਕਹਿਣ ਲਈ ਵਿਸ਼ੇਸ਼ ਅਧਿਕਾਰੀ ਪਹੁੰਚਦੇ ਹਨ। ਫੁੱਲਾਂ ਦੇ ਹਾਰ ਪਾ ਕੇ ਉਨ੍ਹਾਂ ਦੀ ਜਿੱਤ ਦਾ ਜਸ਼ਨ ਮਨਾਇਆ ਜਾਂਦਾ ਹੈ। ਕਈ ਸ਼ਹਿਰਾਂ ਵਿੱਚ ਤਾਂ ਮੈਡਲ ਜੇਤੂ ਖਿਡਾਰੀਆਂ ਨੂੰ ਮਾਣ ਸਤਿਕਾਰ ਦੇਣ ਲਈ ਖੁੱਲ੍ਹੀਆਂ ਜੀਪਾਂ ਵਿੱਚ, ਉਨ੍ਹਾਂ ਦੇ ਗਲਾਂ ਵਿੱਚ ਫੁੱਲਾਂ ਦੇ ਹਾਰ ਪਾ ਕੇ ਜੇਤੂ ਜਲੂਸ ਕੱਢਿਆ ਜਾਂਦਾ ਹੈ। ਹਰ ਕੋਈ ਉਨ੍ਹਾਂ ਦੀ ਪ੍ਰਾਪਤੀ 'ਤੇ ਉਨ੍ਹਾਂ ਨੂੰ ਜੀ ਆਇਆਂ ਕਹਿਣ ਲਈ ਬੇਤਾਬ ਹੋ ਜਾਂਦਾ ਹੈ। ਕਿਸੇ ਵੀ ਖੇਤਰ ਦੇ ਜੇਤੂ ਲਈ ਇਹ ਪਲ ਬਹੁਤ ਅਨਮੋਲ ਤੇ ਨਿਵੇਕਲੇ ਹੁੰਦੇ ਹਨ।



ਕੋਈ ਵੀ ਸਮਾਗਮ ਭਾਵੇਂ ਸਰਕਾਰੀ, ਨਿੱਜੀ, ਦਫ਼ਤਰੀ ਜਾਂ ਹੋਰ ਕਿਸੇ ਤਰ੍ਹਾਂ ਦਾ ਵੀ ਹੋਵੇ, ਸਭ ਤੋਂ ਪਹਿਲਾਂ ਜੀ ਆਇਆਂ ਦੇ ਸ਼ਬਦ ਕਹਿ ਕੇ ਹੀ ਸ਼ੁਰੂਆਤ ਕੀਤੀ ਜਾਂਦੀ ਹੈ। ਇਸ ਤੋਂ ਬਾਅਦ ਹੀ ਅਗਲੇਰੀ ਕਾਰਵਾਈ ਚਲਾਈ ਜਾਂਦੀ ਹੈ। ਅਸਲ ਵਿੱਚ ਇਹ ਕੇਵਲ ਕੋਈ ਰਸਮੀ ਕਾਰਵਾਈ ਹੀ ਨਹੀਂ ਹੁੰਦੀ, ਸਗੋਂ ਮਨੁੱਖੀ ਸੂਝ-ਸਮਝ ਤੇ ਵਿਵੇਕ ਦਾ ਪ੍ਰਗਟਾਵਾ ਹੁੰਦੀ ਹੈ। ਆਮ ਜੀਵਨ ਵਿੱਚ ਵੀ ਇੱਕ ਦੂਜੇ ਨੂੰ ਖਿੜੇ ਚਿਹਰੇ ਨਾਲ ਮਿਲਣਾ-ਗਿਲਣਾ ਇੱਕ-ਦੂਜੇ ਨੂੰ ਜੀ ਆਇਆਂ ਕਹਿਣ ਦੇ ਸਮਾਨ ਹੀ ਹੁੰਦਾ ਹੈ। ਕਿਸੇ ਵੀ ਸਕੂਲ, ਕਾਲਜ, ਦਫ਼ਤਰ ਵਿੱਚ ਪਹੁੰਚਣ ਵਾਲੇ ਵਿਦਿਆਰਥੀ, ਅਧਿਆਪਕ ਤੇ ਮੁਲਾਜ਼ਮ ਹਰ ਰੋਜ਼ ਹੀ ਇੱਕ ਦੂਜੇ ਨੂੰ ਮਿਲਦੇ, ਨਿੱਘੀਆਂ ਗੱਲਾਂ-ਬਾਤਾਂ ਕਰਦੇ, ਸਾਝਾਂ ਦਾ ਪ੍ਰਗਟਾਵਾ ਕਰਦੇ, ਇੱਕ-ਦੂਜੇ ਦਾ ਹਾਲ-ਚਾਲ ਪੁੱਛਦੇ-ਦੱਸਦੇ, ਇੱਕ ਤਰ੍ਹਾਂ ਨਾਲ ਇੱਕ ਦੂਜੇ ਨੂੰ ਜੀ ਆਇਆਂ ਹੀ ਕਹਿ ਰਹੇ ਹੁੰਦੇ ਹਨ।

ਅਜੋਕੀ ਜ਼ਿੰਦਗੀ ਵਿੱਚ ਬਹੁਤ ਕੁਝ ਬਦਲਦਾ ਜਾ ਰਿਹਾ ਹੈ। ਵਿਸ਼ੇਸ਼ ਤੌਰ 'ਤੇ ਨੌਜਵਾਨ ਵਰਗ ਅਜੋਕੇ ਸੋਸ਼ਲ-ਮੀਡੀਆ ਦੇ ਜਾਲ ਵਿੱਚ ਬੁਰੀ ਤਰ੍ਹਾਂ ਖਚਤ ਹੁੰਦਾ ਜਾ ਰਿਹਾ ਹੈ। ਉਸ ਨੂੰ ਆਪਣੇ ਆਲੇ-ਦੁਆਲੇ ਦੀ ਕੋਈ ਖ਼ਬਰ ਹੀ ਨਹੀਂ। ਉਹ ਤਾਂ ਆਮ ਤੌਰ 'ਤੇ ਘਰ ਦੇ ਜੀਆਂ ਨਾਲ ਵੀ ਗੱਲਬਾਤ ਨਹੀਂ ਕਰਦਾ। ਕੇਵਲ ਵਟਸਐਪ, ਇੰਸਟਾਗ੍ਰਾਮ 'ਤੇ ਸੁਨੇਹੇ ਭੇਜਣੇ ਹੀ ਜ਼ਿੰਦਗੀ ਨਹੀਂ ਹੁੰਦੀ। ਲੋਕਾਂ ਨਾਲ ਮਿਲਣਾ ਤੇ ਸੰਵਾਦ ਰਚਾਉਣ ਨਾਲ ਵੀ ਬਹੁਤ ਕੁਝ ਸਿੱਖਿਆ ਜਾ ਸਕਦਾ ਹੈ। ਅਜੋਕੇ ਸਮੇਂ ਦੀ ਮਾਨਸਿਕਤਾ ਬਾਰੇ ਪੰਜਾਬੀ ਦੇ ਨਾਮਵਰ ਸ਼ਾਇਰ ਸੁਰਜੀਤ ਪਾਤਰ ਦਾ ਇੱਕ ਸ਼ਿਅਰ ਵੀ ਕਾਬਲੇ-ਗੌਰ ਹੈ- 'ਕੁੰਡਾ ਜਿੰਦਾ ਮਾਰ ਕੇ ਬੂਹਾ ਢੋਇਆ ਸੀ, ਉੱਤੇ ਜੀ ਆਇਆਂ ਨੂੰ ਲਿਖਿਆ ਹੋਇਆ ਸੀ...।'

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment

CAPITAL SERVICES
INSURANCE VEHICLE REG. IMMIGRATION NOTARY PUBLIC LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us


Uscipp Insurance Services
650 N WILMA AVE STE A, RIPON CA 95366

TRUCK INSURANCE
TRUCK TAX IFTA

Amarjit S Bir
amarjit@uscipp.org
Lic#0I15593CA
Ph: (925)318-1247

## ਰੁੱਤ ਆਈ ਤਿਉਹਾਰਾਂ ਦੀ

ਮੁੱਕੇ ਗਰਮੀ ਹੁਨਾਲ ਜਿਹੇ, ਰੁੱਤ ਆਈ ਤਿਉਹਾਰਾਂ ਦੀ,
ਦਿਨ ਖਾਣ ਪਹਿਨਣ ਵਾਲੇ, ਰੀਝਾਂ, ਚਾਵਾਂ, ਮਲ੍ਹਾਰਾਂ ਦੀ।
ਖਾਸ ਤੇ ਕੁੱਝ ਗੰਭੀਰ ਜਿਹੇ, ਇਤਿਹਾਸ ਮਿਥਿਹਾਸਾਂ ਦੀ,
ਹੱਸਣ ਖੇਡਣ ਤੇ ਨੱਚਣ ਦੀ, ਜਜ਼ਬਾਤਾਂ ਅਹਿਸਾਸਾਂ ਦੀ।

ਮੌਸਮ ਰੁੱਖਾ ਮਸਾਂ ਮੁੱਕਿਆ, ਰੱਖੜ- ਪੁੰਨਿਆਂ ਸ਼ੁਰੂ ਕਰੇ,
ਦਿਨ ਪਵਿੱਤਰ ਹੈ ਢੁੱਕਿਆ, ਜਨਮਅਸ਼ਟਮੀ ਗੁਰੂ ਕਰੇ।
ਫਿਰ ਪੂਜਣਯੋਗ ਨਰਾਤੇ ਨੇ, ਦੁਸਹਿਰਾ ਬੁਰੇ ਨਾਲ,
ਕਰਵਾ ਚੌਥ ਦਾ ਵਰਤ ਆਵੇ, ਸੁਹਾਗਣਾ ਦੇ ਸੰਧੂਰ ਭਰੇ।

ਦਿਵਾਲੀ ਕਰਮਾਂ ਵਾਲੀ ਆ, ਖੁਸ਼ੀਆਂ ਖੇੜੇ ਨੇ ਸੰਗ ਵੜੇ,
ਭਾਈ ਦੂਜ ਭੀ ਮਗਰ ਖੜ੍ਹਾ, ਭੈਣਾਂ ਨੂੰ ਲੱਖਾਂ ਚਾਅ ਚੜ੍ਹੇ।
ਗੁਰਪੁਰਬਾਂ ਦੀ ਲੜੀ ਆਵੇ, ਨਨਕਾਣੇ ਕੰਨੀਂ ਜਾਣ ਬੜੇ,
ਸ਼ਹੀਦੀ ਪੁਰਬ ਦਸੰਬਰ 'ਚ, ਬਾਲ ਹੱਕ ਸੱਚ ਲਈ ਲੜੇ।

ਪੁੱਤ ਦੀ ਸੁੱਖ ਮਨਾਵਣ ਲਈ, ਲੋਹੜੀ ਤੇ ਭੰਗੜੇ ਨੇ ਪੈਂਦੇ,
ਮੰਨ ਧੀ ਨੂੰ ਪੁੱਤ ਦੇ ਬਰਾਬਰ, ਵਿਰਲੇ ਸ਼ਗਨ ਮਨਾਉਂਦੇ।
ਦੇਖਾਂ ਬਸੰਤ ਰਾਣੀ ਆ ਖਿੜੀ, ਕਿੰਦਾਂ ਪੰਛੀ ਚਹਿਚਹਾਂਦੇ,
ਫੁੱਲ ਸਰ੍ਹੋਂ ਦੇ ਵੰਡਦੇ ਖੁਸ਼ਬੋਈ, ਫ਼ਸਲ ਖੇਤ ਲਹਿਲਹਾਂਦੇ।

ਅਨੰਦਪੁਰ ਕੇਸਰੀ ਹੋਇਆ ਏ, ਹੋਲੇ ਦਾ ਚੜ੍ਹਿਆ ਚਾਅ,
ਸਿੰਘ ਘੱਤ ਵਹੀਰਾਂ ਚਾਲੇ ਪਾਏ, ਨਾਲੇ ਜੱਸ ਗੁਰੂ ਦੇ ਗਾ।
ਮੁਹੱਲੇ 'ਤੇ ਜੌਹਰ ਵਿਖਾਣੇ ਸਿੰਘਾਂ, ਭੁੱਲ ਚੁੱਕ ਸਭ ਬਖਸ਼ਾ,
ਰੰਗ ਗੁਲਾਲ ਉਡਾਉਣਗੇ ਉੱਥੇ, ਰਹਿਣਗੇ ਚੜ੍ਹਦੀ ਕਲਾ।

ਰਾਮਨੌਮੀ ਸਭ ਰਲ ਮਨਾਵਾਂਗੇ, ਵੈਰ ਵਿਰੋਧ ਮਿਟਾਵਾਂਗੇ,
ਵਿਸਾਖੀ ਦੇ ਮੇਲੇ ਸਭ ਜਾਵਾਂਗੇ, ਲੱਡੂ ਤੇ ਜਲੇਬੀ ਖਾਵਾਂਗੇ।
ਕਣਕਾਂ ਦੀ ਵਾਢੀ ਕਰਕੇ ਫਿਰ, ਰੱਬ ਦੇ ਸ਼ੁਕਰ ਮਨਾਵਾਂਗੇ,
ਜ਼ਿੰਦਗੀ ਇੱਕ ਤਿਉਹਾਰ ਜੇਹੀ, ਖੁਸ਼ ਹੋ ਸਫ਼ਰ ਮੁਕਾਵਾਂਗੇ।

**ਸੇਵਾ ਸਿੰਘ 'ਨੂਰਪੁਰੀ'**

## ਰੋਲੀ ਪੱਤ ਬਜ਼ੁਰਗਾਂ ਦੀ

ਅਜੋਕੀ ਔਲਾਦ ਨੂੰ ਮਾਪਿਆਂ 'ਚੋਂ ਮੁਸ਼ਕ ਆਉਂਦਾ,
ਖੜ ਕੇ ਰਾਜੀ ਨਹੀਂ ਕੋਈ ਵੀ ਕੋਲ ਭਾਈ।

ਵੀਰੋ ਬਜ਼ੁਰਗਾਂ ਨੂੰ ਪੁੱਛਦਾ ਕੌਣ ਅੱਜ ਕੱਲ,
ਗੱਲ ਸੱਚ ਦੱਸੀ ਸੋਲਾਂ ਆਨੇ ਖੋਲ੍ਹ ਭਾਈ।
ਕੋਈ ਗੱਲ ਜੇ ਓਨਾਂ ਨਾਲ ਹੋਏ ਕਰਨੀ,
ਦੂਰੋਂ ਈ ਦਸਦੇ ਉੱਚੀ ਉੱਚੀ ਬੋਲ ਭਾਈ।

ਬਹੁਤਿਆਂ ਘਰਾਂ ਦੀ ਕਹਾਣੀ ਹੈ ਇਹੀਓ,
ਮੈਂ ਗੱਲ ਕਰਦਾ ਹਾਂ ਨਾਪ ਤੇ ਤੋਲ ਭਾਈ।
ਨੱਕ ਸੰਗੋੜ ਕੇ ਆਉਂਦੇ ਨੇ ਵਿਚ ਕਮਰੇ,
ਜਿਵੇਂ ਪੜ੍ਹੀ ਹੋਵੇ ਉੱਨਾ ਭੂਗੋਲ ਭਾਈ।

ਜੇ ਬਜ਼ੁਰਗਾਂ ਦੇ ਕੋਲ ਹੈ ਬੈਂਕ ਬੈਲਿੰਸ,
ਫੇਰ ਬੋਲਦੇ ਮਿੱਠੜੇ ਬੋਲ ਭਾਈ।
ਨਹੀਂ ਮੁਸ਼ਕ ਦੀ ਫੇਰ ਪਰਵਾਹ ਕਰਦੇ,
ਬਹਿੰਦੇ ਢੁੱਕ ਢੁੱਕ ਕੇ ਸਭ ਕੋਲ ਭਾਈ।

ਪੋਤੇ ਪੋਤੀਆਂ ਵੀ ਕੰਨੀ ਕਤਰਾਉਣ ਲੱਗੇ,
ਬਾਪੂ ਨਾਲ ਨਾ ਕਰਨ ਚੋਹਲ ਮੋਹਲ ਭਾਈ
ਦੱਦਾਹੂਰੀਆ ਗੱਲਾਂ ਸਦਾ ਕਰੇ ਖਰੀਆਂ,
ਬੱਚਿਆਂ ਬਜ਼ੁਰਗਾਂ ਦੀ ਦਿੱਤੀ ਪੱਤ ਰੋਲ ਭਾਈ।

**ਜਸਵੀਰ ਸ਼ਰਮਾ ਦੱਦਾਹੂਰ**
95691-49556

## ਗ਼ਜ਼ਲ

ਤੇਰੇ ਜਾਣ ਬਾਅਦ ਇਹ ਸ਼ਾਮ ਵੀ ਖ਼ਮੋਸ਼ ਹੋ ਗਈ,
ਮੇਰੀ ਹਰ ਇੱਕ ਆਹ ਹਵਾਵਾਂ 'ਚ ਗੁੰਮਨਾਮ ਹੋ ਗਈ।

ਦਿਲ ਦੇ ਜ਼ਖ਼ਮਾਂ ਨੂੰ ਸੀ ਕੇ ਵੀ ਦੇਖ ਲਿਆ ਅਸੀਂ,
ਪਰ ਤੇਰੀ ਯਾਦ ਦੀ ਚੀਕ ਮੁੜ ਸਰੇਆਮ ਹੋ ਗਈ।

ਕਦੇ ਜਿਸ ਰਾਹ 'ਤੇ ਫੁੱਲ ਵਿਛਾਉਂਦੇ ਸੀ ਅਸੀਂ,
ਅੱਜ ਉਸੇ ਮੋੜ 'ਤੇ ਤਨਹਾਈ ਸਾਡੇ ਨਾਮ ਹੋ ਗਈ।

ਕਿਸੇ ਨੇ ਪੁੱਛਿਆ ਜੋ ਦਰਦ-ਏ-ਜੁਦਾਈ ਦਾ ਸਬੱਬ,
ਅੱਖਾਂ ਦੀ ਨਮੀ ਹੀ ਸਾਡਾ ਪੈਗ਼ਾਮ ਹੋ ਗਈ।

ਜੀਅ ਤਾਂ ਰਹੇ ਹਾਂ ਅਸੀਂ ਇੱਕ ਲਾਸ਼ ਦੀ ਤਰ੍ਹਾਂ,
ਜ਼ਿੰਦਗੀ ਹੁਣ ਬਿਨ ਤੇਰੇ ਇੱਕ ਇਲਜ਼ਾਮ ਹੋ ਗਈ।

**ਮਨਜੀਤ ਮਾਨ**
7009898044

## ਖਿਡਾਉਣੇ ਵੇਚਣ ਵਾਲੀ

ਟੋਕਰੀ ਦੇ ਵਿੱਚ ਖੇਡਾਂ ਰੱਖ ਕੇ ਬਹੁਤ
ਸਾਰੀਆਂ ਲਿਆਉਂਦੀ,
ਇੱਕ ਔਰਤ ਸੀ! ਸਾੜੀ ਵਾਲੀ ਸਾਡੀ
ਗਲੀ ਵਿੱਚ ਆਉਂਦੀ।

ਬਣਾ ਕੇ ਮਿੱਟੀ ਦੇ, ਚੱਕੀਆਂ, ਘੁੱਗੂ
ਨਾਲੇ ਰੌਣੇ ਭੌਣੇ,
ਛੋਟੇ ਛੋਟੇ ਲਾਲ ਰੰਗ ਦੇ ਲੱਗਦੇ
ਬਹੁਤ ਸੀ ਸੋਹਣੇ।

ਆ ਬਹਿੰਦੀ ਸਾਡੇ ਵਿੱਚ ਬਰਾਂਡੇ ਸਿਰ
ਤੋਂ ਟੋਕਰੀ ਲਾਹ ਕੇ,
ਮੈਨੂੰ ਮੁਫ਼ਤ 'ਚ ਖੇਡਾਂ ਦਿੰਦੀ ਸੀ ਰੋਟੀ
ਬੇਬੇ ਤੋਂ ਖਾ ਕੇ।

ਹੋਰ ਵੀ ਗਵਾਂਢੋਂ ਹਾਣੀ ਮੇਰੇ ਦਾਣੇ
ਪੈਸੇ ਲਿਆਉਂਦੇ,
ਰਾਜੂ, ਭੋਲਾ, ਸੀਤੀ, ਪੱਪੂ ਲੈਣ
ਖਿਡਾਉਣੇ ਆਉਂਦੇ।

ਚਕਲਾ ਵੇਲਣਾ ਤਵਾ ਪ੍ਰੰਤ ਨਾਲੇ
ਵੇਖ ਮਿੱਟੀ ਦਾ ਚੁੱਲਾ,
ਲੈਣ ਕੁੜੀ ਗੁਆਢ ਤੋਂ ਆਉਂਦੀ ਜਿਓ
ਹਵਾ ਦਾ ਬੁੱਲਾ।

ਆਹ ਵੀ ਦੇ, ਉਹ ਵੀ ਦੇ ਬਹੁਤੀਆਂ
ਲੈਂਦੀ ਖੇਡਾਂ,
ਬਣੇ ਮਿੱਟੀ ਦੇ ਬਿੱਲੀਆਂ ਕੁੱਤੇ ਨਾਲੇ
ਗਾਈਆਂ ਭੇਡਾਂ।

ਮਿੰਟਾਂ ਵਿੱਚ ਵੇਚ ਖਿਡਾਉਣੇ ਟੋਕਰੀ
ਖਾਲੀ ਕਰਦੀ,
ਦਾਣੇ ਝੋਲੀ ਦੇ ਵਿੱਚ ਪਾ ਕੇ, ਬੋਝਾ
ਪੈਸਿਆਂ ਦਾ ਭਰਦੀ।

ਟੋਕਰੀ ਵਿੱਚ ਰੱਖ ਕੇ ਦਾਣੇ ਸਿਰ ਦੇ
ਉੱਤੇ ਟਿਕਾਉਂਦੀ,
'ਪੱਤੋ' ਬੇਬੇ ਤੋਂ ਪੁੱਛਦਾ ਰਹਿੰਦਾ ਉਹ
ਅੱਜਕੱਲ੍ਹ ਕਾਹਤੋਂ ਨਹੀਂ ਆਉਂਦੀ।

**ਹਰਪ੍ਰੀਤ ਪੱਤੋ**
94658-21417

## ਮੈਂ ਬੇਜਾਨ ਨਹੀਂ ਹਾਂ

ਉਹ ਸਾਰੇ ਵਧੀਆ ਸਨ
ਜਿੱਤ ਗਏ ਹੋਣਗੇ
ਮਾਂ ....
ਮੈਂ ਹਾਰਿਆ ਨਹੀਂ ਹਾਂ।
ਦੌੜ ਵਿਚ ਅੱਗੇ,
ਅੱਗੇ ਨਿਕਲ ਗਏ ਉਹ
ਮੈਂ ਵੀ ਭੱਜਿਆ
ਮਾਂ ...

ਭੱਜਣ ਤੋਂ ਭੱਜਿਆ ਨਹੀਂ ਹਾਂ।
ਮੇਰੀ ਦੌੜ ਤਾਂ ਮੇਰੇ ਨਾਲ ਹੈ
ਸਿਕੰਦਰ ਨਹੀਂ ਹਾਂ
ਜਿੱਤ ਕੇ ਜੋ ਹਾਰ ਗਿਆ
ਜੇਤੂਆਂ ਦਾ ਨਾਂ ਹੁੰਦੈ
ਸ਼ੋਹਰਤਾਂ ਮਿਲਦੀਆਂ
ਮੇਰੀ ਵੀ ਸਲਾਮ ਹੈ
ਮਾਂ ...

ਲਾਪਰਵਾਹ ਨਹੀਂ ਹਾਂ
ਇਸੇ ਲਈ ਤਾਂ
ਪਰਵਾਹ ਨਹੀਂ
ਕਿੰਨੇ ਮੇਰੇ ਅੱਗੇ
ਕਿੰਨਿਆਂ ਤੋਂ ਮੈਂ ਅੱਗੇ
ਖਿਡਾਰੀ ਹਾਂ ਮੈਂ
ਮਾਂ ...

ਮੈਂ ਵਪਾਰੀ ਨਹੀਂ ਹਾਂ
ਜ਼ਿੰਦਗੀ ਖੇਡ ਨਹੀਂ
ਜਿੰਦ ਵਿੱਚ ਖੇਡ ਹੁੰਦੀ
ਮੈਦਾਨ ਵਿੱਚ ਵੇਖ ਮੈਨੂੰ
ਨੱਠਦਾ, ਹਫਦਾ, ਡਿੱਗਦਾ
ਫਿਰ ਉੱਠਦਾ
ਜਿੱਤਣ ਲਈ ਨਹੀਂ
ਆਪਣੇ ਲਈ ਫਿਰ ਦੌੜਦਾ
ਥੱਕ ਤਾਂ ਗਿਆ ਹਾਂ
ਮਾਂ ...
ਮੈਂ ਬੇਜਾਨ ਨਹੀਂ ਹਾਂ।

**- ਮਨਜੀਤ ਸਿੰਘ ਬੱਧਣ**

## ਦੱਲੇ

ਦੱਲਿਆਂ ਦੀ ਦੱਲੇ ਇੱਜ਼ਤ ਕਰਦੇ,
ਇੱਜ਼ਤਦਾਰ ਬੇਇੱਜ਼ਤ ਹੋਵੇ।
ਗੱਲ ਕਹੀ ਮੇਰੀ ਕੌੜੀ ਲੱਗੂ,
ਪਰ ਭੱਠਲ 'ਨਾ ਸੱਚ ਲੁਕੋਵੇ।
ਸੱਚ ਬੋਲਣ ਤੇ ਮਾਰ ਦੇਵੇਂ ਮੈਨੂੰ,
ਏਡਾ ਵੀ ਮੈਥੋਂ ਪਾਪ ਨੀ ਹੋਇਆ।
ਮੇਰੀ ਗੱਲ ਤੇ ਗੌਰ ਕਰੋ ਨਾ,
ਇਹ ਤਾਂ ਕੋਈ ਇਨਸਾਫ਼ ਨਹੀਂ ਹੋਇਆ।

ਨੇਕੇ ਨੂੰ ਹੱਥ ਪਾ ਲੈਂਦੇ,
ਮਜਬੂਰ ਕਿਸੇ ਦੀ ਧੀ ਜੇ ਹੋਵੇ।
ਅਣਖ ਜਾਗ ਪੈਂਦੀ ਏ ਆਪਣੀ
ਜੇ ਮੁੰਡੇ ਕੋਲ ਖੜ੍ਹੀ ਵੀ ਹੋਵੇ।
ਜਦੋਂ ਕਿਸੇ ਦੀ ਇੱਜ਼ਤ ਲੁੱਟੀ,
ਅਣਖ ਦਾ ਉਦੋਂ ਅਹਿਸਾਸ ਨਹੀਂ ਹੋਇਆ।
ਮੇਰੀ ਗੱਲ ਤੇ ਗੌਰ ਕਰੋ ਨਾ,
ਇਹ ਤਾਂ ਕੋਈ ਇਨਸਾਫ਼ ਨਹੀਂ ਹੋਇਆ।

ਆਪ ਬਿਗਾਨੀਆਂ ਇੱਜ਼ਤਾਂ ਤੱਕੇ,
ਆਪਣੀ ਨਾ ਦਰੋਂ ਬਾਹਰ ਖਲੋਵੇ।
ਤੇਰਾ ਦਿਲ ਵੀਰੇ ਮੋਹਵੇ ਬੇਗਾਨੀ,
ਧੀ ਤੇਰੀ ਦਿਲ ਕਿਸੇ ਦਾ ਮੋਹਵੇ।
ਆਪਣੀ ਤੱਕਦਿਆਂ ਵੇਖ ਕਿਸੇ ਨੂੰ,
ਗੁੱਸਾ ਕਾਹਤੋਂ ਸ਼ਾਂਤ ਨਹੀਂ ਹੋਇਆ।
ਮੇਰੀ ਗੱਲ ਤੇ ਗੌਰ ਕਰੋ ਨਾ,
ਇਹ ਤਾਂ ਕੋਈ ਇਨਸਾਫ਼ ਨਹੀਂ ਹੋਇਆ।

ਜੰਮਣ ਵਾਲੀ ਥਾਂ ਫੜਦੇ ਓ,
ਥੋੜੇ ਲਈ ਕੋਈ ਹਾਰ ਪਰੋਵੇ ।
ਗਾਲ੍ਹ ਲੈਣ ਤੇ ਤੇਲ ਚੋਂਦਾ ਕੋਈ,
ਥੋੜੇ ਲਈ ਜੋ ਅਗਲਾ ਚੋਵੇ।
ਮਾਂ ਦੀ ਗਾਲ੍ਹ ਲੈ ਚੁੱਪ ਕਰ ਜਾਏ,
ਮਤਾ ਐਸਾ ਕੋਈ ਪਾਸ ਨਹੀਂ ਹੋਇਆ।
ਮੇਰੀ ਗੱਲ ਤੇ ਗੌਰ ਕਰੋ ਨਾ,
ਇਹ ਤਾਂ ਕੋਈ ਇਨਸਾਫ਼ ਨਹੀਂ ਹੋਇਆ।

ਕਈ ਕਹਿੰਦੇ ਕੁੜੀ ਲੱਚਰ ਲਿਖਦੀ,
ਸੱਚ ਕਈਆਂ ਨੂੰ ਲੱਚਰ ਲੱਗਦਾ।
ਮੇਰੀ ਕਲਮ ਤਾਂ ਉਹੀ ਲਿਖਦੀ,
ਜਿਹੜਾ ਵੀਰ ਸੱਚ ਹੈ ਅੱਜ ਦਾ।
ਮਾਂ ਨੇ ਧੀ ਆਸ਼ਕ ਲਈ ਮਾਰੀ ,
ਅਜੇ 'ਵੀਰਪਾਲ' ਕੁਝ ਖ਼ਾਸ ਨਹੀਂ ਹੋਇਆ।
ਮੇਰੀ ਗੱਲ ਤੇ ਗੌਰ ਕਰੋ ਨਾ,
ਇਹ ਤਾਂ ਕੋਈ ਇਨਸਾਫ਼ ਨਹੀਂ ਹੋਇਆ।

**ਵੀਰਪਾਲ ਕੌਰ ਭੱਠਲ**

## ਮੇਰੇ ਅੰਦਰ

ਲੂੰਬੜ ਚਾਲਾਂ ਚੱਲਣ ਕਰਨ ਮੱਕਾਰੀ ਏ,
ਮਾਰਨ ਠੱਗੀਆਂ ਰਹਿੰਦੇ ਵਿੱਚ ਹੁਸ਼ਿਆਰੀ ਏ,
ਸਿਰ ਸੁੱਟਿਆਂ ਏ ਬਣ ਕੇ ਬੈਠੇ ਖੋਤੇ ਨੇ।
ਅੰਦਰ ਮੇਰੇ ਕਿੰਨੇ ਬਾਂਦਰ ਤੋਤੇ ਨੇ।
ਇਹ ਗੋਲੇ ਕਬੂਤਰ ਨਿੱਤ ਹੀ ਹੱਥ ਤੇ ਚੋਗ ਚੁਗਣ,
ਅੱਖਾਂ ਮੀਟੀ ਬੈਠੇ, ਨਾ ਮੌਤ ਦਾ ਖੌਫ ਧਰਨ।
ਬਣ ਕੋਹਲੂ ਵਾਲੇ ਬੈਲ, ਪਏ ਭਰਦੇ ਹੌਕੇ ਨੇ।
ਮੇਰੇ ਅੰਦਰ ਕਿੰਨੇ ਈ ਮੋਰ ਤੇ ਤੋਤੇ ਨੇ।
ਗਿਰਗਿਟ ਵਾਲੇ ਰੰਗ ਫਿੱਕੇ ਮੇਰੇ ਰੰਗਾਂ ਤੋਂ,
ਪਲ ਪਲ ਬਦਲਾਂ ਰੂਪ ਅਜਬ ਜਿਹੇ ਢੰਗਾਂ ਤੋਂ।
ਕਦੇ ਮਾਨ ਸਰੋਵਰੀ ਹੰਸ, ਕਦੇ ਲੱਕੜਬੱਗੇ ਨੇ।
ਵਿੱਚ ਖੁਸੀ ਦੇ ਝੂਮਣ, ਪੈਲਾਂ ਪਾਵਣ ਏਹ,
ਕੂੰਜ ਉਡਾਰੀ ਮਾਰਨ, ਦੂਰ ਉੱਡ ਜਾਵਣ ਏਹ।
ਨਾ ਜੁਰਤ ਨਾ ਮਾਰਨ ਬੜਕ, ਨਿਰੇ ਬੱਸ ਥੋਤੇ ਈ ਨੇ।
ਮੇਰੇ ਅੰਦਰ ਕਿੰਨੇ ਬਾਂਦਰ ਤੇ ਤੋਤੇ ਨੇ।
ਹਵਸ ਪੁਜਾਰੀ,ਨਿੱਤ ਹੀ ਮਾਸ ਦੀ ਭਾਲ ਕਰਨ,
ਬਣ ਕੇ ਗਿੱਧਾਂ, ਗਿਰਝਾਂ,
ਚੂੰਡਦੇ ਮਾਸ ਫਿਰਨ।
ਵਾਂਗ ਸ਼ਿਕਾਰੀ ਭਾਉਂਦੇ,
ਫੜ ਫਾਹੀਆਂ ਖਲੋਤੇ ਨੇ।
ਮੇਰੇ ਅੰਦਰ ਕਿੰਨੇ ਬਾਂਦਰ ਤੋਤੇ ਨੇ।

**ਸਤਨਾਮ ਕੌਰ ਤੁਗਲਵਾਲਾ**

## ਕੇਸ ਬੇਅਦਬੀਆਂ ਦਾ

ਹਰ ਸਰਕਾਰ ਨੇ ਇਹੋ ਹੀ ਕੰਮ ਕੀਤਾ
'ਸਿਟ' ਨਵੀਂ ਤੋਂ ਨਵੀਂ ਬਣਾਈ ਗਏ।
ਬਣੀ ਟੀਮ ਦਾ ਬਦਲ ਕੇ 'ਰੂਪ' ਥੋੜਾ
ਮੈਂਬਰ ਨਵਾਂ ਕੋਈ ਹੋਰ ਫਸਾਈ ਗਏ।
'ਸਜ਼ਾ ਦਿਆਂ ਗੇ' ਆਖ ਕੇ ਲਈ ਸੱਤਾ
ਵਾਂਗ ਪਹਿਲਿਆਂ ਕੇਸ ਲਮਕਾਈ ਗਏ।
ਸਮਾਂ ਆ ਗਿਆ ਲੋਕਾਂ 'ਚ ਜਾਣ ਵਾਲਾ
ਉਹ ਪੁੱਛਣਗੇ ਕਾਹਤੋਂ 'ਟਰਕਾਈ' ਗਏ।
'ਫੂਕ ਨਿਕਲੀ' ਜਨਤਾ ਇਹ ਆਖਦੀ ਏ
ਮੁੱਖ ਮੰਤਰੀ ਵਾਲੀਆਂ 'ਪਦਵੀਆਂ' ਦੀ।
ਸੰਮਨ ਭੇਜ ਕੇ ਕਈਆਂ ਨੂੰ ਸਵਾਲ ਕਰਨੇ
ਏਹੀ ਸਮਝੀਏ 'ਸਜ਼ਾ' ਬੇਅਦਬੀਆਂ ਦੀ?



**-ਤਰਲੋਚਨ ਸਿੰਘ ਦੁਪਾਲ ਪੁਰ**
001-408-905-5517

## ਪਾਰਸ ਪੱਥਰ...

ਕੀਹਦੇ ਨਾਲ ਫਰੋਲਾਂ ਦਿਲ ਨੀ,
ਕੀਹਨੂੰ ਦਰਦ ਦਿਖਾਵਾਂ ਅੜੀਏ।
ਤੇਰੇ ਬਿਨ ਸਾਡਾ ਕੌਣ ਹੈ ਦੱਸ,
ਕੀਹਦਾ ਪਾਰਸ ਪੱਥਰ ਬਣੀਏ।

ਬਚਪਨ ਵਿੱਚ ਨਾ 'ਕੱਲਿਆਂ ਛੱਡਦੀ,
ਕਦੇ ਨਾ ਭੁੱਖਿਆਂ ਰਹਿਣ ਦਿੰਦੀ।
ਸੁੱਖਾਂ ਦੇ ਵਿੱਚ ਰਹਿੰਦੇ ਸਾਂ ਸਦਾ,
ਦੁੱਖ ਕਦੇ ਨਾ ਸਹਿਣ ਦਿੰਦੀ।

ਕਿਸ ਭਰੋਸੇ ਛੱਡ ਕੇ ਤੁਰ ਗਈ,
ਕਿਹੜਾ ਹੱਥ ਜਾ ਫੜੀਏ।
'ਕੱਲਿਆਂ ਹੀ ਹੁਣ ਰਹਿੰਦੇ ਹਾਂ,
ਕੋਈ ਨਾ ਪੁੱਛਦਾ ਸਾਰ ਸਾਡੀ।

ਸੁਖਾਂ ਦਾ ਕੋਈ ਪਤਾ ਨਹੀਂ,
ਦੁੱਖਾਂ ਨਾਲ ਹੈ ਸਾਂਝ ਪਈ।
ਤੇਰੀ ਫੋਟੋ ਗਲ ਲੱਗ ਰੋਈਏ,
ਮਾਲਾ ਮੋਤੀ ਦੇ ਨਾਲ ਜੜੀਏ।

ਮਾਵਾਂ ਹਨ ਸੰਘਣੀਆਂ ਛਾਵਾਂ,
ਇਹ ਸਮਝ ਹੁਣੇ ਹੀ ਆਈ।
ਇਨ੍ਹਾਂ ਸੰਗ ਹੀ ਸੋਹਣੀ ਹੁੰਦੀ,
ਜ਼ਿੰਦਗੀ ਜਿਹੜੀ ਹੰਢਾਈ।

ਲੱਖ ਕਿਤਾਬਾਂ ਪੜ੍ਹਨ ਤੋਂ ਪਹਿਲਾਂ,
ਮਾਂ ਦੀਆਂ ਅੱਖਾਂ ਪੜ੍ਹੀਏ।
ਦੂਰ ਕਿਤੇ ਉਹ ਰਹਿੰਦੀ ਹੋਣੀ,
ਸੁਪਨਿਆਂ ਦੇ ਵਿੱਚ ਆਉਂਦੀ ਏ।

ਤੱਕ ਕੇ ਸਾਡੇ ਮੂੰਹ ਮੁਰਝਾਏ,
ਉਦਾਸ ਜਿਹੀ ਹੋ ਜਾਂਦੀ ਏ।
ਕਿੱਥੋਂ ਲੱਭਦੀ ਹੁੰਦੀ ਹੋਣੀ,
ਕਿਹੜੇ ਰਾਹੀਂ ਜਾ ਖੜ੍ਹੀਏ।

**-ਮਨਜੀਤ ਕੌਰ ਧੀਮਾਨ**

## ਆਪਣਾ ਖਿਆਲ ਰੱਖ

ਦਿਲ ਨੂੰ ਸੰਭਾਲ ਰੱਖ।
ਟੁੱਟ ਨਾ ਜਾਵੇ ਕਿਤੇ ਸਧਰਾਂ ਦੀ ਲੜੀ,
ਕਿਹੜੀ ਗੱਲੋਂ ਕਰੀ ਬੈਠਾ ਦੱਸਦੇ ਤੂੰ ਅੜੀ।
ਝਾਕਦਾ ਨਾ ਹੁਣ ਸਾਡੇ ਵੱਲ ਨੂੰ,
ਦਿਲ ਉੱਤੇ ਲੈ ਬੈਠਾ ਕਿਹੜੀ ਗੱਲ ਨੂੰ,
ਮੁੜ ਕੇ ਨਾ ਆਉਣੀ ਫਿਰ,
ਜਿਹੜੀ ਅੱਜ ਲੰਘ ਗਈ ਘੜੀ।
ਕਿਹੜੀ ਗੱਲੋਂ ਕਰੀ....

ਤੇਰਾ ਮੇਰਾ ਰਿਸ਼ਤਾ ਏ ਪਾਕ ਵੇ,
ਤੇਰੇ ਬਿਨਾਂ ਹੋ ਨਾ ਜਾਈਏ ਖਾਕ ਵੇ,
ਤੇਰੀ ਮੇਰੀ ਯਾਦ ਸੱਜਣਾ,
ਦੇਖ ਓਸੇ ਰਾਹ ਤੇ ਆ ਖੜੀ।
ਕਿਹੜੀ ਗੱਲੋਂ ਕਰੀ.....

ਬਣਕੇ ਤੂੰ ਮੇਰਾ ਦਰਦੀ ਦਰਦ ਪਛਾਣ,
ਗ਼ਮ ਤੇਰੇ ਵਿੱਚ ਮੁਕ ਚੱਲੀ ਦੇਖ ਤੂੰ ਜਾਣ ,
ਦੁਖਦੀ ਰਹਾਂ ਮੈ ਸਾਰਾ ਦਿਨ,
ਬਿਰਹੋਂ ਦੀ ਅੱਗ ਜਾਵਾਂ 'ਸ਼ਿਵ' ਸੜੀ ।
ਕਿਹੜੀ ਗੱਲੋਂ ਕਰੀ ....

**ਸ਼ਿਵਨਾਥ ਦਰਦੀ ਫ਼ਰੀਦਕੋਟ**
9855155392

# ਗਲਤ ਥਾਵਾਂ ’ਤੇ ਰੁੱਖ ਲਗਾਉਣਾ ਜਲਵਾਯੂ ਹੱਲ ਨਹੀਂ ਹੈ



ਰੁੱਖ ਲਗਾਉਣ ਨੂੰ ਜਲਵਾਯੂ ਪਰਿਵਰਤਨ ਨਾਲ ਨਜਿੱਠਣ ਦੇ ਸਭ ਤੋਂ ਸੌਖੇ ਅਤੇ ਪ੍ਰਭਾਵਸ਼ਾਲੀ ਤਰੀਕਿਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਰੁੱਖ ਕਾਰਬਨ ਡਾਈਆਕਸਾਈਡ ਸੋਖਦੇ ਹਨ, ਆਕਸੀਜਨ ਛੱਡਦੇ ਹਨ, ਛਾਂ ਪ੍ਰਦਾਨ ਕਰਦੇ ਹਨ, ਮਿੱਟੀ ਦੀ ਰੱਖਿਆ ਕਰਦੇ ਹਨ ਅਤੇ ਜੈਵ-ਵਿਭਿੰਨਤਾ ਨੂੰ ਸਹਾਰਾ ਦਿੰਦੇ ਹਨ। ਪਰ ਇਹ ਸੋਚ ਕਿ ਹਰ ਥਾਂ ਵੱਧ ਤੋਂ ਵੱਧ ਰੁੱਖ ਲਗਾਉਣਾ ਆਪਣੇ ਆਪ ਹੀ ਜਲਵਾਯੂ ਲਈ ਚੰਗਾ ਹੈ, ਬਹੁਤ ਸਰਲ ਧਾਰਨਾ ਹੈ। ਰੁੱਖ ਕਿੱਥੇ ਲਗਾਏ ਜਾਂਦੇ ਹਨ, ਕਿਹੜੀਆਂ ਕਿਸਮਾਂ ਦੀ ਚੋਣ ਕੀਤੀ ਜਾਂਦੀ ਹੈ ਅਤੇ ਉਹ ਕਿਸ ਕੁਦਰਤੀ ਵਾਤਾਵਰਣ ਦੀ ਥਾਂ ਲੈਂਦੇ ਹਨ—ਇਹ ਸਭ ਬਹੁਤ ਮਹੱਤਵਪੂਰਨ ਹੈ।

ਜੰਗਲ ਸਿਰਫ਼ ਰੁੱਖਾਂ ਦਾ ਸਮੂਹ ਨਹੀਂ ਹੁੰਦੇ, ਸਗੋਂ ਇਹ ਗੁੰਝਲਦਾਰ ਪਰਿਸਥਿਤਕੀ ਤੰਤਰ ਹਨ। ਘਾਹ ਦੇ ਮੈਦਾਨ, ਸਵਾਨਾ, ਗਿੱਲੀਆਂ ਜ਼ਮੀਨਾਂ, ਝਾੜੀਆਂ ਵਾਲੇ ਖੇਤਰ ਅਤੇ ਹੋਰ ਕੁਦਰਤੀ ਖੁੱਲ੍ਹੇ ਇਲਾਕੇ ਵੀ ਜੈਵ-ਵਿਭਿੰਨਤਾ ਕਾਇਮ ਰੱਖਣ, ਕਾਰਬਨ ਸੰਭਾਲਣ ਅਤੇ ਪਾਣੀ ਦੇ ਸੰਤੁਲਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਹਰ ਖੁੱਲ੍ਹੇ ਖੇਤਰ ਨੂੰ ਰੁੱਖਾਂ ਦੇ ਬਾਗ ਵਿੱਚ ਬਦਲ ਦੇਣਾ ਉਨ੍ਹਾਂ ਕੁਦਰਤੀ ਪ੍ਰਣਾਲੀਆਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ, ਜਿਨ੍ਹਾਂ ਦੀ ਰੱਖਿਆ ਕਰਨਾ ਜਲਵਾਯੂ ਕਾਰਵਾਈ ਦਾ ਮਕਸਦ ਹੈ।

ਇੱਕ ਵੱਡੀ ਚਿੰਤਾ ਕੁਦਰਤੀ ਤੌਰ ’ਤੇ ਖੁੱਲ੍ਹੇ ਪਰਿਸਥਿਤਕੀ ਤੰਤਰਾਂ ਨੂੰ ਘਣੇ ਰੁੱਖਾਂ ਦੇ ਬਾਗਾਂ ਵਿੱਚ ਬਦਲਣ ਦੀ ਹੈ। ਘਾਹ ਦੇ ਮੈਦਾਨ ਅਤੇ ਸਵਾਨਾ ਅਜਿਹੇ ਕਈ ਪੌਦਿਆਂ, ਕੀੜਿਆਂ, ਪੰਛੀਆਂ ਅਤੇ ਜਾਨਵਰਾਂ ਨੂੰ ਆਸਰਾ ਦਿੰਦੇ ਹਨ ਜੋ ਖੁੱਲ੍ਹੇ ਵਾਤਾਵਰਣ ’ਤੇ ਨਿਰਭਰ ਕਰਦੇ ਹਨ। ਅਜਿਹੇ ਖੇਤਰਾਂ ਵਿੱਚ ਰੁੱਖ ਲਗਾਉਣ ਨਾਲ ਜੈਵ-ਵਿਭਿੰਨਤਾ ਘਟ ਸਕਦੀ ਹੈ ਅਤੇ ਮਿੱਟੀ ਦੀਆਂ ਕੁਦਰਤੀ ਵਿਸ਼ੇਸ਼ਤਾਵਾਂ ਵਿੱਚ ਤਬਦੀਲੀ ਆ ਸਕਦੀ ਹੈ। ਕੁਝ ਖੇਤਰਾਂ ਵਿੱਚ ਤੇਜ਼ੀ ਨਾਲ ਵਧਣ ਵਾਲੀਆਂ ਜਾਂ ਵੱਧ ਪਾਣੀ ਦੀ ਲੋੜ ਵਾਲੀਆਂ ਰੁੱਖਾਂ ਦੀਆਂ ਕਿਸਮਾਂ ਭੂਮੀਗਤ ਪਾਣੀ ਦੀ ਵੀ ਕਾਫ਼ੀ ਵਰਤੋਂ ਕਰ ਸਕਦੀਆਂ ਹਨ।

ਇੱਕ ਹੋਰ ਸਮੱਸਿਆ ਗਲਤ ਰੁੱਖਾਂ ਦੀ ਚੋਣ ਹੈ। ਇੱਕ ਰੁੱਖਾਂ ਦਾ ਬਾਗ ਹਰਾ-ਭਰਾ ਅਤੇ ਸਿਹਤਮੰਦ ਦਿਖਾਈ ਦੇ ਸਕਦਾ ਹੈ, ਪਰ ਇੱਕੋ ਕਿਸਮ ਦੇ ਰੁੱਖਾਂ ਵਾਲਾ ਬਾਗ ਇੱਕ ਵਿਭਿੰਨ ਕੁਦਰਤੀ ਜੰਗਲ ਜਿੰਨੇ ਪਰਿਸਥਿਤਕੀ ਲਾਭ ਨਹੀਂ ਦੇ ਸਕਦਾ। ਇੱਕੋ ਕਿਸਮ ਦੇ ਰੁੱਖਾਂ ਦੀ ਵੱਡੇ ਪੱਧਰ ’ਤੇ ਖੇਤੀ ਕੀੜਿਆਂ, ਬਿਮਾਰੀਆਂ, ਸੋਕੇ ਅਤੇ ਅੱਗ ਲਈ ਵਧੇਰੇ ਸੰਵੇਦਨਸ਼ੀਲ ਹੋ ਸਕਦੀ ਹੈ। ਇਸ ਤੋਂ ਇਲਾਵਾ, ਇਹ ਜੰਗਲੀ ਜੀਵਾਂ ਲਈ ਸੀਮਤ ਆਵਾਸ ਹੀ ਪ੍ਰਦਾਨ ਕਰ ਸਕਦੀ ਹੈ।



ਵਿਜੈ ਗਰਗ
ਸਾਬਕਾ ਪ੍ਰਿੰਸੀਪਲ
ਸਿੱਖਿਆ ਕਾਲਮਨਵੀਸ
9465682110

ਪਾਣੀ ਵੀ ਇੱਕ ਮਹੱਤਵਪੂਰਨ ਕਾਰਕ ਹੈ। ਰੁੱਖਾਂ ਨੂੰ ਵਧਣ ਲਈ ਪਾਣੀ ਦੀ ਲੋੜ ਹੁੰਦੀ ਹੈ। ਜਿੱਥੇ ਪਹਿਲਾਂ ਹੀ ਪਾਣੀ ਦੀ ਘਾਟ ਹੈ, ਉੱਥੇ ਵੱਡੇ ਪੱਧਰ ’ਤੇ ਰੁੱਖ ਲਗਾਉਣ ਨਾਲ ਦਰਿਆਵਾਂ, ਨਦੀਆਂ ਅਤੇ ਭੂਮੀਗਤ ਪਾਣੀ ’ਤੇ ਵਾਧੂ ਦਬਾਅ ਪੈ ਸਕਦਾ ਹੈ। ਇਸ ਦਾ ਅਰਥ ਇਹ ਨਹੀਂ ਕਿ ਰੁੱਖ ਨੁਕਸਾਨਦੇਹ ਹਨ; ਇਸ ਦਾ ਮਤਲਬ ਇਹ ਹੈ ਕਿ ਰੁੱਖ ਲਗਾਉਣ ਦੀ ਯੋਜਨਾ ਸਥਾਨਕ ਪਾਣੀ ਦੀ ਉਪਲਬਧਤਾ ਅਤੇ ਪਰਿਸਥਿਤਕੀ ਹਾਲਾਤਾਂ ਦੇ ਅਨੁਸਾਰ ਹੋਣੀ ਚਾਹੀਦੀ ਹੈ।

ਰੁੱਖ ਲਗਾਉਣ ਅਤੇ ਕੁਦਰਤੀ ਜੰਗਲਾਂ ਦੀ ਬਹਾਲੀ ਵਿੱਚ ਵੀ ਫ਼ਰਕ ਹੈ। ਇੱਕ ਕੁਦਰਤੀ ਜੰਗਲ ਕਈ ਸਾਲਾਂ ਦੌਰਾਨ ਰੁੱਖਾਂ, ਝਾੜੀਆਂ, ਘਾਹ, ਫੰਗਸ, ਕੀੜਿਆਂ, ਪੰਛੀਆਂ ਅਤੇ ਜਾਨਵਰਾਂ ਵਿਚਕਾਰ ਹੋਣ ਵਾਲੀਆਂ ਆਪਸੀ ਕਿਰਿਆਵਾਂ ਨਾਲ ਵਿਕਸਤ ਹੁੰਦਾ ਹੈ। ਹਜ਼ਾਰਾਂ ਰੁੱਖਾਂ ਵਾਲਾ ਬਾਗ ਵੀ ਇਸ ਕੁਦਰਤੀ ਗੁੰਝਲਦਾਰਤਾ ਨੂੰ ਪੂਰੀ ਤਰ੍ਹਾਂ ਦੁਹਰਾ ਨਹੀਂ ਸਕਦਾ। ਇਸ ਲਈ ਮੌਜੂਦਾ ਕੁਦਰਤੀ ਜੰਗਲਾਂ ਦੀ ਰੱਖਿਆ ਕਰਨਾ ਅਕਸਰ ਉਨ੍ਹਾਂ ਥਾਵਾਂ ’ਤੇ ਨਵੇਂ ਰੁੱਖ ਲਗਾਉਣ ਨਾਲੋਂ ਵਧੇਰੇ ਮਹੱਤਵਪੂਰਨ ਹੁੰਦਾ ਹੈ ਜਿੱਥੇ ਕੁਦਰਤੀ ਤੌਰ ’ਤੇ ਜੰਗਲ ਮੌਜੂਦ ਹੀ ਨਹੀਂ ਸਨ।

ਜਲਵਾਯੂ ਲਈ ਰੁੱਖਾਂ ਦੇ ਲਾਭ ਉਨ੍ਹਾਂ ਦੀ ਲੰਬੇ ਸਮੇਂ ਤੱਕ ਮੌਜੂਦਗੀ ’ਤੇ ਵੀ ਨਿਰਭਰ ਕਰਦੇ ਹਨ। ਰੁੱਖ ਵਧਣ ਦੇ ਨਾਲ ਕਾਰਬਨ ਸੰਭਾਲਦੇ ਹਨ, ਪਰ ਜੇ ਜੰਗਲ ਕੱਟੇ ਜਾਣ, ਅੱਗ, ਸੋਕੇ ਜਾਂ ਬਿਮਾਰੀਆਂ ਨਾਲ ਨਸ਼ਟ ਹੋ ਜਾਣ ਤਾਂ ਇਹ ਕਾਰਬਨ ਮੁੜ ਵਾਤਾਵਰਣ ਵਿੱਚ ਜਾ ਸਕਦਾ ਹੈ। ਇਸ ਲਈ ਜਲਵਾਯੂ ਰਣਨੀਤੀ ਵਿੱਚ ਸਿਰਫ਼ ਬੂਟੇ ਲਗਾਉਣ ਦੀ ਗਿਣਤੀ ਨਹੀਂ, ਸਗੋਂ ਲੰਬੇ ਸਮੇਂ ਦੀ ਸੁਰੱਖਿਆ ਅਤੇ ਸੰਭਾਲ ਵੀ ਜ਼ਰੂਰੀ ਹੈ।

ਹੱਲ ਇਹ ਨਹੀਂ ਕਿ ਰੁੱਖ ਲਗਾਉਣਾ ਬੰਦ ਕਰ ਦਿੱਤਾ ਜਾਵੇ। ਇਸ ਦੀ ਬਜਾਏ ਸਾਨੂੰ ਸਮਝਦਾਰੀ ਨਾਲ ਰੁੱਖ ਲਗਾਉਣ ਦੀ ਲੋੜ ਹੈ। ਸਥਾਨਕ ਅਤੇ ਦੇਸੀ ਕਿਸਮਾਂ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ ਅਤੇ ਰੁੱਖ ਲਗਾਉਣ ਦੀ ਯੋਜਨਾ ਵਿਗਿਆਨਕ ਅਤੇ ਪਰਿਸਥਿਤਕੀ ਅਧਿਐਨ ’ਤੇ ਆਧਾਰਿਤ ਹੋਣੀ ਚਾਹੀਦੀ ਹੈ। ਨੁਕਸਾਨਗ੍ਰਸਤ ਜੰਗਲਾਂ ਨੂੰ ਮੁੜ ਬਹਾਲ ਕੀਤਾ ਜਾਵੇ, ਮੌਜੂਦਾ ਕੁਦਰਤੀ ਜੰਗਲਾਂ ਦੀ ਰੱਖਿਆ ਕੀਤੀ ਜਾਵੇ ਅਤੇ ਕੁਦਰਤੀ ਘਾਹ ਦੇ ਮੈਦਾਨਾਂ, ਗਿੱਲੀਆਂ ਜ਼ਮੀਨਾਂ ਅਤੇ ਹੋਰ ਕੀਮਤੀ ਪਰਿਸਥਿਤਕੀ ਤੰਤਰਾਂ ਨੂੰ ਸਿਰਫ਼ ਇਸ ਲਈ ਰੁੱਖਾਂ ਦੇ ਬਾਗਾਂ ਵਿੱਚ ਨਾ ਬਦਲਿਆ ਜਾਵੇ ਕਿ ਰੁੱਖ ਲਗਾਉਣਾ ਜਲਵਾਯੂ ਸਮੱਸਿਆ ਦਾ ਇੱਕ ਸੌਖਾ ਹੱਲ ਦਿਖਾਈ ਦਿੰਦਾ ਹੈ।

ਸਰਕਾਰਾਂ, ਭਾਈਚਾਰਿਆਂ ਅਤੇ ਵਾਤਾਵਰਣ ਸੰਸਥਾਵਾਂ ਨੂੰ ਸਫਲਤਾ ਦਾ ਮੁਲਾਂਕਣ ਸਿਰਫ਼ ਲਗਾਏ ਗਏ ਰੁੱਖਾਂ ਦੀ ਗਿਣਤੀ ਨਾਲ ਨਹੀਂ ਕਰਨਾ ਚਾਹੀਦਾ। ਰੁੱਖਾਂ ਦੀ ਜੀਵਿਤ ਰਹਿਣ ਦੀ ਦਰ, ਪਰਿਸਥਿਤਕੀ ਮਹੱਤਤਾ, ਜੈਵ-ਵਿਭਿੰਨਤਾ ਨੂੰ ਲਾਭ, ਪਾਣੀ ’ਤੇ ਪ੍ਰਭਾਵ ਅਤੇ ਲੰਬੇ ਸਮੇਂ ਲਈ ਕਾਰਬਨ ਸੰਭਾਲਣ ਦੀ ਸਮਰੱਥਾ ਨੂੰ ਵੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ।

ਜਲਵਾਯੂ ਦੀ ਰੱਖਿਆ ਸਿਰਫ਼ ਬੂਟਿਆਂ ਦੀ ਗਿਣਤੀ ਕਰਨ ਦਾ ਨਾਮ ਨਹੀਂ ਹੈ। ਇਸ ਲਈ ਭੂ-ਦ੍ਰਿਸ਼ਾਂ ਅਤੇ ਕੁਦਰਤੀ ਪਰਿਸਥਿਤਕੀ ਤੰਤਰਾਂ ਨੂੰ ਸਮਝਣਾ ਜ਼ਰੂਰੀ ਹੈ। ਸਹੀ ਥਾਂ ’ਤੇ ਸਹੀ ਰੁੱਖ ਇੱਕ ਸ਼ਕਤੀਸ਼ਾਲੀ ਜਲਵਾਯੂ ਹੱਲ ਬਣ ਸਕਦਾ ਹੈ। ਪਰ ਗਲਤ ਥਾਂ ’ਤੇ ਗਲਤ ਰੁੱਖ ਨਵੀਆਂ ਵਾਤਾਵਰਣਕ ਸਮੱਸਿਆਵਾਂ ਪੈਦਾ ਕਰ ਸਕਦਾ ਹੈ। ਇਸ ਲਈ ਭਵਿੱਖ ਦੀ ਵਣ-ਬਹਾਲੀ ਅਤੇ ਰੁੱਖ ਲਗਾਉਣ ਦੀ ਨੀਤੀ ਸਿਰਫ਼ “ਹਰ ਥਾਂ ਵੱਧ ਤੋਂ ਵੱਧ ਰੁੱਖ ਲਗਾਓ” ਦੇ ਨਾਅਰੇ ’ਤੇ ਨਹੀਂ, ਸਗੋਂ ਇੱਕ ਵਧੇਰੇ ਸਮਝਦਾਰ ਸਿਧਾਂਤ ’ਤੇ ਆਧਾਰਿਤ ਹੋਣੀ ਚਾਹੀਦੀ ਹੈ—ਕੁਦਰਤ ਦੀ ਰੱਖਿਆ ਕਰੋ, ਨੁਕਸਾਨਗ੍ਰਸਤ ਪਰਿਸਥਿਤਕੀ ਤੰਤਰਾਂ ਨੂੰ ਮੁੜ ਬਹਾਲ ਕਰੋ ਅਤੇ ਉੱਥੇ ਹੀ ਰੁੱਖ ਲਗਾਓ ਜਿੱਥੇ ਉਹ ਕੁਦਰਤੀ ਤੌਰ ’ਤੇ ਢੁਕਵੇਂ ਹਨ।

# ਉਨ੍ਹਾਂ ਨੂੰ ਕਿਹੜਾ ਪੰਜਾਬੀ ਆਉਂਦੀ ਹੈ !

ਸੱਤਾ ਦੇ ਗਲਿਆਰਿਆਂ ਵਿੱਚ ਰੋਜ਼ਾਨਾ ਅਨੇਕਾਂ ਰਸਮੀ ਮਿਲਣੀਆਂ ਹੁੰਦੀਆਂ ਹਨ, ਪਰ ਕੁਝ ਪਲ ਅਜਿਹੇ ਹੁੰਦੇ ਹਨ ਜੋ ਚੇਤਿਆਂ ਦੇ ਕੈਨਵਸ ’ਤੇ ਉਮਰ ਭਰ ਲਈ ਉੱਕਰੇ ਜਾਂਦੇ ਹਨ। ਮੁੱਖ ਮੰਤਰੀ ਦੇ ਪ੍ਰੈੱਸ ਸਕੱਤਰ ਵਜੋਂ ਆਪਣੇ ਸੇਵਾਕਾਲ ਦੇ ਦਿਨਾਂ ਦਾ ਮੁੱਖ ਮੰਤਰੀ ਦੀ ਸਰਕਾਰੀ ਰਿਹਾਇਸ਼ ’ਤੇ ਵਾਪਰਿਆ ਅਜਿਹਾ ਹੀ ਖ਼ਾਸ ਵਾਕਿਆ ਮੈਨੂੰ ਅੱਜ ਵੀ ਯਾਦ ਹੈ।

ਮੁੱਖ ਮੰਤਰੀ ਦੀ ਰਿਹਾਇਸ਼ ’ਤੇ ਦੇਸ਼-ਵਿਦੇਸ਼ ਦੇ ਮਹਿਮਾਨਾਂ ਦਾ ਤਾਂਤਾ ਲੱਗਿਆ ਰਹਿੰਦਾ ਸੀ। ਉਨ੍ਹਾਂ ਦਿਨਾਂ ਵਿੱਚ ਇੱਕ ਵਿਦੇਸ਼ੀ ਸਫ਼ੀਰ ਆਪਣਾ ਤਿੰਨ ਮੈਂਬਰੀ ਵਫ਼ਦ ਲੈ ਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਮਿਲਣ ਆਇਆ। ਇਸ ਛੋਟੇ ਜਿਹੇ ਵਫ਼ਦ ਵਿੱਚ ਸਫ਼ੀਰ ਖ਼ੁਦ ਅਤੇ ਉਨ੍ਹਾਂ ਦੇ ਨਾਲ ਦੋ ਸੀਨੀਅਰ ਸਹਿਯੋਗੀ- ਇੱਕ ਮਰਦ ‘ਫਸਟ ਸਕੱਤਰ (ਪੁਲੀਟੀਕਲ)’ ਅਤੇ ਇੱਕ ਮਹਿਲਾ ‘ਫਸਟ ਸਕੱਤਰ (ਇਕਨੌਮਿਕ ਐਂਡ ਕਮਰਸ਼ੀਅਲ)’ ਸ਼ਾਮਿਲ ਸਨ। ਇਸ ਮਹਿਲਾ ਅਧਿਕਾਰੀ ਨੂੰ ਮੈਂ ਸ਼ੁਰੂ ਵਿੱਚ ਸਫ਼ੀਰ ਦੀ ਧਰਮ ਪਤਨੀ ਸਮਝ ਬੈਠਾ ਸਾਂ। ਮੁੱਖ ਮੰਤਰੀ ਨਾਲ ਉਸ ਵੇਲੇ ਮੁੱਖ ਸਕੱਤਰ ਅਤੇ ਪ੍ਰਿੰਸੀਪਲ ਸਕੱਤਰ ਵੀ ਮੌਜੂਦ ਸਨ। ਮਹਿਮਾਨ-ਨਿਵਾਜ਼ੀ ਕਰਨਾ ਅਤੇ ਮਹਿਮਾਨਾਂ ਨਾਲ ਮੁਹੱਬਤ ਤੇ ਖ਼ਲੂਸ ਨਾਲ ਪੇਸ਼ ਆਉਣਾ ਉਨ੍ਹਾਂ ਦੀ ਸ਼ਖ਼ਸੀਅਤ ਦਾ ਇੱਕ ਗੁਣ ਸੀ। ਅਜਿਹੀਆਂ ਅਹਿਮ ਮੁਲਾਕਾਤਾਂ ਉਸ ਸਰਕਾਰੀ ਰਿਹਾਇਸ਼ ਦੇ ਵਿਸ਼ਾਲ ਸ਼ਾਹੀ ਡਰਾਇੰਗ ਰੂਮ ਵਿੱਚ ਹੁੰਦੀਆਂ ਸਨ, ਜਿੱਥੇ ਕੀਮਤੀ ਸੋਫ਼ੇ ਅਤੇ ਪੁਰਾਤਨ ਰਿਆਸਤੀ ਸਾਜ਼ੋ-ਸਾਮਾਨ ਸਜਿਆ ਹੁੰਦਾ ਸੀ।



ਡਾ. ਓਪਿੰਦਰ ਸਿੰਘ ਲਾਂਬਾ

ਕੂਟਨੀਤਕ ਮਿਲਣੀਆਂ ਦੇ ਆਪਣੇ ਰਸਮੀ ਨੇਮ ਅਤੇ ਪ੍ਰੋਟੋਕੋਲ ਹੁੰਦੇ ਹਨ। ਇਸ ਤਹਿਤ ਪਹਿਲਾਂ ਮਹਿਮਾਨ ਵੱਲੋਂ ਆਉਂਦਿਆਂ ਹੀ ਮੁੱਖ ਮੰਤਰੀ ਨੂੰ ਆਪਸੀ ਸਨਮਾਨ ਦੇ ਪ੍ਰਤੀਕ ਵਜੋਂ ਗੁਲਦਸਤੇ ਭੇਟ ਕੀਤੇ ਗਏ ਅਤੇ ਵਿਦੇਸ਼ੀ ਸਫ਼ੀਰ ਨੇ ਆਪਣਾ ਰਸਮੀ ਤੋਹਫ਼ਾ ਵੀ ਕੈਪਟਨ ਹੋਰਾਂ ਨੂੰ ਆਦਰ ਸਹਿਤ ਪੇਸ਼ ਕੀਤਾ। ਇਸ ਤੋਂ ਬਾਅਦ ਕੈਮਰਿਆਂ ਦੀਆਂ ਫਲੈਸ਼ਾਂ ਚਮਕੀਆਂ ਅਤੇ ਫੋਟੋ ਸੈਸ਼ਨ ਮੁਕੰਮਲ ਹੋਇਆ। ਫਿਰ ਮਹਿਮਾਨਾਂ ਨੂੰ ਬਿਠਾ ਕੇ ਗੱਲਾਂ-ਬਾਤਾਂ ਦਾ ਸਿਲਸਿਲਾ ਸ਼ੁਰੂ ਹੋਇਆ, ਜਿਸ ਵਿੱਚ ਦੁਵੱਲੇ ਸਬੰਧਾਂ ਦੇ ਨਾਲ-ਨਾਲ ਪੰਜਾਬ ਦੇ ਅਮੀਰ ਵਿਰਸੇ, ਸਨਅਤ ਅਤੇ ਖੇਤੀਬਾੜੀ ਦੇ ਵਿਕਾਸ ਉੱਤੇ ਵੀ ਵਿਸਥਾਰ ਨਾਲ ਚਰਚਾ ਹੋਈ। ਗੱਲਬਾਤ ਦੇ ਨਾਲ-ਨਾਲ ਮਹਿਮਾਨਾਂ ਲਈ ਹਾਈ-ਟੀ ਦਾ ਦੌਰ ਚੱਲਿਆ, ਜਿਸ ਵਿੱਚ ਚਾਹ-ਕੌਫ਼ੀ ਦੇ ਨਾਲ ਕੇਕ, ਪੇਸਟਰੀਆਂ, ਰਸ-ਮਲਾਈ ਅਤੇ ਪਨੀਰ ਦੇ ਗਰਮ-ਗਰਮ ਪਕੌੜੇ ਵਰਗੀਆਂ ਕਈ ਸੁਆਦੀ ਚੀਜ਼ਾਂ ਸਲੀਕੇ ਨਾਲ ਪੇਸ਼ ਕੀਤੀਆਂ ਗਈਆਂ।

ਪ੍ਰਾਹੁਣਾਚਾਰੀ ਵਿਭਾਗ ਦੇ ਕਰਮਚਾਰੀਆਂ ਨੇ ਤਾਂ ਸਭ ਕੁਝ ਬਾਖ਼ੂਬੀ ਸੰਭਾਲਿਆ ਹੀ ਸੀ, ਪਰ ਕੈਪਟਨ ਹੋਰੀਂ ਵੀ ਕਦੇ ‘ਮੂਕ ਮੇਜ਼ਬਾਨ’ ਵਾਂਗ ਨਹੀਂ ਬੈਠਦੇ ਸਨ। ਉਹ ਆਪ ਬਹੁਤ ਅਪਣੱਤ ਨਾਲ ਮਹਿਮਾਨਾਂ ਨੂੰ ਇਸਰਾਰ ਕਰਦੇ, “ਲਓ ਜੀ, ਇਹ ਜ਼ਰੂਰ ਲਵੋ।” ਇਸ ਨਾਲ ਮਾਹੌਲ ਪੁਰਖ਼ਲੂਸ ਹੋ ਜਾਂਦਾ ਅਤੇ ਇੱਕ ਖ਼ਾਸ ਅਪਣੱਤ ਮਹਿਸੂਸ ਹੁੰਦੀ। ਮੁੱਖ ਮੰਤਰੀ ਦਫ਼ਤਰ ’ਚ ਅਜਿਹੀਆਂ ਮਿਲਣੀਆਂ, ਸਮਾਗਮਾਂ ਅਤੇ ਬੈਠਕਾਂ ਦੀ ਮੀਡੀਆ ਕਵਰੇਜ, ਪ੍ਰੈੱਸ ਨੋਟ ਦੀ ਤਿਆਰੀ ਅਤੇ ਮੇਰੇ ਨਾਲ ਤਾਇਨਾਤ ਕੀਤੀ ਗਈ ਵੀਡੀਓ-ਫੋਟੋਗ੍ਰਾਫੀ ਟੀਮ ਰਾਹੀਂ ਸਾਰੇ ਕਾਰਜਾਂ ਨੂੰ ਨੇਪਰੇ ਚਾੜ੍ਹਨ ਦੀ ਜ਼ਿੰਮੇਵਾਰੀ ਮੇਰੀ ਸੀ। ਇਸੇ ਕਰਕੇ ਮੈਂ ਉਸੇ ਵੱਡੇ ਡਰਾਇੰਗ ਰੂਮ ਦੇ ਇੱਕ ਕੋਨੇ ਵਿੱਚ ਬੈਠਾ ਆਪਣੇ ਫ਼ਰਜ਼ ਵਿੱਚ ਪੂਰੀ ਤਰ੍ਹਾਂ ਰੁੱਝਿਆ ਹੋਇਆ ਸੀ। ਜਦੋਂ ਵਿਦਾਇਗੀ ਮੌਕੇ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਤੇ ਤੋਹਫ਼ੇ ਭੇਟ ਕਰਨ ਦਾ ਵੇਲਾ ਆਇਆ ਤਾਂ ਕੈਪਟਨ ਹੋਰਾਂ ਨੇ ਇਸ਼ਾਰਾ ਕਰ ਕੇ ਮੈਨੂੰ ਆਪਣੇ ਕੋਲ ਬੁਲਾਇਆ ਅਤੇ ਤੋਹਫ਼ਿਆਂ ਦਾ ਪ੍ਰਬੰਧ ਕਰਨ ਲਈ ਆਖਿਆ।

ਮੈਂ ਉੱਠ ਕੇ ਡਰਾਇੰਗ ਰੂਮ ਵਿੱਚੋਂ ਬਾਹਰ ਆਇਆ ਅਤੇ ਨਾਲ ਹੀ ਬਣੇ ਪ੍ਰਾਈਵੇਟ ਸਕੱਤਰ ਦੇ ਕਮਰੇ ਵਿੱਚ ਜਾ ਕੇ ਉਸ ਨੂੰ ਮਿਲਿਆ। ਉਸ ਨੇ ਮੈਨੂੰ ਪੁੱਛਿਆ ਕਿ ਵਫ਼ਦ ਵਿੱਚ ਕੁੱਲ ਕਿੰਨੇ ਜਣੇ ਹਨ। ਮੈਂ ਉਸ ਨੂੰ ਦੱਸਿਆ, “ਇੱਕ ਸਫ਼ੀਰ ਸਾਹਿਬ ਹਨ, ਨਾਲ ਉਨ੍ਹਾਂ ਦੀ ‘ਪਤਨੀ’ (ਭਾਵ ਉਹ ਮਹਿਲਾ ਅਧਿਕਾਰੀ, ਜਿਸ ਨੂੰ ਮੈਂ ਭੁਲੇਖੇ ਨਾਲ ਉਨ੍ਹਾਂ ਦੀ ਪਤਨੀ ਸਮਝ ਬੈਠਾ ਸਾਂ) ਹੈ ਅਤੇ ਇੱਕ ਹੋਰ ਸਹਿਯੋਗੀ ਹੈ।” ਇਹ ਸੁਣਦਿਆਂ ਹੀ ਪ੍ਰਾਈਵੇਟ ਸਕੱਤਰ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਉਹ ਘਬਰਾ ਕੇ ਕਹਿਣ ਲੱਗਾ, “ਇੱਕ ਬਹੁਤ ਵੱਡਾ ਮਸਲਾ ਖੜ੍ਹਾ ਹੋ ਗਿਆ ਹੈ। ਸਾਡਾ ਪੁਰਾਣਾ ਦਸਤੂਰ ਰਿਹਾ ਹੈ ਕਿ ਜਦੋਂ ਵੀ ਕੋਈ ਸਫ਼ੀਰ ਆਪਣੀ ਪਤਨੀ ਸਮੇਤ ਆਵੇ ਤਾਂ ਉਸ ਨੂੰ ਸਾਡੇ ਅਮੀਰ ਵਿਰਸੇ ਦੀ ਪ੍ਰਤੀਕ ਖ਼ੂਬਸੂਰਤ ‘ਫੁਲਕਾਰੀ’ ਭੇਟ ਕੀਤੀ ਜਾਂਦੀ ਹੈ। ਹੁਣ ਮਸਲਾ ਇਹ ਹੈ ਕਿ ਸਫ਼ੀਰ ਸਾਹਿਬ ਲਈ ਤਾਂ ਪਸ਼ਮੀਨੇ ਦੀ ਲੋਈ ਅਤੇ ਪੰਜਾਬ ਦੇ ਅਮੀਰ ਵਿਰਸੇ, ਸਨਅਤ ਤੇ ਖੇਤੀਬਾੜੀ ਨਾਲ ਜੁੜੀਆਂ ਕਿਤਾਬਾਂ ਦਾ ਸੈੱਟ ਮੌਜੂਦ ਹੈ, ਪਰ ਮੈਡਮ ਨੂੰ ਦੇਣ ਵਾਸਤੇ ਸਾਡੇ ਕੋਲ ਫੁਲਕਾਰੀ ਦਾ ਸ਼ਾਲ ਹੈ ਹੀ ਨਹੀਂ।”

ਮੈਂ ਉਸ ਨੂੰ ਆਖਿਆ ਕਿ ਫਿਰ ਤੁਸੀਂ ਆਪ ਹੀ ਅੰਦਰ ਜਾ ਕੇ ਮੁੱਖ ਮੰਤਰੀ ਸਾਹਿਬ ਨਾਲ ਗੱਲ ਕਰ ਲਓ, ਪਰ ਉਹ ਅੱਗੋਂ ਬੋਲਿਆ, “ਨਹੀਂ ਨਹੀਂ, ਮੈਂ ਨਹੀਂ ਅੰਦਰ ਜਾਣਾ, ਤੁਸੀਂ ਖ਼ੁਦ ਹੀ ਜਾ ਕੇ ਸਥਿਤੀ ਸਪੱਸ਼ਟ ਕਰ ਦਿਓ।”ਉਸ ਦੇ ਨਾਲ ਨਾਲ ਮੇਰੇ ਆਪਣੇ ਮਨ ਵਿੱਚ ਵੀ ਤੌਖ਼ਲਾ ਸੀ, ਪਰ ਫਿਰ ਵੀ ਮੈਂ ਸਹਿਮੇ ਜਿਹੇ ਮਨ ਨਾਲ ਕੈਪਟਨ ਹੋਰਾਂ ਕੋਲ ਗਿਆ ਅਤੇ ਸਾਰੀ ਸਥਿਤੀ ਬਿਆਨ ਕੀਤੀ। ਕੈਪਟਨ ਹੋਰਾਂ ਨੇ ਬਿਨਾਂ ਕਿਸੇ ਤਣਾਅ ਦੇ ਸਹਿਜ ਭਾਅ ਕਿਹਾ, “ਕੋਈ ਮਸਲਾ ਨਹੀਂ... ਇਸ ਵਿੱਚ ਘਬਰਾਉਣ ਵਾਲੀ ਕੋਈ ਗੱਲ ਨਹੀਂ। ਉਹ ਕੋਈ ਇਨ੍ਹਾਂ ਦੀ ਮੈਡਮ ਨਹੀਂ ਸਗੋਂ ਸਰਕਾਰੀ ਡਿਊਟੀ ’ਤੇ ਨਾਲ ਆਏ ਮਹਿਲਾ ਅਧਿਕਾਰੀ ਹਨ। ਤੁਸੀਂ ਇੰਝ ਕਰੋ ਕਿ ਸਫ਼ੀਰ ਸਾਹਿਬ ਨੂੰ ਪਸ਼ਮੀਨੇ ਦੀ ਲੋਈ ਅਤੇ ਕਿਤਾਬਾਂ ਦਾ ਸੈੱਟ ਸਤਿਕਾਰ ਨਾਲ ਫੜਾ ਦਿਓ।

ਵਿਦੇਸ਼ੀ ਸਫ਼ੀਰ ਐਨ ਸਾਡੇ ਕੋਲ ਹੀ ਸੋਫ਼ੇ ’ਤੇ ਬੈਠੇ ਸਨ। ਕੈਪਟਨ ਹੋਰਾਂ ਨੂੰ ਇਸ ਤਰ੍ਹਾਂ ਬੇਫ਼ਿਕਰੀ ਨਾਲ ਬੋਲਦਿਆਂ ਵੇਖ ਕੇ ਮੇਰਾ ਸਾਹ ਸੂਤਿਆ ਗਿਆ ਕਿ ਕਿਤੇ ਮਹਿਮਾਨ ਨਾ ਸੁਣ ਲੈਣ। ਮੈਂ ਘਬਰਾਹਟ ਵਿੱਚ ਝੁਕਦਿਆਂ ਹੌਲੀ ਜਿਹੀ ਕੰਨ ਵਿੱਚ ਆਖਿਆ, “ਸਰ... ਥੋੜ੍ਹਾ ਖ਼ਿਆਲ ਰੱਖੋ ਜੀ, ਮਹਿਮਾਨ ਬਿਲਕੁਲ ਕੋਲ ਬੈਠੇ ਨੇ!” ਮੇਰੇ ਚਿਹਰੇ ਦੀ ਉੱਡਦੀ ਰੰਗਤ ਨੂੰ ਵੇਖ ਕੇ ਕੈਪਟਨ ਹੋਰਾਂ ਨੇ ਹਲਕਾ ਜਿਹਾ ਮੁਸਕਰਾਉਂਦਿਆਂ ਕਿਹਾ, “ਉਨ੍ਹਾਂ ਨੂੰ ਕਿਹੜਾ ਪੰਜਾਬੀ ਸਮਝ ਆਉਂਦੀ ਹੈ?

ਉਨ੍ਹਾਂ ਦੇ ਇਸ ਫਿਕਰੇ ਨੇ ਪਲ ਭਰ ਵਿੱਚ ਮੇਰੇ ਅੰਦਰਲੇ ਸਾਰੇ ਤਣਾਅ ਨੂੰ ਦੂਰ ਕਰ ਦਿੱਤਾ। ਇਹ ਕਿੱਸਾ ਕਦੇ ਕਿਸੇ ਸਰਕਾਰੀ ਫਾਈਲ ਜਾਂ ਪ੍ਰੈੱਸ ਨੋਟ ਦਾ ਹਿੱਸਾ ਨਹੀਂ ਬਣਿਆ। ਪਰ ਜ਼ਿੰਦਗੀ ਦੇ ਕੁਝ ਪਲ ਫਾਈਲਾਂ ਜਾਂ ਰਿਕਾਰਡ ਲਈ ਨਹੀਂ ਹੁੰਦੇ; ਉਹ ਮਨ ਦੇ ਕਿਸੇ ਖ਼ਾਸ ਕੋਨੇ ਵਿੱਚ ਉਮਰ ਭਰ ਲਈ ਉੱਕਰੇ ਜਾਂਦੇ ਹਨ ਕਿਉਂਕਿ ਉਹ ਬਹੁਤ ਸਹਿਜ ਤੇ ਸੁਭਾਵਿਕ ਹੁੰਦੇ ਹਨ।

Dosanjh Family AUTO GROUP

Cadillac CHEVROLET INFINITI KIA NISSAN BUICK

GMC LIVERMORE TOYOTA HYUNDAI Fremont Hyundai TOYOTA Ford ACURA

DUBLIN CHEVOLET

FREMONT CHEVROLET

CONCORD CHEVROLET

DUBLIN CADILLAC

FREMONT CADILLAC

ACURA OF CONCORD

DUBLIN BUICK GMC

FREMONT BUICK GMC

CONCORD NISSAN

DUBLIN KIA

STEVENS CREEK CHEVROLET

LIVERMORE TOYOTA

DUBLIN NISSAN

STEVENS CREEK CADILLAC

FREMONT FORD

DUBLIN INFINITI

FREMONT HYUNDAI